# ਸੰਪਾਦਕੀ

ਜਦੋਂ ਤੋਂ ਨੌਵੇਂ ਸਾਲਾਨਾ ਗੁਰਮਤਿ ਸਮਾਗਮ ਦਾ ਸਮਾਂ ਨਿਸ਼ਚਿਤ ਹੋਇਆ ਹੈ, ਸਭ ਪ੍ਰੇਮੀਆਂ, ਜਗਿਆਸੂਆਂ ਅਤੇ ਆਤਮ ਮਾਰਗ ਪਾਂਧੀਆਂ ਦਾ ਧਿਆਨ ਰਤਵਾੜਾ ਸਾਹਿਬ ਵਿਖੇ ਮਿਤੀ 3, 4, 5 ਅਕਤੂਬਰ 1998 ਨੂੰ ਹੋਣ ਵਾਲੇ ਮਹਾਨ ਸਮਾਗਮ ਵਲ ਖਿਚਿਆ ਗਿਆ ਹੈ। ਐਸਾ ਹੋਵੇ ਵੀ ਕਿਉਂ ਨਾ, ਕਿਉਂਕਿ ਇਨ੍ਹਾਂ ਸਾਲਾਨਾ ਸਮਾਗਮਾਂ ਦੀ ਛੱਬੀ ਹੀ ਨਰੋਈ, ਨਿਆਰੀ ਤੇ ਨਵੇਕਲੀ ਹੁੰਦੀ ਹੈ। ਕੁਝ ਵਿਸ਼ੇਸ਼ ਅਤੇ ਅਨੂਠੇ ਕਾਰਨ ਹਨ ਜਿਨ੍ਹਾਂ ਕਰਕੇ ਸਾਲਾਨਾ ਸਮਾਗਮਾਂ ਵਿਚ ਨਾ ਕੇਵਲ ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਸਗੋਂ ਸੰਸਾਰ ਦੇ ਹੋਰ ਮੁਲਕਾਂ, ਅਮਰੀਕਾ, ਕੈਨੇਡਾ, ਬਰਤਾਨੀਆਂ, ਆਸਟਰੇਲੀਆ, ਮਲੇਸ਼ੀਆ, ਹਾਲੈਂਡ, ਜਰਮਨੀ ਅਤੇ ਅਰਬ ਦੇਸ਼ਾਂ ਤੋਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਸੱਚ ਦੇ ਪਾਂਧੀ ਵਹੀਰਾਂ ਘੱਤ ਕੇ ਸ਼ਾਮਲ ਹੁੰਦੇ ਹਨ। ਕਮਾਲ ਤਾਂ ਇਹ ਹੈ ਕਿ ਇਨ੍ਹਾਂ ਗੁਰਮਤਿ ਸਮਾਗਮਾਂ ਵਿਚ 5-10 ਲੱਖ ਦੀ ਗਿਣਤੀ ਵਿਚ ਸੰਗਤਾਂ ਦੀ ਸ਼ਮੂਲੀਅਤ ਇਨ੍ਹਾਂ ਸਮਾਗਮਾਂ ਨੂੰ ਕਿਸੇ ਮੇਲੇ ਦਾ ਰੂਪ ਨਹੀਂ ਦਿੰਦੀ, ਸਗੋਂ ਇਹ ਇਕ ਵਿਸ਼ਾਲ ਰੂਹਾਨੀ ਦਰਬਾਰ ਦਾ ਅਲੌਕਿਕ ਦ੍ਰਿਸ਼ ਹੁੰਦਾ ਹੈ ਜਿਸ ਵਿਚ ਸੰਸਾਰ ਦੇ ਮਹਾਨ ਤਪਸਵੀ ਨਾਮ ਅਭਿਆਸੀ, ਸੰਤ ਮਹਾਤਮਾ, ਸਾਧੂ ਜਨ, ਗੁਰਮੁਖ ਮਹਾਂਪੁਰਸ਼ ਅਤੇ ਅਧਿਆਤਮਕ ਸੂਝ ਰੱਖਣ ਵਾਲੇ ਵਿਦਵਾਨ ਅਤੇ ਯੂਨੀਵਰਸਿਟੀਆਂ ਦੇ ਪਰਾ-ਅਧਿਆਪਕ ਸੰਗਤਾਂ ਨੂੰ ਗੁਰਬਾਣੀ ਦੀ ਅੰਮ੍ਰਿਤ ਵਰਖਾ ਰਾਹੀਂ ਅਤੇ ਸੰਸਾਰ ਦੇ ਮਹਾਨ ਧਾਰਮਿਕ ਗ੍ਰੰਥਾਂ ਵਿਚੋਂ ਪ੍ਰਾਪਤ ਆਤਮਕ ਅਤੇ ਅਧਿਆਤਮਕ ਅਨਮੋਲ ਲਾਲ ਵੰਡ ਕੇ ਮਾਲੋ ਮਾਲ ਵੀ ਕਰਦੇ ਹਨ ਅਤੇ ਤਪਦਿਆਂ ਹਿਰਦਿਆਂ ਨੂੰ ਠਾਰਦੇ ਵੀ ਹਨ। ਇਨ੍ਹਾਂ ਸਮਾਗਮਾਂ ਵਿਚ ਪੁਜਿਆ ਕਠੋਰ ਹਿਰਦਾ ਵੀ ਕੋਮਲਤਾ ਗ੍ਰਹਿਣ ਕੀਤੇ ਬਿਨਾਂ ਰਹਿ ਨਹੀਂ ਸਕਦਾ। ਏਥੇ ਨਾਮ ਜਪਿਆ ਤੇ ਜਪਾਇਆ ਜਾਂਦਾ ਹੈ, ਸੇਵਾ-ਸਿਮਰਨ ਦੇ ਗੁਝੇ ਭੇਦ ਸੌਖੀ ਬੋਲੀ ਵਿਚ ਦਸੇ ਵੀ ਜਾਂਦੇ ਹਨ ਅਤੇ ਅਮਲ ਵਿਚ ਲਿਆਉਣ ਲਈ ਇਨ੍ਹਾਂ ਦਾ ਅਭਿਆਸ ਵੀ ਹੁੰਦਾ ਹੈ। ਇਸ ਤਰ੍ਹਾਂ ਹਰ ਹਿਰਦਾ ਨਾਮ ਅੰਮ੍ਰਿਤ ਨਾਲ ਸਰਸ਼ਾਰ ਹੋ ਕੇ ਜਾਂਦਾ ਹੈ ਅਤੇ ਉਸ ਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਉਸ ਨੇ ਪਹਿਲੀ ਵਾਰ ਜੀਵਨ ਦੇ ਸਹੀ ਲਕਸ਼ ਨੂੰ ਪਹਿਚਾਨਿਆ ਹੈ। ਸਾਰਾ ਵਾਤਾਵਰਣ ਹੀ ਐਸਾ ਰੂਹਾਨੀ ਤੇ ਰਹੱਸਮਈ ਹੁੰਦਾ ਹੈ।

ਜਦੋਂ ਸੰਗਤਾਂ ਘਰ ਤੋਂ ਰਤਵਾੜਾ ਸਾਹਿਬ ਵਲ ਚਲਦੀਆਂ ਹਨ ਤਾਂ ਉਨ੍ਹਾਂ ਦੇ ਧਿਆਨ ਵਿਚ ਪਿਛਲੇ ਸਮਾਗਮਾਂ ਦੇ ਅਦਭੁਤ ਨਜ਼ਾਰੇ ਆ ਸਮਾਉਂਦੇ ਹਨ। ਸ਼ਬਦ ਪੜ੍ਹਦੇ ਅਤੇ ਵਾਹਿਗੁਰੂ ਸ਼ਬਦ ਦਾ ਜਾਪ ਕਰਦੇ, ਪ੍ਰੇਮੀ ਜਦੋਂ ਬ੍ਰਹਮਲੀਨ ਮਹਾਂਪੁਰਸ਼ਾਂ ਦੀ ਮਿੱਠੀ ਯਾਦ ਵਿਚ ਬਣੇ ਈਸ਼ਰ-ਮਾਰਗ ਦੇ ਨੇੜੇ ਹੀ ਪੁਜਦੇ ਹਨ ਤਾਂ ਲਾਊਡ ਸਪੀਕਰਾਂ ਰਾਹੀਂ ਉਨ੍ਹਾਂ ਨੂੰ ਸਮਾਗਮ ਵਿਚ ਚਲ ਰਹੇ ਪ੍ਰੋਗਰਾਮਾਂ ਦੀਆਂ ਮਿੱਠੀਆਂ ਧੁਨਾਂ ਮੁਗਧ ਕਰ ਲੈਂਦੀਆਂ ਹਨ ਤੇ ਸਭ ਦੇ ਮੁਖਾਰਬਿੰਦ ਵਿਚ 'ਵਾਹਿਗੁਰੂ-ਵਾਹਿਗੁਰੂ' ਦੀ ਧੁਨੀ ਆ ਸਮਾਉਂਦੀ ਹੈ, ਮਸਤਕ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਜਾ ਨਿਵਦਾ ਹੈ ਅਤੇ ਅੰਦਰ ਇਕ ਅਨੂਠੀ ਭੁੱਖ ਜਾਗ ਪੈਂਦੀ ਹੈ ਜਿਸ ਨੂੰ ਗੁਰੂ ਮਹਾਰਾਜ, 'ਸਾਚੈ ਨਾਮ ਕੀ ਲਾਗੈ ਭੂਖ' ਕਹਿੰਦੇ ਹਨ ਅਤੇ ਜਿਸ ਦੇ ਖਾਣ ਨਾਲ ਅੰਦਰ ਤ੍ਰਿਪਤ ਹੋ ਜਾਂਦਾ ਹੈ। ਇਸ ਤ੍ਰਿਪਤੀ ਲਈ ਹੀ ਉਹ ਨਾਮ ਜਪਦੇ ਗੁਰਦਵਾਰਾ ਰਤਵਾੜਾ ਸਾਹਿਬ ਦੇ ਵਿਸ਼ਾਲ ਪੰਡਾਲ ਵਿਚ ਜਾ ਪੁਜਦੇ ਹਨ।

ਇਸ ਤੋਂ ਪਹਿਲਾਂ ਅੱਠ ਸਾਲਾਨਾ ਸਮਾਗਮ ਹੋ ਚੁੱਕੇ ਹਨ ਅਤੇ ਹਰ ਸਮਾਗਮ ਅੱਗੇ ਨਾਲੋਂ ਵਧੇਰੇ ਆਭਾ ਤੇ ਖਿੱਚ ਵਾਲਾ ਹੁੰਦਾ ਹੈ, ਸੰਗਤਾਂ ਵਿਚ ਵੀ ਹਰ ਸਾਲ ਵਾਧਾ ਹੋ ਰਿਹਾ ਹੈ। ਚੰਡੀਗੜ੍ਹ, ਮੋਹਾਲੀ, ਪਿੰਜੌਰ, ਅੰਬਾਲਾ, ਪਟਿਆਲਾ ਤੇ ਹੋਰ ਨੇੜੇ ਦੇ ਇਲਾਕਿਆਂ ਵਿਚ ਤਾਂ ਜਿਵੇਂ ਸਮਾਗਮ ਨੂੰ ਜਾਂਦੀਆਂ ਵਹੀਰਾਂ ਹੀ ਨਜ਼ਰੀਂ ਪੈਂਦੀਆਂ ਹਨ। ਹਰ ਸਾਲ ਸਮਾਗਮ ਵਿਚ ਹੁੰਦੀਆਂ ਵਿਚਾਰਾਂ ਅਨਮੋਲ ਹੁੰਦੀਆਂ ਹਨ ਪਰ ਸੰਨ 1997 ਵਿਚ ਹੋਏ ਅੱਠਵੇਂ ਸਮਾਗਮ ਦੇ ਪੰਜ ਦਿਨਾਂ ਦੀ ਸ਼ਾਨ ਨਿਰਾਲੀ ਹੀ ਸੀ। ਇਨ੍ਹਾਂ ਪੰਜਾਂ ਦਿਨਾਂ ਵਿਚ ਮਨੁੱਖ ਦੀ ਆਤਮਿਕ ਯਾਤਰਾ ਦੇ ਪੰਜ ਪੜਾਅ ਐਸੇ ਅਨੂਠੇ ਢੰਗ ਨਾਲ ਦਰਸਾਏ ਗਏ ਕਿ ਸੰਮਿਲਤ ਆਤਮਾਵਾਂ ਪੰਜੇ ਦਿਨ ਅਗੰਮੀ ਮੰਡਲ ਦਾ ਰਸ ਮਾਣਦੀਆਂ ਰਹੀਆਂ। ਹਰੇਕ ਮਹਾਂਪੁਰਸ਼, ਸੰਤ ਮਹਾਤਮਾ, ਵਿਦਵਾਨ ਕੇਵਲ ਵਿਦਿਤ ਵਿਸ਼ੇ ਤੇ ਹੀ ਆਪਣੇ ਵਿਚਾਰ, ਪ੍ਰਵਚਨ ਅਤੇ ਗਾਇਨ ਕਰ ਰਹੇ ਸੀ। ਪਹਿਲੇ ਦਿਨ ਵਿਚਾਰ ਅਧੀਨ ਵਿਸ਼ਾ ਸੀ - ਮਨੁੱਖ ਦਾ ਜੀਵਨ ਲਕਸ਼। ਮਨੁੱਖ ਲਈ ਸਭ ਤੋਂ ਮਹਤੱਵਪੂਰਨ ਗਿਆਨ ਉਸਦਾ ਸ੍ਵੈ ਸਬੰਧੀ ਗਿਆਨ ਹੈ, ਮਨੁੱਖ ਦੀ ਅਸਲੀਅਤ ਅਤੇ ਹੋਣੀ ਕੀ ਹੈ? ਮਨੁੱਖ ਕਿਥੋਂ ਆਉਂਦਾ ਹੈ ਅਤੇ ਉਸ ਨੇ ਸੰਸਾਰ ਯਾਤਰਾ ਸਮਾਪਤ ਕਰਕੇ ਕਿਥੇ ਚਲੇ ਜਾਣਾ ਹੈ? ਇਸ ਯਾਤਰਾ ਦਾ ਮੰਤਵ ਕੀ ਹੈ? ਇਸ ਪਰਿਪੇਖ ਵਿਚ 'ਮਾਨੁਖ ਬਿਨ ਬੂਝੇ ਬਿਰਥਾ ਆਇਆ' ਦੀ ਜੋ ਵਿਸਥਾਰ ਅਤੇ ਸੂਝ ਇਥੇ ਪ੍ਰਦਾਨ ਹੋਈ, ਉਸ ਦੀ ਉਦਾਹਰਣ ਦੁਰਲਭ ਹੈ। ਸੰਗਤਾਂ ਲਈ ਇਹ ਇਕ ਦੁਲੱਭ ਅਵਸਰ ਸੀ ਜਿਥੇ ਉਨ੍ਹਾਂ ਨੂੰ ਜੀਵਨ ਦੇ ਸਹੀ ਲਕਸ਼ ਦੀ ਪਹਿਚਾਣ ਦਿਤੀ ਗਈ। ਇਸ ਪਛਾਣ ਦਾ ਸਿਰਮੌਰ ਸ਼ਰੇਅ ਸੰਗਤਾਂ ਦੇ ਹਰਮਨ ਪਿਆਰੇ ਪੂਜਯ ਬਾਬਾ ਜੀ ਨੂੰ ਪ੍ਰਾਪਤ ਹੈ ਜਿਨ੍ਹਾਂ ਦਾ ਸਮਾਂ ਦਿਨ ਦੇ ਸਮਾਗਮ ਦਾ ਅੰਤਲਾ ਸਮਾਂ ਹੁੰਦਾ ਸੀ ਜਿਸ ਵਿਚ ਬਾਬਾ ਜੀ ਦੇ ਅੰਮ੍ਰਿਤ ਬਚਨਾਂ ਨਾਲ ਸ਼ਰਸ਼ਾਰ ਹੁੰਦੀਆਂ ਸੰਗਤਾਂ ਨਾਮ-ਬਾਣੀ ਦੀਆਂ ਮਿੱਠੀਆਂ ਧੁਨੀਆਂ ਦੀ ਗੁੰਜਾਰ ਵਿਚ ਮਸਤ ਕਿਸੇ ਅਗੰਮੀ ਅਨੰਦ ਦਾ ਰਸ ਮਾਣਦੀਆਂ ਝੂਮ ਉਠਦੀਆਂ। ਐਸਾ ਹੀ ਦੂਜੇ ਦਿਨ ਹੋਇਆ ਜਦ ਗੁਰੂ ਦੀ ਆਵਸ਼ਕਤਾ, ਗੁਰੂ ਦੀ ਮਹਿਮਾ, ਗੁਰੂ ਦਾ ਲਕਸ਼, ਗੁਰੂ ਦੀਆਂ ਬਖਸ਼ਸ਼ਾਂ, ਗੁਰੂ ਪ੍ਰਮੇਸ਼ਰ ਦੀ ਅਭੇਦਤਾ ਦੀ ਸੂਝ ਬਖਸ਼ੀ ਗਈ। ਤੀਸਰੇ ਦਿਨ, 'ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ' ਦਾ ਬਖਾਨ ਹੋਇਆ। ਪਹਿਲੀ ਵਾਰੀ ਸਰੋਤਿਆਂ ਨੂੰ ਗਿਆਨ ਹੋਇਆ ਕਿ ਸ਼ਿਸ਼ ਕੈਸਾ ਹੋਵੇ ਜਿਸ ਉਪਰ ਗੁਰੂ ਨਦਰ ਹੁੰਦੀ ਹੈ? ਨਾਮ ਦੀ ਦਾਤ ਲੈਣ ਲਈ ਭਾਂਡਾ ਕੈਸਾ ਹੋਵੇ? ਤਨ, ਮਨ, ਧਨ ਕਿਵੇਂ ਗੁਰੂ ਨੂੰ ਸੌਂਪਿਆ ਜਾਂਦਾ ਹੈ? ਉਸ ਦਾ ਬਣ ਕੇ ਕਿਵੇਂ ਮਾਲਕ ਨਾਲ ਏਕਤਾ ਪ੍ਰਾਪਤ ਹੁੰਦੀ ਹੈ? ਮੈਂ ਮੇਰੀ ਦੇ ਤਿਆਗ ਦਾ ਕੀ ਭਾਵ ਹੈ? ਸੰਤਾਂ ਮਹਾਤਮਾ ਦੇ ਵਿਚਾਰ ਅਤੇ ਕੀਰਤਨ ਧੁਨਾਂ ਸੁਣ ਕੇ ਸੰਗਤਾਂ ਦੇ ਹਿਰਦੇ ਦ੍ਰਵ ਗਏ ਅਤੇ ਅਖੀਰ ਸਮੇਂ ਮਹਾਂਪੁਰਸ਼ਾਂ ਨੇ ਜਿਵੇਂ ਸਾਰੇ ਦਿਨ ਦਾ ਸਾਰ ਅਤੇ ਆਪਣੇ ਅਮੋਲਕ ਮਿੱਠੇ ਬਚਨਾਂ ਨਾਲ ਨਿਹਾਲ ਕਰ ਦਿਤਾ। ਚੌਥੇ ਦਿਨ ਨਾਮ ਸਿਮਰਨ ਅਤੇ ਸੇਵਾ ਦੀ ਸੋਝੀ ਦਿਤੀ ਗਈ, ਸਾਰਾ ਦਿਨ ਸਿਮਰਨ ਅਤੇ ਸੇਵਾ ਦੀ ਮਹਿਮਾ ਗਾਈ ਗਈ, ਨਾਮ ਕੀ ਹੈ? ਸਿਮਰਨ ਕਿਉਂ ਕਰੀਏ? ਕਿਵੇਂ ਕਰੀਏ? ਵਿਚਾਰਾਂ ਦਾ ਆਧਾਰ ਸੀ -

*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਆਖਰੀ ਸਮੇਂ ਵਿਚ ਤਾਂ ਜਿਵੇਂ ਸਚਖੰਡ ਵਿਆਪਕ ਸੀ। ਬਾਬਾ ਜੀ ਦੀ ਨਾਮ ਸਿਮਰਨ ਵਿਚ ਭਿੱਜੀ ਰੂਹ ਨੇ ਸਭ ਨੂੰ ਸਿਮਰਨ ਵਿਚ ਜੋੜ ਦਿਤਾ। ਆਪ ਜੀ ਨੇ ਨਾਮ ਜਾਪ ਕਰਵਾਇਆ ਵੀ ਅਤੇ ਵਿਧੀਆਂ ਵੀ ਦਸੀਆਂ; ਬੈਖਰੀ ਨਾਮ, ਕਿਵੇਂ ਰਸਨਾ ਨਾਲ ਜਪਣਾ ਹੈ ਅਤੇ ਕੰਨਾਂ ਰਾਹੀਂ ਸੁਣਨਾ ਹੈ, ਸ੍ਵਾਸ ਰਾਹੀਂ ਕਿਵੇਂ ਸ੍ਵਾਸ ਅੰਦਰ ਲੈਣ ਸਮੇਂ 'ਵਾਹਿ' ਅਤੇ ਬਾਹਰ ਆਉਣ ਸਮੇਂ 'ਗੁਰੂ' ਦਾ ਉਚਾਰਨ ਕਰਨਾ ਹੈ, ਫੇਰ ਕੰਠ ਵਿਚ, ਹਿਰਦੇ ਵਿਚ, ਨਾਭੀ ਵਿਚ, ਅਨਹਦ ਨਾਦ, ਦਸਮ ਦੁਆਰ, ਸਚਖੰਡ ਅਤੇ ਬ੍ਰਹਮਲੀਨਤਾ, ਸਾਰੇ ਸਤਿਸੰਗੀਆਂ ਨੂੰ ਸਾਰੀਆਂ ਮੰਜ਼ਲਾਂ ਥਾਂਈ ਇਸ ਤਰ੍ਹਾਂ ਨਾਲ ਤੋਰਦੇ ਰਹੇ ਜਿਵੇਂ ਕੋਈ ਬਜ਼ੁਰਗ ਅਣਜਾਣ ਬਾਲਕ ਦੀ ਉਂਗਲ ਫੜ ਕੇ ਸੌਖ ਨਾਲ ਲੈ ਤੁਰਦਾ ਹੈ। ਫੇਰ 'ਵਾਹਿਗੁਰੂ' ਦੀ ਧੁਨ ਨਾਲ ਅੰਮ੍ਰਿਤ ਵਰਖਾ ਹੋਈ ਅਤੇ ਪਿਆਸੀਆਂ ਰੂਹਾਂ ਨੇ ਰਜ ਅੰਮ੍ਰਿਤ ਜਲ ਛਕ ਕੇ ਤ੍ਰਿਪਤੀ ਪ੍ਰਾਪਤੀ ਕੀਤੀ। ਪੰਜਵੇਂ ਦਿਨ ਦਾ ਵਿਸ਼ਾ ਸੀ ਗਿਆਨ ਦਾ ਸਰੂਪ ਅਤੇ ਸਰੋਤ। ਕਿੰਨੀ ਵਚਿੱਤਰ ਮਹਿਮਾ ਹੈ, ਇਸ ਸਮਾਗਮ ਦੀ, ਇਹ ਆਖਰੀ ਦਿਨ ਦੀ ਇਕ ਘਟਨਾ ਤੋਂ ਪ੍ਰਤੱਖ ਹੈ। ਦੁਪਹਿਰ ਨੂੰ ਡਾ. ਸਵਾਮੀ ਵੇਦ ਭਾਰਤੀ ਜੀ ਆਪ ਸਮਾਧੀ ਸਥਿਤ ਹੋ ਕੇ ਸੰਗਤ ਨੂੰ ਸ਼ਾਂਤ ਚਿਤ ਹੋਣ ਦਾ ਅਨੁਭਵ ਬਖ਼ਸ਼ ਰਹੇ ਸੀ, ਸਭ ਸੰਗਤਾਂ ਸਮਾਧੀ ਸਥਿਤ ਇਕ ਮਨ ਇਕ ਚਿਤ ਵਾਹਿਗੁਰੂ ਗੁਰਮੰਤਰ ਦੇ ਅੰਤਰੀਵ ਜਾਪ ਵਿਚ ਲੀਨ ਸਨ, ਅੰਦਰ ਅੰਮ੍ਰਿਤ ਵਰਖਾ ਹੋ ਰਹੀ ਹੈ, ਬਾਹਰ ਗੁਰੂ ਭਾਣੇ ਵਿਚ ਇੰਦਰ ਨੇ ਮੀਂਹ ਵਰਸਾਉਣਾ ਸ਼ੁਰੂ ਕਰ ਦਿਤਾ ਅਤੇ ਉਹ ਵੀ ਐਨੀ ਵੱਧ ਮਿਹਰ ਹੋਈ ਕਿ ਸਭ ਸੰਗਤਾਂ ਅੰਦਰੋਂ ਬਾਹਰੋਂ ਭਿੱਜ ਗਈਆਂ, ਤਰਪਾਲ ਚੋਣ ਲਗ ਪਏ। ਪਰ ਪਿਆਰ ਭਿੱਜੀਆਂ ਰੂਹਾਂ ਲਈ ਇਹ ਵਰਖਾ ਕੋਈ ਵਿਘਨ ਨਾ ਬਣੀ। ਉਹ ਬਾਬਾ ਜੀ ਦੇ ਬਚਨ ਸੁਣਨ ਲਈ ਬਿਹਬਲ ਸਨ। ਬਾਬਾ ਜੀ ਵੀ ਸ਼ਾਂਤ ਚਿਤ ਵਾਹਿਗੁਰੂ ਦੀ ਇਸ ਅਨੋਖੀ ਖੇਡ ਨੂੰ ਵੇਖ ਰਹੇ ਸਨ, ਥੋੜ੍ਹਾ ਮੀਂਹ ਠਲਿਆ, ਬਾਬਾ ਜੀ ਮਾਈਕ ਤੇ ਆਏ ਤਾਂ ਸਭ ਪਾਸੇ, ਜਿਥੇ-ਜਿਥੇ ਭਿੱਜੇ ਬਸਤਰਾਂ ਨਾਲ ਸੰਗਤ ਖੜ੍ਹੀ ਸੀ, ਬਾਬਾ ਜੀ ਦੇ ਪ੍ਰਵਚਨ ਸੁਣਨ ਲਈ ਸ਼ਾਂਤ ਹੋ ਕੇ, ਧਿਆਨ ਵਿਚ ਜੁੜ ਗਈ। ਪਿਛਲੇ ਪੰਜ ਦਿਨਾਂ ਤੋਂ ਹੋ ਰਹੇ ਨਾਮ ਅੰਮ੍ਰਿਤ ਸੰਚਾਰ ਦਾ ਸਾਰੰਸ਼ ਦਿੰਦਿਆਂ ਬਾਬਾ ਜੀ ਨੇ ਗੁਰੂ ਦੀਆਂ ਬਖ਼ਸ਼ਿਸ਼ਾਂ ਨਾਲ ਸੰਗਤਾਂ ਦੀਆਂ ਝੋਲੀਆਂ ਭਰ ਦਿਤੀਆਂ। ਭਾਵਕ ਹੋਈ ਸੰਗਤ ਦੇ ਬਸਤਰ ਤਾਂ ਸੇਜਲ ਸਨ ਹੀ, ਰੂਹਾਂ ਵੀ ਸੇਜਲ ਹੋ ਗਈਆਂ ਅਤੇ ਅੱਖਾਂ ਵਿਚੋਂ ਪਿਆਰ ਨੀਰ ਦੀਆਂ ਝੜੀਆਂ ਵਹਿ ਤੁਰੀਆਂ। ਇਹ ਕੋਈ ਅਗੰਮੀ ਮਿਲਾਪ ਦੀ ਖ਼ੁਸ਼ੀ ਸੀ ਜਾਂ ਫਿਰ ਵਾਪਰ ਰਹੇ ਵਿਛੋੜੇ ਦੇ ਬਿਰਹਾ ਦੇ ਹੰਝੂ। ਕੁਝ ਵੀ ਕਹਿਣਾ ਮੁਸ਼ਕਲ ਹੈ। ਐਸੇ ਅਦਭੁੱਤ ਸਮਾਗਮ ਦੀ ਇਕ ਛੱਬੀ ਆਪ ਪਾਠਕਾਂ ਦੇ ਸਨਮੁਖ ਰਖਣ ਦਾ ਭਾਵ ਹੈ ਕਿ ਆਪ ਜੀ ਨੂੰ ਵੀ ਇਨ੍ਹਾਂ ਬਖ਼ਸ਼ਿਸ਼ਾਂ ਦੇ ਭਾਗੀ ਬਣਨ ਦਾ ਅਵਸਰ ਮਿਲ ਰਿਹਾ ਹੈ ਅਤੇ 3, 4, 5 ਅਕਤੂਬਰ ਨੂੰ ਰਤਵਾੜਾ ਸਾਹਿਬ ਤੁਹਾਡਾ, ਸੰਗਤਾਂ ਦਾ, ਪ੍ਰੇਮੀਆਂ ਤੇ ਪਾਠਕਾਂ ਦਾ ਰਾਹ ਵੇਖੇਗਾ।

ਪਿਛਲੇ ਸਮਾਗਮਾਂ ਵਿਚ ਦਰਸ਼ਨ ਦੇਣ ਵਾਲੇ ਅਨੁਭਵੀ ਪੁਰਸ਼ ਇਸ ਵਾਰੀ ਵੀ ਸੰਗਤਾਂ ਨੂੰ ਨਿਹਾਲ ਕਰਨਗੇ, ਵਿਸ਼ੇਸ਼ ਕਰਕੇ ਸੰਤ ਕਲਿਆਣ ਦਾਸ ਜੀ ਸ੍ਰੀ ਅਨੰਦਪੁਰ ਸਾਹਿਬ; ਸੰਤ ਸਾਧੂ ਸਿੰਘ ਜੀ ਸੰਗਰੂਰ, ਸੰਤ ਧਨਵੰਤ ਸਿੰਘ ਗੁਰਦਾਸਪੁਰ, ਸੰਤ ਮਹਿੰਦਰ ਸਿੰਘ ਰਾਮਸਰ ਖੰਨੇ ਵਾਲੇ, ਸੰਤ ਪਰਮਜੀਤ ਸਿੰਘ ਜੀ ਮਾਹਲਪੁਰ, ਸੰਤ ਅਵਤਾਰ ਸਿੰਘ ਧੂਲਕੋਟ, ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨੇ ਵਾਲੇ, ਸੰਤ ਸੁੱਚਾ ਸਿੰਘ ਜੀ ਜਵੱਦੀ ਕਲਾਂ, ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ, ਸੰਤ ਦਰਸ਼ਨ ਸਿੰਘ ਜੀ ਢੱਕੀ ਸਾਹਿਬ ਮਕਸੂਦੜਾ, ਡਾ. ਵੇਦ ਭਾਰਤੀ ਜੀ ਰਿਸ਼ੀਕੇਸ਼, ਸ੍ਰੀ ਰਾਜ ਮੁਨੀ ਜੀ ਅਮਰੀਕਾ ਸੰਤ ਗੁਰਦਿਆਲ ਸਿੰਘ ਜੀ ਉੜਮੁੜ ਟਾਂਡਾ, ਸੰਤ ਬਾਬਾ ਰਾਮ ਸਿੰਘ ਜੀ ਲਲਾਂ ਕਲਾਂ, ਸੰਤ ਭਰਪੂਰ ਸਿੰਘ ਜੀ ਜਰਗ ਵਾਲੇ, ਨਾਮਧਾਰੀ ਸੰਪਰਦਾ ਦੇ ਮੁਖੀ ਸੰਤ ਮਹਾਰਾਜ, ਸੂਫੀ ਸੰਤ ਅਹਿਮਦ ਜੀਲਾਨੀ ਜੀ, ਸੰਤ ਬੀਬੀ ਪ੍ਰੀਤਮ ਹਰੀ ਜੀ ਅੰਮ੍ਰਿਤਸਰ, ਰਾੜਾ ਸਾਹਿਬ ਅਤੇ ਨਾਨਕਸਰ ਤੋਂ ਮਹਾਂਪੁਰਸ਼। ਇਹ ਪ੍ਰੋਗਰਾਮ ਸਵੇਰੇ 8.00 ਵਜੇ ਤੋਂ ਸ਼ਾਮ ਪੰਜ ਵਜੇ ਤਕ ਚਲਣਗੇ। ਬਾਅਦ ਦੁਪਹਿਰ 2.00 ਤੋਂ 4.00 ਵਜੇ ਤਕ ਹਰ ਰੋਜ਼ ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਚੇਅਰਮੈਨ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਆਪਣੇ ਮਨੋਹਰ ਪ੍ਰਵਚਨਾਂ ਅਤੇ ਮਿੱਠੀਆਂ ਅੰਮ੍ਰਿਤ ਕੀਰਤਨ ਧੁਨੀਆਂ ਦੀ ਛਹਿਬਰ ਲਾਉਣਗੇ। ਪਿਛਲੇ ਸਾਲ ਵਾਂਗ ਇਸ ਵਾਰੀ ਵੀ ਤਿੰਨ ਦਿਨ ਹਰ ਰੋਜ਼ ਅੰਮ੍ਰਿਤ ਵੇਲੇ 5.00 ਤੋਂ 6.00 ਨਾਮ ਅਭਿਆਸ ਲਈ ਸੰਗਤ ਜੁੜੇਗੀ ਜਿਸ ਦੀ ਅਗਵਾਈ ਵੀ ਬਖ਼ਸ਼ਿਸ਼ ਵਾਲੇ ਮਹਾਂਪੁਰਸ਼ ਹੀ ਕਰਨਗੇ।

ਇਸ ਸਾਲਾਨਾ ਸਮਾਗਮ ਦਾ ਡਸਿਪਲਨ ਵੀ ਵੇਖਣ ਵਾਲਾ ਹੁੰਦਾ ਹੈ। ਮਨੁੱਖਤਾ ਦੇ ਇਸ ਵਿਸ਼ਾਲ ਇਕੱਠ ਵਿਚ ਕਿਤੇ ਵੀ ਕੋਈ ਗੜਬੜ ਜਾਂ ਰੌਲਾ ਰੱਪਾ ਨਹੀਂ ਦਿਸਦਾ। ਪੂਜਨੀਯ ਸੰਤ ਈਸ਼ਰ ਮਾਰਗ ਤੋਂ ਪ੍ਰਵੇਸ਼ ਕਰਦੀਆਂ ਸੰਗਤਾਂ ਜਾਂ ਤਾਂ ਪੰਡਾਲ ਤੋਂ ਆ ਰਹੀ ਮਿੱਠੀ ਕੀਰਤਨ ਧੁਨੀ ਨਾਲ ਜੁੜ ਰਹੀਆਂ ਹੁੰਦੀਆਂ ਹਨ ਅਤੇ ਜਾਂ ਫਿਰ ਸੁਰੀਲੀ ਸੰਗੀਤਮਈ ਧੁਨੀ ਵਿਚ 'ਵਾਹਿਗੁਰੂ' ਗੁਰਮੰਤਰ ਦਾ ਉਚਾਰਨ ਕਰ ਰਹੀਆਂ ਹੁੰਦੀਆਂ ਹਨ। ਸਭ ਦੀ ਬਿਰਤੀ ਪੰਡਾਲ ਵਿਚ ਚਲ ਰਹੇ ਪ੍ਰੋਗਰਾਮ ਵਲ ਹੁੰਦੀ ਹੈ। ਪੰਡਾਲ ਐਨਾ ਵਿਸ਼ਾਲ ਹੁੰਦਾ ਹੈ ਜੋ ਘੱਟ ਹੀ ਵੇਖਣ ਵਿਚ ਆਉਂਦਾ ਹੈ। 150 ਟੀ.ਵੀ. ਸੈਟ ਥਾਂ ਪਰ ਥਾਂ ਲੱਗੇ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮਸਤਕ ਝੁਕਾ ਕੇ ਸੰਗਤਾਂ ਨੂੰ ਜਿਥੇ ਵੀ ਥਾਂ ਮਿਲਦੀ ਹੈ, ਚੁੱਪ ਕਰਕੇ ਬਿਰਾਜਮਾਨ ਹੋ ਜਾਂਦੀਆਂ ਹਨ। ਥਾਂ ਥਾਂ ਸਾਫ ਸਵੱਛ ਬਸਤਰਾਂ ਵਿਚ ਖੜ੍ਹੇ ਵਲੰਟੀਅਰ ਸੰਗਤਾਂ ਨੂੰ ਜੀ ਆਇਆਂ ਕਹਿੰਦੇ ਪੱਥ ਪ੍ਰਦਰਸ਼ਨ ਕਰਦੇ ਹਨ। ਜਿਨ੍ਹਾਂ ਨੇ ਇਨ੍ਹਾਂ ਸਮਾਗਮਾਂ ਦੇ ਦਰਸ਼ਨ ਨਹੀਂ ਕੀਤੇ, ਉਨ੍ਹਾਂ ਨੂੰ ਇੰਜ ਲਗਦਾ ਹੋਵੇਗਾ ਕਿ ਲੱਖਾਂ ਦੀ ਗਿਣਤੀ ਵਿਚ ਇਕੱਤਰ ਹੋਈ ਸੰਗਤ ਲੰਗਰ ਲਈ ਤਾਂ ਜ਼ਰੂਰ ਪਰੇਸ਼ਾਨ ਹੁੰਦੀ ਹੋਵੇਗੀ। ਪਰ ਹੈ ਇਸ ਤੋਂ ਵਿਪਰੀਤ। ਇਕ ਵਿਸ਼ਾਲ ਪੰਡਾਲ ਵਿਚ ਲੰਗਰ ਦਾ ਪ੍ਰਬੰਧ ਹੁੰਦਾ ਹੈ, 40 ਲੋਹਾਂ ਤੇ 24 ਘੰਟੇ ਪ੍ਰਸ਼ਾਦੇ ਤਿਆਰ ਹੁੰਦੇ ਰਹਿੰਦੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਪੰਗਤਾਂ 180'x300' ਦੇ ਪੰਡਾਲ ਵਿਚ ਇਕੋ ਸਮੇਂ ਲੰਗਰ ਛਕ ਲੈਂਦੀਆਂ ਹਨ, ਸਭ ਪਿਆਰ ਤੇ ਸ਼ਰਧਾ ਵਿਚ ਸਜਦੇ ਹਨ, ਸਭ ਸੇਵਕ ਪਿਆਰ ਤੇ ਸ਼ਰਧਾ ਨਾਲ ਛਕਾਉਂਦੇ ਹਨ, ਸਭ ਗੁਰੂ ਦੀ ਪ੍ਰਸੰਨਤਾ ਦੇ ਪਾਤਰ ਬਣਦੇ ਹਨ। ਇੰਜ ਹੀ ਜੋੜੇ ਰੱਖਣ, ਸਾਈਕਲ ਸਕੂਟਰ ਕਾਰਾਂ, ਜੀਪਾਂ, ਟਰੈਕਟਰ, ਟਰਾਲੀਆਂ, ਟਰੱਕ, ਬੱਸਾਂ ਦੀ ਪਾਰਕਿੰਗ ਹਰ ਪ੍ਰਬੰਧ ਵਿਚ ਪੂਰਾ ਨਿਯੰਤਰਣ ਅਤੇ ਤਰਤੀਬ ਵੇਖਣ ਨੂੰ ਮਿਲਦੀ ਹੈ। ਇਸ ਮਹਾਨ ਪ੍ਰਬੰਧ ਦੀ ਸਫਲਤਾ ਅਤੇ ਸੰਪੰਨਤਾ ਪਿਛੇ ਇਕ ਮਹਾਨ ਰੂਹ ਕੰਮ ਕਰਦੀ ਹੈ ਜੋ ਸ਼ਾਂਤ ਚਿਤ, ਸਹਿਜਮਈ ਨਿੰਮ੍ਰਤਾ-ਸੇਵਾ-ਸਿਮਰਨ ਦੀ ਅਦੁਤੀ ਮੂਰਤ ਹਨ। ਉਨ੍ਹਾਂ ਦੇ ਅੰਦਰ ਸਾਰੇ ਪ੍ਰਬੰਧਾਂ ਦਾ ਪ੍ਰਕਾਸ਼ ਹੈ। ਉਹ ਸਭ ਦੇ ਵਿਚਾਰ ਸੁਣਦੇ ਹਨ,

(ਬਾਕੀ ਪੰਨਾ 14 ਤੇ)

# ਕਿਵ ਸਚਿਆਰਾ ਹੋਈਐ?

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਭੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 64)*

ਇਕ ਕਥਾ ਆਉਂਦੀ ਹੈ ਕਿ ਇਕ ਵਾਰੀ ਕੋਈ ਘੋੜ ਸਵਾਰ ਸਫਰ ਕਰਦਾ ਆਪਣੀ ਮੰਜ਼ਲ ਵਲ ਨੂੰ ਜਾ ਰਿਹਾ ਸੀ। ਇਕ ਥਾਂ ਉਸ ਨੇ ਸਤਿਸੰਗ ਹੁੰਦਾ ਦੇਖਿਆ, ਬਹੁਤ ਭੀੜ ਭੜੱਕਾ ਸੀ। ਇਕ ਪ੍ਰੇਮੀ ਨੇ ਕਿਹਾ, ਐ ਘੋੜ ਸਵਾਰ! ਆਹ ਸਤਿਸੰਗ ਹੋ ਰਿਹਾ ਹੈ, ਥੋੜ੍ਹਾ ਰੁਕ ਕੇ ਤੂੰ ਆਪਣਾ ਪੈਂਡਾ ਸ਼ੁਰੂ ਕਰ ਲਈਂ, ਸਤਿਸੰਗ ਕਰ ਲੈ। ਉਸ ਨੇ ਘੋੜਾ ਦਰਖਤ ਨਾਲ ਬੰਨ੍ਹ ਦਿਤਾ ਅਤੇ ਸੰਗਤ ਵਿਚ ਜਾ ਕੇ ਬੈਠ ਗਿਆ। ਕਥਾਕਾਰ ਇਕ ਚੰਗੇ ਵਿਦਵਾਨ ਸਨ, ਆਪ ਨੇ ਦਸਿਆ ਕਿ ਇਹ ਦੇਹੀ ਬਹੁਤ ਅਮੁੱਲ ਹੈ, ਇਹ ਅਸਾਨੂੰ ਬਹੁਤ ਜਨਮ ਘੁੰਮਦਿਆਂ-ਘੁੰਮਦਿਆਂ ਨੂੰ ਪ੍ਰਾਪਤ ਹੋਈ ਹੈ, ਜੇ ਹੁਣ ਨਾਮ ਨਾ ਜਪਿਆ ਤਾਂ ਬਹੁਤ ਸਮੇਂ ਉਪਰੰਤ ਹੱਥ ਆਇਆ ਅਵਸਰ ਹੱਥੋਂ ਨਿਕਲ ਜਾਵੇਗਾ ਜਿਵੇਂ ਕਿ ਫੁਰਮਾਨ ਹੈ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਪੰਨਾ - 176*

ਬਹੁਤ ਮੁਸ਼ਕਲਾਂ ਤੋਂ ਬਾਦ ਇਹ ਦੇਹੀ ਇਸ ਜੀਵ ਨੂੰ ਪ੍ਰਾਪਤ ਹੋਈ ਹੈ। ਇਸ ਨੇ ਆਪਣੇ ਲੰਮੇ ਸਫਰ ਵਿਚ ਬਹੁਤ ਹੀ ਦੁਖ ਭੋਗੇ ਹਨ, ਹੁਣ ਇਸਦੀ ਵਾਰੀ ਪ੍ਰਭੂ ਨੂੰ ਮਿਲਣ ਦੀ ਆ ਚੁਕੀ ਹੈ, ਇਹ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਵਿਚ ਜਾ ਕੇ ਪ੍ਰਭੂ ਪ੍ਰਾਪਤੀ ਲਈ ਜਤਨ ਕਰੇ ਤਾਂ ਇਸ ਦਾ ਆਉਣਾ ਸੰਸਾਰ ਉਪਰ ਸਫਲ ਹੈ ਜੇ ਇਹ ਗਲਤ ਕੰਮਾਂ 'ਚ ਪੈ ਕੇ ਪ੍ਰਭੂ ਨੂੰ ਭੁੱਲਿਆ ਰਿਹਾ ਤਾਂ ਬਾਜ਼ੀ ਹਾਰ ਜਾਵੇਗਾ। ਫੁਰਮਾਨ ਹੈ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥*
*ਪੰਨਾ - 43*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਪੰਨਾ - 632*

ਜਿਉਂ ਜਿਉਂ ਇਹ ਬਚਨ ਸੁਣ ਰਿਹਾ ਸੀ, ਤਿਉਂ-ਤਿਉਂ ਇਸ ਦੇ ਹਿਰਦੇ ਵਿਚ ਬਹੁਤ ਹੀ ਗਹਿਰਾ ਅਸਰ ਹੋ ਰਿਹਾ ਸੀ। ਕਥਾਕਾਰ ਨੇ ਦਸਿਆ ਕਿ ਇਸ ਨੂੰ ਚਾਹੀਦਾ ਹੈ, ਸਾਧੂਆਂ ਨਾਲ ਮਿਲ ਕੇ ਆਪਣਾ ਸਫਰ ਤਹਿ ਕਰੇ ਅਤੇ ਇਥੇ ਲਾਹਾ ਖੱਟ ਕੇ ਜਾਵੇ, ਅੱਗੇ ਜਾ ਕੇ ਬਹੁਤ ਹੀ ਸੁਖਾਲਾ ਰਹੇਗਾ ਜਿਵੇਂ ਕਿ -

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥*
*ਅਉਧ ਘਟੈ ਦਿਨਸੁ ਰੈਣਾਰੇ॥*
*ਮਨ ਗੁਰ ਮਿਲਿ ਕਾਜ ਸਵਾਰੇ॥ ਪੰਨਾ - 13*

ਅਤੇ ਉਸ ਨੇ ਇਹ ਵੀ ਸੁਣਿਆ ਕਿ ਜੋ ਪ੍ਰੇਮੀ ਇਥੇ ਮਾਨਸ ਜਨਮ ਧਾਰਨ ਉਪਰੰਤ ਸਵਰਗ ਲੋਕਾਂ ਵਿਚ ਜਾ ਕੇ ਵਾਸਾ ਪ੍ਰਾਪਤ ਕਰਦੇ ਹਨ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਜੇ ਅਸੀਂ ਸੰਤਾਂ ਦੇ ਨਾਲ ਮਿਲ ਕੇ ਜਾਪ ਜਪਿਆ ਹੁੰਦਾ, ਸੇਵਾ ਕੀਤੀ ਹੁੰਦੀ, ਗੁਰੂ ਵਾਲੇ ਬਣੇ ਹੁੰਦੇ ਤਾਂ ਸਾਨੂੰ ਦਰਗਾਹ ਵਿਚ ਥਾਂ ਮਿਲ ਜਾਣੀ ਸੀ ਪਰ ਹੁਣ ਪੁੰਨਾਂ ਦੇ ਖਤਮ ਹੋਣ ਤੇ ਅਸੀਂ ਵਾਪਸ ਚਲੇ ਜਾਣਾ ਹੈ। ਬਾਣੀ ਵਿਚ ਫੁਰਮਾਨ ਆਉਂਦਾ ਹੈ-

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥ ਪੰਨਾ - 1159*

ਇਸ ਪ੍ਰੇਮੀ ਨੇ ਚਿਤ ਇਕਾਗਰ ਕਰਕੇ ਕਥਾ ਸੁਣਦੇ-ਸੁਣਦੇ ਪੂਰੀ ਸ਼ਰਧਾ ਵਿਚ ਆ ਕੇ ਫੈਸਲਾ ਕਰ ਲਿਆ ਕਿ ਹੁਣ ਮੈਂ ਘਰ ਤਾਂ ਹੀ ਵਾਪਸ ਜਾਵਾਂਗਾ ਜਦੋਂ ਕੁਝ ਪ੍ਰਾਪਤ ਕਰ ਲਿਆ। ਕਥਾ ਉਪਰੰਤ ਉਸ ਨੇ ਇਕਾਂਤ ਵਿਚ ਪੰਡਤ ਜੀ ਨਾਲ ਮਿਲ ਕੇ ਬੇਨਤੀ ਕੀਤੀ ਕਿ ਮਹਾਰਾਜ! ਤੁਸੀਂ ਤਾਂ ਮੈਨੂੰ ਸੁੱਤੇ ਨੂੰ ਜਗਾ ਦਿਤਾ, ਮੈਂ ਤਾਂ ਆਪਣਾ ਜੀਵਨ ਐਵੇਂ ਹੀ ਬਰਬਾਦ ਕਰ ਲਿਆ, ਮੈਨੂੰ ਦਸੋ ਕੋਈ ਪੂਰਨ ਮਹਾਂਪੁਰਸ਼ ਨੇੜੇ ਤੇੜੇ ਰਹਿੰਦਾ ਹੈ? ਉਸ ਨੇ ਕਿਹਾ ਕਿ ਪ੍ਰੇਮੀਆਂ! ਇਹ ਬਹੁਤ ਵੱਡਾ ਜੰਗਲ ਹੈ, ਮੀਲਾਂ ਤਕ ਫੈਲਿਆ ਹੋਇਆ ਹੈ, ਇਸ ਵਿਚ ਇਕ ਤੱਤ ਬੇਤੇ ਮਹਾਂਪੁਰਸ਼ ਦਾ ਆਸ਼ਰਮ ਹੈ ਜਿਥੇ ਜਾ ਕੇ ਜਗਿਆਸੂ ਭਗਤੀ ਕਰਕੇ ਆਪਣੇ ਜਨਮ ਪਦਾਰਥ ਨੂੰ ਪ੍ਰਾਪਤ ਕਰ ਲੈਂਦਾ ਹੈ। ਉਸ ਨੇ ਕਿਹਾ ਪੰਡਤ ਜੀ! ਮੈਂ ਆਪਣਾ ਘੋੜਾ ਤੁਹਾਡੀ ਸੇਵਾ ਵਿਚ ਭੇਟ ਕਰਦਾ ਹਾਂ। ਤੁਸੀਂ ਤਾਂ ਮੇਰੇ ਨੇਤਰ ਖੋਲ੍ਹ ਦਿਤੇ, ਮੈਨੂੰ ਤੁਹਾਡੇ ਇਕ-ਇਕ ਬਚਨ ਉਪਰ ਪੂਰਨ ਭਰੋਸਾ ਹੈ, ਮੇਰੇ ਮਨ ਵਿਚ ਪ੍ਰਤੀਤ ਆ ਗਈ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸਦੇ ਮਨ ਵਿਚ ਵਾਹਿਗੁਰੂ ਜੀ ਦੇ ਨਾਮ ਦੀ ਪ੍ਰਤੀਤ ਆ ਗਈ ਉਸ ਨੂੰ ਬਹੁਤ ਉਚੀ ਪਦਵੀ ਪ੍ਰਾਪਤ ਹੋ ਜਾਇਆ ਕਰਦੀ ਹੈ ਜਿਵੇਂ ਕਿ -

*ਪਰਤੀਤਿ ਹੀਐ ਆਈ ਜਿਨ ਜਨ ਕੇ*
*ਤਿਨ ਕਉ ਪਦਵੀ ਉਚ ਭਈ॥*
*ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ*
*ਕਾਮ ਕ੍ਰੋਧ ਕੀ ਬ੍ਰਿਥਾ ਗਈ॥ ਪੰਨਾ - 1402*

ਗੁਰੂ ਮਹਾਰਾਜ ਜੀ ਹੋਰ ਥਾਂ ਫੁਰਮਾਨ ਕਰਦੇ ਹਨ ਕਿ

ਵਾਹਿਗੁਰੂ ਜੀ ਦਾ ਨਾਮ ਸਿਰਫ ਓਹੀ ਪ੍ਰੇਮੀ ਜਪਿਆ ਕਰਦਾ ਹੈ ਜਿਸ ਦੀ ਪੂਰਨ ਸ਼ਰਧਾ ਗੁਰੂ ਉਪਰ ਹੁੰਦੀ ਹੈ।

ਗੁਰੂ ਸ਼ਰਧਾ ਉਪਰ ਇਕ ਕਥਾ ਆਉਂਦੀ ਹੈ ਕਿ ਇਕ ਵਾਰੀ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਤਖਤ ਉਤੇ ਬਿਰਾਜਮਾਨ ਸਨ, ਸੰਗਤਾਂ ਬੈਠੀਆਂ ਸਨ, ਗੁਰੂ ਅੰਗਦ ਸਾਹਿਬ ਜੀ ਬਚਨ ਕਰ ਰਹੇ ਸਨ। ਆਪ ਨੇ ਭਾਈ ਬਾਲਾ ਜੀ ਵਲ ਦ੍ਰਿਸ਼ਟੀ ਕਰਕੇ ਪੁਛਿਆ ਕਿ ਭਾਈ ਬਾਲਾ ਜੀ! ਆਪ ਨੌਆਂ ਖੰਡਾਂ, ਸੱਤਾਂ ਦੀਪਾਂ, ਜਿਥੋਂ ਤਕ ਸ੍ਰਿਸ਼ਟੀ ਹੈ ਤੁਸੀਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਨਾਲ ਰਹੇ ਅਤੇ ਸਾਰੇ ਕੌਤਕ ਆਪਣੇ ਨੇਤਰਾਂ ਨਾਲ ਡਿੱਠੇ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਉਸ ਵੇਲੇ ਭਾਈ ਬਾਲਾ ਜੀ ਨੇ ਦੋਵੇਂ ਹੱਥ ਜੋੜੇ ਕੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਗੁਰੂ ਨਾਨਕ ਪਾਤਸ਼ਾਹ ਨੂੰ ਪੂਰਨ ਸੰਤ ਸਮਝਦਾ ਸੀ। ਮਹਾਰਾਜ ਕਹਿਣ ਲੱਗੇ, ਚੰਗਾ ਭਾਈ ਬਾਲਾ ਤੂੰ ਪੂਰਨ ਸੰਤ ਹੋਇਆ। ਨਾਲ ਹੀ ਭਾਈ ਬੁੱਢਾ ਜੀ ਬੈਠੇ ਸੀ ਉਨ੍ਹਾਂ ਨੂੰ ਆਪ ਨੇ ਪੁਛਿਆ ਕਿ ਤੁਸੀਂ ਬਹੁਤ ਛੋਟੀ ਉਮਰ ਤੋਂ ਮਹਾਰਾਜ ਜੀ ਦਾ ਸੰਗ ਕਰਦੇ ਰਹੇ ਹੋ ਅਤੇ ਅਨੇਕਾਂ ਕਥਾਵਾਂ ਆਪਣੇ ਜੀਵਨ ਵਿਚ ਸੁਣੀਆਂ ਹਨ, ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਸੀ? ਆਪ ਨੇ ਕਿਹਾ ਕਿ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸਨ। ਆਪ ਨੇ ਕਿਹਾ ਬਾਬਾ ਬੁੱਢਾ ਜੀ ਤੁਸੀਂ ਬ੍ਰਹਮਗਿਆਨੀ ਹੋਏ। ਕਿਸੇ ਗੁਰਸਿਖ ਨੇ ਕਿਹਾ ਗੁਰੂ ਨਾਨਕ ਪਾਤਸ਼ਾਹ ਬਹੁਤ ਚੰਗੇ ਵਿਦਵਾਨ ਬੁਲਾਰੇ ਸਨ, ਉਨ੍ਹਾਂ ਨੇ ਸਿਧਾਂ ਦੀ ਪੇਸ਼ ਨਾ ਜਾਣ ਦਿਤੀ ਅਤੇ ਨਾਨਕ ਨਾਮ ਸੁਖਾਲਾ ਸਿੱਧ ਕਰਕੇ ਦਿਖਾਇਆ, ਉਹ ਬਹੁਤ ਚੰਗੇ ਬੁਲਾਰੇ ਸਨ। ਮਹਾਰਾਜ ਜੀ ਕਹਿਣ ਲੱਗੇ, "ਭਾਈ! ਤੂੰ ਵੀ ਬੁਲਾਰਾ ਬਣਿਆ।" ਸਾਰਿਆਂ ਤੋਂ ਪੁੱਛ ਕੇ ਜਿਸ ਵਕਤ ਆਪ ਖਾਮੋਸ਼ ਹੋ ਗਏ ਤਾਂ ਮੁਖੀ-ਮੁਖੀ ਗੁਰਸਿਖਾਂ ਨੇ ਪ੍ਰਸ਼ਨ ਕੀਤਾ ਕਿ ਪਾਤਸ਼ਾਹ! ਆਪ ਨੇ ਵੀ ਗੁਰੂ ਨਾਨਕ ਪਾਤਸ਼ਾਹ ਦੀ ਸੇਵਾ ਕੀਤੀ ਹੈ, ਭਾਵੇਂ ਥੋੜ੍ਹੇ ਸਮੇਂ ਲਈ ਕੀਤੀ ਹੈ ਪਰ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝ ਕੇ ਪਾਸ ਆਏ। ਆਪ ਬਹੁਤ ਗੰਭੀਰ ਅਵਸਥਾ ਵਿਚ ਆ ਗਏ ਆਪ ਨੇ ਕਿਹਾ ਕਿ ਅਸੀਂ ਤਾਂ ਗੁਰੂ ਨਾਨਕ ਨੂੰ ਪ੍ਰਮੇਸ਼ਰ ਰੂਪ ਤੱਕਿਆ। ਉਹ ਆਪ ਹੀ ਤਾਂ ਸਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ ਸਨ। ਸਾਧਸੰਗਤ ਜੀ! ਇਸ ਨਿਸ਼ਚੇ ਬਾਰੇ ਬਾਣੀ ਵਿਚ ਆਉਂਦਾ ਹੈ -

***ਗੁਰੁ ਪਰਮੇਸਰੁ ਏਕੋ ਜਾਣੁ॥*** ***ਪੰਨਾ - 864***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ - 442***

ਮਹਾਰਾਜ ਜੀ ਕਹਿਣ ਲੱਗੇ ਕਿ ਨਿਸ਼ਚੇ ਅੱਡ-ਅੱਡ ਹੋਇਆ ਕਰਦੇ ਹਨ, ਸਤਿਗੁਰੂ ਆਰਸੀ (ਮੂੰਹ ਦੇਖਣ ਵਾਲਾ ਸ਼ੀਸ਼ਾ) ਹੋਇਆ ਕਰਦਾ ਹੈ, ਜਿਹੋ ਜਿਹਾ ਮੂੰਹ ਕਰਕੇ ਕੋਈ ਸ਼ੀਸ਼ੇ ਵਿਚ ਦੇਖਦਾ ਹੈ, ਓਹੋ ਜਿਹਾ ਹੀ ਮੂੰਹ ਦਿਸਦਾ ਹੈ, ਭਾਈ ਗੁਰਦਾਸ ਜੀ ਨੇ ਸਤਿਗੁਰੂ ਬਾਰੇ ਖੋਲ੍ਹ ਕੇ ਲਿਖਿਆ ਹੈ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ॥***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ॥***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***
***ਭਾਈ ਗੁਰਦਾਸ ਜੀ, ਵਾਰ 34/1***

ਗੁਰੂ ਉਪਰ ਚਾਰ ਕਿਸਮ ਦੇ ਨਿਸ਼ਚੇ ਹੋਇਆ ਕਰਦੇ ਹਨ -

1. ਮੇਰਾ ਗੁਰੂ ਚੰਗਾ ਸੰਤ ਹੈ, 2. ਮੇਰਾ ਗੁਰੂ ਸਾਰੇ ਸੰਤਾਂ ਨਾਲੋਂ ਚੰਗਾ ਸੰਤ ਹੈ, 3. ਮੇਰਾ ਗੁਰੂ ਪ੍ਰਮੇਸ਼ਰ ਵਰਗਾ ਹੈ, 4. ਮੇਰਾ ਗੁਰੂ ਆਪ ਹੀ ਪ੍ਰਮੇਸ਼ਰ ਹੈ। ਜਿਸ ਦੇ ਮਨ ਵਿਚ ਇਹ ਨਿਸ਼ਚਾ ਆਪਣੇ ਗੁਰੂ ਬਾਰੇ ਹੈ ਉਸ ਵਿਚ ਅਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ। ਉਹ ਇਸ ਭਵਜਲ ਨੂੰ ਸਹਿਜੇ ਹੀ ਤਰ ਜਾਂਦਾ ਹੈ। ਜਿਵੇਂ ਕਿ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ -

***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***
***ਭਾਈ ਗੁਰਦਾਸ ਜੀ, ਵਾਰ 34/1***

ਧੰਨੇ ਭਗਤ ਨੂੰ ਜੇ ਸ਼ਰਧਾ ਸੀ ਤਾਂ ਹੀ ਪ੍ਰਭੂ ਨੇ ਆ ਕੇ ਉਸ ਦੀ ਰੋਟੀ ਖਾ ਲਈ ਅਤੇ ਲੱਸੀ ਪੀ ਲਈ। ਇਹ ਕਥਾ ਆਮ ਸਾਰੇ ਪ੍ਰੇਮੀ ਜਾਣਦੇ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸੰਖੇਪ ਰੂਪ ਵਿਚ ਅੰਕਿਤ ਕੀਤਾ ਹੈ-

***ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ॥***
***ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ॥***
***ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ॥***
***ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ॥***
***ਪਥਰੁ ਇਕ ਲਪੇਟਿ ਕਰਿ ਦੇ ਧੰਨੇ ਨੋ ਗੈਲ ਛੁਡਾਵੈ॥***
***ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ॥***
***ਹਥਿ ਜੋੜਿ ਮਿਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ॥***
***ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ॥***
***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ॥***
***ਭੋਲਾ ਭਾਉ ਗੋਬਿੰਦੁ ਮਿਲਾਵੈ॥***
***ਭਾਈ ਗੁਰਦਾਸ ਜੀ, ਵਾਰ 10/13***

ਸੋ ਸ਼ਰਧਾ ਬਹੁਤ ਹੀ ਜ਼ਰੂਰੀ ਹੈ ਮਹਾਰਾਜ ਜੀ ਲਿਖਦੇ ਹਨ-

***ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ॥***
***ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ॥***
***ਪੰਨਾ - 591***

ਪ੍ਰਭੂ ਚਿਤ ਤਾਂ ਹੀ ਆਉਂਦਾ ਹੈ ਜੇ ਗੁਰੂ ਉਪਰ ਪ੍ਰਤੀਤ ਹੋਵੇ ਜਿਸ ਦੇ ਹਿਰਦੇ ਵਿਚ ਵਿਸ਼ਵਾਸ਼ ਹੈ ਕਿ ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ ਅਤੇ ਉਹ ਆਪੇ ਹੀ ਆਪ ਹਨ ਉਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਕੇ ਦਿਬਜ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ। ਫੁਰਮਾਨ ਹੈ –

*ਧਾਰਨਾ - ਗੁਰ ਕੀ ਪ੍ਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ - 2, 2.*
*ਜਿਸ ਦੇ ਮਨ ਵਿਚ ਹੈ ਭਾਈ - 2, 2.*
*ਗੁਰ ਕੀ ਪਰਤੀਤ ਜੀ,*
*ਜਿਸਦੇ ਮਨ ਵਿਚ ਹੈ ਭਾਈ।*

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ ਪੰਨਾ - 285*

*ਜਾ ਕੈ ਮਨਿ ਗੁਰ ਕੀ ਪਰਤੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ - 283*

ਚੌਥਾ ਸਾਧਨ ਸਮਾਧਾਨ ਹੋਇਆ ਕਰਦਾ ਹੈ। ਰੂਹਾਨੀ ਮਾਰਗ ਤੇ ਚਲਦਿਆਂ ਮਾਇਆ ਦੇ ਪ੍ਰਭਾਵ ਕਰਕੇ ਅਨੇਕਾਂ ਕਿਸਮ ਦੇ ਸ਼ੰਕੇ ਮਨ ਵਿਚ ਉਭਰ ਆਇਆ ਕਰਦੇ ਹਨ, ਆਦਮੀ ਸੋਚਦਾ ਹੈ ਕਿ ਵਾਹਿਗੁਰੂ ਜੀ ਕਿਸ ਤਰ੍ਹਾਂ ਸੰਸਾਰ ਦਾ ਰੂਪ ਧਾਰ ਸਕਦੇ ਹਨ। ਵਾਹਿਗੁਰੂ ਕੋਈ ਹੋਰ ਚੀਜ਼ ਹੈ, ਸੰਸਾਰ ਹੋਰ ਚੀਜ਼ ਹੈ, ਆਤਮਾ ਸਾਰਿਆਂ ਵਿਚ ਇਕ ਕਿਵੇਂ ਹੁੰਦਾ ਹੈ? ਜੇ ਇਕ ਕਿਸੇ ਨੂੰ ਗਿਆਨ ਹੋ ਜਾਵੇ ਤਾਂ ਸਾਰਿਆਂ ਨੂੰ ਗਿਆਨ ਕਿਉਂ ਨਹੀਂ ਹੁੰਦਾ? ਜਿਸ ਦਾ ਰੂਪ ਰੰਗ ਰੇਖ ਭੇਖ ਨਹੀਂ, ਉਹ ਚੀਜ਼ ਕਿਵੇਂ ਹੋਈ? ਹੈ ਵੀ ਕਿ ਨਹੀਂ? ਮੈਂ ਨਾਮ ਜਪੀ ਜਾਂਦਾ ਹਾਂ ਇਸ ਦਾ ਕੀ ਫਾਇਦਾ ਹੈ? ਸੇਵਾ ਕਰਨ ਤੋਂ ਕੀ ਲਾਭ ਪ੍ਰਾਪਤ ਹੁੰਦਾ ਹੈ? ਮੇਰੇ ਨਾਲ ਦੇ ਸਭ ਪੈਸਾ ਕਮਾ ਰਹੇ ਹਨ ਅਤੇ ਮੈਂ ਸੱਚ ਦਾ ਜੀਵਨ ਗੁਜ਼ਾਰ ਕੇ ਤੰਗੀ ਕੱਟ ਰਿਹਾ ਹਾਂ, ਜਿਹੜੇ ਮੇਰੇ ਮਹਾਂਪੁਰਸ਼ ਹਨ ਇਹ ਕਿਤੇ ਅਗਿਆਨ ਵਿਚ ਤਾਂ ਨਹੀਂ ਹਨ, ਮੈਨੂੰ ਗਲਤ ਗੱਲਾਂ ਹੀ ਤਾਂ ਨਹੀਂ ਕਹੀ ਜਾਂਦੇ, ਇਸ ਕਿਸਮ ਦੇ ਅਨੇਕ ਸੰਸੇ ਮਨ ਵਿਚ ਪਏ ਰਹਿੰਦੇ ਹਨ। ਜਦੋਂ ਤਕ ਇਹ ਸ਼ੱਕ ਦੂਰ ਨਹੀਂ ਹੁੰਦਾ ਉਨੀਂ ਦੇਰ ਤਕ ਇਹ ਰੂਹਾਨੀ ਮਾਰਗ ਤੇ ਤਰੱਕੀ ਨਹੀਂ ਕਰ ਸਕਿਆ ਕਰਦਾ। ਸੰਸਿਆਂ ਵਿਚ ਪਿਆ ਭਰਮ ਪੂਰਨ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਕੇ ਨਾਸ਼ ਹੋਇਆ ਕਰਦਾ ਹੈ ਜਦੋਂ ਇਸ ਜੀਵ ਨੂੰ ਗਿਆਨ ਹੋ ਗਿਆ ਅਤੇ ਇਸ ਨੂੰ ਪਤਾ ਲਗ ਗਿਆ ਕਿ ਮੈਂ ਜੀਵ ਨਹੀਂ ਹਾਂ, ਇਹ ਤਾਂ ਇਕੋ ਹੀ ਆਤਮਾ ਹੈ ਜੋ ਸਾਰੇ ਸੰਸਾਰ ਦੀ ਕ੍ਰਿਆ ਨੂੰ ਚਲਾ ਰਹੀ ਹੈ, ਨਾ ਮੈਂ ਪ੍ਰਕ੍ਰਿਤੀ ਦਾ ਕੋਈ ਭਾਗ ਹਾਂ, ਨਾ ਕਿਸੇ ਵਜੂਦ ਵਾਲਾ ਹਾਂ, ਮੈਂ ਰੂਪ, ਰੰਗ, ਰੇਖ ਭੇਖ ਤੋਂ ਨਿਆਰਾ ਹਾਂ, ਮੈਂ ਸਦਾ ਅਨੰਦ ਹਾਂ, ਮੈਨੂੰ ਕੋਈ ਦੁਖ ਆਉਂਦਾ ਹੀ ਨਹੀਂ, ਮੈਂ ਸ੍ਰਿਸ਼ਟੀ ਦਾ ਕਰਤਾ ਧਰਤਾ ਆਤਮਾ ਹਾਂ, ਜਦੋਂ ਇਹ ਗਿਆਨ ਪਰਪੱਕ ਹੋ ਜਾਵੇ ਤਾਂ ਸ਼ੰਕਿਆਂ ਦਾ ਨਾਸ਼ ਹੋ ਜਾਂਦਾ ਹੈ ਨਹੀਂ ਤਾਂ ਇਹ ਸ਼ੰਕੇ ਅੰਤਸ਼ਕਰਣ ਨੂੰ ਪੂਰੀ ਤਰ੍ਹਾਂ ਮੈਲ ਨਾਲ ਭਰ ਦਿੰਦੇ ਹਨ। ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ ਕਿ ਕਰਮ ਕਰਨ ਨਾਲ ਸਹਸਾ ਦੂਰ ਨਹੀਂ ਹੋਇਆ ਕਰਦਾ, ਦੁਨੀਆਂ ਕਰਮ ਕਰ ਕਰਕੇ ਥੱਕ ਗਈ ਪਰ ਸਹਸਾ ਉਸੇ ਤਰ੍ਹਾਂ ਨਾਲ ਬਣਿਆ ਰਿਹਾ। ਸ਼ੰਕਾ ਹੋਣ ਕਰਕੇ ਅੰਤਸ਼ਕਰਣ ਮਲੀਨ ਹੁੰਦਾ ਹੈ, ਇਹ ਧੋਇਆ ਕਿਵੇਂ ਜਾਵੇ? ਮਹਾਰਾਜ ਜੀ ਕਹਿਣ ਲੱਗੇ ਕਿ ਪਿਆਰਿਓ! ਤੁਸੀਂ ਸ਼ਬਦ ਬ੍ਰਹਮ ਨਾਲ ਆਪਣਾ ਚਿੱਤ ਲਾਓ, ਆਪਣੇ ਧੇਅ ਨੂੰ ਪ੍ਰਾਪਤ ਕਰੋ। ਵਾਹਿਗੁਰੂ ਜੀ ਨਾਲ ਚਿੱਤ ਲਾ ਕੇ ਰੱਖੋ, ਅਧਿਕਾਰੀ ਦੇਖ ਕੇ ਗੁਰੂ ਉਪਦੇਸ਼ ਦਿੰਦਾ ਹੈ ਜਿਵੇਂ ਕਿ ਫੁਰਮਾਨ ਹੈ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਪੰਨਾ - 306*

ਸੋ ਗੁਰੂ ਦੀ ਕ੍ਰਿਪਾ ਨਾਲ ਸਹਿਜ ਦੀ ਪ੍ਰਾਪਤੀ ਹੁੰਦੀ ਹੈ, ਸਤਿ ਗਿਆਨ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਉਸ ਵੇਲੇ ਇਹ ਸਹਸਾ ਦੂਰ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਾਧਾਨ ਆਤਮ ਮਾਰਗ ਤੇ ਚਲਣ ਲਈ ਬਹੁਤ ਹੀ ਜ਼ਰੂਰੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥*
*ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥*
*ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥*
*ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥*
*ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥*
***ਪੰਨਾ - 919***

ਇਸ ਤੋਂ ਪਿਛੋਂ ਇਕ ਮਾਨਸਕ ਅਵਸਥਾ ਪੈਦਾ ਹੁੰਦੀ ਹੈ ਜਿਸ ਨੂੰ ਉਪਰਾਮ ਆਖਦੇ ਹਨ। ਮਾਇਆ ਦੇ ਵਿਚ ਚਿੱਤ ਲੱਗਿਆ ਰਹਿਣਾ, ਮਾਇਆ ਦੇ ਅੰਧਕਾਰ ਵਿਚ ਪੈ ਕੇ ਮੋਹ ਦੇ ਜਜ਼ਬੇ ਅਧੀਨ ਆਪਣੇ ਪਰਿਵਾਰ ਦੇ ਜੀਵਾਂ ਨਾਲ ਪਰਚਿਆ ਰਹਿਣਾ, ਇਹ ਭਾਵਨਾਵਾਂ ਗਿਆਨ ਦੇ ਰਸਤੇ ਵਿਚ ਬਹੁਤ ਸਖਤ ਰੁਕਾਵਟਾਂ ਹਨ। ਆਪਣਾ ਫਰਜ਼ ਪੂਰਾ ਕਰਨਾ, ਹੋਰ ਗੱਲ ਹੈ, ਮੋਹ ਦੇ ਅਧੀਨ ਹੋ ਕੇ ਆਪਣੇ ਅੰਤਸ਼ਕਰਣ ਵਿਚ ਬੇਅੰਤ ਭਾਵ ਪੈਦਾ ਕਰ ਲੈਣੇ, ਪਰਿਵਾਰ ਲਈ ਜੀਉਣਾ, ਇਹ ਫਸਾ ਲਿਆ ਕਰਦਾ ਹੈ। ਸੋ ਇਨ੍ਹਾਂ ਤੋਂ ਛੁਟਕਾਰਾ ਪਾ ਕੇ ਸੰਸਾਰ ਦੇ ਸੁਖਾਂ ਨੂੰ ਛਿਨਭੰਗਰ ਜਾਨਣਾ ਅਤੇ ਆਤਮ ਅਨੰਦ ਨੂੰ ਸਭ ਤੋਂ ਸ੍ਰੇਸ਼ਟ ਜਾਨਣਾ, ਆਤਮਾ ਨਾਲ ਪ੍ਰੀਤੀ ਕਰਨੀ ਅਤੇ ਸੰਸਾਰ ਨੂੰ ਨਾਸ਼ਵਾਨ ਜਾਣ ਕੇ ਇਸ ਤੋਂ ਉਦਾਸ ਰਹਿਣਾ ਉਪਰਾਮ ਕਹਾਇਆ ਕਰਦਾ ਹੈ। ਸੰਸਾਰ ਦੇ ਮੋਹ ਵਿਚ ਪਿਆ ਹੋਇਆ ਰੀਤਾਂ ਰਿਵਾਜਾਂ ਦੇ ਵਿਚ ਬੰਨ੍ਹਿਆ ਹੋਇਆ ਆਤਮ ਮਾਰਗ ਤੇ ਨਹੀਂ ਚਲ ਸਕਦਾ। ਇਸ ਪਉੜੀ ਦਾ ਅਗਲਾ ਡੰਡਾ ਤਤਿਕਸ਼ਾ ਹੋਇਆ ਕਰਦਾ ਹੈ। ਤਤਿਕਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ ਇਕ ਤਾਂ ਆਪਣੇ ਸਰੀਰ ਨੂੰ ਕਸ਼ਟ ਦੇਣਾ, ਜੰਗਲਾਂ ਵਿਚ ਜਾ ਕੇ ਭੁੱਖੇ ਪਿਆਸੇ ਰਹਿਣਾ, ਅਨੇਕ ਤਰ੍ਹਾਂ ਦੇ ਚਿਲੇ ਕੱਟਣੇ। ਦੂਸਰੀ ਤਤਿਕਸ਼ਾ ਸਹਿਜ ਦੀ ਹੋਇਆ ਕਰਦੀ ਹੈ ਜਿਸ ਰਾਹੀਂ ਫਲ ਬਹੁਤਾ ਪ੍ਰਾਪਤ ਹੁੰਦਾ ਹੈ। ਗੁਰੂ ਕੇ ਲੰਗਰਾਂ ਦੀ ਸੇਵਾ ਕਰਨੀ, ਪ੍ਰਸ਼ਾਦੇ ਪਕਾਉਣੇ, ਵਰਤਾਉਣੇ, ਕੀਰਤਨ ਵਿਚ ਪਹੁੰਚਣਾ, ਕੀਰਤਨ ਕਰਨਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਨਿਤਨੇਮ ਕਰਨਾ, ਸਿਮਰਨ ਵਿਚ ਬਿਰਤੀ ਨੂੰ ਫੁਰਨਿਆਂ ਤੋਂ ਰੋਕ ਕੇ ਲਾਉਣਾ, ਮਨ ਨੂੰ ਕਿਸੇ ਪਾਸੇ ਨਾ ਜਾਣ ਦੇਣਾ ਬਾਰ-ਬਾਰ ਮੋੜ ਕੇ ਨਾਮ ਧੁਨ ਤੇ ਕੇਂਦਰਤ ਕਰਨਾ, ਇਹ ਉਤਮ ਤਤਿਕਸ਼ਾ ਹੋਇਆ ਕਰਦੀ ਹੈ। ਦੂਸਰੀ ਕਿਸਮ ਦੀਆਂ ਤਤਿਕਸ਼ਾਵਾਂ ਕਰਨ ਲਈ ਖੇਚਲ ਬਹੁਤੀ ਹੁੰਦੀ ਹੈ ਅਤੇ ਫਲ ਬਹੁਤ ਹੀ ਘੱਟ ਹੋਇਆ ਕਰਦਾ ਹੈ। ਵਿਚਾਰ ਸਾਗਰ ਵਿਚ ਇਨ੍ਹਾਂ ਸਾਧਨਾਂ ਬਾਰੇ ਬਹੁਤ ਹੀ ਸਰਲ ਤੌਰ ਤੇ ਅੰਕਤ ਹੈ ਜਿਵੇਂ ਕਿ ਸਾਧਨ, ਵਿਵੇਕ, ਬੈਰਾਗ, ਖਟਸਮਤੀ,

ਸਮਾਧਾਨ, ਉਪਰਾਮ, ਤਤਿਕਸ਼ਾ ਬਾਰੇ ਕ੍ਰਮਵਾਰ ਅੰਕਿਤ ਹੈ –

*ਚਾਰ ਸਾਧਨ*

*ਪ੍ਰਥਮ ਵਿਵੇਕ, ਬੈਰਾਗ ਪੁਨ, ਸਮਾਦਿ ਖਟਸੰਪਤਿ*
*ਕਹੀ ਚਤਰਥ ਮਮੁਕਸ਼ਤਾ, ਯੇ ਚਵ ਸਾਧਨ ਸਤਿ।*

*ਵਿਵੇਕ*

*ਅਵਿਨਾਸ਼ੀ ਆਤਮ ਅਚਲ, ਜਗ ਤਾ ਕੇ ਪ੍ਰਤਿਕੂਲ*
*ਐਸੋ ਗਿਆਨ ਬਿਬੇਕ ਹੈ, ਸਬ ਸਾਧਨ ਕੇ ਮੂਲ*

*ਬੈਰਾਗ*

*ਬ੍ਰਹਮ ਲੋਕ ਲੌ ਭੋਗ ਜੇ ਚਹੈ ਸਬਨ ਕੋ ਤਿਆਗ।*
*ਵੇਦ ਅਰਥ ਗਿਆਤਾ ਮੁਨੀ ਕਹਤ ਤਾਹਿ ਵੈਰਾਗ।*

*ਖਟਸੰਪਤੀ*

*ਸ਼ਮ ਦਮ ਸ਼੍ਰਧਾ ਤੀਸਰੀ ਸਮਾਧਾਨ ਉਪਰਾਮ।*
*ਛਠੀ ਤਿਤੀਕਸ਼ਾ ਜਾਨਿਏਂ ਭਿੰਨ ਭਿੰਨ ਯਹ ਨਾਮ।*

*ਸਮ ਦਮ*

*ਮਨ ਵਿਸ਼ਅਨ ਤੇ ਰੋਕਨੋਂ, ਸ਼ਮ ਤਿਹਿ ਕਹਤ ਸੁਧੀਰ।*
*ਇੰਦਰਯਗਣ ਕੋ ਰੋਕਨੋ, ਦਮ ਭਾਖਤ ਬੁਧ ਵੀਰ।*

*ਸ਼ਰਧਾ-ਸਮਾਧਾਨ*

*ਸਤਯ ਵੇਦ ਗੁਰੂ ਵਾਕਯ ਹੈ, ਸ਼ਰਧਾ ਵਿਸ਼ਵਾਸ਼।*
*ਸਮਾਧਾਨ ਤਾ ਕੂੰ ਕਹਤ, ਮਨ ਵਿਛੇਪ ਕੋ ਨਾਸ।*

*ਉਪਰਾਮ*

*ਸਾਧਨ ਸਹਿਤ ਕਰਮ ਸਭ ਤਿਆਗੇ*
*ਲਖ ਵਿਕ (ਵਿਠੁ) ਸਮ ਵਿਸ਼ਅਨ ਤੇ ਭਾਗੇ*
*ਦ੍ਰਿਗਨਾਰੀ ਲਖ ਹ੍ਵੈ ਜਿਯ ਗਿਲਾਨਾ*
*ਯਹ ਲਖਸ਼ਨ ਉਪਰਾਮ ਬਖਾਨਾ*

*ਤਤਿਕਸ਼ਾ*

*ਆਤਮ-ਸ਼ੀਤ-ਕੁ-ਸ਼ੁਧਾ ਤ੍ਰਿਖਾ, ਇਨ ਕੋ ਸਹਿਨ ਸੁਭਾਵ*
*ਤਾਹਿ ਤਤਿਕਸ਼ਾ ਕਤਿ ਹੈ, ਕੋ ਵਿਦ ਮੁਨਿਵਰ ਰਾਵ*

ਇਹ ਸਾਧਨ ਉਹ ਪ੍ਰੇਮੀ ਕਰ ਸਕਿਆ ਕਰਦੇ ਹਨ ਜਿਸ ਉਤੇ ਗੁਰੂ ਦੀ ਕ੍ਰਿਪਾ ਹੋ ਜਾਵੇ, ਸੰਖੇਪ ਦੇ ਵਿਚ ਮੈਂ ਫੇਰ ਦਸਦਾ ਹਾਂ ਕਿ ਪਹਿਲਾਂ ਉਹ ਸਤਿਸੰਗ ਕਰਦਾ ਹੈ, ਉਥੇ ਜਾ ਕੇ ਬਾਣੀ ਸੁਣਦਾ ਹੈ, ਇਸ ਦੇ ਮਨ ਵਿਚ ਬੈਰਾਗ ਪੈਦਾ ਹੁੰਦਾ ਹੈ, ਫੇਰ ਸਤਿ ਤੇ ਅਸਤਿ ਦਾ ਨਿਰਣਾ ਕਰਕੇ ਫੇਰ ਵਿਵੇਕ ਬਿਰਤੀ ਉਦੈ ਹੁੰਦੀ ਹੈ। ਸਤਿ ਦੀ ਪ੍ਰਾਪਤੀ ਵਾਸਤੇ ਸੇਵਾ ਕਰਦਾ ਹੈ, ਬਰਤਨ ਮਾਂਜਦਾ ਹੈ, ਝਾੜੂ ਦਿੰਦਾ ਹੈ, ਦਰੀਆਂ ਝਾੜਦਾ ਹੈ, ਹੋਰ ਅਨੇਕਾਂ ਕਿਸਮ ਦੀ ਸੇਵਾ ਕਰਦਾ ਹੈ। ਸ਼ਰਧਾ ਉਹਦੇ ਮਨ ਵਿਚ ਐਨੀ ਹੁੰਦੀ ਹੈ ਜੋ ਗੁਰੂ ਨੇ ਕਹਿ ਦਿਤਾ ਉਹੀ ਮੰਨ ਲੈਂਦਾ ਹੈ, ਜੋ ਗੁਰੂ ਨੇ ਕਹਿ ਦਿਤਾ ਉਹਦੇ ਉਤੇ ਹੀ ਫੁੱਲ ਚੜ੍ਹਾਉਂਦਾ ਹੈ। ਫੇਰ ਸਮਾਧਾਨ ਰਾਹੀਂ ਸ਼ੰਕੇ ਦੂਰ ਕਰਦਾ ਹੈ, ਦੁਨੀਆਂ ਵਲੋਂ ਉਪਰਾਮ ਰਹਿੰਦਾ ਹੈ, ਸਤਿਸੰਗ ਵਿਚ ਆਉਣ ਦੀ ਖੇਚਲ ਨਹੀਂ ਮੰਨਦਾ, ਜੇ ਸਵਾਰੀ ਨਹੀਂ ਮਿਲਦੀ ਤਾਂ ਪੈਦਲ ਹੀ ਚਲ ਪੈਂਦਾ ਹੈ। ਜੇ ਅਤਿ ਦੀ ਗਰਮੀ ਪੈਂਦੀ ਹੋਵੇ ਤਾਂ ਵੀ ਸਤਿਸੰਗ ਵਿਚ ਪਹੁੰਚਦਾ ਹੈ, ਪਿਆਸ ਲੱਗੀ ਹੈ ਉਸਦੀ ਪਰਵਾਹ ਨਹੀਂ ਕਰਦਾ, ਧੁੱਪ ਦੀ ਪਰਵਾਹ ਨਹੀਂ ਕਰਦਾ, ਇਹ ਤਤਿਕਸ਼ਾ ਹੋਇਆ ਕਰਦੀ ਹੈ। ਇਸ ਸਾਧਨ ਵਿਚ ਪਿਆਂ ਉਸਦਾ ਇਰਾਦਾ ਦ੍ਰਿੜ੍ਹ ਹੋ ਜਾਇਆ ਕਰਦਾ ਹੈ ਅਤੇ ਦ੍ਰਿੜ੍ਹਤਾ ਦੇ ਨਾਲ ਸੋਚਦਾ ਹੈ ਕਿ ਮੈਂ ਇਸੇ ਜਨਮ ਦੇ ਅੰਦਰ ਜਿਸ ਕਾਰਜ ਨੂੰ ਕਰਨ ਵਾਸਤੇ ਆਇਆ ਹਾਂ, ਉਹ ਪ੍ਰਭੂ ਪ੍ਰਾਪਤੀ ਕਰ ਲੈਣੀ ਹੈ ਭਾਵੇਂ ਮੈਨੂੰ ਕੁਝ ਵੀ ਕਿਉਂ ਨਾ ਕਰਨਾ ਪਵੇ। ਉਸਦੀ ਨੇਸ਼ਟਾ ਪਰਪੱਕ ਹੋ ਜਾਂਦੀ ਹੈ, ਸਤਿਸੰਗ ਵਿਚ 100% ਸਤਿਗੁਰੂ ਦੇ ਭਰੋਸੇ ਵਿਚ ਆ ਕੇ ਬਚਨ ਸੁਣਦਾ ਹੈ, ਕਿੰਤੂ ਨਹੀਂ ਕਰਦਾ। ਜਿਹੜਾ ਕੁਝ ਸੁਣ ਲਿਆ ਉਸ ਨੂੰ ਪੂਰੀ ਤਰ੍ਹਾਂ ਸਤਿ ਮੰਨਦਾ ਹੈ। ਜੇ ਮਹਾਂਪੁਰਸ਼ਾਂ ਨੇ ਕਹਿ ਦਿਤਾ ਕਿ ਪਿਆਰਿਆ! ਤੂੰ ਆਤਮਾ ਹੈਂ ਤਾਂ ਉਸ ਨੇ ਉਸੇ ਵੇਲੇ ਮੰਨ ਜਾਣਾ ਹੈ ਕਿ ਮੈਂ ਆਤਮਾ ਹਾਂ, ਫੇਰ ਉਸ ਨੂੰ ਖੋਜਣ ਦਾ ਯਤਨ ਕਰਦਾ ਹੈ। ਸੋਚਦਾ ਹੈ ਕਿ ਮੈਨੂੰ ਇਹ ਤਾਂ ਨਹੀਂ ਪਤਾ ਕਿ ਆਤਮਾ ਕਿਹੋ ਜਿਹਾ ਹੁੰਦਾ ਹੈ, ਪਰ ਮੈਂ ਮਹਾਂਪੁਰਸ਼ਾਂ ਤੋਂ ਰਸਤਾ ਪੁੱਛ ਕੇ ਅੰਦਰੋਂ ਹੀ ਇਸ ਦੀ ਖੋਜ ਕਰਾਂ। ਜਦੋਂ ਅਸੀਂ ਖੋਜ ਕਰਦੇ ਹਾਂ ਤਾਂ ਜੋ ਉਹ ਲਾਲ ਅਸਾਡੇ ਅੰਦਰ ਪਹਿਲਾਂ ਹੀ ਮੌਜੂਦ ਸੀ ਉਹ ਪ੍ਰਾਪਤ ਹੋ ਜਾਇਆ ਕਰਦਾ ਹੈ। ਇਸ ਦੇਹੀ ਵਿਚੋਂ ਹੀ ਸਭ ਕੁਝ ਮਿਲ ਜਾਂਦਾ ਹੈ –

*ਧਾਰਨਾ - ਲਾਲ ਇਕ ਪਾਇਆ ਜੀ,*
*ਦੇਹੀ ਨੂੰ ਖੋਜ-ਖੋਜ ਕੇ - 2, 2.*
*ਦੇਹੀ ਨੂੰ ਖੋਜ-ਖੋਜ ਕੇ - 2, 2.*
*ਲਾਲ ਇਕ ਪਾਇਆ ਜੀ,............।*

ਆਹ ਜਿਹੜਾ ਬਚਨ ਹੈ ਗੁਰੂ ਮਹਾਰਾਜ ਦਾ ਇਸ ਨੂੰ ਚਿੱਤ ਤੋਂ ਨਾ ਵਿਸਾਰਨ ਵਾਲਾ ਹੈ, ਸਦਾ ਵਾਸਤੇ ਯਾਦ ਵਿਚ ਵਸਾ ਕੇ ਰਖਣ ਵਾਲਾ ਹੈ।

*ਖੋਜਤ ਖੋਜਤ ਲਾਲੁ ਇਕੁ ਪਾਇਆ*
*ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥ ਪੰਨਾ - 916*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਸੀਂ ਦੇਹੀ ਨੂੰ ਖੋਜਿਆਂ ਅੰਦਰੋਂ ਹੀ ਆਤਮ ਰੂਪੀ ਲਾਲ ਦੀ ਪ੍ਰਾਪਤੀ ਹੋ ਗਈ ਜਾਂ ਐਉਂ ਕਹੋ ਨਾਮ ਦੀ ਪ੍ਰਾਪਤੀ ਹੋ ਗਈ ਜੋ ਇਸ ਸਰੀਰ ਦੇ ਵਿਚ ਹੀ ਵਸਦਾ ਹੈ, ਉਸ ਦੀ ਕੀਮਤ ਕਹਿਣ ਤੋਂ ਬਾਹਰ ਹੈ। ਉਹ ਅਮੁਲਾ ਲਾਲ ਹੈ ਪਰ ਸੰਸਾਰ ਇਸ ਅਮੁੱਲੇ ਲਾਲ ਦੀ ਕੀਮਤ ਨਹੀਂ ਜਾਣਦਾ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ ਦਾ ਉਧਾਰ ਕਰਦੇ-ਕਰਦੇ ਜਾ ਰਹੇ ਹਨ। ਮਰਦਾਨੇ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਆਪ ਨਾਮ ਦੀ ਗੱਲ ਹਰ ਥਾਂ ਕਰਦੇ ਹੋ ਅਤੇ ਇਹ ਵੀ ਦਸਦੇ ਹੋ ਕਿ ਇਹ ਨਾਮ ਅਮੁੱਲ ਹੈ। ਭਾਗਾਂ ਵਾਲੇ ਹਨ ਜਿਨ੍ਹਾਂ ਦੇ ਮੱਥੇ ਵਿਚ ਲੇਖ ਲਿਖੇ ਹੁੰਦੇ ਹਨ ਓਹੀ ਇਸ ਨੂੰ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ ਜਿਵੇਂ ਕਿ –

*ਧਾਰਨਾ - ਨਾਮ ਅਮੋਲਾ ਜੀ ਮੇਰੇ ਸਾਹਿਬ ਦਾ - 2, 2.*
*ਨਾਮ ਅਮੋਲਾ, ਨਾਮ ਅਮੋਲਾ - 2, 2.*
*ਨਾਮ ਅਮੋਲਾ ਜੀ ਮੇਰੇ ਸਾਹਿਬ ਦਾ - 2, 2.*

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਪੰਨਾ - 81*

ਪਰ ਮੈਂ ਇਹ ਦੇਖਿਆ ਹੈ ਕਿ ਜਦੋਂ ਆਪ ਬਚਨ ਕਰ ਰਹੇ ਹੁੰਦੇ ਹੋ ਉਸ ਵੇਲੇ ਤਾਂ ਬਹੁਤ ਸਾਰੇ ਪ੍ਰੇਮੀ ਪੂਰੇ ਧਿਆਨ ਨਾਲ ਸ੍ਰਵਣ ਕਰ ਲੈਂਦੇ ਹਨ, ਵਾਹ-ਵਾਹ ਉਨ੍ਹਾਂ ਦੇ ਮੁਖ ਤੋਂ ਨਿਕਲਦਾ ਹੈ, ਪਰ ਸੱਚੇ ਪਾਤਸ਼ਾਹ! ਆਪ ਉਥੋਂ ਚਲੇ ਆਉਂਦੇ ਹੋ ਤਾਂ ਵਿਰਲੇ-ਵਿਰਲੇ ਹੀ ਰਹਿ ਜਾਂਦੇ ਹਨ। ਆਪ ਐਨਾ ਜ਼ੋਰ

ਦੇ ਕੇ ਦਸਦੇ ਹੋ ਲੋਕ ਸੁਣ ਤਾਂ ਲੈਂਦੇ ਹਨ ਪਰ ਨਾਮ ਕੋਈ ਕਿਉਂ ਨਹੀਂ ਜਪਦਾ। ਇਸ ਗੱਲ ਤੇ ਆਪ ਜ਼ੋਰ ਦਿੰਦੇ ਹੋ ਫੇਰ ਇਹ ਸੰਸਾਰ ਨਾਮ ਕਿਉਂ ਨਹੀਂ ਜਪਦਾ? ਮਹਾਰਾਜ ਜੀ ਨੇ ਕਿਹਾ, "ਮਰਦਾਨਿਆ! ਕਦਰਦਾਨਾਂ ਤੋਂ ਬਗੈਰ ਕੀਮਤੀ ਚੀਜ਼ ਦੀ ਕਦਰ ਨਹੀਂ ਪਾਈ ਜਾ ਸਕਦੀ।" "ਸੱਚੇ ਪਾਤਸ਼ਾਹ! ਆਪ ਤਾਂ ਸਮਝਾ-ਸਮਝਾ ਕੇ ਦਸਦੇ ਹੋ?" ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਤੈਨੂੰ ਕਿਤੇ ਨਿਰਣਾ ਕਰਕੇ ਦਸਾਂਗੇ।"

ਚਲਦੇ-ਚਲਦੇ ਮਹਾਰਾਜ ਜੀ ਨੇ ਇਸ਼ਾਰਾ ਕੀਤਾ ਕਿ ਮਰਦਾਨਿਆ! ਓਹ ਦੇਖ ਸਾਮ੍ਹਣੇ ਸ਼ਹਿਰ ਦੀਆਂ ਗੁੰਮਟੀਆਂ ਨਜ਼ਰ ਆ ਰਹੀਆਂ ਹਨ। ਜਿਵੇਂ ਗੁਰਦੁਆਰੇ ਉਪਰ ਗੁੰਬਦਾਂ, ਮਸਜਿਦ ਉਪਰ ਗੁੰਬਦਾਂ ਬਣੀਆਂ ਹੁੰਦੀਆਂ ਹਨ ਤਾਂ ਅੰਦਾਜ਼ਾ ਲਗ ਜਾਂਦਾ ਹੈ ਕਿ ਸ਼ਹਿਰ ਆ ਗਿਆ। ਆਪਾਂ ਸ਼ਹਿਰ ਵਿਚ ਤਾਂ ਕੀ ਜਾਣਾ ਹੈ, ਭੀੜ ਭੜੱਕੇ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਰਸਤੇ ਵਿਚ ਇਕ ਬਾਗ ਆ ਗਿਆ, ਜਿਸ ਵਿਚ ਬੈਠਣ ਲਈ ਬਹੁਤ ਸੋਹਣਾ ਥਾਂ ਬਣਿਆ ਹੋਇਆ ਸੀ। ਇਕ ਮਕਾਨ ਵੀ ਬਣਿਆ ਹੋਇਆ ਸੀ, ਬਰਾਂਡਾ ਬਣਿਆ ਹੋਇਆ ਸੀ, ਚੌਂਤਰਾ ਬਣਿਆ ਹੋਇਆ ਸੀ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭਾਈ ਬਾਲਾ! ਇਹ ਥਾਂ ਕੁਝ ਸਵੱਛ ਨਜ਼ਰ ਆਉਂਦੀ ਹੈ ਅਤੇ ਬਸਤੀ ਤੋਂ ਦੂਰ ਹੈ। ਨਾਲੇ ਗੰਦ ਮੰਦ ਨਾ ਹੋਣ ਕਰਕੇ ਸਵੱਛ ਵੀ ਹੈ, ਸੁਗੰਧੀ ਭਰੇ ਫੁੱਲ ਉਗੇ ਹੋਏ ਹਨ, ਆਪਾਂ ਐਥੇ ਬੈਠਦੇ ਹਾਂ। ਮਰਦਾਨੇ ਵਲ ਧਿਆਨ ਦੇ ਕੇ ਕਿਹਾ ਕਿ ਮਰਦਾਨਿਆਂ! ਜਾਹ ਤੂੰ ਪ੍ਰਸ਼ਾਦ ਪਾਣੀ ਛਕ ਆ, ਸ਼ਹਿਰ ਨੇੜੇ ਹੀ ਹੈ। ਉਸ ਵੇਲੇ ਮਰਦਾਨਾ ਹਸ ਪਿਆ, ਮਹਾਰਾਜ ਜੀ ਦਾ ਬਾਲ ਸਖਾਈ ਸੀ, ਭਾਵੇਂ ਉਂਞ ਸ਼ਰਧਾ ਵਿਚ ਰਹਿੰਦਾ ਸੀ ਪਰ ਹਾਸ ਬਿਲਾਸ ਕਰ ਲਿਆ ਕਰਦਾ ਸੀ। ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਤਾਂ ਐਂ ਕਹਿੰਦੇ ਹੋ ਜਿਵੇਂ ਕੋਈ ਮੇਰੇ ਲਈ ਥਾਲ ਪਰੋਸੀ ਬੈਠਾ ਹੈ। ਮਹਾਰਾਜ ਜੀ ਨੇ ਕਿਹਾ ਕਿ ਮਰਦਾਨਿਆਂ! ਫੇਰ ਕਿਸ ਤਰ੍ਹਾਂ ਪ੍ਰਸ਼ਾਦਾ ਪ੍ਰਾਪਤ ਕਰਦਾ ਹੈਂ। ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਤੁਹਾਡੀ ਪਵਿੱਤਰ ਸੰਗਤ ਵਿਚ ਰਹਿ ਕੇ ਮੈਂ ਇਕ ਸੋਝੀ ਪ੍ਰਾਪਤ ਕੀਤੀ ਹੈ। ਮੈਂ ਮੱਥੇ ਨੂੰ ਦੇਖ ਕੇ ਅਨੁਮਾਨ ਲਾ ਲੈਂਦਾ ਹਾਂ ਕਿ ਇਹ ਪੁਰਸ਼ ਕੈਸਾ ਹੈ। ਮੈਨੂੰ ਹੰਸੂ-ਹੰਸੂ ਕਰਦੇ ਚਿਹਰੇ ਵਾਲਾ ਅਤੇ ਖਿਚਾਂ ਪਾਉਂਦੇ ਨੇਤਰਾਂ ਵਾਲਾ ਜਦੋਂ ਕੋਈ ਪੁਰਸ਼ ਦਿਸਦਾ ਹੈ ਤਾਂ ਮੈਂ ਉਸ ਨੂੰ ਸਤਿ ਕਰਤਾਰ ਦਾ ਆਵਾਜ਼ਾ ਦਿੰਦਾ ਹਾਂ। ਉਹ ਵੀ ਆਪਣੀ ਬੋਲੀ ਵਿਚ ਮੈਨੂੰ ਜ਼ਰੂਰ ਕੁਝ ਆਖਦਾ ਹੈ। ਫੇਰ ਸਹਿਜ ਸੁਭਾਅ ਉਹ ਮੈਨੂੰ ਪੁਛਦਾ ਹੈ ਕਿ ਮਹਾਤਮਾ ਜੀ! ਕਿਥੋਂ ਆਏ ਹੋ, ਕਿਥੇ ਜਾਣਾ ਹੈ, ਸਾਨੂੰ ਵੀ ਕੋਈ ਸੇਵਾ ਦੱਸੋ, ਅਸੀਂ ਵੀ ਜਲ ਪਾਣੀ

ਦੀ ਸੇਵਾ ਕਰਕੇ ਆਪਣੀ ਕਿਰਤ ਨੂੰ ਸਫਲਾ ਕਰੀਏ। ਉਸ ਵੇਲੇ ਮੈਂ ਦਸ ਦਿੰਦਾ ਹਾਂ ਕਿ ਗੁਰੂ ਨਾਨਕ ਜੀ ਜੰਗਲ ਵਿਚ ਬੈਠੇ ਹਨ, ਉਹ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਹੋਏ ਹਨ, ਮੈਂ ਉਨ੍ਹਾਂ ਦਾ ਢਾਡੀ ਹਾਂ। ਉਹ ਜਦੋਂ ਪ੍ਰਸ਼ਾਦ ਪਾਣੀ ਦੀ ਗੱਲ ਕਰਦਾ ਹੈ ਤਾਂ ਮੈਂ ਉਸ ਨੂੰ ਕਹਿ ਦਿੰਦਾ ਹਾਂ ਕਿ ਪ੍ਰਸ਼ਾਦਾ ਤਿਆਰ ਕਰਕੇ ਮੇਰੇ ਨਾਲ ਚੱਲੋ। ਗੁਰੂ ਮਹਾਰਾਜ ਉਦਿਆਨ ਵਿਚ ਆਸਣ ਲਾਈਂ ਬੈਠੇ ਹਨ, ਤੁਸੀਂ ਉਨ੍ਹਾਂ ਦੇ ਦਰਸ਼ਨ ਵੀ ਕਰੋ ਅਤੇ ਆਪਣਾ ਜੀਵਨ ਵੀ ਸਫਲਾ ਕਰੋ, ਉਸ ਦੇ ਮਨ ਵਿਚ ਸ਼ਰਧਾ ਜਾਗਦੀ ਹੈ। ਸੱਚੇ ਪਾਤਸ਼ਾਹ! ਫੇਰ ਉਹ ਮੇਰੀ ਵੀ ਸੇਵਾ ਕਰਦੇ ਹਨ ਅਤੇ ਆਪ ਲਈ ਵੀ ਪ੍ਰਸ਼ਾਦ ਪਾਣੀ ਲਿਆਉਂਦੇ ਹਨ, ਪੰਜ ਸੱਤ ਸਰੀਰ ਜੁੜ ਕੇ ਆਪ ਪਾਸ ਪਹੁੰਚਦੇ ਹਨ।"

ਮਹਾਰਾਜ ਕਹਿਣ ਲੱਗੇ, "ਮਰਦਾਨਿਆ! ਜੇ ਅਜਿਹਾ ਪੁਰਸ਼ ਨਾ ਮਿਲੇ ਤਾਂ ਫੇਰ?" ਮਰਦਾਨਾ ਕਹਿਣ ਲੱਗਿਆ, "ਫੇਰ ਤਾਂ ਮੇਰੇ ਨਾਲ ਓਹੀ ਹੁੰਦੀ ਹੈ ਜੋ ਏਮਨਾਬਾਦ ਵਿਚ ਹੋਈ ਸੀ। ਕਈ ਧੱਕੇ ਵੀ ਮਾਰਦੇ ਹਨ, ਚੋਰ ਚਕਾਰ ਆਖਦੇ ਹਨ, ਮੇਰੇ ਮੂੰਹ ਉਪਰ ਹੀ ਮੇਰੀ ਬੁਰਿਆਈ ਕਰੀ ਜਾਂਦੇ ਹਨ, ਪਰ ਭੁੱਖ ਦਾ ਸਤਾਇਆ ਹੋਇਆ ਮੈਂ ਪ੍ਰਸ਼ਾਦੇ ਦਾ ਬੰਦੋਬਸਤ ਕਰ ਹੀ ਲੈਂਦਾ ਹਾਂ।" ਮਹਾਰਾਜ ਇਹ ਸੁਣ ਕੇ ਗੰਭੀਰਤਾ ਵਿਚ ਆ ਗਏ ਅਤੇ ਆਪਣੀ ਖੜਾਵ ਵਿਚੋਂ ਆਪਣਾ ਚਰਨ ਕੱਢਿਆ ਅਤੇ ਜ਼ਮੀਨ ਤੇ ਅੰਗੂਠੇ ਦੇ ਨਾਲ ਮਿੱਟੀ ਦੂਰ ਕਰਕੇ ਕਿਹਾ ਕਿ ਮਰਦਾਨਿਆ! ਦੇਖ ਇਹ ਇਕ ਅਤਿ ਕੀਮਤੀ ਲਾਲ ਹੈ, ਜਿਸਦੀ ਕੀਮਤ ਕੋਈ ਨਹੀਂ ਪਾ ਸਕਦਾ, ਇਸ ਨੂੰ ਚੁਕ ਲੈ, ਸਾਫ ਕਰ ਲੈ। ਸ਼ਹਿਰ ਵਿਚ ਲੈ ਜਾ ਨਾਲੇ ਪ੍ਰਸ਼ਾਦ ਪਾਣੀ ਵੀ ਛਕ ਆਈਂ ਤੇ ਨਾਲੇ ਇਸ ਲਾਲ ਦੀ ਕੀਮਤ ਵੀ ਪੁੱਛ ਆਈਂ। ਜੋ ਸਾਡੇ ਉਤੇ ਤੂੰ ਪ੍ਰਸ਼ਨ ਕਰਦਾ ਹੈਂ ਉਸ ਦਾ ਸਮਾਧਾਨ ਵੀ ਹੋ ਜਾਵੇਗਾ।

ਮਰਦਾਨਾ ਬਚਨ ਮੰਨ ਕੇ ਸ਼ਹਿਰ ਵਲ ਚਲਿਆ ਜਾਂਦਾ ਹੈ ਅਤੇ ਸੋਚਦਾ ਜਾਂਦਾ ਹੈ ਕਿ ਗੁਰੂ ਮਹਾਰਾਜ ਨੇ ਇਹ ਲਾਲ ਫੜਾਉਂਦਿਆ ਕਿਹਾ ਸੀ ਕਿ ਇਹ ਵੇਚਣਾ ਨਹੀਂ ਹੈ, ਕੀਮਤ ਹੀ ਪੁਛਣੀ ਹੈ। ਉਸ ਨੇ ਜਾਂਦੇ ਜਾਂਦੇ ਫਲਾਂ ਤੇ ਸਬਜ਼ੀਆਂ ਦੀ ਦੁਕਾਨ ਦੇਖੀ। ਉਥੇ ਭੀੜ ਸੀ, ਇਹ ਵੀ ਜਾ ਕੇ ਖੜ੍ਹਾ ਹੋ ਗਿਆ। ਗਾਹਕ ਸਬਜ਼ੀਆਂ, ਫਲਾਂ ਦੀ ਮੰਗ ਕਰ ਰਹੇ ਸੀ। ਸਬਜ਼ੀ ਵਾਲਾ ਸਾਰਿਆਂ ਨੂੰ ਦੇ ਕੇ ਪੈਸੇ ਲੈ ਰਿਹਾ ਸੀ, ਮਰਦਾਨੇ ਵਲ ਦੇਖ ਕੇ ਉਸ ਨੇ ਪੁਛਿਆ ਕਿ ਤੂੰ ਕੋਈ ਪਰਦੇਸੀ ਨਜ਼ਰ ਆਉਂਦਾ ਹੈਂ। ਤੇਰਾ ਲਿਬਾਸ ਵੀ ਸਾਧੂਆਂ ਵਾਲਾ ਹੈ। ਦੱਸ ਤੈਨੂੰ ਕੀ ਚਾਹੀਦਾ ਹੈ? ਤਾਂ ਮਰਦਾਨੇ ਨੇ ਕਿਹਾ ਕਿ ਸ਼ਾਹ ਜੀ! ਮੈਨੂੰ ਖਾਣ ਲਈ ਸਵਾ ਸੇਰ ਫਲ ਚਾਹੀਦੇ ਹਨ। ਇਸ ਨਾਲ ਮੇਰੀ ਭੁੱਖ ਨਵਿਰਤ ਹੋ ਜਾਂਦੀ ਹੈ ਅਤੇ ਨਾਲ ਲਗਦੇ ਹੀ ਮੇਰੇ ਨਾਲ ਇਕ ਗੱਲ ਹੋਰ ਕਰੋ, ਮੇਰੇ ਪਾਸ ਇਕ ਅਤਿ ਕੀਮਤੀ ਪੱਥਰ ਹੈ, ਉਸ ਦਾ ਮੁਲ ਵੀ ਦਸ ਦੇਵੋ। ਉਸ ਨੇ ਲਾਲ ਫੜਿਆ, ਸਾਧਾਰਨ ਨਿਗ੍ਹਾ ਨਾਲ ਦੇਖਿਆ। ਉਸ ਨੇ ਦੇਖਿਆ ਕਿ ਇਕ ਗਾੜ੍ਹੇ ਜਿਹੇ ਰੰਗ ਦੀ ਵੱਟੀ ਹੈ ਇਨ੍ਹਾਂ ਨੂੰ ਰਾਹ ਵਿਚੋਂ ਕਿਤੋਂ ਲੱਭ ਗਈ ਹੋਣੀ ਹੈ, ਇਸਦਾ ਕੀ ਮੁੱਲ ਹੋਣਾ ਹੈ। ਉਸ ਨੇ ਕਿਹਾ ਕਿ ਦੋ ਮੂਲੀਆ ਇਸ ਦਾ ਮੁੱਲ ਹੈ। ਦੋ ਮੂਲੀਆਂ ਲੈ ਜਾ। ਉਨ੍ਹਾਂ ਦਿਨਾਂ ਵਿਚ ਇਕ ਪਾਈ ਦੀਆਂ ਦੋ ਮੂਲੀਆਂ ਆਇਆ ਕਰਦੀਆਂ ਸਨ। ਤਿੰਨ ਪਾਈਆਂ ਦਾ ਇਕ ਪੈਸਾ ਹੁੰਦਾ ਸੀ। ਮਰਦਾਨੇ ਨੇ ਕਿਹਾ ਕਿ ਸ਼ਾਹ ਜੀ! ਇਹ ਤਾਂ ਬਹੁਤ ਕੀਮਤੀ ਹੈ, ਤੁਸੀਂ ਦੇਖ ਕੇ ਮੁੱਲ ਦੱਸੋ। ਮੈਂ ਵੇਚਣਾ ਨਹੀਂ ਹੈ ਮੈਂ ਤਾਂ ਮੁੱਲ ਹੀ ਪੁਛਣਾ ਹੈ। ਉਸ ਨੇ ਕਿਹਾ ਕਿ ਮੇਰਾ ਸਮਾਂ ਖਰਾਬ ਨਾ ਕਰ, ਮੈਨੂੰ ਤੂੰ ਸਿਧਾ ਜਿਹਾ ਨਜ਼ਰ ਆਉਂਦਾ ਹੈ, ਤੂੰ ਦੋ ਮੂਲੀਆਂ ਲੈ ਜਾ ਤੇ ਇਹ ਵੱਟੀ ਦੇ ਜਾ। ਮਰਦਾਨਾ ਹੈਰਾਨ ਹੋ ਗਿਆ ਕਿ ਗੁਰੂ ਮਹਾਰਾਜ ਜੀ ਨੇ ਤਾਂ ਕਿਹਾ ਸੀ ਕਿ ਇਹ ਤਾਂ ਬਹੁਤ ਕੀਮਤੀ ਹੈ। ਆਪ ਦਾ ਬਚਨ ਤਾਂ ਕਦੇ ਅਣਥਾ ਨਹੀਂ ਜਾਂਦਾ, ਭਾਵੇਂ ਚੰਦਰਮਾ ਨਾਸ਼ ਹੋ ਜਾਵੇ। ਇਸ ਨੇ ਫੇਰ ਇਕ ਦੋ ਵਾਰੀ ਉਸ ਸਬਜ਼ੀ ਵਾਲੇ ਨੂੰ ਕਿਹਾ ਕਿ ਸ਼ਾਹ ਜੀ! ਤੁਸੀਂ ਚੰਗੀ ਤਰ੍ਹਾਂ ਦੇਖੋ। ਪਰ ਉਹ ਬਹੁਤ ਸਖਤ ਹੋ ਕੇ ਬੋਲਿਆ ਕਿ ਸਾਧੂ ਜੀ! ਮੇਰੀ ਦੁਕਾਨ ਛੱਡੋ, ਮੇਰੀ ਗਾਹਕੀ ਨਾ ਖਰਾਬ ਕਰੋ, ਸਾਰੇ ਗਾਹਕਾਂ ਦਾ ਧਿਆਨ ਤੁਹਾਡੇ ਵਲ ਜਾਈ ਜਾਂਦਾ ਹੈ।

ਮਰਦਾਨਾ ਹਲਵਾਈ ਦੀ ਦੁਕਾਨ ਤੇ ਪਹੁੰਚ ਗਿਆ, ਉਥੇ ਜਾ ਕੇ ਲਾਲ ਦਿਖਾ ਕੇ ਕੀਮਤ ਪੁਛੀ ਤਾਂ ਹਲਵਾਈ ਨੇ ਕਿਹਾ ਕਿ ਇਹ ਤਾਂ ਜਿੰਨੀ ਮੇਰੀ ਪਾਸਕੂ ਵਾਲੀ ਤਕੜੀ ਵਿਚ ਵੱਟੀ ਹੈ ਉਨੀਂ ਭਾਰੀ ਇਹ ਵੱਟੀ ਹੈ। ਇਹ ਲੈ ਕੇ ਮੈਂ ਅੱਧ ਸੇਰ ਮਠਿਆਈ ਦੇ ਦੇਵਾਂਗਾ। ਉਸ ਨੇ ਕਿਹਾ ਭਾਈ! ਸਵਾ ਸੇਰ ਮਠਿਆਈ ਤਾਂ ਨਹੀਂ ਮਿਲਣੀ ਪਰ ਅੱਧ ਸੇਰ ਦੇ ਦਿੰਦਾ ਹਾਂ, ਦੇਖਣ ਨੂੰ ਇਹ ਵੱਟੀ ਸੋਹਣੀ ਲਗਦੀ ਹੈ ਇਸ ਨੂੰ ਮੈਂ ਲੀਰ ਵਿਚ ਬੰਨ੍ਹ ਕੇ ਡੰਡੀ ਨਾਲ ਬੰਨ੍ਹ ਲਵਾਂਗਾ। ਮਰਦਾਨੇ ਨੇ ਕਿਹਾ ਕਿ ਸ਼ਾਹ ਜੀ! ਤੁਸੀਂ ਇਸ ਨੂੰ ਧਿਆਨ ਨਾਲ ਦੇਖ ਕੇ ਇਸ ਦਾ ਮੁੱਲ ਦੱਸੋ, ਇਹ ਬਹੁਤ ਕੀਮਤੀ ਹੈ। ਤਾਂ ਉਸ ਨੇ ਕਿਹਾ ਕਿ ਅਜਿਹੀਆਂ ਵੱਟੀਆਂ ਤਾਂ ਸਾਡੇ ਬੱਚੇ ਗੰਗਾ ਦੇ ਕਿਨਾਰੇ ਇਸ਼ਨਾਨ ਕਰਦੇ ਬਥੇਰੀਆਂ ਲੈ ਆਉਂਦੇ ਹਨ।

ਮਰਦਾਨਾ ਨਿਰਾਸ ਹੋ ਕੇ ਬਜਾਜ ਦੀ ਦੁਕਾਨ ਤੇ ਪਹੁੰਚਦਾ ਹੈ ਉਸ ਨੂੰ ਵੀ ਇਹੋ ਗੱਲ ਕਹੀ। ਬਜਾਜ ਨੇ ਚੰਗੀ ਤਰ੍ਹਾਂ ਇਹ ਲਾਲ ਦੇਖਿਆ ਤਾਂ ਉਸ ਨੇ ਇਸ ਦਾ ਮੁੱਲ ਦੋ ਗਜ਼ ਕਪੜਾ ਪਾ ਦਿਤਾ। ਮਰਦਾਨਾ ਹੈਰਾਨ ਹੋ ਗਿਆ ਕਿ ਮੇਰੇ ਸਤਿਗੁਰੂ ਜੀ ਅਣਥਾ ਬਚਨ ਨਹੀਂ ਕਰਿਆ ਕਰਦੇ, ਜ਼ਰੂਰ ਇਸ ਗੱਲ ਵਿਚ ਕੋਈ ਭਾਰੀ ਭੇਤ ਹੈ। ਉਨ੍ਹਾਂ ਨੇ ਸਿਖਿਆ ਦੇਣੀ ਹੈ। ਇਹ ਲੋਕ ਤਾਂ ਮੈਨੂੰ ਹਿੱਲੇ ਹੋਏ ਦਿਮਾਗ ਵਾਲਾ ਸਮਝ ਰਹੇ ਹਨ। ਇਸ ਉਪਰ ਅਮੰਨਾ ਹੀ ਨਹੀਂ ਲਿਆ ਰਹੇ ਕਿ ਇਹ ਬਹੁਤ ਕੀਮਤੀ ਲਾਲ ਹੈ।

ਫਿਰਦਾ-ਫਿਰਦਾ ਮਰਦਾਨਾ ਇਕ ਜੌਹਰੀ ਦੀ ਦੁਕਾਨ ਤੇ ਚਲਿਆ ਗਿਆ। ਜਦੋਂ ਜੌਹਰੀ ਕੋਲ ਗਿਆ ਤਾਂ ਉਸ ਨੇ ਇਸ ਦੀ ਕੀਮਤ 10 ਰੁਪਏ ਦੱਸੀ। ਉਨ੍ਹਾਂ ਦਿਨਾਂ ਵਿਚ 10 ਰੁਪਏ ਅੱਜ ਦੇ 1500 ਰੁਪਏ ਦੇ ਬਰਾਬਰ ਸੀ। ਮਰਦਾਨਾ ਖੁਸ਼ ਹੋਇਆ ਕਿ ਕਿਥੇ ਦੋ ਮੂਲੀਆਂ, ਕਿਥੇ ਅੱਧ ਸੇਰ ਮਠਿਆਈ, ਕਿਥੇ ਦੋ ਗਜ਼ ਕਪੜਾ ਤੇ ਇਸ ਨੇ ਤਾਂ ਉਨ੍ਹਾਂ ਨਾਲੋਂ ਵਧ ਹੀ ਦਸਿਆ ਹੈ।

ਮਰਦਾਨਾ ਲਾਲ ਵਾਪਸ ਲੈ ਕੇ ਇਕ ਹੋਰ ਜੌਹਰੀ ਕੋਲ ਚਲਿਆ ਗਿਆ। ਤਾਂ ਉਸ ਨੇ ਇਸ ਦਾ ਮੁੱਲ ਸੌ ਰੁਪਏ ਪਾ ਦਿਤਾ ਯਾਨਿ ਅੱਜ ਦੇ ਪੰਦਰਾਂ ਹਜ਼ਾਰ ਪਾ ਦਿਤਾ। ਮਰਦਾਨਾ ਬਹੁਤ ਖੁਸ਼ ਹੋਇਆ ਉਸ ਨੇ ਕਿਹਾ ਕਿ ਜੋ ਇਥੇ ਸਭ ਤੋਂ ਵੱਡਾ ਜੌਹਰੀ ਹੈ ਉਸ ਦਾ ਪਤਾ ਕੱਢਾਂ। ਭੁੱਖ ਤਾਂ ਉਸ ਨੂੰ ਭੁੱਲ ਹੀ ਗਈ ਬਸ ਇਹੀ ਹੈ ਕਿ ਮੈਂ ਇਸ ਦਾ ਮੁੱਲ ਪੁਛਣਾ ਹੈ। ਮੇਰੇ ਸਤਿਗੁਰੂ ਜੀ ਕਹਿੰਦੇ ਸਨ ਕਿ ਇਹ ਬੇਮੁਲਾ ਹੈ।

ਉਸ ਵੇਲੇ ਪੁਛਦਾ ਪੁਛਾਂਦਾ ਮਰਦਾਨਾ ਸਾਲਸਰਾਇ ਦੇ ਮਕਾਨ ਅੱਗੇ ਪਹੁੰਚ ਗਿਆ। ਸੇਠ ਪਹਿਲੀ ਮੰਜ਼ਲ ਤੇ ਨਿਵਾਸ ਰਖਦਾ ਸੀ। ਵੱਡਾ ਮਹੱਲ ਸੀ, ਬਾਹਰਲੇ ਪਾਸੇ ਇਕ ਡੋਰੀ ਬੰਨੀਂ ਹੋਈ ਸੀ ਜਿਸ ਨੂੰ ਖਿੱਚ ਕੇ ਅੰਦਰ ਘੰਟੀ ਵਜਣ ਲਗ ਜਾਂਦੀ

ਸੀ ਅਤੇ ਨੌਕਰ ਆ ਕੇ ਸਾਰਾ ਵੇਰਵਾ ਪੁਛ ਕੇ ਸੇਠ ਨੂੰ ਦਸਦਾ ਸੀ, ਜੇ ਸੇਠ ਉਸ ਬੰਦੇ ਨੂੰ ਮਿਲਣਾ ਜ਼ਰੂਰੀ ਸਮਝੇ ਤਾਂ ਮਿਲ ਲੈਂਦਾ ਸੀ, ਨਹੀਂ ਤਾਂ ਕਹਿ ਦਿੰਦਾ ਸੀ ਕਿ ਮੇਰੇ ਪਾਸ ਸਮਾਂ ਨਹੀਂ ਹੈ। ਸੇਠ ਬਹੁਤ ਧਨੀ ਸੀ, ਉਸ ਦੀਆਂ ਹੁੰਡੀਆਂ ਦੇਸਾਂ ਪਰਦੇਸਾਂ ਵਿਚ ਚਲਦੀਆਂ ਸਨ, ਉਂਞ ਭਲਾ ਲੋਕ ਸੀ, ਦਾਨੀ ਸੀ, ਸੰਤਾਂ ਮਹਾਂਪੁਰਸ਼ਾਂ ਦੀ ਸੇਵਾ ਕਰਨ ਵਾਲਾ ਸੀ ਅਤੇ ਮਿਠਬੋਲੜਾ ਵੀ ਸੀ।

ਘੰਟੀ ਦੀ ਅਵਾਜ਼ ਸੁਣ ਕੇ ਪੌੜੀਆਂ ਰਾਹੀਂ ਉਤਰ ਕੇ ਇਕ ਬਹੁਤ ਹੀ ਆਕਰਸ਼ਤ ਪ੍ਰਭਾਵ ਵਾਲਾ ਪ੍ਰੇਮੀ ਮਰਦਾਨੇ ਪਾਸ ਆਇਆ, ਨਮਸ਼ਕਾਰ ਕੀਤੀ, ਪਰੀਚਾ ਲਿਆ। ਮਰਦਾਨੇ ਨੇ ਦਸਿਆ ਕਿ ਮੈਂ ਗੁਰੂ ਨਾਨਕ ਪਾਤਸ਼ਾਹ ਦਾ ਢਾਡੀ ਹਾਂ, ਜੋ ਸੰਸਾਰ ਦਾ ਭ੍ਰਮਣ ਕਰਦੇ ਹੋਏ ਸੰਸਾਰ ਦਾ ਉਧਾਰ ਕਰ ਰਹੇ ਹਨ। ਉਨ੍ਹਾਂ ਨੇ ਵੱਡਿਆਂ-ਵੱਡਿਆਂ ਦਾ ਉਧਾਰ ਕੀਤਾ ਹੈ, ਨੂਰਸ਼ਾਹ ਦਾ ਕੁਫਰ ਮੰਦਰ ਉਨ੍ਹਾਂ ਨੇ ਹੀ ਤੋੜਿਆ ਹੈ। ਉਸ ਨੇ ਜਾਦੂ ਨਾਲ ਅਨੇਕਾਂ ਸਾਧੂ ਵਸ ਕੀਤੇ ਹੋਏ ਸਨ, ਮੇਰੇ ਸਤਿਗੁਰੂ ਜੀ ਨੇ ਸਾਰੇ ਛੁਡਾਏ ਹਨ। ਭੂਮੀਏ ਚੋਰ ਨੂੰ ਸੱਚੀ ਜੀਵਨ ਜਾਚ ਦਸਦੇ ਹੋਏ ਸੱਚੀ ਕਿਰਤ ਕਰਨ ਲਾ ਦਿਤਾ ਅਤੇ ਇਸ ਤਰ੍ਹਾਂ ਅਨੇਕਾਂ ਪੁਰਸ਼ਾਂ ਦਾ ਉਧਾਰ ਕਰਦੇ ਹੋਏ ਆਪ ਦੇ ਸ਼ਹਿਰ ਦੇ ਬਾਹਰ ਬੈਠੇ ਹਨ। ਮੈਨੂੰ ਉਨ੍ਹਾਂ ਨੇ ਭੇਜਿਆ ਹੈ ਕਿ ਆਹ ਜੋ ਲਾਲ ਹੈ ਇਸਦਾ ਮੁੱਲ ਪੁਛ ਕੇ ਆ। ਮੇਰਾ ਨਾਮ ਮਰਦਾਨਾ ਹੈ ਅਤੇ ਅਸੀਂ ਸਪਤਸੰਧੂ ਦੇਸ਼ ਦੇ ਰਹਿਣ ਵਾਲੇ ਹਾਂ। ਉਸ ਪ੍ਰੇਮੀ ਨੇ ਜਿਸ ਦਾ ਨਾਮ ਅਧਰੱਕਾ ਸੀ ਜੋ ਸਾਲਸਰਾਇ ਦਾ ਵਫਾਦਾਰ ਚਾਕਰ ਸੀ, ਉਸ ਨੇ ਹੱਥ ਵਿਚ ਲਾਲ ਲਿਆ ਅਤੇ ਬਹੁਤ ਹੀ ਪ੍ਰਸੰਨ ਹੋਇਆ ਕਿ ਐਸੀ ਚੀਜ਼ ਪਹਿਲਾਂ ਮੈਂ ਕਦੇ ਨਹੀਂ ਦੇਖੀ। ਅਨੁਮਾਨ ਲਾਉਣ ਲਗ ਗਿਆ ਕਿ ਕਿੰਨੇ ਦਾ ਹੋਵੇਗਾ। ਇਸ ਤਰ੍ਹਾਂ ਸੋਚਦਾ ਹੋਇਆ, ਉਹ ਉਪਰ ਪੌੜੀਆਂ ਚੜ੍ਹ ਗਿਆ। ਸੇਠ ਨੂੰ ਸਾਰੀ ਗੱਲ ਦੱਸੀ। ਸੇਠ ਨੇ ਕਿਹਾ ਕਿ ਬੇਟਾ! ਅਧਰੱਕਾ ਤੈਨੂੰ ਮੇਰੇ ਨਾਲ ਕੰਮ ਕਰਦਿਆਂ ਬਹੁਤ ਸਮਾਂ ਹੋ ਚੁਕਿਆ ਹੈ। ਤੂੰ ਦਸ ਤਾਂ ਸਹੀ ਕਿ ਇਸ ਦਾ ਕਿੰਨਾ ਕੁ ਮੁੱਲ ਹੋਣਾ ਹੈ? ਕਿਉਂਕਿ ਇਹ ਪ੍ਰੇਮੀ ਮੁੱਲ ਹੀ ਪੁਛਦਾ ਹੈ। ਉਤਰ ਵਿਚ ਅਧਰੱਕਾ ਕਹਿਣ ਲੱਗਿਆ ਕਿ ਜੋ ਮੈਨੂੰ ਆਪ ਨੇ ਵਿਦਿਆ ਦੀ ਜਾਚ ਦੱਸੀ ਹੈ, ਮੈਂ ਇਸਦਾ ਇਕ ਹਜ਼ਾਰ ਮੁੱਲ ਪਾਉਂਦਾ ਹਾਂ। ਜੋ ਅੱਜ ਦੇ ਡੇਢ ਲੱਖ ਦੇ ਬਰਾਬਰ ਹੈ। ਮਰਦਾਨਾ ਹੈਰਾਨ ਹੋ ਗਿਆ ਕਿ ਕਿਥੇ ਦੋ ਮੂਲੀਆਂ, ਅੱਧ ਸੇਰ ਮਠਿਆਈ, ਦੋ ਗਜ਼ ਕਪੜਾ, ਦੱਸ ਰੁਪਏ, ਸੌ ਰੁਪਏ। ਇਹ ਇਕ ਹਜ਼ਾਰ ਰੁਪਿਆ ਮੁੱਲ ਪਾਉਂਦਾ ਹੈ। ਇਹ ਗੱਲ ਸੁਣ ਕੇ ਸਾਲਸਰਾਇ ਨੇ ਕਿਹਾ ਬੇਟਾ ਅਧਰੱਕਾ! ਮੈਨੂੰ ਵਿਖਾ। ਸਾਲਸਰਾਇ ਨੇ ਲਾਲ ਨੂੰ ਦੇਖਦਿਆਂ ਹੀ ਜਾਣ ਲਿਆ ਕਿ ਇਹ ਅਮੁੱਲ ਹੈ ਅਸਾਡੇ ਉਸਤਾਦ ਦਸਿਆ ਕਰਦੇ ਸਨ ਕਿ ਅਜਿਹਾ ਲਾਲ ਕਦੇ ਵੇਖਣ ਨੂੰ ਮਿਲ ਜਾਵੇ ਤਾਂ ਸੌ ਰੁਪਈਆ ਉਸ ਦੀ ਦਰਸ਼ਨੀ ਭੇਟ ਅਰਪ ਕੇ ਲਾਲ ਨੂੰ ਮੱਥਾ ਟੇਕੇ। ਉਸ ਨੇ ਕਿਹਾ ਬੇਟਾ ਅਧਰੱਕਾ! ਤਿਜੌਰੀ 'ਚੋਂ ਸੌ ਰੁਪਿਆ ਲਿਆ। ਇਹ ਕਹਿ ਕੇ ਉਹ ਮਰਦਾਨੇ ਵਲ ਦੇਖਣ ਲੱਗਿਆ। ਮਰਦਾਨਾ ਬਹੁਤ ਹੀ ਹੈਰਾਨ ਹੋਈ ਜਾਂਦਾ ਹੈ। ਐਨੇ ਨੂੰ ਅਧਰੱਕਾ ਤਿਜੌਰੀ 'ਚੋਂ ਸੌ ਰੁਪਿਆ ਲੈ ਆਇਆ। ਸਾਲਸਰਾਇ ਨੇ ਲਾਲ ਅੱਗੇ ਸੌ ਰੁਪਿਆ ਰੱਖ ਕੇ ਮੱਥਾ ਟੇਕਿਆ ਅਤੇ ਫੇਰ ਮਰਦਾਨੇ ਵਲ ਮੂੰਹ ਕਰਕੇ ਕਹਿਣ ਲੱਗਿਆ ਮਰਦਾਨਾ ਜੀ! ਇਹ ਲਾਲ ਤੁਹਾਡਾ ਹੈ? ਉਸ ਨੇ ਕਿਹਾ ਕਿ ਨਹੀਂ ਸ਼ਾਹ ਜੀ! ਇਹ ਮੇਰਾ ਨਹੀਂ ਹੈ ਇਹ ਗੁਰੂ ਨਾਨਕ ਪਾਤਸ਼ਾਹ ਦਾ ਹੈ, ਉਨ੍ਹਾਂ ਨੇ ਮੈਨੂੰ ਦੇ ਕੇ ਸ਼ਹਿਰ ਵਿਚ ਭੇਜਿਆ ਹੈ ਕਿ ਇਸ ਦਾ ਮੁੱਲ ਪੁਛ ਕੇ ਆ। ਸੇਠ ਨੇ ਹੋਰ ਵੀ ਖੁਸ਼ੀ ਮਹਿਸੂਸ ਕਰਦਿਆਂ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਓਹੀ ਤਾਂ ਨਹੀਂ ਜੋ ਕਲਜੁਗ ਵਿਚ ਸੰਸਾਰ ਦਾ ਉਧਾਰ ਕਰ ਰਹੇ ਹਨ। ਜਿਥੋਂ ਤਕ ਸੰਤ, ਪੀਰ, ਪੈਗੰਬਰ, ਠੱਗ, ਚੋਰ, ਪਖੰਡੀ ਹਨ ਉਹ ਸਾਰਿਆਂ ਦਾ ਉਧਾਰ ਕਰ ਰਹੇ ਹਨ। ਕਹਿਣ ਲੱਗਿਆ, ਮਰਦਾਨਾ ਜੀ! ਅਸੀਂ ਤਾਂ ਸੁਣਿਆ ਹੈ ਕਿ ਆਸਾਮ ਵਿਚ ਵਸਦੀ ਨੂਰਸ਼ਾਹ ਦਾ ਕੁਫਰਗੜ੍ਹ ਉਨ੍ਹਾਂ ਨੇ ਹੀ ਤੋੜਿਆ ਅਤੇ ਭੂਮੀਏ ਨੂੰ ਸੰਤ ਬਣਾ ਦਿਤਾ। ਇਹ ਗੱਲਾਂ ਉਡਦੀਆਂ-ਉਡਦੀਆਂ ਉਥੋਂ ਦੇ ਆਏ ਹੋਏ ਰਮਤੇ ਸਾਧੂ ਦਸਦੇ ਹਨ। ਮਰਦਾਨੇ ਨੇ ਕਿਹਾ, "ਠੀਕ ਓਹੀ ਗੁਰੂ ਨਾਨਕ ਪਾਤਸ਼ਾਹ ਹਨ ਜੋ ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਹੀ ਰੂਪ ਹਨ।" ਉਸ ਵੇਲੇ ਸਾਲਸਰਾਏ ਨੇ ਕਿਹਾ ਕਿ ਭਾਈ ਮਰਦਾਨਾ ਜੀ! ਇਹ ਲਾਲ ਤੁਸੀਂ ਵੇਚਣਾ ਹੋਇਆ ਤਾਂ ਇਸਦਾ ਕੋਈ ਵੀ ਮੁੱਲ ਨਹੀਂ ਹੈ। ਇਸ ਦਾ ਮੁੱਲ ਥਾਪਿਆ ਜਾਵੇਗਾ, ਇਹ ਅਮੁਲ ਲਾਲ ਹੈ ਅਤੇ ਅਧਰੱਕੇ ਨੂੰ ਉਹ ਕਹਿਣ ਲੱਗਿਆ ਕਿ ਸਾਡੇ ਪੂਰਵਜ ਦਸਿਆ ਕਰਦੇ ਸਨ ਕਿ ਦੁਨੀਆਂ ਵਿਚ ਐਸਾ ਲਾਲ ਹੈ ਜੋ ਨਾਯਾਬ ਹੈ ਪਰ ਕਿਸੇ ਭਾਗਾਂ ਵਾਲੇ ਨੂੰ ਉਸ ਦੇ ਦਰਸ਼ਨ ਹੁੰਦੇ ਹਨ। ਜਦੋਂ ਵੀ ਦਰਸ਼ਨ ਹੋਣ ਤਾਂ ਸੌ ਰੁਪਿਆ ਭੇਟਾ ਰੱਖ ਕੇ ਫੇਰ ਗੱਲ ਕਰੋ। ਇਹ ਕਹਿੰਦਿਆਂ ਸਾਲਸਰਾਇ ਨੇ ਪੁਛਿਆ ਕਿ ਭਾਈ ਮਰਦਾਨਾ! ਤੁਸੀਂ ਪ੍ਰਸ਼ਾਦ ਪਾਣੀ ਛਕ ਲਿਆ? ਜੇ ਨਹੀਂ ਛਕਿਆ ਤਾਂ ਦੱਸੋ ਕਿੰਨੀਆਂ ਕੁ ਮੂਰਤੀਆਂ ਨਾਲ ਹਨ। ਤਾਂ ਉਸ ਨੇ ਕਿਹਾ ਕਿ ਕਦੇ ਤਾਂ ਸੈਂਕੜੇ ਹੀ ਹੋ ਜਾਂਦੇ ਹਾਂ ਪਰ ਅੱਜ ਅਸੀਂ ਤਿੰਨ ਹੀ ਹਾਂ। ਤਾਂ ਸਾਲਸਰਾਇ ਨੇ ਅਧਰੱਕੇ ਨੂੰ ਕਿਹਾ ਕਿ 7-8 ਸਾਧੂਆਂ ਦਾ ਪ੍ਰਸ਼ਾਦਾ ਤਿਆਰ ਕੀਤਾ ਜਾਵੇ ਤੇ ਤੂੰ ਬਾਗ ਵਿਚ ਜਾ ਕੇ ਤਾਜ਼ੇ ਫਲ ਲਿਆ ਅਤੇ ਸ਼ੁਧ ਦੇਸੀ ਘਿਓ ਦੀ ਖੋਪੇ ਵਾਲੀ ਮਠਿਆਈ ਲੈ ਕੇ ਪਹੁੰਚ। ਮਰਦਾਨੇ ਤੋਂ ਸਾਰਾ ਪਤਾ ਪੁਛ ਲਿਆ। ਮਰਦਾਨੇ ਨੂੰ ਕਿਹਾ ਕਿ ਭਾਈ ਤੂੰ ਚਲ, ਅਸੀਂ ਵੀ ਆਉਂਦੇ ਹਾਂ, ਤੂੰ ਸਾਡੇ ਤੇ ਬਹੁਤ ਵੱਡੀ ਕ੍ਰਿਪਾ ਕੀਤੀ ਹੈ ਜਿਸ ਦੇ ਦਰਸ਼ਨ ਕਰਨ ਮਾਤਰ ਨਾਲ ਹੀ -

***ਸਾਧ ਕੈ ਸੰਗਿ ਨਹੀ ਕਛੁ ਘਾਲ॥***
***ਦਰਸਨੁ ਭੇਟਤ ਹੋਤ ਨਿਹਾਲ॥*** *ਪੰਨਾ - 272*

ਸਾਲਸਰਾਇ ਦੇ ਮਨ ਵਿਚ ਸ਼ਰਧਾ ਜਾਗ ਪਈ, ਉਹ ਪ੍ਰਸ਼ਾਦਾ ਅਧਰੱਕੇ ਦੇ ਰਾਹੀਂ ਲੈ ਕੇ ਗੁਰੂ ਨਾਨਕ ਪਾਤਸਾਹ ਵਲ ਨੂੰ ਤੁਰ ਪਿਆ। ਇਧਰ ਮਰਦਾਨਾ ਗੁਰੂ ਨਾਨਕ ਪਾਤਸ਼ਾਹ ਪਾਸ ਜਾ ਕੇ ਸੌ ਰੁਪਿਆ ਵੀ ਤੇ ਲਾਲ ਵੀ ਰੱਖ ਦਿੰਦਾ ਹੈ। ਮਹਾਰਾਜ ਕਹਿਣ ਲੱਗੇ, "ਮਰਦਾਨਿਆ! ਨਾਲੇ ਐ ਲੈ ਕੇ ਆਇਆ ਹੈਂ, ਨਾਲੇ ਆਹ ਲੈ ਕੇ ਆਇਆ ਹੈਂ; ਆਪ ਨੇ ਪੈਸੇ ਅਤੇ ਲਾਲ ਵਲ ਇਸ਼ਾਰਾ ਕਰਕੇ ਕਿਹਾ। ਮਰਦਾਨੇ ਨੇ ਕਿਹਾ, "ਸੱਚੇ ਪਾਤਸ਼ਾਹ! ਤੇਰੀਆਂ ਤੂੰ ਜਾਣ, ਮੈਂ ਤਾਂ ਹੈਰਾਨ ਹਾਂ ਕਿ ਸਬਜ਼ੀ ਫਿਰੋਸ਼ ਨੇ ਇਸ ਦਾ ਮੁੱਲ ਦੋ ਮੂਲੀਆਂ ਪਾਈਆਂ, ਹਲਵਾਈ ਨੇ ਅੱਧ ਸੇਰ ਮਠਿਆਈ, ਬਜਾਜ ਨੇ ਦੋ ਗਜ਼ ਕਪੜਾ, ਇਕ ਜੋਹਰੀ ਨੇ ਦੱਸ ਰੁਪਏ, ਇਕ ਨੇ ਸੌ ਰੁਪਏ ਪਰ ਸੱਚੇ ਪਾਤਸ਼ਾਹ ਜਦੋਂ ਸਾਲਸਰਾਏ ਕੋਲ ਗਿਆ ਤਾਂ ਉਸ ਨੇ ਕਿਹਾ ਇਹ ਅਮੁੱਲਾ ਲਾਲ ਹੈ। ਜੇ ਵੇਚਣਾ ਹੈ ਤਾਂ ਤਿੰਨ-ਚਾਰ ਮਹੀਨੇ ਠਹਿਰਣਾ ਪਵੇਗਾ। ਸੂਰਤ ਵਗੈਰਾ ਤੋਂ ਹੋਰ ਜੋਹਰੀ ਆਉਣਗੇ ਉਹ ਇਕੱਠੇ ਹੋ ਕੇ ਮੁੱਲ ਥਾਪਣਗੇ ਫੇਰ ਵੀ ਇਹ ਮੁੱਲ ਪੂਰਾ ਨਹੀਂ ਹੋਣਾ। ਮਰਦਾਨੇ ਨੇ ਕਿਹਾ ਕਿ ਤੂੰ ਸਬਜ਼ੀ ਫਿਲੋਸ਼ ਨੂੰ, ਹਲਵਾਈ ਨੂੰ, ਕਪੜੇ ਵਾਲੇ ਨੂੰ ਦਸਣਾ ਸੀ ਕਿ ਇਹ ਅਮੁੱਲਾ ਲਾਲ ਹੈ। ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਤਾਂ ਉਨ੍ਹਾਂ ਨੂੰ ਕਿਹਾ ਸੀ ਪਰ ਜਦੋਂ ਮੈਂ ਚਾਰ ਪੰਜ ਵਾਰੀ ਕਿਹਾ

ਕਿ ਇਹ ਬੇਮੁੱਲਾ ਹੈ ਤਾਂ ਉਹ ਬੰਦੇ ਆਪਣੀਆਂ ਪੁੜਪੁੜੀਆਂ ਕੋਲ ਉਂਗਲੀ ਰਾਹੀਂ ਘੇਰਾ ਬਣਾ ਕੇ ਕਹਿਣ ਲੱਗੇ, ਇਹਦੇ ਦਿਮਾਗ ਵਿਚ ਫਰਕ ਹੈ। ਉਨ੍ਹਾਂ ਨੇ ਤਾਂ ਮੈਨੂੰ ਪਾਗਲ ਹੀ ਬਣਾ ਦਿਤਾ। ਜੇ ਮੈਂ ਉਨ੍ਹਾਂ ਨੂੰ ਬਹੁਤਾ ਕਹਿੰਦਾ ਤਾਂ ਮੈਂ ਵਾਪਸ ਤੁਹਾਡੇ ਕੋਲ ਨਹੀਂ ਸੀ ਪਹੁੰਚਣਾ, ਉਨ੍ਹਾਂ ਨੇ ਮੈਨੂੰ ਪਾਗਲ ਸਮਝ ਕੇ ਪਾਗਲਖਾਨੇ ਛੱਡ ਆਉਣਾ ਸੀ, ਫੇਰ ਤੁਸੀਂ ਮੈਨੂੰ ਛੁਡਾਉਂਦੇ ਫਿਰਦੇ। ਭਲਾ ਅਣਜਾਣ ਸਮਝਾਏ ਹੋਏ ਸਮਝਦੇ ਹਨ, ਇਹ ਬਹੁਤ ਮੁਸ਼ਕਲ ਹੈ।" ਮਹਾਰਾਜ ਨੇ ਕਿਹਾ, "ਮਰਦਾਨਿਆ! ਅਸੀਂ ਜਿਹੜੀ ਨਾਮ ਦੀ ਗੱਲ ਕਰਦੇ ਹਾਂ ਉਹਨੂੰ ਵੀ ਨਾਮ ਵਾਲੇ ਹੀ ਸਮਝਦੇ ਹਨ ਜਿਸ ਤਰ੍ਹਾਂ ਦੇ ਨਾਲ ਪੂਰਾ ਜੌਹਰੀ ਲਾਲਾਂ ਦੀ ਕੀਮਤ ਨੂੰ ਜਾਣਦਾ ਹੈ ਉਸੇ ਤਰ੍ਹਾਂ ਨਾਲ ਨਾਮ ਦੀ ਕੀਮਤ ਨੂੰ ਸੰਤ ਹੀ ਜਾਣਦੇ ਹਨ। ਪੜ੍ਹੋ –

*ਧਾਰਨਾ - ਮਹਿਮਾ ਹਰਿ ਨਾਮ ਦੀ,*
*ਸੰਤਾਂ ਦੇ ਹਿਰਦੇ ਵਸਦੀ।*
*ਸੰਤਾਂ ਦੇ ਹਿਰਦੇ ਵਸਦੀ - 2, 2.*
*ਮਹਿਮਾ ਹਰਿ ਨਾਮ ਦੀ,.............।*

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥*
*ਸੰਤ ਕਾ ਸੰਗੁ ਵਡਭਾਗੀ ਪਾਈਐ॥*
*ਸੰਤ ਕੀ ਸੇਵਾ ਨਾਮੁ ਧਿਆਈਐ॥*
*ਨਾਮ ਤੁਲਿ ਕਛੁ ਅਵਰੁ ਨ ਹੋਇ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ਪੰਨਾ - 265*

ਗੁਰੂ ਮਹਾਰਾਜ ਜੀ ਨੇ ਨਾਮ ਨੂੰ ਸਭ ਤੋਂ ਸ੍ਰੇਸ਼ਟ ਦਸਦਿਆਂ ਹੋਇਆਂ ਸੁਖਮਨੀ ਸਾਹਿਬ ਵਿਚ ਦਸਿਆ ਹੈ –

*ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥*
*ਜਾਪ ਤਾਪ ਗਿਆਨ ਸਭਿ ਧਿਆਨ॥*
*ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥*
*ਜੋਗ ਅਭਿਆਸ ਕਰਮ ਧ੍ਰਮ ਕਿਰਿਆ॥*
*ਸਗਲ ਤਿਆਗਿ ਬਨ ਮਧੇ ਫਿਰਿਆ॥*
*ਅਨਿਕ ਪ੍ਰਕਾਰ ਕੀਏ ਬਹੁ ਜਤਨਾ॥*
*ਪੁੰਨ ਦਾਨ ਹੋਮੇ ਬਹੁ ਰਤਨਾ॥*
*ਸਰੀਰੁ ਕਟਾਇ ਹੋਮੈ ਕਰਿ ਰਾਤੀ॥*
*ਵਰਤ ਨੇਮ ਕਰੈ ਬਹੁ ਭਾਤੀ॥*
*ਨਹੀ ਤੁਲਿ ਰਾਮ ਨਾਮ ਬੀਚਾਰ॥*
*ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥*
*ਪੰਨਾ - 265*

ਇਸ ਭਾਵ ਦੇ ਬਚਨ ਮਰਦਾਨੇ ਨਾਲ ਗੁਰੂ ਨਾਨਕ ਪਾਤਸ਼ਾਹ ਕਰ ਰਹੇ ਸਨ ਜੋ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਵਿਚ ਅੰਕਿਤ ਕੀਤੇ ਹਨ।

ਐਨੇ ਨੂੰ ਸਾਲਸਰਾਇ ਵੀ ਪਹੁੰਚ ਗਿਆ। ਸਾਲਸਰਾਇ ਨੇ ਪ੍ਰਸ਼ਾਦਾ ਅਧਰੱਕੇ ਦੇ ਸੀਸ ਤੋਂ ਲਾਹ ਕੇ ਗੁਰੂ ਨਾਨਕ ਪਾਤਸ਼ਾਹ ਅੱਗੇ ਰੱਖਿਆ ਅਤੇ ਆਪ ਡੰਡਵਤ ਪ੍ਰਣਾਮ ਕੀਤੀ। ਅਧਰੱਕਾ ਗੁਰੂ ਨਾਨਕ ਪਾਤਸ਼ਾਹ ਨੂੰ ਦੇਖਦੇ ਸਾਰ ਐਸੇ ਰੰਗ ਵਿਚ ਰੰਗਿਆ ਗਿਆ ਕਿ ਉਸਦੇ ਮੁੱਖ ਤੋਂ ਨੂਰ ਝਰਨ ਲਗ ਗਿਆ, ਵਿਸਮਾਦ ਵਿਚ ਆ ਗਿਆ। ਸਾਲਸਰਾਇ ਸਿਆਣਾ ਸੀ ਉਸ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ! ਜੋ ਲਾਲ ਆਪ ਨੇ ਭੇਜਿਆ ਸੀ, ਉਹ ਬਹੁਤ ਅਮੁਲਾ ਹੈ, ਉਸ ਦਾ ਕੋਈ ਮੁੱਲ ਨਹੀਂ ਹੈ। ਮੇਰੇ ਖਜ਼ਾਨੇ ਵਿਚ ਤਾਂ ਐਨਾ ਪੈਸਾ ਹੀ ਨਹੀਂ ਕਿ ਉਸ ਦਾ ਮੁੱਲ ਦੇ ਸਕਾਂ, ਉਹ ਬਹੁਤ ਅਮੁੱਲਾ ਲਾਲ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਸਾਲਸਰਾਇ! ਤੇਰੇ ਖਜ਼ਾਨੇ ਵਿਚ ਧਨ ਨਹੀਂ ਹੋਣਾ ਪਰ ਤੇਰੇ ਕੋਲ ਹੋਰ ਬੇਅੰਤ ਅਮੁੱਲ ਚੀਜ਼ਾਂ ਹਨ, ਤੈਨੂੰ ਕਿੰਨਾ ਸੁੰਦਰ ਸਰੀਰ ਮਿਲਿਆ ਹੈ, ਇਸ ਦਾ ਕੋਈ ਮੁਲ ਹੈ? ਸੋਚ ਕੇ ਦੱਸ। ਸੁਆਸਾਂ ਦਾ ਕੋਈ ਮੁੱਲ ਹੋਇਆ ਕਰਦਾ ਹੈ? ਸੁਆਸ ਅਮੁੱਲ ਹੀ ਹਨ। ਸਾਲਸਰਾਇ! ਇਸ ਦੇਹੀ ਵਿਚ ਵਾਹਿਗੁਰੂ ਜੀ ਦਾ ਨਿਵਾਸ ਹੈ ਇਸ ਵਿਚ ਵਾਹਿਗੁਰੂ ਜੀ ਦਾ ਅਮੁੱਲ ਨਾਮ ਸਮਾਇਆ ਹੋਇਆ ਹੈ ਜਿਸ ਦੀ ਕਦਰ ਇਸ ਮਨੁੱਖ ਨੂੰ ਮਾਇਆ ਦੇ ਅੰਧਕਾਰ ਵਿਚ ਅੰਨਾ ਬੋਲਾ ਹੋਣ ਕਰਕੇ ਨਹੀਂ ਹੈ। ਇਹ ਸੋਝੀ ਨਹੀਂ ਹੈ ਕਿ ਇਸ ਦੇਹੀ ਵਿਚ ਅਮੁੱਲ ਵਸਤੂਆਂ ਹਨ। ਤੇਰੇ ਅੰਦਰ ਵਾਹਿਗੁਰੂ ਦਾ ਵਾਸਾ ਹੈ, ਸੰਸਾਰ ਦੇ ਹਰ ਫਰਦੋ ਬਸ਼ਰ ਵਿਚ ਵਾਹਿਗੁਰੂ ਜੀ ਦਾ ਵਾਸਾ ਹੈ ਉਹ ਘਟ-ਘਟ ਵਿਚ ਵਿਆਪਕ ਹੈ, ਤੇਰੇ ਅੰਦਰ ਨਾਮ ਦੀ ਸ਼ਕਤੀ ਪਰੀਪੂਰਨ ਹੈ, ਸਭ ਅੰਦਰ ਪਰੀਪੂਰਨ ਹੈ। ਮਹਾਂਪੁਰਸ਼ ਸੰਸਾਰ ਨੂੰ ਦਸਦੇ ਫਿਰਦੇ ਹਨ ਪਰ ਕਦਰਦਾਨਾਂ ਤੋਂ ਬਿਨਾਂ ਇਸ ਕੀਮਤੀ ਵਸਤੂ ਦੀ ਕਦਰ ਨਹੀਂ ਪਿਆ ਕਰਦੀ।

ਸੋ ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਲਸਰਾਇ ਨੂੰ ਉਪਦੇਸ਼ ਦੇ ਕੇ ਉਹ ਨੈਣ ਬਖਸ਼ ਦਿਤੇ ਜਿਨ੍ਹਾਂ ਦੇ ਰਾਹੀਂ ਉਸ ਨੇ ਦੇਖਿਆ ਕਿ ਹਰ ਘਟ ਵਿਚ ਵਾਹਿਗੁਰੂ ਜੀ ਆਪ ਹੀ ਵਸਦੇ ਹਨ ਅਤੇ ਉਸ ਦੇ ਮੁਖੋਂ ਐਸਾ ਉਚਾਰਨ ਹੋਇਆ, ਪੜ੍ਹੋ –

*ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ - 2, 4*

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥ ਪੰਨਾ - 407*

ਸੋ ਵਾਹਿਗੁਰੂ ਜੀ ਦਾ ਨਾਮ ਅਮੁੱਲ ਹੈ, ਉਹ ਇਸ ਸਰੀਰ ਵਿਚ ਰਮਿਆ ਹੋਇਆ ਹੈ ਜਿਵੇਂ ਕਿ ਸੁਖਮਨੀ ਸਾਹਿਬ ਵਿਚ ਆਉਂਦਾ ਹੈ ਕਿ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

ਸੋ ਆਪਾਂ ਪੜ੍ਹ ਰਹੇ ਸੀ, ਫੇਰ ਪੜ੍ਹੋ –

*ਧਾਰਨਾ - ਲਾਲ ਇਕ ਪਾਇਆ ਜੀ,*
*ਦੇਹੀ ਨੂੰ ਖੋਜ-ਖੋਜ ਕੇ।*
*ਦੇਹੀ ਨੂੰ ਖੋਜ-ਖੋਜ ਕੇ - 2, 2.*
*ਲਾਲ ਇਕ ਪਾਇਆ ਜੀ,.........।*

*ਖੋਜਤ ਖੋਜਤ ਲਾਲੁ ਇਕੁ ਪਾਇਆ*
*ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥ ਪੰਨਾ - 916*

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਨਾਮ ਦੀ ਕੋਈ ਵੀ ਕੀਮਤ ਨਹੀਂ ਕਹਿ ਸਕਦਾ। ਇਸ ਖੋਜ ਦੇ ਰਾਹੀਂ ਅਸਾਡਾ ਮਨ ਦੁਨੀਆਂ ਤੋਂ ਹਟ ਕੇ ਉਸ ਸਤਿ ਚਿਤ ਅਨੰਦ ਹਸਤੀ ਦੇ ਧਿਆਨ ਵਿਚ ਲਗ ਗਿਆ ਹੈ ਅਤੇ ਉਸ ਸੱਚ ਦੇ ਮੰਡਲ ਵਿਚ ਵਾਸਾ ਹੋ ਗਿਆ। ਗੁਣ ਗਾਉਂਦੇ-ਗਾਉਂਦੇ ਅਸੀਂ ਨਿਹਾਲ ਹੋ ਗਏ ਹਾਂ ਅਤੇ ਨਾਮ ਜਪਦੇ ਹੋਏ ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ ਹਨ, ਤ੍ਰਿਸ਼ਨਾ ਦਾ ਨਾਮ ਨਿਸ਼ਾਨ ਵੀ ਨਹੀਂ ਰਿਹਾ, ਪੰਜੇ ਚੋਰ ਭੱਜ ਗਏ, ਪੰਜ ਵਿਸ਼ਿਆਂ

ਦਾ ਕਿਤੇ ਥਹੁ ਪਤਾ ਹੀ ਨਹੀਂ ਲਗਦਾ, ਪੂਰਨ ਰੂਪ ਵਿਚ ਤ੍ਰਿਪਤ ਹੋ ਗਏ ਹਾਂ। ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ, ਪੂਰੀ ਤਰ੍ਹਾਂ ਇਸ ਗੱਲ ਦੀ ਪਰਤੀਤੀ ਹੋ ਗਈ ਕਿ ਇਕੋ ਵਾਹਿਗੁਰੂ ਸਾਰੇ ਰਮਿਆ ਹੋਇਆ ਹੈ, ਉਹ ਨਾ ਹੀ ਕਿਤੋਂ ਆਉਂਦਾ ਹੈ, ਨਾ ਹੀ ਕਿਤੇ ਜਾਂਦਾ ਹੈ, ਉਹ ਆਦਿ ਵਿਚ ਸੀ, ਜੁਗਾਦਿ ਵਿਚ ਵੀ ਓਹੀ ਹੈ, ਹੁਣ ਵੀ ਹੈ ਅਤੇ ਜਦੋਂ ਕੁਝ ਨਹੀਂ ਹੋਵੇਗਾ ਉਸ ਵੇਲੇ ਵੀ ਉਹ ਆਪ ਹੀ ਹੋਵੇਗਾ। ਸੋ ਇਸ ਤਰ੍ਹਾਂ ਦੇ ਨਾਲ ਦੇਹੀ ਦੀ ਖੋਜ ਕੀਤੀ, ਇਸ ਵਿਚੋਂ ਆਤਮ ਵਸਤੂ ਸਾਖਸ਼ਾਤਕਾਰ ਹੋ ਗਈ। ਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ ਕਿ –

*ਖੋਜਤ ਖੋਜਤ ਲਾਲੁ ਇਕੁ ਪਾਇਆ*
*ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥*
*ਚਰਨ ਕਮਲ ਸਿਉ ਲਾਗੋ ਧਿਆਨਾ*
*ਸਾਚੈ ਦਰਸਿ ਸਮਾਈ ਸੰਤਹੁ॥*
*ਗੁਣ ਗਾਵਤ ਗਾਵਤ ਭਏ ਨਿਹਾਲਾ*
*ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ॥*
*ਆਤਮ ਰਾਮੁ ਰਵਿਆ ਸਭ ਅੰਤਰਿ*
*ਕਤ ਆਵੈ ਕਤ ਜਾਈ ਸੰਤਹੁ॥*
*ਆਦਿ ਜੁਗਾਦੀ ਹੈ ਭੀ ਹੋਸੀ*
*ਸਭ ਜੀਆ ਕਾ ਸੁਖਦਾਈ ਸੰਤਹੁ॥* *ਪੰਨਾ - 916*

ਗੁਰੂ ਮਹਾਰਾਜ ਜੀ ਇਕ ਥਾਂ ਫੁਰਮਾਨ ਕਰਦੇ ਹਨ ਕਿ ਇਹ ਸਰੀਰ ਧਰਮ ਕਮਾਉਣ ਵਾਸਤੇ ਮਿਲਿਆ ਹੈ। ਇਸ ਵਿਚ ਵਾਹਿਗੁਰੂ ਜੀ ਦੀ ਜੋਤ ਜਿਸ ਨੂੰ ਆਤਮਾ ਆਖਦੇ ਹਨ ਉਹ ਸਮਾਈ ਹੋਈ ਹੈ, ਗੁਹਜ ਰਤਨ ਇਸ ਦੇਹੀ ਵਿਚ ਲੁਕੇ ਹੋਏ ਹਨ ਜਦੋਂ ਇਸਦੀ ਖੋਤ ਕੀਤੀ ਜਾਂਦੀ ਹੈ ਤਾਂ ਪਤਾ ਲਗ ਜਾਂਦਾ ਹੈ ਕਿ ਰਤਨਾਂ ਦਾ ਭੰਡਾਰ ਇਸ ਵਿਚ ਹੈ।

'ਖੋਤ' ਅੱਖਰ ਨੂੰ ਸਮਝਣ ਲਈ ਇਕ ਮਿਸਾਲ ਦਿਤੀ ਜਾਂਦੀ ਹੈ ਕਿ ਉਡਾਰ ਦੇ ਟਿੱਬੇ ਜਿਸ ਦੀ ਰੇਤ ਉਡਦੀ ਰਹਿੰਦੀ ਹੈ ਉਹ ਕਾਸ਼ਤ ਕਰਨ ਵਾਲੀਆਂ ਫਸਲਾਂ ਨੂੰ ਦਬਾਅ ਲੈਂਦੇ ਹਨ। ਉਪਰ ਹੋਰ ਰੇਤਾ ਜੰਮ ਜਾਂਦਾ ਹੈ। ਫੇਰ ਸਮਾਂ ਲੰਘਣ ਉਪਰੰਤ ਵੀ ਜ਼ਿਮੀਦਾਰ ਨੂੰ ਪਤਾ ਹੁੰਦਾ ਹੈ ਕਿ ਮੇਰੇ ਖੇਤਾਂ ਵਿਚ ਖੂਹ ਸੀ। ਉਹ ਬਾਹਰ ਵਸਣ ਵਾਲੀਆਂ ਕੌਮਾਂ ਵਿਚੋਂ ਜੋ ਓਢ ਕੌਮ ਹੈ ਉਸ ਨੂੰ ਆਖਦੇ ਹਨ ਕਿ ਭਾਈ! ਸਾਡਾ ਖੂਹ ਟੋਲ੍ਹ ਕੇ ਦੇਹ। ਉਹ ਓਢ ਬੱਕਰੀਆਂ ਲੈ ਕੇ ਖੇਤਾਂ ਵਿਚ ਆ ਜਾਂਦੇ ਹਨ। ਬਕਰੀਆਂ ਨੂੰ ਖੇਤ ਵਿਚ ਜੁੜਵੇਂ ਰੱਖ ਕੇ ਘੁੰਮਾਇਆ ਜਾਂਦਾ ਹੈ। ਜਿਥੇ ਖੂਹ ਦਬਿਆ ਹੁੰਦਾ ਹੈ ਉਥੇ ਬਕਰੀਆਂ ਪੈਰ ਨਹੀਂ ਰੱਖਦੀਆਂ, ਗੋਲ ਚੱਕਰ ਬਣਾ ਕੇ ਘੁੰਮ ਕੇ ਲੰਘ ਜਾਂਦੀਆਂ ਹਨ। ਇਸੇ ਤਰ੍ਹਾਂ ਫੇਰ ਇਕ ਵਾਰੀ ਉਨ੍ਹਾਂ ਨੂੰ ਘੁੰਮਾਇਆ ਜਾਂਦਾ ਹੈ। ਉਹ ਫੇਰ ਉਸ ਤਰ੍ਹਾਂ ਹੀ ਗੋਲ ਚਕਰ ਬਣਾ ਕੇ ਲੰਘ ਜਾਂਦੀਆਂ ਹਨ। ਉਸ ਥਾਂ ਉਪਰ ਰੇਤਾ ਹਟਾ ਕੇ ਮੁੜ ਪਾਣੀ ਪ੍ਰਾਪਤ ਹੋ ਜਾਂਦਾ ਹੈ। ਖੇਤ ਸਿੰਜਣੇ ਸ਼ੁਰੂ ਹੋ ਜਾਂਦੇ ਹਨ, ਖੁਸ਼ਹਾਲੀ ਆ ਜਾਂਦੀ ਹੈ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥* *ਪੰਨਾ - 309*

ਹੁਣ ਆਪਣੇ ਸਰੀਰ ਦੀ ਖੋਜ ਕਿਵੇਂ ਕੀਤੀ ਜਾਵੇ, ਇਹ ਮਸਲਾ ਸਾਡੇ ਸਮਝਣ ਵਾਲਾ ਹੈ, ਗੁਰੂ ਦਸਦਾ ਹੈ ਕਿ ਪਿਆਰਿਆ! ਤੂੰ ਸਰੀਰ ਨਹੀਂ ਹੈਂ, ਤੂੰ ਆਤਮਾ ਹੈਂ, ਤੂੰ ਆਪਣੀ ਖੋਜ ਕਰ। ਇਸ ਸ਼ਬਦ ਵਿਚ ਗੁਰੂ ਮਹਾਰਾਜ ਜੀ ਨੇ ਅਸਾਡਾ ਧਿਆਨ ਕਈ ਵਿਸ਼ਿਆਂ ਵਲ ਦਿਵਾਇਆ ਹੈ। ਪਹਿਲਾਂ ਤਾਂ ਹੈ ਖੋਜ ਕਰਨੀ, ਬਾਹਰ ਦੀ ਖੋਜ ਨਹੀਂ ਅੰਦਰ ਦੀ ਖੋਜ ਕਰਨੀ। ਦੂਸਰਾ ਹੈ ਕਿ ਇਕ ਅਤਿ ਕੀਮਤੀ ਲਾਲ ਪ੍ਰਾਪਤ ਹੁੰਦਾ ਹੈ ਜਿਸ ਦੀ ਕੋਈ ਕੀਮਤ ਕਹਿ ਹੀ ਨਹੀਂ ਸਕਦਾ। ਜਿਵੇਂ ਪਹਿਲਾਂ ਦੱਸਿਆ ਜਾ ਚੁਕਿਆ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਸਾਲਸਰਾਇ ਜੌਹਰੀ ਨੂੰ ਦਸਿਆ ਕਿ ਤੇਰੇ ਅੰਦਰ ਨਾਮ ਅਮੁੱਲ ਹੈ ਜਿਸ ਦੀ ਕੋਈ ਕੀਮਤ ਨਹੀਂ ਹੈ। ਫੇਰ ਗੁਰੂ ਪਾਤਸ਼ਾਹ ਜੀ ਨੇ ਧਿਆਨ ਦਾ ਜ਼ਿਕਰ ਕੀਤਾ ਹੈ ਕਿ ਚਰਨਾਂ ਕਮਲਾਂ ਨਾਲ ਪੂਰੀ ਤਰ੍ਹਾਂ ਧਿਆਨ ਲਗਣ ਉਪਰੰਤ ਵਾਹਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ ਅਤੇ ਉਸ ਦਰਸ਼ਨ ਵਿਚ ਇਸ ਜੀਵ ਦੀ ਆਤਮਕ ਰੂਪ ਵਿਚ ਸਮਾਈ ਹੋ ਜਾਂਦੀ ਹੈ। ਇਸ ਦੇ ਨਾਲ ਹੀ ਗੁਰੂ ਮਹਾਰਾਜ ਜੀ ਹੋਰ ਦਸਦੇ ਹਨ ਕਿ ਉਸ ਮਹਾਨ ਦੇ ਗੁਣ ਗਾਉਂਦਿਆਂ-ਗਾਉਂਦਿਆਂ ਨਿਹਾਲ ਹੋ ਜਾਈਦਾ ਹੈ। ਪ੍ਰੇਮ ਅਨੰਦ ਵਿਚ ਮਖਮੂਰ ਹੋ ਜਾਈਦਾ ਹੈ ਅਤੇ ਸਾਰੀਆਂ ਵਾਸ਼ਨਾਵਾਂ ਖਤਮ ਹੋ ਕੇ ਪੂਰਨ ਤ੍ਰਿਪਤੀ ਹੋ ਕੇ ਰੱਜ ਜਾਈਦਾ ਹੈ। ਇਸ ਤਰ੍ਹਾਂ ਅੰਤਰੀਵੀ ਖੋਜ ਕਰਨ ਨਾਲ ਦਿਬਯ ਦ੍ਰਿਸ਼ਟ ਖੁਲ੍ਹ ਗਈ ਅਤੇ ਦੇਖਿਆ ਕਿ ਹਰ ਥਾਂ ਦੇ ਉਤੇ ਵਾਹਿਗੁਰੂ ਜੀ ਪਰੀਪੂਰਨ ਹਨ, ਹੁਣ ਆਉਣਾ ਜਾਣਾ ਕਿਥੇ ਰਹਿ ਗਿਆ ਕਿਉਂਕਿ ਇਹੀ ਜੀਵ ਪ੍ਰਭੂ ਵਿਚ ਲੀਨ ਹੋ ਕੇ ਉਸ ਦਾ ਰੂਪ ਹੋ ਗਿਆ ਜਦੋਂ ਉਹ ਸਾਰੇ ਹੀ ਪਰੀਪੂਰਨ ਹੈ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਿਤ*

ਉਹ ਘੱਟ ਵੱਧ ਨਹੀਂ ਹੁੰਦਾ। ਉਹ ਵਾਹਿਗੁਰੂ ਜੀ ਜਦੋਂ ਸੰਸਾਰ ਵਜੂਦ ਵਿਚ ਨਹੀਂ ਆਇਆ ਸੀ, ਉਸ ਵੇਲੇ ਵੀ ਉਹ ਆਪੇ ਹੀ ਆਪ ਸੀ ਜਦੋਂ ਸੰਸਾਰ ਦੀ ਰਚਨਾ ਸ਼ੁਰੂ ਕੀਤੀ, ਕਾਲ ਅਤੇ ਵਸਤੂ ਬਣੀ ਉਸ ਵੇਲੇ ਵੀ ਉਹ ਆਪ ਹੀ ਸੀ। ਹੁਣ ਜੋ ਸੰਸਾਰ ਚਲ ਰਿਹਾ ਹੈ ਉਸ ਵਿਚ ਵੀ ਉਹ ਆਪ ਹੀ ਹੈ, ਜਦੋਂ ਇਹ ਖੇਲ੍ਹ ਸੰਕੋਚ ਲਵੇਗਾ, ਉਸ ਵੇਲੇ ਵੀ ਉਹ ਆਪ ਹੀ ਹੋਵੇਗਾ। ਵਾਹਿਗੁਰੂ ਜੀ ਵਿਚ ਕੋਈ ਵਾਧਾ ਨਹੀਂ ਹੁੰਦਾ, ਕੁਝ ਵੀ ਘੱਟ ਨਹੀਂ ਹੁੰਦਾ।

*ਨਾ ਹਾਨ ਹੈ ਨਾ ਬਾਨ ਹੈ, ਸਮਾਨ ਰੂਪ ਜਾਨੀਐ॥*
*ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥*
*ਅਕਾਲ ਉਸਤਤਿ*

ਸੰਸਾਰੀ ਖੇਲ੍ਹ ਸਭਨਾਂ ਜੀਆਂ ਨੂੰ ਸੁਖ ਦੇਣ ਵਾਲਾ ਹੈ, ਇਥੇ ਇਕ ਬੜਾ ਜ਼ਬਰਦਸਤ ਭੁਲੇਖਾ ਪੈਂਦਾ ਹੈ, ਜਦੋਂ ਵਾਹਿਗੁਰੂ ਜੀ ਆਪੇ ਹੀ ਆਪ ਹਨ ਫੇਰ ਇਹ ਦ੍ਵੈਤ ਦੇ ਬਚਨ, ਦ੍ਵੈਤ ਦੇ ਭਾਵ ਕਿਥੋਂ ਆ ਗਏ ਕਿਉਂਕਿ ਗੁਰਬਾਣੀ ਦੇ ਅੰਦਰ ਅਜਿਹੇ ਬਚਨ ਆਮ ਮਿਲਦੇ ਹਨ। ਉਸ ਦੇ ਬਾਰੇ ਧਿਆਨ ਨਾਲ ਸਮਝੋ। ਸਾਧਸੰਗਤ ਜੀ! ਕੁਝ ਉਦਾਹਰਣਾਂ ਮੈਂ ਦਿੰਦਾ ਹਾਂ ਕਿ ਜਦੋਂ ਆਪਾਂ ਸੌਂ ਜਾਂਦੇ ਹਾਂ, ਉਸ ਵੇਲੇ ਅਸੀਂ ਇਕ ਐਸੀ

ਦੁਨੀਆਂ ਵਿਚ ਚਲੇ ਜਾਂਦੇ ਹਨ ਜਿਸ ਨੂੰ ਸੁਪਨਮਈ ਸੰਸਾਰ ਆਖਿਆ ਜਾਂਦਾ ਹੈ। ਉਸ ਸੰਸਾਰ ਵਿਚ ਅਸਾਨੂੰ ਹਵਾਈ ਜਹਾਜ਼ ਚਲਦੇ ਵੀ ਨਜ਼ਰ ਆਉਂਦੇ ਹਨ, ਸਮੁੰਦਰ ਦੀਆਂ ਅਥਾਹ ਲਹਿਰਾਂ ਵੀ ਨਜ਼ਰ ਆਉਂਦੀਆਂ ਹਨ, ਚੰਗੇ ਜਾਂ ਮੰਦੇ ਮਕਾਨ ਵੀ ਨਜ਼ਰ ਆਉਂਦੇ ਹਨ, ਚੋਰ ਵੀ ਨਜ਼ਰ ਆਉਂਦੇ ਹਨ, ਠੱਗ ਵੀ ਨਜ਼ਰ ਆਉਂਦੇ ਹਨ, ਸਾਧ ਵੀ, ਸੱਪ ਵੀ, ਸ਼ੇਰ ਵੀ ਨਜ਼ਰ ਆਉਂਦੇ ਹਨ। ਕਿਤੇ ਉਚੇ ਪਹਾੜ ਹੁੰਦੇ ਹਨ, ਹਵਾਵਾਂ ਚਲਦੀਆਂ ਹਨ, ਪਾਣੀ ਦੀ ਪਿਆਸ ਲਗਦੀ ਹੈ, ਭੁੱਖ ਲਗਦੀ ਹੈ, ਖਾਣ ਪੀਣ ਮਠਿਆਈ ਮਿਲਦੀ ਹੈ, ਸੁੱਕੀਆਂ ਰੋਟੀਆਂ ਵੀ ਮਿਲਦੀਆਂ ਹਨ, ਕਦੇ ਮੰਗੇ ਤੋਂ ਵੀ ਕੁਝ ਨਹੀਂ ਮਿਲਦਾ, ਕਦੇ ਜ਼ਹਿਰੀਲੇ ਜਾਨਵਰ ਪਿਛੇ ਪੈ ਜਾਂਦੇ ਹਨ, ਕਦੇ ਸ਼ੇਰ ਪਿਛੇ ਪੈ ਜਾਂਦਾ ਹੈ, ਅਸੀਂ ਜਾਨ ਬਚਾਉਣ ਲਈ ਨੱਠਦੇ ਹਾਂ। ਕਦੇ ਆਪਣਾ ਬਾਜੂ ਕੱਟ ਜਾਂਦਾ ਹੈ, ਕਦੇ ਬਿਮਾਰ ਹੋ ਕੇ ਚੜ੍ਹਾਈ ਕਰ ਜਾਈਦਾ ਹੈ, ਇਸਤ੍ਰੀਆਂ ਨੂੰ ਮਨੁੱਖਾਂ ਦੇ ਸੁਪਨੇ ਆਉਂਦੇ ਹਨ, ਮਨੁੱਖਾਂ ਨੂੰ ਇਸਤ੍ਰੀਆਂ ਦੇ ਸੁਪਨੇ ਆਉਂਦੇ ਹਨ। ਵਿਆਹ ਸ਼ਾਦੀਆਂ ਹੁੰਦੀਆਂ ਹਨ, ਕਾਰਾਂ 'ਚ ਬੈਠ ਕੇ ਸਫਰ ਕੀਤਾ ਜਾਂਦਾ ਹੈ, ਟੁੱਟੀਆਂ ਹੋਈਆਂ ਸੜਕਾਂ ਨਜ਼ਰ ਆਉਂਦੀਆਂ ਹਨ, ਬਹੁਤ ਵਧੀਆ highway ਨਜ਼ਰ ਆਉਂਦੇ ਹਨ, ਕਦੇ ਸਮੁੰਦਰ ਵਿਚ ਤੈਰਦੇ ਹਾਂ, ਕਈ ਵਾਰੀ ਸੁਪਨੇ ਵਿਚ ਮਰ ਜਾਈਦਾ ਹੈ, ਲੋਕ ਰੋਂਦੇ ਨਜ਼ਰ ਆਉਂਦੇ ਹਨ, ਆਪਣੇ ਮਨ ਵਿਚ ਬੜਾ ਅਫਸੋਸ ਹੁੰਦਾ ਹੈ, ਇਹ ਸਭ ਕੀ ਹੋਇਆ? ਇਸ ਸੁਪਨੇ ਦੇ ਅੰਦਰ ਅਸੀਂ ਸੁਪਨੇ ਦੇ ਨਿਯਮ ਪਾਲਦੇ ਹੋਏ, ਤੂੰ ਤੇ ਮੈਂ, ਦ੍ਵੈਤ ਦੀਆਂ ਗੱਲਾਂ ਕਰਦੇ ਹਾਂ। ਵਿਚਾਰ ਕਰਕੇ ਦੇਖੋ, ਦ੍ਵੈਤ ਤਾਂ ਇਸ ਵਿਚ ਕੋਈ ਹੈ ਹੀ ਨਹੀਂ, ਇਹ ਤਾਂ ਜੀਵ ਸੌਂ ਗਿਆ ਉਸ ਨੇ ਆਪਣੀ ਰਚਨਾ ਆਪ ਹੀ ਰਚ ਲਈ, ਹੈ ਕੁਝ ਵੀ ਨਹੀਂ ਪਰ ਪ੍ਰਤੀਤ ਸਤਿ ਦਿੰਦਾ ਹੈ ਉਸ ਸੁਪਨੇ ਦਾ ਅਧਿਆਸ ਹੋ ਜਾਂਦਾ ਹੈ।

ਮਹਾਂਪੁਰਸ਼ ਦਸਿਆ ਕਰਦੇ ਹਨ ਕਿ ਇਕ ਰਾਜਾ ਬਹੁਤ ਬਹਾਦਰ ਸੀ। ਉਸ ਉਪਰ ਕਿਸੇ ਹੋਰ ਰਾਜੇ ਨੇ ਆਕਰਮਣ ਕਰ ਦਿਤਾ, ਫੌਜ ਦੇ ਸਾਰੇ ਜਵਾਨ ਮਾਰੇ ਗਏ, ਬਹੁਤ ਹੀ ਭਿਆਨਕ ਯੁੱਧ ਹੋਇਆ, ਕੋਈ ਸੂਰਮਾ ਪਿਛੇ ਹਟਣ ਦਾ ਨਾਮ ਨਹੀਂ ਲੈਂਦਾ। ਨਾ ਇਹ ਆਕਰਮਣ ਕਰਨ ਵਾਲੇ, ਨਾ ਹੀ ਇਹ ਰਾਜਾ। ਇਸ ਦਾ ਰਾਜਕੁਮਾਰ ਵੀ ਪੂਰੇ ਤਾਣ ਨਾਲ ਲੜ ਰਿਹਾ ਸੀ। ਚਾਰ ਦਿਨ ਚਾਰ ਰਾਤਾਂ ਦੀ ਲੜਾਈ ਉਪਰੰਤ ਇਹ ਰਾਜਾ ਜਿੱਤ ਗਿਆ ਅਤੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਰਾਜਾ ਕਿਉਂਕਿ ਬਹੁਤ ਥੱਕਿਆ ਹੋਇਆ ਸੀ ਉਸ ਨੇ ਕਿਹਾ ਕਿ ਮੈਂ ਅਰਾਮ ਕਰਨ ਵਾਸਤੇ ਸੌਣ ਲੱਗਿਆ ਹਾਂ ਮੈਨੂੰ ਕਿਸੇ ਨੇ ਨਹੀਂ ਜਗਾਉਣਾ, ਮੈਂ ਆਪਣੀ ਮਰਜ਼ੀ ਨਾਲ ਉਠਣਾ ਹੈ। ਮੈਂ ਐਨਾ ਥੱਕ ਚੁਕਿਆ ਹਾਂ ਕਿ ਮੇਰਾ ਸਰੀਰ ਗਿਰੂੰ-ਗਿਰੂੰ ਕਰਦਾ ਹੈ, ਜੇ ਕੋਈ ਮੈਨੂੰ ਜਗਾਵੇਗਾ ਤਾਂ ਮੈਂ ਉਸ ਨੂੰ ਮੌਤ ਦਾ ਦੰਡ ਦੇਵਾਂਗਾ।

ਰਾਜਾ ਆਪਣੇ ਮਹਿਲ ਵਿਚ ਜਾ ਕੇ ਸੇਜ ਉਪਰ ਸੌਂ ਗਿਆ, ਉਸ ਦੇ ਸੌਣ ਪਿਛੋਂ ਰਾਜਕੁਮਾਰ ਜੋ ਯੁੱਧ ਵਿਚ ਬਹੁਤ ਜ਼ਖਮੀ ਹੋ ਚੁਕਿਆ ਸੀ, ਵੈਦ ਉਸ ਦਾ ਇਲਾਜ ਕਰਦੇ ਕਰਦੇ ਮਹਿਲਾਂ ਵਿਚ ਲੈ ਆਏ ਪਰ ਇਥੇ ਆ ਕੇ ਵੈਦਾਂ ਨੇ ਸਿਰ ਹਿਲਾ ਦਿਤਾ ਕਿ ਭਾਈ! ਪ੍ਰਭੂ ਦਾ ਭਾਣਾ ਵਰਤ ਗਿਆ, ਬਹੁਤ ਬਹਾਦਰੀ ਨਾਲ ਇਹ ਯੁੱਧ ਲੜਿਆ ਸੀ, ਜਿਥੇ ਇਹ ਲੜਦਾ ਸੀ ਉਥੇ ਦੁਸ਼ਮਣ ਦੀਆਂ ਫੌਜਾਂ ਦਾ ਬਹੁਤ ਜ਼ੋਰ ਸੀ ਪਰ ਇਹ ਆਪਣੀ ਜਾਨ ਦੀ ਪਰਵਾਹ ਨਾ ਕਰਦਾ ਹੋਇਆ ਬਹੁਤ ਬਹਾਦਰੀ ਨਾਲ ਲੜਿਆ ਸੀ। ਸੋ ਰਾਜਕੁਮਾਰ ਦੀ ਮੌਤ ਹੋ ਚੁਕੀ ਸੀ, ਸਾਰਿਆਂ ਨੇ ਇਕੱਠੇ ਹੋ ਕੇ ਵਜ਼ੀਰ ਨੂੰ ਕਿਹਾ ਤੁਸੀਂ ਮਹਾਰਾਜੇ ਨੂੰ ਜਗਾਓ। ਰਾਜਕੁਮਾਰ ਕਲ੍ਹ ਦਾ ਮਰਿਆ ਹੋਇਆ ਪਿਆ ਹੈ, ਇਸਦਾ ਸਸਕਾਰ ਕਰਨਾ ਬਹੁਤ ਜ਼ਰੂਰੀ ਹੈ ਪਰ ਇਸ ਦੇ ਪਿਤਾ ਦਾ ਵਿਚ ਹੋਣਾ ਵੀ ਬਹੁਤ ਜ਼ਰੂਰੀ ਹੈ। ਰਾਜੇ ਨੂੰ ਤੀਸਰੇ ਦਿਨ ਵੀ ਜਾਗ ਨਾ ਆਈ, ਚੌਥਾ ਦਿਨ ਵੀ ਆ ਗਿਆ ਪਰ ਅੱਜ ਵੀ ਜਾਗ ਨਾ ਆਈ। ਵਜ਼ੀਰ ਨੂੰ ਐਨਾ ਤਾਂ ਪਤਾ ਲਗ ਗਿਆ ਕਿ ਰਾਜੇ ਦੀ ਘੂਕ ਨੀਂਦ ਟੁੱਟ ਚੁਕੀ ਹੈ ਪਰ ਸੁਪਨਿਆਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਕੇ ਉਸ ਨਾਲ ਪਰਚਿਆ ਹੋਇਆ ਹੈ। ਵੱਡੇ ਵਜ਼ੀਰ ਨੇ ਕਿਹਾ ਕਿ ਅੱਜ ਚਾਰ ਦਿਨ ਹੋ ਗਏ, ਰਾਜਕੁਮਾਰ ਦਾ ਸਸਕਾਰ ਨਹੀਂ ਕੀਤਾ, ਮੈਂ ਰਾਜੇ ਨੂੰ ਜਗਾ ਦਿੰਦਾ ਹਾਂ, ਕੋਈ ਗੱਲ ਨਹੀਂ ਜੇ ਕੋਈ ਮੈਨੂੰ ਦੰਡ ਮਿਲੇਗਾ ਤਾਂ ਮੈਂ ਭੁਗਤ ਲਵਾਂਗਾ। ਉਸ ਨੇ ਹੌਲੀ-ਹੌਲੀ ਰਾਜੇ ਦੇ ਚਰਨਾਂ ਤੇ ਹੱਥ ਫੇਰ ਕੇ ਰਾਜੇ ਨੂੰ ਸਾਵਧਾਨ ਕਰ ਲਿਆ। ਰਾਜੇ ਨੇ ਅੱਖ ਖੋਲ੍ਹੀ, ਉਸ ਦੀ ਯਾਦਾਸ਼ਤ ਅਜੇ ਸੁਪਨੇ ਵਿਚ ਹੀ ਸੀ। ਉਸ ਨੂੰ ਇਹ ਪਤਾ ਹੀ ਨਹੀਂ ਲਗ ਸਕਿਆ ਕਿ ਮੈਂ ਹੁਣ ਜਾਗ ਪਿਆ ਹਾਂ। ਉਹ ਰਾਜਾ ਉਚੀ-ਉਚੀ ਰੋਣ ਲਗ ਪਿਆ। ਵਜ਼ੀਰ ਹੈਰਾਨ ਹੋ ਗਿਆ, ਰਾਣੀਆਂ ਹੈਰਾਨ ਹੋ ਗਈਆਂ ਕਿ ਮਹਾਰਾਜੇ ਨੂੰ ਤਾਂ ਕਿਸੇ ਨੇ ਹਾਲੇ ਕੁਝ ਦਸਿਆ ਹੀ ਨਹੀਂ ਇਹ ਐਨੀ ਉਚੀ-ਉਚੀ ਕਿਉਂ ਰੋ ਰਿਹਾ ਹੈ। ਉਸ ਵੇਲੇ ਵੱਡੇ ਵਜ਼ੀਰ ਨੇ ਮਹਾਰਾਜੇ ਦੇ ਕੰਨ ਵਿਚ ਦਸਿਆ ਕਿ ਮਹਾਰਾਜ! ਆਪ ਦੇ ਰਾਜਕੁਮਾਰ ਆਪ ਦੇ ਪਿਛੋਂ ਆਏ ਸਨ, ਬਹੁਤ ਵੱਡੇ ਫੱਟ ਲੱਗੇ ਹੋਏ ਸਨ, ਖ਼ੂਨ ਨਿਕਲ ਚੁਕਿਆ ਸੀ ਪਰ ਉਹ ਬਹਾਦਰ ਮਹਿਲਾਂ ਵਿਚ ਪਹੁੰਚਣ ਤੋਂ ਬਾਦ ਹੀ ਸਰੀਰ ਛੱਡ ਗਿਆ। ਮਹਾਰਾਜ! ਵੈਦਾਂ ਨੇ ਇਲਾਜ ਵੀ ਕੀਤਾ, ਫੱਟ ਵੀ ਬੰਨ੍ਹੇ ਪਰ ਰਾਜਕੁਮਾਰ ਨਹੀਂ ਬਚ ਸਕਿਆ। ਇਸ ਵਾਸਤੇ ਖਿਮਾ ਕਰਨਾ ਕਿ ਅਸੀਂ ਹੁਕਮ ਅਦੂਲੀ ਕਰਕੇ ਆਪ ਨੂੰ ਜਗਾ ਦਿਤਾ ਹੈ। ਰਾਜਾ ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਤੂੰ ਬਹੁਤ ਬੁਰਾ ਕੀਤਾ, ਮੇਰੀਆਂ ਪਦਮਨੀ ਰਾਣੀਆਂ, ਇਕ ਤੋਂ ਇਕ ਸੋਹਣੀ ਜਿਨ੍ਹਾਂ ਦੀ ਸੁੰਦਰਤਾ ਪਰੀਆਂ ਨੂੰ ਵੀ ਮਾਤ ਕਰਦੀ ਸੀ, ਉਹ ਅਤੇ ਮੇਰੇ ਚਾਰ ਲਾਡਲੇ ਪੁਤਰ ਜੋ ਮੇਰੀ ਗੋਦ ਵਿਚ ਬੈਠੇ ਸਨ, ਤੁਸੀਂ ਉਨ੍ਹਾਂ ਤੋਂ ਮੈਨੂੰ ਵਿਛੋੜ ਦਿਤਾ। ਜੇ ਇਕ ਮਰ ਗਿਆ ਸੀ ਤਾਂ ਕੀ ਹੋਇਆ ਤੁਸੀਂ ਤਾਂ ਮੇਰੇ ਚਾਰ ਪੁੱਤਰ ਹੋਰ ਮਾਰ ਦਿਤੇ। ਉਸ ਵੇਲੇ ਵਜ਼ੀਰ ਕਹਿਣ ਲੱਗਿਆ, "ਮਹਾਰਾਜ! ਇਹ ਤਾਂ ਇਕ ਸੁਪਨਾ ਸੀ।" ਰਾਜਾ ਕਹਿਣ ਲੱਗਿਆ, "ਵਜ਼ੀਰ! ਜਿਸ ਸੰਸਾਰ ਵਿਚ ਤੂੰ ਰਹਿੰਦਾ ਹੈਂ, ਕੀ ਇਹ ਸਤਿ ਹੈ, ਇਹ ਵੀ ਸੁਪਨਾ ਹੀ ਹੈ –

*ਧਾਰਨਾ - ਲਾ ਲਿਆ ਮੂਰਖਾ ਚਿਤ, ਨਾਲ ਸੁਪਨੇ ਦੇ-2.*
*ਨਾਲ ਸੁਪਨੇ ਦੇ ਚਿਤ ਨਾਲ ਸੁਪਨੇ ਦੇ-2, 2*
*ਲਾ ਲਿਆ ਮੂਰਖਾ ਚਿਤ,...........2*

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥*
*ਆਰਜਾ ਗਈ ਵਿਹਾਇ ਧੰਧੈ ਧਾਇਆ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ॥*
*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥*

*ਪੰਨਾ - 707*

ਇਸੇ ਤਰ੍ਹਾਂ ਨਾਲ ਅਨੇਕਾਂ ਸੁਪਨੇ ਅਸੀਂ ਦੇਖਦੇ ਹਾਂ, ਉਸ ਵੇਲੇ ਦ੍ਵੈਤ ਭਾਵ ਵਿਚ ਪ੍ਰਤੀਤ ਦਿੰਦੇ ਹਨ ਜਦੋਂ ਅਸਾਨੂੰ ਜਾਗ ਆ ਜਾਂਦੀ ਹੈ, ਉਸ ਵੇਲੇ ਉਹ ਸੁਪਨਿਆਂ ਦਾ ਨਾਮ ਨਿਸ਼ਾਨ ਹੀ ਨਹੀਂ ਰਹਿੰਦਾ।

*ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ॥*
*ਪੰਨਾ - 999*

ਸੋ ਇਸ ਤਰ੍ਹਾਂ ਸਾਧਸੰਗਤ ਜੀ! ਇਹ ਸੰਸਾਰ ਵੀ ਸੁਪਨਾ ਹੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥ ਪੰਨਾ - 808*

ਇਹ ਜੋ ਸੰਸਾਰ ਦਾ ਖੇਲ੍ਹ ਹੋ ਰਿਹਾ ਹੈ ਇਹ ਸਤਿ ਨਹੀਂ ਹੈ, ਇਹ ਵਾਹਿਗੁਰੂ ਜੀ ਦੀ ਸ਼ਕਤੀ ਕਰਕੇ, ਹੁਕਮ ਕਰਕੇ ਸਭ ਕੁਝ ਸੱਚ ਵਾਂਗੂੰ ਹੀ ਦਿਸ ਰਿਹਾ ਹੈ ਪਰ ਹੈ ਇਹ ਸਭ ਕੁਝ ਅਸਤਿ। ਸਤਿ ਅਵਸਥਾ ਇਹ ਹੈ ਕਿ ਇਥੇ ਵਾਹਿਗੁਰੂ ਜੀ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ। ਤੂੰ-ਮੈਂ, ਇਹ-ਉਹ, ਇਥੇ-ਉਥੇ ਆਹ-ਓਹ, ਆਦਿ ਅੱਖਰ ਅਤੇ ਅਨੇਕਾਂ ਕਿਸਮ ਦੇ ਦ੍ਵੈਤ ਦੇ ਭਾਵ ਸੰਸਾਰ ਵਿਚ ਅਸੀਂ ਦੇਖਦੇ ਹਾਂ ਪਰ ਜਦੋਂ ਸਤਿ ਦੀ ਸੋਝੀ ਹੁੰਦੀ ਹੈ ਤਾਂ ਫੇਰ ਆਪੇ ਹੀ ਆਪ ਨਜ਼ਰੀ ਪਿਆ ਕਰਦਾ ਹੈ। ਖੋਜ ਕਰਨ ਵਾਲਾ ਵੀ ਉਹ ਆਪ ਹੀ ਹੈ, ਖੋਜ ਕੀਤਿਆਂ ਤੋਂ ਲੱਭ ਜਾਣ ਵਾਲਾ ਵੀ ਉਹ ਆਪ ਹੀ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਆਦਿ ਜੁਗਾਦੀ ਹੈ ਭੀ ਹੋਸੀ*
*ਸਭ ਜੀਆ ਕਾ ਸੁਖਦਾਈ ਸੰਤਹੁ॥ ਪੰਨਾ - 916*

ਉਸ ਵਾਹਿਗੁਰੂ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ ਉਹ ਹਰ ਥਾਂ ਉਪਰ ਆਪ ਹੀ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677*

ਦਿਬਜ ਅੱਖ ਖੁਲ੍ਹਣ ਦੀ ਦੇਰ ਹੈ ਫੇਰ ਜਦੋਂ ਅਸੀਂ ਸਤਿ ਦੀ ਪਾਲਣਾ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਜਿਸ ਨੂੰ ਅਸੀਂ ਤੂੰ ਕਹਿੰਦੇ ਹਾਂ, ਮੈਂ ਕਹਿੰਦੇ ਹਾਂ, ਉਸ ਦਾ ਅਭਾਵ ਹੋ ਜਾਂਦਾ ਹੈ ਕਿਉਂਕਿ ਝੂਠੀ ਮੈਂ ਤਾਂ ਹੈ ਹੀ ਨਹੀਂ, ਕੇਵਲ ਅਧਿਆਸ ਪਕਿਆ ਹੋਇਆ ਹੈ, ਅਧਿਆਸ ਖਰਬਾਂ ਸਾਲਾਂ ਤੋਂ ਪੱਕਿਆ ਹੋਇਆ ਹੈ, ਕਿਉਂਕਿ ਸਾਡੇ ਦੁਖ ਸੁਖ, ਮੇਲ ਮਿਲਾਪ ਵਖਰੇ ਹਨ ਪਰ ਜਦੋਂ ਦਿਬਜ ਦ੍ਰਿਸ਼ਟੀ ਖੁਲ੍ਹਦੀ ਹੈ ਤਾਂ ਇਥੇ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ।

*ਆਪਿ ਬੇਅੰਤੁ ਅੰਤੁ ਨਹੀ ਪਾਈਐ*
*ਪੂਰਿ ਰਹਿਆ ਸਭ ਠਾਈ ਸੰਤਹੁ॥ ਪੰਨਾ - 916*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਮੀਤ ਸਾਜਨ ਮਾਲੁ ਜੋਬਨੁ ਸੁਤ*
*ਹਰਿ ਨਾਨਕ ਬਾਪੁ ਮੇਰੀ ਮਾਈ ਸੰਤਹੁ॥ ਪੰਨਾ - 916*

ਅਸੀਂ ਹਉਮੈ ਦਾ ਅਧਿਆਸ ਹੋਣ ਕਰਕੇ ਜੀਵ ਉਪਾਧੀ ਪ੍ਰਾਪਤ ਕਰ ਚੁਕੇ ਹਾਂ ਅਤੇ ਅਸਾਨੂੰ ਜੋ ਦਿਸਦਾ ਹੈ, ਸੁਣਦਾ ਹੈ, ਜਿਸ ਨੂੰ ਅਨੁਭਵ ਕਰਦੇ ਹਾਂ, ਉਹ ਸਾਨੂੰ ਸਤਿ ਵਾਂਗੂੰ ਹੀ ਪ੍ਰਤੀਤ ਦਿੰਦਾ ਹੈ ਅਤੇ ਅਸੀਂ ਕਿਸੇ ਤਰ੍ਹਾਂ ਵੀ ਮੰਨਣ ਨੂੰ ਤਿਆਰ ਨਹੀਂ ਹਾਂ ਕਿ ਇਹ ਸਭ ਦ੍ਰਿਸ਼ਟਮਾਨ ਅਸਤਿ ਹੈ।

*'ਚਲਦਾ'*

(ਪੰਨਾ 3 ਦੀ ਬਾਕੀ)

ਮੀਟਿੰਗਾਂ ਹੁੰਦੀਆਂ ਹਨ ਜਿਵੇਂ ਇਸ ਸਾਲ 4 ਜੁਲਾਈ ਅਤੇ 15 ਅਗਸਤ ਨੂੰ ਹੋਈਆਂ। ਸਭ ਦੇ ਵਿਚਾਰ ਸੁਣ ਕੇ ਫੇਰ ਸੰਤ ਮਹਾਰਾਜ ਆਪਣੀ ਨੋਟ-ਬੁਕ ਖੋਲ੍ਹ ਕੇ ਇਕ-ਇਕ ਨੁਕਤੇ ਨੂੰ ਸਪਸ਼ਟ ਕਰਦੇ ਡਿਊਟੀਆਂ ਵੰਡਦੇ ਜਾਂਦੇ ਹਨ, ਅਕਲ ਹੈਰਾਨ ਰਹਿ ਜਾਂਦੀ ਹੈ, ਐਨੀ ਸ੍ਰੇਸ਼ਟਤਾ ਸਰਬਗਤਾ, ਬਰੀਕੀ, ਸੂਝ ਤੇ ਸਮਝ ਅਤੇ ਨਿਮਰ ਭਾਵ ਵਿਚ ਕਹਿੰਦੇ ਇਹ ਹਨ, ਮੈਂ ਕੁਝ ਨਹੀਂ ਕਰ ਰਿਹਾ, ਉਹ ਆਪ ਹੀ ਕਰਵਾ ਰਿਹਾ ਹੈ। ਇਹ ਹਨ, ਬਖਸ਼ਿਸ਼ ਦੇ ਚਿੰਨ। ਇਹ ਮਹਾਨ ਸਖਸ਼ੀਅਤ ਹੀ ਹੈ ਜੋ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੂੰ ਰਤਵਾੜਾ ਸਾਹਿਬ ਪੁੱਜਣ ਲਈ ਪ੍ਰੇਰਦੀ ਹੈ। ਸੇਵਾ ਸਿਮਰਨ ਦੇ ਇਸ ਮਹਾਨ ਕੁੰਭ ਵਿਚ ਭਾਗਸ਼ਾਲੀ ਰੂਹਾਂ ਇਕੱਤਰ ਹੁੰਦੀਆਂ ਹਨ, ਸਰਬ ਸਾਂਝੀਵਾਲਤਾ ਦਾ ਇਹ ਅਥਾਹ ਸਾਗਰ, ਪ੍ਰਭੂ ਪਿਆਰਿਆਂ ਨੂੰ ਇਕ ਵਾਹਿਗੁਰੂ ਨਾਲ ਜੁੜਨ ਦਾ ਅਵਸਰ ਬਖਸ਼ਦਾ ਹੈ, ਨਿਸ਼ਕਾਮ ਸੇਵਾ ਵਿਚ ਲੱਗੇ ਗੁਰੂ ਪ੍ਰੇਮੀ ਕਿਸੇ ਦੇ ਕੰਮ ਆਉਣਾ ਆਪਣਾ ਸੁਭਾਗ ਸਮਝਦੇ ਹਨ। ਅੱਜ ਡਾ. ਸਵਾਮੀ ਸਾਡੇ ਸੰਗ ਨਹੀਂ ਰਹੇ ਪਰ ਉਨ੍ਹਾਂ ਦੀ ਸੇਵਾ ਦੀ ਝਾਕੀ ਹਮੇਸ਼ਾ ਪ੍ਰੇਰਨਾ ਦਾ ਸ੍ਰੋਤ ਬਣੀ ਰਹੇਗੀ। ਜੌਲੀ ਗਰਾਂਟ ਡੇਹਰਾਦੂਨ ਦੇ ਹਸਪਤਾਲ ਤੋਂ ਡਾਕਟਰਾਂ ਦੀ ਟੀਮ ਦਿਨ ਰਾਤ ਸੇਵਾ ਵਿਚ ਜੁਟੀ ਰਹਿੰਦੀ ਹੈ। ਲੱਖਾਂ ਰੁਪਏ ਦੀਆਂ ਦਵਾਈਆਂ ਮਰੀਜ਼ਾਂ ਨੂੰ ਬਿਨਾਂ ਮੋਖ ਦਿਤੀਆਂ ਜਾਂਦੀਆਂ ਹਨ।

ਸੇਵਾ ਸਿਮਰਨ ਦਾ ਇਕ ਹੋਰ ਪ੍ਰਦਰਸ਼ਨ ਸੰਤ ਮਹਾਰਾਜ ਵਲੋਂ ਚਲਾਏ ਮੈਗਜ਼ੀਨ, 'ਆਤਮ ਮਾਰਗ' ਵਿਚ ਹੁੰਦਾ ਹੈ ਜਿਸ ਸੇਵਾ ਵਿਚ ਆਪ ਜੀ ਵੀ ਸ਼ਾਮਲ ਹੋ। ਦੇਸਾਂ ਪ੍ਰਦੇਸਾਂ ਵਿਚ 40, 000 ਪਰਿਵਾਰ ਇਸ ਨਾਲ ਜੁੜਿਆ ਹੋਇਆ ਹੈ। ਹੁਣ ਇਸ ਦੇ ਪੰਨੇ 80 ਕਰ ਦਿਤੇ ਗਏ ਹਨ। 12 ਪੰਨੇ ਅੰਗਰੇਜ਼ੀ ਵਿਚ ਵਿਸ਼ੇਸ਼ ਤੌਰ ਤੇ ਬਾਹਰਲੇ ਦੇਸ਼ਾਂ ਦੇ ਬੱਚਿਆਂ ਲਈ ਸੰਮਿਲਤ ਕੀਤੇ ਗਏ ਹਨ। ਇਨ੍ਹਾਂ ਦਾ ਪੰਜਾਬੀ ਅਨੁਵਾਦ ਭਾਰਤ ਵਸਦੇ ਬੱਚਿਆਂ ਅਤੇ ਪ੍ਰੇਮੀਆਂ ਲਈ ਵੀ ਸੰਮਿਲਤ ਕੀਤਾ ਗਿਆ ਹੈ। ਇਸ ਮੈਗਜ਼ੀਨ ਨੇ ਲੱਖਾਂ ਜੀਵਾਂ ਨੂੰ ਜੀਵਨ ਸੇਧ ਬਖਸ਼ੀ ਹੈ, ਬੇਸੁਰੇ ਘਰ ਸੁਰ ਵਿਚ ਆ ਗਏ ਹਨ, ਆਤਮ ਮਾਰਗ ਪੜ੍ਹ ਕੇ ਲੋਕਾਂ ਨੇ ਵੈਰ ਵਿਰੋਧ ਛੱਡੇ ਹਨ, ਸ਼ਰਾਬ, ਤੰਬਾਕੂ, ਨਸ਼ੀਲੀਆਂ ਦਵਾਈਆਂ ਛੱਡੀਆਂ ਹਨ, ਨਾਮ ਸਿਮਰਨ ਨਾਲ ਜੁੜੇ ਹਨ। 1999 ਦੀ 300 ਸਾਲਾ ਵਿਸਾਖੀ ਨੂੰ ਅਸੀਂ ਘਰ ਘਰ ਵਿਚ ਗੁਰੂ ਦੀ ਅੰਮ੍ਰਿਤਮਈ ਬਾਣੀ ਅਤੇ ਨਾਮ ਦਾ ਸੁਨੇਹਾ ਲੈ ਕੇ ਜਾਣਾ ਹੈ। ਆਤਮ ਮਾਰਗ ਦਾ ਇਹੋ ਆਦਰਸ਼ ਹੈ, ਸਭ ਮਨੁੱਖਤਾ ਨੂੰ ਨਾਮ ਨਾਲ ਜੋੜਨਾ, ਜੀਵਨ ਲਕਸ਼ ਦੀ ਪਹਿਚਾਨ ਦੇਣੀ ਅਤੇ ਆਪਾ ਚੀਨਣ ਦੇ ਸਮਰੱਥ ਬਣਾਉਣਾ ਹੈ। ਤੁਸੀਂ ਵੀ ਇਸ ਸੇਵਾ ਵਿਚ ਯੋਗਦਾਨ ਪਾਓ, ਨਵੇਂ ਮੈਂਬਰ ਬਣਾਓ, ਰਿਨਿਊਲ ਲਈ ਪ੍ਰੇਰਨਾ ਦਿਓ, ਇਵੇਂ 'ਆਪ ਜਪਹਿ ਅਵਰਹਿ ਨਾਮ ਜਪਾਵਹਿ' ਦੇ ਅਨੁਸਾਰੀ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਅਸੀਂ ਆਤਮ ਮਾਰਗ ਅਦਾਰਾ ਦੇ ਸਮੂੰਹ ਪ੍ਰੇਮੀ 3, 4, 5 ਅਕਤੂਬਰ ਨੂੰ ਸਾਲਾਨਾ ਗੁਰਮਤਿ ਸਮਾਗਮ ਸਮੇਂ ਰਤਵਾੜਾ ਸਾਹਿਬ ਦੇ ਮਾਰਗ ਤੇ ਅੱਖਾਂ ਵਿਛਾ ਕੇ ਤੁਹਾਡੀ ਉਡੀਕ ਕਰਾਂਗੇ।

***ਡਾ. ਜਗਜੀਤ ਸਿੰਘ***

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਗੁਰੂਦੇਵ ਦੇ ਚਰਨਾਂ ਵਿਚ

ਮੈਂ ਅਲਮੋੜਾ ਕਸਾਰ ਦੇਵੀ ਗਿਆ, ਉਥੇ ਮੈਨੂੰ ਇਕ ਮੁਨਵਰ ਜਿਹੜਾ ਪੱਛਮ ਤੋਂ ਆਇਆ ਹੋਇਆ ਸੀ, ਉਹ ਮਿਲਿਆ ਤੇ ਇਕ ਬੋਧੀ ਪਾਦਰੀ, ਇਹ ਇਕ ਛੋਟੇ ਜਿਹੀ ਕੁਟੀਆ ਵਿਚ ਰਹਿ ਰਹੇ ਸਨ ਤੇ ਹਿਮਾਲੀਆ ਦੀਆਂ ਪਹਾੜੀਆਂ ਦਾ ਅਨੰਦ ਮਾਣ ਰਹੇ ਸਨ। ਉਹ ਹਰ ਸਮੇਂ ਪਹਾੜਾਂ ਨਾਲ ਗੱਲਾਂ ਕਰਦੇ ਰਹਿੰਦੇ ਤੇ ਕਹਿੰਦੇ ਹਿਮਾਲੀਆ ਪਹਾੜ ਵਿਚ ਬਹੁਤ ਫਰਕ ਹੈ, ਇਹ ਐਲਪਸ ਦੀ ਤਰ੍ਹਾਂ ਜਾਂ ਹੋਰ ਪਹਾੜਾਂ ਦੀ ਤਰ੍ਹਾਂ ਨਹੀਂ ਹੈ, ਇਹ ਬੋਲਦਾ ਹੈ ਅਸੀਂ ਗੱਲ ਕਰਦੇ ਹਾਂ ਤਾਂ ਜਵਾਬ ਦਿੰਦਾ ਹੈ, ਇਹ ਸੋਹਣਾ ਹੀ ਨਹੀਂ ਇਹ ਜੀਉਂਦਾ ਜਾਗਦਾ ਹੈ, ਅਸੀਂ ਬੋਲਦੇ ਹਾਂ ਇਹ ਜਵਾਬ ਦਿੰਦਾ ਹੈ।

ਮੈਂ ਪੁਛਿਆ, "ਉਹ ਕਿਸ ਤਰ੍ਹਾਂ? ਪਹਾੜ ਕਿਸ ਤਰ੍ਹਾਂ ਗੱਲਾਂ ਕਰ ਸਕਦੇ ਹਨ?" ਉਨ੍ਹਾਂ ਨੇ ਉਤਰ ਦਿਤਾ, "ਤੂੰ ਪਹਾੜਾਂ ਵਿਚ ਜੰਮਿਆ ਪਲਿਆ ਹੈਂ ਭਾਵ ਇਹ ਹੋਇਆ ਹਮੇਸ਼ਾ ਦੀ ਤਰ੍ਹਾਂ ਦੀਵੇ ਤਲੇ ਅੰਧੇਰਾ, ਇਕ ਗੱਲ ਯਾਦ ਰੱਖ ਇਹ ਪਹਾੜ ਪਵਿੱਤਰ ਹਨ, ਇਹ ਜਗਿਆਸੂ ਲਈ ਅਧਿਆਤਮਕ ਵਾਤਾਵਰਣ ਪੈਦਾ ਕਰਦੇ ਹਨ, ਇਹ ਤਾਂ ਸਾਰਿਆਂ ਨੂੰ ਆਪਣਾ ਸੁਹੱਪਣ ਦਿਖਾਉਂਦੇ ਹਨ ਪਰ ਉਨ੍ਹਾਂ ਲਈ ਹੀ ਇਹ ਸੋਹਣੇ ਹਨ ਜਿਹੜੇ ਦੇਖ ਸਕਣ, ਤੂੰ ਇਨ੍ਹਾਂ ਦੇਵਤਿਆਂ ਨੂੰ ਸਰ੍ਹਾਣਾ ਭੁੱਲ ਗਿਆ ਹੈ, ਉਹ ਇਨ੍ਹਾਂ ਬਰਫ ਨਾਲ ਢਕੇ ਪਹਾੜਾਂ ਦੇ ਗੁਣ ਗਾਉਂਦੇ ਹੀ ਰਹੇ।

ਮੈਂ ਉਨ੍ਹਾਂ ਨਾਲ ਥੋੜ੍ਹੇ ਦਿਨ ਰਿਹਾ, ਮੈਂ ਸ਼ਾਮਾਦੇਵੀ ਚਲਾ ਗਿਆ ਜਿਹੜੀ ਕੇਸਰਾ ਦੇਵੀ ਤੋਂ ਤੀਹ ਮੀਲ ਦੂਰ ਸੀ। ਉਥੇ ਇਕ ਸਵਾਮੀ ਕਲਾ ਸ਼ਕਤੀ ਮੰਦਰ ਵਿਚ ਰਹਿੰਦਾ ਸੀ, ਮੈਂ ਉਸ ਨਾਲ ਥੋੜ੍ਹੀ ਦੇਰ ਰਹਿਣਾ ਚਾਹੁੰਦਾ ਸੀ, ਮੇਰੀ ਪਹੁੰਚ ਤੋਂ ਥੋੜ੍ਹੀ ਦੇਰ ਬਾਦ ਹੀ ਨਾਨਤੈਨ ਬਾਬਾ ਹਿਮਾਲੀਆ ਦਾ ਬਹੁਤ ਚੰਗਾ ਸਾਧੂ ਵੀ ਓਥੇ ਪਹੁੰਚ ਗਿਆ। ਪਹਿਲੇ ਮੈਂ ਉਸ ਨਾਲ ਬਾਰੇਸਵਰ ਅਤੇ ਰਾਮਗੜ੍ਹ ਦੀਆਂ ਗੁਫਾ ਵਿਚ ਨਾਲ ਰਿਹਾ ਹੋਇਆ ਸੀ, ਜਿਹੜੇ ਸਵਾਮੀ ਸ਼ਕਤੀ ਮੰਦਰ ਵਿਚ ਰਹਿੰਦੇ ਸਨ ਉਹ ਇਹ ਦਸਦੇ ਸਨ ਕਿ ਮੈਂ ਸੰਮਬਾਰੀ ਬਾਬਾ ਦਾ ਚੇਲਾ ਹਾਂ, ਉਹ ਬਹੁਤ ਉਚੇ ਮਹਾਤਮਾ ਹੋਏ ਹਨ, ਕੋਈ ਚਾਲੀ ਸਾਲ ਪਹਿਲੇ ਉਨ੍ਹਾਂ ਦਿਨਾਂ ਵਿਚ ਸੰਮਬਾਰੀ ਬਾਬਾ ਤੇ ਹਰੀਆਖਾਨ ਬਾਬਾ ਬਹੁਤ ਵਾਰੀ ਇਕੱਠੇ ਦੇਖੇ ਜਾਂਦੇ ਸਨ। ਮੇਰੇ ਗੁਰੂਦੇਵ ਤੇ ਹਰੀਆਖਾਨ ਬਾਬਾ ਇਕੋ ਗੁਰੂ ਦੇ ਸ਼ਿਸ਼ ਸਨ, ਦੋਨੋਂ ਭਾਰਤ ਵਿਚ ਜੰਮੇ ਪਰ ਆਮ ਤੌਰ ਤੇ ਤਿੱਬਤ ਵਿਚ ਹੀ ਰਹੇ। ਸੋ ਮੇਰੇ ਗੁਰੂਦੇਵ ਤੇ ਹਰੀਆਖਾਨ ਬਾਬਾ ਨੂੰ ਬਾਬਾ ਜੀ ਹੀ ਕਿਹਾ ਜਾਂਦਾ ਸੀ ਇਸ ਪਿਆਰ ਭਰੇ ਸ਼ਬਦ ਦਾ ਅਰਥ ਹੈ ਦਾਦਾ ਜੀ ਤੇ ਆਮ ਤੌਰ ਤੇ ਬੁੱਢੇ ਸੰਤਾਂ ਲਈ ਵਰਤਿਆ ਜਾਂਦਾ ਹੈ। ਅੱਜ ਵੀ ਜੇ ਤੁਸੀਂ ਜਾਓ ਤਾਂ ਨੈਪਾਲ, ਨੈਨੀਤਾਲ, ਕਾਸ਼ੀਪੁਰ ਤੇ ਅਲਮੋੜਾ ਤੁਹਾਨੂੰ ਕੋਈ ਨਾ ਕੋਈ ਜ਼ਰੂਰ ਇਨ੍ਹਾਂ ਮਹਾਤਮਾ ਦੀਆਂ ਬਾਤਾਂ ਸੁਣਾਏਗਾ ਕਿ ਉਹ ਕਿੰਨੀਆਂ ਰਿਧੀਆਂ ਸਿਧੀਆਂ ਦੇ ਮਾਲਕ ਸਨ, ਕਿੰਨੀਆਂ ਅਧਿਆਤਮਕ ਸ਼ਕਤੀਆਂ ਦੇ ਮਾਲਕ ਕਿੰਨੀਆਂ ਕਰਾਮਾਤਾਂ ਕਰ ਸਕਦੇ ਸਨ। ਜਦੋਂ ਅਸੀਂ ਉਥੇ ਸੀ ਤਾਂ ਜਿਥੇ ਅਸੀਂ ਠਹਿਰੇ ਸੀ ਉਹ ਕਿੰਨੀ ਦੇਰ ਗੁਰੂਦੇਵ ਦੀਆਂ ਗੱਲਾਂ ਕਰਦਾ ਰਿਹਾ।

ਜਿਸਦੇ ਘਰ ਅਸੀਂ ਠਹਿਰੇ ਸੀ ਉਹ ਇਕ ਸਿੱਧ ਸੀ ਉਸ ਨੂੰ ਰੋਗ ਠੀਕ ਕਰਨ ਲਈ ਜਾਣਿਆ ਜਾਂਦਾ ਸੀ, ਜਦੋਂ ਵੀ ਕੋਈ ਮੰਦਰ ਆਉਣ ਲਗਦਾ ਉਸ ਨੂੰ ਪਤਾ ਹੁੰਦਾ, ਕੌਣ ਆ ਰਿਹਾ ਹੈ, ਬਿਨਾਂ ਜਾਣੇ ਉਹ ਅਜਨਬੀਆਂ ਨੂੰ ਨਾਂ ਨਾਲ ਬੁਲਾ ਲੈਂਦਾ ਸੀ, ਉਸ ਨੂੰ ਇਹ ਚੰਗਾ ਨਹੀਂ ਲਗਦਾ ਸੀ ਕਿ ਕੋਈ ਉਸ ਨੂੰ ਤੰਗ ਕਰੇ ਇਸ ਕਰਕੇ ਉਹ ਕਦੀ ਕਦੀ ਗੁੱਸੇ ਹੋਣ ਦਾ ਡਰਾਮਾ ਕਰਿਆ ਕਰਦਾ ਸੀ ਪਰ ਅੰਦਰੋਂ ਬੜਾ ਹੀ ਕੋਮਲ ਦਿਲ ਸੀ, ਪਿੰਡ ਦੇ ਲੋਕੀ ਉਸ ਨੂੰ ਦੁਰਬਾਸ਼ਾ ਕਹਿੰਦੇ ਸਨ (ਦੁਰਬਾਸ਼ਾ ਰਿਸ਼ੀ ਗੁੱਸੇ ਵਾਲੇ ਸੀ ਤੇ ਸਰਾਪ ਹੀ ਦਿੰਦੇ ਸਨ) ਉਹ ਇਕ ਪੁਰਾਤਨ ਰਸਮ ਕਰਿਆ ਕਰਦੇ ਸਨ ਜਿਸ ਨੂੰ ਪੰਚਾਗਨੀ ਸਿੱਧੀ ਕਹਿੰਦੇ ਹਨ, ਉਸ ਤੋਂ ਭਾਵ ਹੈ ਪੰਜਾਂ ਇੰਦ੍ਰੀਆਂ ਤੇ ਕਾਬੂ ਪਾਉਣਾ, ਉਹ ਅੰਤਰ ਬਾਹਰ ਦੋਨੋਂ ਤਪ ਕਰਦਾ ਸੀ, ਉਹ ਕਹਿੰਦੇ ਸੀ, ਰੱਬ ਅੱਗ ਹੈ ਤੇ ਕੋਈ ਕੁਝ ਕਹੇ ਸਹੀ ਉਨ੍ਹਾਂ ਦੀ ਵਿਆਖਿਆ ਸ਼ੁਰੂ ਹੋ ਜਾਂਦੀ ਸੀ।

ਇਨ੍ਹਾਂ ਮਹਾਂਪੁਰਖਾਂ ਨੇ ਮੈਨੂੰ ਚੰਦਰ ਵਿਗਿਆਨ ਤੇ ਬਹੁਤ ਸਾਰੇ ਸਬਕ ਦਿਤੇ ਜਿਹੜੇ ਮੈਨੂੰ ਅਜੇ ਵੀ ਯਾਦ ਹਨ ਭਾਵੇਂ ਜੋ ਉਨ੍ਹਾਂ ਨੇ ਦਸਿਆ ਮੈਂ ਉਸ ਦਾ ਕਦੇ ਅਭਿਆਸ ਕਰਨ ਲਈ ਬਹੁਤ ਛੋਟਾ ਸੀ। ਇਸ ਵਿਗਿਆਨ ਨਾਲ ਰੋਗੀ ਠੀਕ ਹੁੰਦੇ ਹਨ ਇਸ ਵਿਸ਼ੇ ਤੇ ਖਿਲਰਿਆ ਅਭਿਆਸ ਇਕੱਠਾ ਕਰਕੇ ਮੈਂ ਇਸ ਤੇ ਇਕ ਚਿਕਿਤਸਾਲਾ ਖੋਲ੍ਹਣੀ ਚਾਹੁੰਦਾ ਸੀ ਪਰ ਗੁਰੂਦੇਵ ਨੇ ਮਨ੍ਹਾਂ ਕਰ ਦਿਤਾ। ਉਨ੍ਹਾਂ ਨੇ ਕਿਹਾ ਇਹ ਵੱਡੇ ਮੰਤਵ ਤੋਂ ਥਿੜਕ ਜਾਵੇਗਾ, ਜਦੋਂ ਵੀ ਮੈਂ ਗਾਉਂਦਾ, ਕੋਈ ਕਵਿਤਾ ਲਿਖਦਾ ਜਾਂ ਕੋਈ ਪੇਂਟਿੰਗ ਕਰਦਾ ਉਹ ਸਦਾ ਮੈਨੂੰ ਕਹਿੰਦੇ, ਇਹ ਨਾ ਕਰਿਆ ਕਰ, ਇਹ ਤੇਰੇ ਲਈ ਵਿਘਨ ਹਨ। ਉਹ ਕਹਿੰਦੇ, ਚੁੱਪ ਰਿਹਾ ਕਰ, ਉਹ ਕਹਿੰਦੇ ਚੁੱਪ ਦੀ ਅਵਾਜ਼ ਬਹੁਤ ਉਚੀ ਹੈ, ਇਹ ਅਵਾਜ਼ ਸਭ ਤੋਂ ਉਚੀ ਹੈ, ਇਹ ਚੇਤਨਤਾ ਦੇ ਸਾਰੇ ਪਧਰਾਂ ਤੋਂ ਉਚੀ ਹੈ, ਸਾਰੀਆਂ ਆਵਾਜ਼ਾਂ ਤੋਂ ਉਚੀ ਹੈ, ਚੁੱਪ ਦੀ ਅਵਾਜ਼ ਸੁਣਨ ਦੀ ਕੋਸ਼ਿਸ਼ ਕਰੋ, ਸਾਸ਼ਤਰਾਂ ਤੇ ਬਹਿਸ ਕਰਨ ਨਾਲੋਂ ਮਹਾਤਮਾ ਨਾਲ ਸਵਾਲ ਜਵਾਬ ਕਰਨ ਨਾਲੋਂ ਉਨ੍ਹਾਂ ਦੀ ਹਜ਼ੂਰੀ ਮਾਣੋ, ਤੁਸੀਂ ਸਫਰ ਤੇ ਹੋ, ਬਹੁਤ ਦੇਰ ਕਿਸੇ ਇਕ ਜਗ੍ਹਾ ਨਾ ਰੁਕੋ ਨਾ ਕਿਸੇ ਇਕ ਨਾਲ ਮੋਹ ਪਾਓ, ਚੁੱਪ ਤੁਹਾਨੂੰ ਉਹ ਦੇਵੇਗਾ ਜੋ ਸੰਸਾਰ ਦੀ ਕੋਈ ਚੀਜ਼ ਨਹੀਂ ਦੇ ਸਕਦਾ।

ਜਦੋਂ ਮੈਂ ਸ਼ਾਮਾ ਦੇਵੀ ਤੋਂ ਚਲਿਆ, ਮੈਂ ਆਪਣੇ ਪਹਾੜ ਵਾਪਸ ਆ ਗਿਆ ਬੁੱਢੇ ਕਿਦਾਰ ਪਿੰਡ ਦੇ ਲੋਕਾਂ ਨੇ ਮੇਰੇ ਲਈ ਪੱਥਰ ਦਾ ਇਕ ਘਰ ਬਣਾ ਦਿਤਾ, ਜਿਥੇ ਜਾ ਕੇ ਮੈਂ ਚੁੱਪ ਕਰਕੇ ਬੈਠਦਾ, ਅੱਜ ਵੀ ਉਹ ਘਰ 6000 ਫੁੱਟ ਦੀ ਉਚਾਈ ਤੇ ਖੜ੍ਹਾ ਹੈ ਉਥੋਂ ਮੈਨੂੰ ਹਿਮਾਲਿਆ ਦਾ ਸੋਹਣਾ ਦ੍ਰਿਸ਼ ਦਿਸਦਾ ਸੀ, ਕਦੀ ਕਦੀ ਕੋਈ ਫਿਰਦਾ ਤੁਰਦਾ ਯੋਗੀ ਆ ਨਿਕਲੇ ਤਾਂ

ਚੁੱਪ ਟੁੱਟ ਜਾਂਦੀ ਸੀ, ਉਹ ਬੂਹਾ ਖੜ੍ਹਕਾ ਦਿੰਦਾ, ਬਹੁਤ ਘਟ ਜਗਿਆਸੂ ਹੀ ਹਿਮਾਲੀਆ ਜਾਂਦੇ ਹਨ, ਮੁਸਾਫਰ ਤਾਂ ਸੜਕਾਂ ਤੇ ਹੀ ਰਹਿੰਦੇ ਹਨ ਜਾਂ ਮੰਦਰਾਂ ਵਿਚ ਚਲੇ ਜਾਂਦੇ ਹਨ ਜਾਂ ਹੋਰ ਰੌਚਕ ਥਾਵਾਂ ਤੇ ਚਲੇ ਜਾਂਦੇ ਹਨ ਪਰ ਸੱਚਾ ਜਗਿਆਸੂ ਇਨ੍ਹਾਂ ਥਾਵਾਂ ਤੇ ਨਹੀਂ ਜਾਂਦਾ, ਉਹ ਤਾਂ ਉਜਾੜ ਭਾਲਦਾ ਹੈ, ਗੁਫਾ ਭਾਲਦਾ ਹੈ ਸੰਤਾਂ ਦਾ ਨਿਵਾਸ ਭਾਲਦਾ ਹੈ। ਹਿਮਾਲੀਆ ਪਹਾੜ 1500 ਮੀਲ ਚੀਨ ਤੋਂ ਲੈ ਕੇ ਪਾਕਿਸਤਾਨ ਤਕ ਫੈਲਿਆ ਹੋਇਆ ਹੈ, ਇਹ ਸੰਸਾਰ ਦੇ ਸਭ ਤੋਂ ਉਚੇ ਪਹਾੜ ਹਨ ਭਾਵੇਂ ਹੋਰ ਵੀ ਪਹਾੜਾਂ ਦੀਆਂ ਚੋਟੀਆਂ ਹਨ, ਜਿਹੜੀਆਂ ਬੜੀਆਂ ਸੋਹਣੀਆਂ ਹਨ ਪਰ ਹਿਮਾਲੀਆ ਦੀ ਇਕ ਵਿਲੱਖਣਤਾ ਹੈ ਇਕ ਤਾਂ ਅਧਿਆਤਮਕ ਵਾਤਾਵਰਣ, ਦੂਸਰਾ ਗਿਆਨੀ ਸੰਤਾਂ ਮਹਾਤਮਾ ਦੇ ਦਰਸ਼ਨ ਤੇ ਮਿਲਾਪ ਜਿਨ੍ਹਾਂ ਨੇ ਹਿਮਾਲੀਆ ਨੂੰ ਆਪਣਾ ਘਰ ਬਣਾ ਲਿਆ ਹੈ।

## ਗੁਰੂ ਕ੍ਰਿਪਾ

(ਹੁਣ ਤਕ ਅਸੀਂ ਇਸ ਪੁਸਤਕ ਦੇ ਗਿਆਰ੍ਹਾਂ ਭਾਗ ਖਤਮ ਕਰ ਆਏ ਹਾਂ ਜਿਸ ਵਿਚ ਸਵਾਮੀ ਜੀ ਨੇ ਵੱਖ-ਵੱਖ ਤੱਤ ਦੱਸੇ ਹਨ। ਇਸ ਭਾਗ ਵਿਚ ਸਵਾਮੀ ਜੀ ਸਾਨੂੰ ਗੁਰੂ ਕ੍ਰਿਪਾ ਤੇ ਦਸ ਰਹੇ ਹਨ। ਮੈਨੇਜਿੰਗ ਐਡੀਟਰ)

ਸੰਪੂਰਨਤਾ ਮਾਨਵ ਜੀਵਨ ਦਾ ਲਕਸ਼ ਹੈ ਪਰ ਮਾਨਸਿਕ ਪਰਿਆਸ ਬੜਾ ਸੀਮਤ ਹੁੰਦਾ ਹੈ, ਅਨੰਦ ਕੇਵਲ ਮਾਨਵ ਦੀ ਜੱਦੋ ਜਹਿਦ ਨਾਲ ਨਹੀਂ ਆਉਂਦਾ, ਇਹ ਕੇਵਲ ਗੁਰੂ ਕ੍ਰਿਪਾ ਨਾਲ ਹੀ ਆਉਂਦਾ ਹੈ, ਵਡਭਾਗੇ ਹਨ ਜੋ ਗੁਰੂ ਕ੍ਰਿਪਾ ਤੇ ਵਾਹਿਗੁਰੂ ਕ੍ਰਿਪਾ ਦੇ ਪਾਤਰ ਬਣਦੇ ਹਨ।

## ਗੁਰੂ ਗਿਆਨ ਦਾ ਸੋਮਾ ਹੈ -

ਗੁਰੂ ਸ਼ਬਦ ਦੀ ਵਰਤੋਂ ਬੜੀ ਹੀ ਗਲਤ ਹੁੰਦੀ ਹੈ। ਮੈਨੂੰ ਬਹੁਤ ਵਾਰੀ ਬੜਾ ਦੁਖ ਹੁੰਦਾ ਹੈ, ਇਹ ਐਨਾ ਸ੍ਰੇਸ਼ਟ ਸ਼ਬਦ ਹੈ, ਐਨਾ ਸੋਹਣਾ ਸ਼ਬਦ ਹੈ, ਜਦੋਂ ਤੁਹਾਡੀ ਮਾਂ ਤੁਹਾਨੂੰ ਜਨਮ ਦੇ ਦਿੰਦੀ ਹੈ, ਮਾਂ ਪਿਓ ਪਾਲ ਪੋਸ ਦਿੰਦੇ ਹਨ ਫੇਰ ਗੁਰੂ ਦਾ ਕੰਮ ਸ਼ੁਰੂ ਹੁੰਦਾ ਹੈ, ਗੁਰੂ ਤੁਹਾਡੇ ਜੀਵਨ ਦਾ ਮਨੋਰਥ ਪੂਰਾ ਕਰਦਾ ਹੈ, ਭਾਵੇਂ ਮੈਂ ਕਿੰਨਾਂ ਭੈੜਾ ਕਿਉਂ ਨਾ ਹੋਵਾਂ ਜਦੋਂ ਮੈਨੂੰ ਕੋਈ ਗੁਰੂ ਕਹਿ ਦਿੰਦਾ ਹੈ, ਮੈਨੂੰ ਸਰੇਸ਼ਠ ਉਚਾ ਬਣਨਾ ਹੀ ਪੈਂਦਾ ਹੈ, ਉਸ ਦੀ ਖਾਤਰ ਜਿਹੜਾ ਮੇਰੇ ਤੇ ਆਸ ਰਖਦਾ ਹੈ, ਗੁਰੂ ਅਧਿਆਪਕ ਨਾਲੋਂ ਵਖਰਾ ਹੈ। ਗੁਰੂ ਸ਼ਬਦ ਦੋ ਸ਼ਬਦਾਂ ਨੂੰ ਮਿਲਾ ਕੇ ਬਣਿਆ ਹੈ ਗੁ+ਰੂ ਗੁ ਤੋਂ ਭਾਵ ਹੈ ਹਨ੍ਹੇਰਾ ਰੂ ਤੋਂ ਭਾਵ ਹੈ ਚਾਨਣ, ਉਹ ਜਿਹੜਾ ਹਨ੍ਹੇਰਾ ਦੂਰ ਕਰਕੇ ਚਾਨਣ ਦੇਵੇ, ਪੱਛਮ ਵਿਚ ਗੁਰੂ ਸ਼ਬਦ ਬੜਾ ਗਲਤ ਤਰੀਕੇ ਨਾਲ ਵਰਤਿਆ ਜਾਂਦਾ ਹੈ, ਭਾਰਤ ਵਿਚ ਇਹ ਸ਼ਬਦ ਬੜੀ ਸ਼ਰਧਾ ਨਾਲ ਵਰਤਿਆ ਜਾਂਦਾ ਹੈ, ਹਮੇਸ਼ਾ ਇਸ ਨੂੰ ਮਹਾਂਪੁਰਖ ਲਈ ਤੇ ਬ੍ਰਹਮਗਿਆਨੀ ਲਈ ਵਰਤਿਆ ਜਾਂਦਾ ਹੈ। ਇਹ ਬਹੁਤ ਹੀ ਪਵਿੱਤਰ ਸ਼ਬਦ ਹੈ, ਇਹ ਆਪਣੇ ਆਪ ਵਿਚ ਘੱਟ ਹੀ ਵਰਤਿਆ ਜਾਂਦਾ ਹੈ। ਇਸ ਤੋਂ ਪਹਿਲਾਂ ਦੇਵ ਲਗਾਇਆ ਜਾਂਦਾ ਹੈ ਜਾਂ ਅੰਤ ਵਿਚ ਜੀ ਲਗਾਇਆ ਜਾਂਦਾ ਹੈ। ਦੇਵ ਤੋਂ ਭਾਵ ਹੈ, ਮਹਾਂਪੁਰਖ, ਪਹੁੰਚੇ ਹੋਏ ਮਹਾਂਪੁਰਖਾਂ ਨੂੰ ਹੀ ਗੁਰੂਦੇਵ ਕਿਹਾ ਜਾਂਦਾ ਹੈ।

ਇਕ ਅਧਿਆਤਮਕ ਅਤੇ ਰੂਹਾਨੀ ਗੁਰੂ ਵਿਚ ਬਹੁਤ ਅੰਤਰ ਹੁੰਦਾ ਹੈ, ਗੁਰੂ ਦੇ ਸਾਰੇ ਸ਼ਿਸ਼ ਉਸ ਲਈ ਛੋਟਿਆਂ ਬੱਚਿਆਂ ਦੀ ਤਰ੍ਹਾਂ ਹੁੰਦੇ ਹਨ, ਉਹ ਉਨ੍ਹਾਂ ਨੂੰ ਖੁਆਏਗਾ, ਪੜ੍ਹਾਏਗਾ, ਰਖੇਗਾ ਬਿਨਾਂ ਕਿਸੇ ਉਮੀਦ ਦੇ। ਮੈਂ ਗੁਰੂਦੇਵ ਨੂੰ ਪੁਛਿਆ, ਉਹ ਇਹ ਸਭ ਕੁਝ ਕਿਉਂ ਕਰਦੇ ਹਨ?

ਜਦੋਂ ਕੋਈ ਸ਼ਿਸ਼ ਗੁਰੂ ਕੋਲ ਜਾਂਦਾ ਹੈ ਉਹ ਸੁੱਕੀਆਂ ਲੱਕੜਾਂ ਦਾ ਗੱਠਾ ਲੈ ਜਾਂਦਾ ਹੈ, ਬੜੇ ਸਤਿਕਾਰ ਨਾਲ ਉਹ ਮੱਥਾ ਟੇਕਦਾ ਹੈ ਤੇ ਕਹਿੰਦਾ ਹੈ ਇਹ ਮੈਂ ਆਪ ਜੀ ਨੂੰ ਭੇਟਾ ਕਰਦਾ ਹਾਂ, ਆਪਣੇ ਆਪ ਨੂੰ ਸਮਰਪਿਤ ਕਰਦਾ ਹਾਂ। ਆਪਣੀ ਪੂਰੀ ਸੋਚਣੀ, ਕਥਨੀ, ਕਰਨੀ ਨਾਲ, ਕੇਵਲ ਇਹ ਹੀ ਇੱਛਾ ਮੇਰੀ ਹੈ ਗਿਆਨ ਪ੍ਰਾਪਤ ਕਰਨਾ, ਗੁਰੂ ਉਹ ਲੱਕੜੀਆਂ ਫੂਕ ਦਿੰਦਾ ਹੈ ਤੇ ਕਹਿੰਦਾ ਹੈ ਹੁਣ ਅੱਗੇ ਤੋਂ ਮੈਂ ਤੇਰਾ ਪੱਥ ਪਰਦਰਸ਼ਨ ਕਰਾਂਗਾ ਤੇ ਤੇਰੀ ਰੱਖਿਆ ਕਰਾਂਗਾ। ਫੇਰ ਗੁਰੂ ਸਮੇਂ-ਸਮੇਂ ਉਸ ਨੂੰ ਰਾਹੇ ਪਾਉਂਦਾ ਰਹਿੰਦਾ ਹੈ ਤੇ ਉਸ ਨੂੰ ਸੰਜਮ ਤੇ ਅਭਿਆਸ ਦਸਦਾ ਹੈ। ਇਹ ਐਨਾ ਪਵਿੱਤਰ ਰਿਸ਼ਤਾ ਹੈ ਮੈਂ ਨਹੀਂ ਸੋਚਦਾ ਹੋਰ ਕੋਈ ਰਿਸ਼ਤਾ ਐਨਾ ਪਵਿੱਤਰ ਹੋ ਸਕਦਾ ਹੈ, ਜੋ ਕੁਝ ਵੀ ਗੁਰੂ ਦਾ ਹੁੰਦਾ ਹੈ, ਮਨ ਸਰੀਰ ਆਤਮਾ ਉਹ ਸ਼ਿਸ਼ ਦੀ ਹੀ ਹੁੰਦੀ ਹੈ, ਪਰ ਜੇ ਉਸਦੀ ਕੋਈ ਬੁਰੀ ਆਦਤ ਹੁੰਦੀ ਹੈ ਉਹ ਉਸ ਦੀ ਆਪਣੀ ਹੀ ਹੁੰਦੀ ਹੈ।

ਗੁਰੂ ਸ਼ਬਦ ਦਿੰਦਾ ਹੈ ਤੇ ਕਹਿੰਦਾ ਹੈ, ਇਹ ਤੇਰਾ ਅੰਤ ਤਕ ਦਾ ਮਿਤਰ ਹੈ, ਇਹ ਚੇਤੇ ਰਖ। ਇਹ ਹਰ ਥਾਂ ਤੇਰੀ ਸਹਾਇਤਾ ਕਰੇਗਾ, ਇਸ ਨੂੰ ਮੰਤਰ ਦੀਖਿਆ ਕਹਿੰਦੇ ਹਨ। ਫੇਰ ਉਹ ਦਸਦਾ ਹੈ ਕਿ ਮੰਤਰ ਨੂੰ ਕਿਵੇਂ ਜਪਣਾ ਹੈ, ਸਾਰੀਆਂ ਔਕੜਾਂ ਵੀ ਦੂਰ ਕਰਦਾ ਹੈ ਕਿਉਂਕਿ ਸ਼ਿਸ਼ ਦੀਆਂ ਇੱਛਾਵਾਂ ਹੁੰਦੀਆਂ ਹਨ, ਔਕੜਾਂ ਹੁੰਦੀਆਂ ਹਨ ਉਸ ਨੂੰ ਇਹ ਪਤਾ ਨਹੀਂ ਹੁੰਦਾ ਤੇ ਨਿਰਣਾ ਨਹੀਂ ਲੈ ਸਕਦਾ, ਗੁਰੂ ਦਸਦਾ ਹੈ ਨਿਰਣਾ ਕਿਵੇਂ ਕਰਨਾ ਹੈ, ਸ਼ਾਂਤ ਕਿਵੇਂ ਰਹਿਣਾ ਹੈ, ਕਈ ਵਾਰੀ ਤੁਸੀਂ ਬਹੁਤ ਸੋਹਣਾ ਸੋਚਦੇ ਹੋ ਪਰ ਉਸ ਉਤੇ ਅਮਲ ਨਹੀਂ ਕਰਦੇ, ਆਪਣਾ ਮਨ ਇਕਾਗਰ ਕਰੋ, ਗੁਰੂ ਬਹੁਤ ਸ਼ਕਤੀਸ਼ਾਲੀ ਹੈ ਉਸ ਦੀਆਂ ਕ੍ਰਿਪਾਵਾਂ ਸ਼ਿਸ਼ ਦੇ ਨਾਲ ਹਨ।

ਤੁਸੀਂ ਗੁਰੂ ਲਈ ਕੁਝ ਕਰਨਾ ਚਾਹੋ ਤੁਸੀਂ ਨਹੀਂ ਕਰ ਸਕਦੇ। ਉਸ ਨੂੰ ਕੁਝ ਨਹੀਂ ਚਾਹੀਦਾ, ਉਹ ਅਤਿ ਦਿਆਲੂ ਹੈ, ਕ੍ਰਿਪਾਲੂ ਹੈ ਤੁਸੀਂ ਹੈਰਾਨ ਹੋ ਜਾਂਦੇ ਹੋ, ਤੁਸੀਂ ਸੋਚਦੇ ਹੋ ਇਹ ਮੇਰੇ ਲਈ ਐਨਾ ਕੁਝ ਕਿਉਂ ਕਰ ਰਿਹਾ ਹੈ। ਇਹ ਮੇਰੇ ਕੋਲੋਂ ਕੀ ਚਾਹੁੰਦਾ ਹੈ? ਉਸ ਨੂੰ ਕੁਝ ਨਹੀਂ ਚਾਹੀਦਾ, ਉਹ ਜੋ ਕੁਝ ਵੀ ਕਰ ਰਿਹਾ ਹੈ ਉਹ ਆਪਣੀ ਡਿਊਟੀ ਕਰ ਰਿਹਾ ਹੈ, ਜੋ ਉਨ੍ਹਾਂ ਦੇ ਜੀਵਨ ਦਾ ਉਦੇਸ਼ ਹੈ, ਜੇ ਉਹ ਤੁਹਾਡਾ ਪੱਥ ਪਰਦਰਸ਼ਨ ਕਰ ਰਿਹਾ ਹੈ, ਉਹ ਤੁਹਾਡੇ ਤੇ ਅਹਿਸਾਨ ਨਹੀਂ ਕਰ ਰਿਹਾ, ਉਹ ਤਾਂ ਕੇਵਲ ਆਪਣਾ ਹੀ ਕੰਮ ਕਰ ਰਿਹਾ ਹੈ, ਉਹ ਆਪਣਾ ਕਰਮ ਕੀਤੇ ਬਿਨਾਂ ਰਹਿ ਹੀ ਨਹੀਂ ਸਕਦਾ।

ਇਹੋ ਜਿਹੇ ਮਹਾਂਪੁਰਖਾਂ ਨੂੰ ਗੁਰੂ ਕਿਹਾ ਜਾਂਦਾ ਹੈ, ਉਹ ਮਾਨਵਤਾ ਨੂੰ ਰਾਹ ਦਿਖਾਉਂਦੇ ਹਨ ਜਿਵੇਂ ਸੂਰਜ ਚਮਕਦਾ ਹੈ ਬੜੀ ਦੂਰ ਤੋਂ, ਗੁਰੂ ਜਨ ਆਪਣਾ ਪਿਆਰ ਦਿੰਦੇ ਹਨ,

ਨਿਸ਼ਕਾਮ ਰਹਿੰਦੇ ਹਨ, ਗੁਰੂ ਕਦੀ ਸਰੀਰ ਨਹੀਂ ਹੋਇਆ ਕਰਦਾ, ਜਿਹੜੇ ਗੁਰੂ ਨੂੰ ਦੇਹ ਸਮਝਦੇ ਹਨ ਉਹ ਇਸ ਪਵਿੱਤਰ ਸ਼ਬਦ ਨੂੰ ਸਮਝਦੇ ਹੀ ਨਹੀਂ। ਜੇ ਗੁਰੂ ਇਹ ਸਮਝਣ ਲਗ ਪਵੇ ਕਿ ਉਸ ਦੀ ਸ਼ਕਤੀ ਉਸ ਦੀ ਆਪਣੀ ਹੈ, ਫੇਰ ਉਹ ਗੁਰੂ ਰਹਿੰਦਾ ਹੀ ਨਹੀਂ। ਗੁਰੂ ਇਕ ਪਰੰਪਰਾ ਹੈ, ਗਿਆਨ ਦਾ ਸਾਗਰ ਹੈ। ਈਸਾ ਜੀ ਵੀ ਜਦੋਂ ਲੋਕਾਂ ਨੂੰ ਠੀਕ ਕਰਦੇ ਸਨ ਲੋਕ ਉਨ੍ਹਾਂ ਨੂੰ ਰੱਬ ਕਹਿ ਕੇ ਪੁਕਾਰਦੇ ਸੀ। ਈਸਾ ਜੀ ਕਹਿੰਦੇ ਇਹ ਮੇਰੇ ਪਰਮ ਪਿਤਾ ਦੀ ਕ੍ਰਿਪਾ ਹੈ, ਮੈਂ ਤਾਂ ਇਕ ਕਾਰਨ ਹਾਂ।"

ਕੋਈ ਵੀ ਮਨੁੱਖ ਕਦੀ ਗੁਰੂ ਨਹੀਂ ਬਣ ਸਕਦਾ ਪਰ ਜਦੋਂ ਕੋਈ ਆਪਣੇ ਆਪ ਨੂੰ ਮਾਧਿਅਮ ਬਣਾਉਣਾ ਮੰਨ ਲੈਂਦਾ ਹੈ ਕਿ ਉਸ ਦੇ ਰਾਹੀਂ ਉਸ ਇਕ ਦੀ ਸ਼ਕਤੀ ਅੱਗੇ ਵੰਡੀ ਜਾ ਸਕਦੀ ਹੈ ਉਦੋਂ ਹੀ ਇਹ ਹੁੰਦਾ ਹੈ। ਉਸ ਲਈ ਨਿਸੁਆਰਥੀ ਹੋਣਾ ਪੈਂਦਾ ਹੈ, ਪਿਆਰ ਤੇ ਸੁਆਰਥ ਦੋਨੋਂ ਇਕ ਨਹੀਂ ਹੁੰਦੇ ਕਿਉਂਕਿ ਮੈਨੂੰ ਕੁਝ ਚਾਹੀਦਾ ਹੁੰਦਾ ਹੈ, ਇਸੇ ਕਰਕੇ ਮੈਂ ਕਹਿੰਦਾ ਹਾਂ, ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਤੁਹਾਨੂੰ ਕੁਝ ਚਾਹੀਦਾ ਹੈ, ਤੁਸੀਂ ਕਹਿੰਦੇ ਹੋ, ਤੁਸੀਂ ਮੈਨੂੰ ਪਿਆਰ ਕਰਦੇ ਹੋ ਸੰਸਾਰ ਇਸੇ ਨੂੰ ਹੀ ਪਿਆਰ ਕਹਿੰਦਾ ਹੈ ਪਰ ਜਦੋਂ ਤੁਸੀਂ ਨਿਸੁਆਰਥੀ ਹੋ ਕੇ ਕਰਮ ਕਰਦੇ ਹੋ, ਉਹ ਹੀ ਪਿਆਰ ਹੁੰਦਾ ਹੈ। ਤੁਸੀਂ ਕਿਸੇ ਇਨਾਮ ਦੀ ਆਸ ਨਹੀਂ ਰਖਦੇ, ਸੱਚੇ ਗੁਰੂ ਨਿਸੁਆਰਥ ਤੋਂ ਬਿਨਾਂ ਰਹਿ ਨਹੀਂ ਸਕਦੇ ਕਿਉਂਕਿ ਨਿਸੁਆਰਥ ਪਿਆਰ ਹੀ ਉਨ੍ਹਾਂ ਦੇ ਗਿਆਨ ਦਾ ਧੇਅ ਹੈ। ਉਨ੍ਹਾਂ ਵਿਚ ਜੀਵਨ ਰੌ ਰੁਮਕਦੀ ਹੈ ਸੰਸਾਰ ਦੇ ਕਿਸੇ ਕੋਨੇ ਵਿਚ ਵੀ ਉਹ ਕਿਉਂ ਨਾ ਹੋਣ ਸੰਸਾਰ ਉਨ੍ਹਾਂ ਨੂੰ ਨਹੀਂ ਜਾਣਦਾ ਉਨ੍ਹਾਂ ਨੂੰ ਸੰਸਾਰ ਵਲੋਂ ਮਾਣ ਦੀ ਜ਼ਰਾ ਇੱਛਾ ਨਹੀਂ।

ਤਾਂ ਕਦੀ ਉਸ ਦਾ ਵਿਸ਼ਵਾਸ਼ ਨਾ ਕਰੋ ਜੇ ਕੋਈ ਆ ਕੇ ਕਹੇ, ਮੈਨੂੰ ਪੂਜੋ ਈਸਾ ਜੀ, ਬੁੱਧ ਜੀ ਨੇ ਕਦੀ ਕਿਸੇ ਨੇ ਇਹ ਨਹੀਂ ਕਿਹਾ, ਇਹ ਨਾ ਭੁਲੋ, ਗੁਰੂ ਤੁਹਾਡਾ ਨਿਸ਼ਾਨਾ ਨਹੀਂ ਹੈ ਤੁਹਾਡੀ ਆਖਰੀ ਮੰਜ਼ਲ ਨਹੀਂ ਗੁਰੂ ਤਾਂ ਭਵਜਲ ਤਰਨ ਦੀ ਕਿਸ਼ਤੀ ਹੈ ਚੰਗੀ ਪੱਕੀ ਸੁਰਖਿਅਤ ਕਿਸ਼ਤੀ ਹੋਣੀ ਬੜੀ ਜ਼ਰੂਰੀ ਹੈ ਜਿਹੜੀ ਕਿਸ਼ਤੀ ਕਮਜ਼ੋਰ ਹੋਵੇ ਜਿਸ ਵਿਚ ਦਰਾੜਾਂ ਹੋਣ ਉਹ ਬਹੁਤ ਖਤਰਨਾਕ ਹੋ ਸਕਦੀ ਹੈ ਪਰ ਦਰਿਆ ਟੱਪ ਕੇ ਕਿਸ਼ਤੀ ਨੂੰ ਚੰਮੜੇ ਰਹਿਣ ਦੀ ਲੋੜ ਨਹੀਂ  ਨਾ ਹੀ ਤੁਸੀਂ ਕਿਸ਼ਤੀ ਦੀ ਪੂਜਾ ਕਰਦੇ ਹੋ। ਗੁਰੂ ਆਪ ਪਰਮੇਸ਼ਰ ਹੁੰਦਾ ਹੈ ਗੁਰੂ ਨੂੰ ਸਰੀਰ ਤੋਂ ਉਪਰ ਵੇਖੋ ਉਹ ਪ੍ਰਮੇਸ਼ਰ ਨਾਲ ਮਿਲਾਉਂਦਾ ਹੈ ਅਤੇ ਆਪ ਹੀ ਪ੍ਰਮੇਸ਼ਰ ਹੋਇਆ ਕਰਦਾ ਹੈ।

ਬਹੁਤ ਸਾਰੇ ਕੱਟੜ ਸੋਚਦੇ ਹਨ ਕਿ ਉਹ ਗੁਰੂ ਦੀ ਹੀ ਪੂਜਾ ਕਰਨ, ਗੁਰੂ ਤੁਹਾਡੇ ਸਤਿਕਾਰ ਪਿਆਰ ਦਾ ਪਾਤਰ ਹੈ, ਇਹ ਇਕ ਹੋਰ ਤਰ੍ਹਾਂ ਦੀ ਪੂਜਾ ਹੈ, ਜੇ ਮੇਰੇ ਗੁਰੂ ਤੇ ਰੱਬ ਦੋਨੋਂ ਇਕੱਠੇ ਆ ਜਾਣ, ਮੈਂ ਪਹਿਲਾਂ ਗੁਰੂਦੇਵ ਕੋਲ ਜਾ ਕੇ ਕਹਾਂ ਗੁਰੂਦੇਵ! ਧੰਨਵਾਦ ਬਹੁਤ-ਬਹੁਤ ਧੰਨਵਾਦ। ਤੁਸੀਂ ਮੈਨੂੰ ਪ੍ਰਭੂ ਮਿਲਾ ਦਿਤਾ। ਮੈਂ ਰੱਬ ਨੂੰ ਜਾ ਕੇ ਨਹੀਂ ਕਹਾਂਗਾ। ਪ੍ਰਭੂ ਬਹੁਤ ਧੰਨਵਾਦ ਤੂੰ ਮੈਨੂੰ ਮੇਰਾ ਗੁਰੂਦੇਵ ਦਿਤਾ ਹੈ। ਕਿਉਂਕਿ ਗੁਰੂਦੇਵ ਹੀ ਪ੍ਰਮੇਸ਼ਰ ਹੁੰਦਾ ਹੈ।

## ਇਕ ਰੋਂਦਾ ਬੁੱਤ

ਬਹੁਤ ਵਾਰੀ ਮੈਂ ਉਤਰ ਬਰਿੰਦਾਬਨ ਨਾਮ ਦੇ ਆਸ਼ਰਮ ਹਿਮਾਲੀਆ ਵਿਚ ਜਾਇਆ ਕਰਦਾ ਸੀ ਤੇ ਉਥੇ ਕ੍ਰਿਸ਼ਨਾ ਪ੍ਰੇਮ (Professor Nixon) ਤੇ ਅਨੰਦ ਬਿਖੂ (Sr. Alexander) ਨਾਲ ਮੇਰਾ ਕਾਫੀ ਸਤਿਸੰਗ ਹੁੰਦਾ ਸੀ। ਇਹ ਦੋਨੋਂ ਪੱਛਮੀ ਯੂਰਪ ਤੋਂ ਸੀ ਤੇ ਮਾਂ ਯਸ਼ੋਧਾ ਦੇ ਸ਼ਿਸ਼ ਸਨ। ਇਕ ਉਨ੍ਹਾਂ ਵਿਚੋਂ ਅੰਗ੍ਰੇਜ਼ੀ ਦੇ ਪਰੋਫੈਸਰ ਸਨ ਦੂਸਰੇ ਦਵਾਈਆਂ ਦੇ ਡਾਕਟਰ, ਯਸ਼ੋਧਾ ਮਾਂ ਬੰਗਾਲ ਤੋਂ ਸਨ। ਉਹ ਚੁੱਪ ਚਾਪ ਇਕ ਪਾਸੇ ਰਹਿੰਦੇ ਸਨ ਬਹੁਤੇ ਲੋਕ ਉਨ੍ਹਾਂ ਕੋਲ ਨਹੀਂ ਆਉਂਦੇ ਸਨ। ਉਨ੍ਹਾਂ ਦਿਨਾਂ ਵਿਚ ਕ੍ਰਿਸ਼ਨਾ ਪ੍ਰੇਮ ਦੋ ਪੁਸਤਕਾਂ ਲਿਖ ਰਹੇ ਸਨ ਇਕ ਸੀ, "The yoga of the Bhagvad Gita' ਤੇ ਦੂਸਰੀ ਸੀ "The yoga of the Katho Upanishad ਇਹ ਦੋਨੋਂ ਕਿਤਾਬਾਂ ਬਾਦ ਵਿਚ ਲੰਡਨ ਵਿਚ ਛਪੀਆਂ, ਉਨ੍ਹਾਂ ਕੋਲ ਆਪਣੇ ਗੁਜ਼ਾਰੇ ਲਈ ਕਾਫੀ ਪੈਸੇ ਸਨ। ਉਹ ਕਿਸੇ ਤੇ ਨਿਰਭਰ ਨਹੀਂ ਸੀ। ਉਨ੍ਹਾਂ ਦੇ ਰਹਿਣ ਸਹਿਣ ਦਾ ਤਰੀਕਾ ਬੜਾ ਸਾਦਾ ਤੇ ਸਾਫ ਸੁਥਰਾ ਸੀ, ਉਹ ਖਾਣਾ ਬਨਾਉਣ ਵਿਚ ਬੜੇ ਸਖਤ ਸੀ ਉਹ ਕਿਸੇ ਨੂੰ ਆਪਣੀ ਰਸੋਈ ਵਿਚ ਨਹੀਂ ਸਨ ਆਉਣ ਦਿੰਦੇ।

ਉਦੋਂ ਤਕ ਯਸ਼ੋਧਾ ਮਾਂ ਸਮਾਧੀ ਲੈ ਚੁੱਕੇ ਸਨ। ਉਨ੍ਹਾਂ ਨੇ ਮਾਂ ਦੀ ਯਾਦ ਵਿਚ ਇਕ ਯਾਦਗਾਰ ਬਣਾਈ ਸੀ ਉਸ ਨੂੰ ਸਮਾਧੀ ਕਹਿੰਦੇ ਸਨ, ਉਸ ਦੇ ਉਪਰ ਇਕ ਸੋਹਣੇ ਸੰਗਮਰਮਰ ਦੀ ਕ੍ਰਿਸ਼ਨ ਜੀ ਦੀ ਮੂਰਤੀ ਸਥਾਪਿਤ ਕੀਤੀ ਗਈ ਸੀ। ਥੋੜ੍ਹੀ ਦੇਰ ਬਾਦ ਮੈਂ ਉਨ੍ਹਾਂ ਕੋਲ ਗਿਆ, ਮੈਂ ਦੇਖਿਆ ਕ੍ਰਿਸ਼ਨ ਪ੍ਰੇਮ ਨੇ ਆਪਣੀ ਬਾਂਹ ਤੇ ਕੁਝ ਪਾਇਆ ਹੋਇਆ ਸੀ, ਮੈਂ ਉਸ ਨੂੰ ਪੁਛਿਆ ਉਹ ਕਹਿਣ ਲੱਗਾ, "ਤੁਸੀਂ ਮੰਨੋਗੇ ਨਹੀਂ।"

ਮੈਂ ਕਿਹਾ, "ਦੱਸੋ ਤਾਂ ਸਹੀ।"

ਉਨ੍ਹਾਂ ਨੇ ਜਵਾਬ ਦਿਤਾ, ਤੁਸੀਂ ਸਾਰੀ ਗੱਲ ਨੂੰ ਬੁੱਧੀ ਦੇ ਪੱਧਰ ਤੇ ਪਾ ਦਿੰਦੇ ਹੋ, ਮੈਂ ਸੋਚਦਾ ਹਾਂ ਤੁਸੀਂ ਸੋਚੋਗੇ ਮੈਂ ਕਮਲਾ ਹੋ ਗਿਆ ਪਰ ਮੈਂ ਤੁਹਾਨੂੰ ਦਸ ਦਿੰਦਾ ਹਾਂ, ਅੱਜ ਪੰਦਰਾਂ ਦਿਨ ਹੋਏ ਹਨ ਕ੍ਰਿਸ਼ਨ ਜੀ ਦੀ ਮੂਰਤੀ ਸਥਾਪਤ ਕੀਤਿਆਂ, ਮੂਰਤੀ 'ਚੋਂ ਹੰਝੂ ਵਗ ਰਹੇ ਹਨ, ਅਸੀਂ ਕੱਢ ਕੇ ਦੇਖੀ, ਥੱਲੇ ਦੇਖਿਆ ਕਿ ਕਿਤੇ ਅੰਦਰੋਂ ਪਾਣੀ ਤਾਂ ਨਹੀਂ ਸਿਮਦਾ ਪਰ ਕੁਝ ਨਹੀਂ ਲੱਭਾ। ਕੋਈ ਕੁਝ ਵੀ ਇਸ ਤਰ੍ਹਾਂ ਦਾ ਨਹੀਂ ਸੀ ਕਿ ਪਾਣੀ ਆ ਕੇ ਅੱਖਾਂ ਤੋਂ ਨਿਕਲੇ। ਜਦੋਂ ਅਸੀਂ ਮੂਰਤੀ ਵਾਪਸ ਰੱਖੀ, ਹੰਝੂ ਫੇਰ ਨਿਕਲਣ ਲਗ ਪਏ। ਇਸ ਨਾਲ ਮੈਂ ਬਹੁਤ ਉਦਾਸ ਹੋ ਗਿਆ, ਮੈਂ ਸੋਚ ਲਿਆ ਮੈਂ ਜ਼ਰੂਰ ਕੋਈ ਗਲਤੀ ਕਰ ਰਿਹਾ ਹੋਵਾਂਗਾ, ਮਾਂ ਮੇਰੇ ਨਾਲ ਪ੍ਰਸੰਨ ਨਹੀਂ ਹੈ, ਆਪਣੇ ਆਪ ਨੂੰ ਇਹ ਯਾਦ ਦਿਵਾਉਣ ਲਈ ਮਾਂ ਮੇਰੇ ਨਾਲ ਪ੍ਰਸੰਨ ਨਹੀਂ, ਮੈਂ ਰੂੰ ਲਿਆ, ਹੰਝੂਆਂ ਨਾਲ ਡਬੋਇਆ ਲੋਕਿਟ ਵਿਚ ਪਾ ਕੇ ਮੈਂ ਬਾਂਹ ਤੇ ਬੰਨ੍ਹ ਲਿਆ ਹੈ। ਜੋ ਮੈਂ ਦਸ ਰਿਹਾ ਹਾਂ ਉਹ ਸੱਚ ਹੈ ਮੈਨੂੰ ਪਤਾ ਇਹ ਹੈ ਕਿਉਂ ਹੋ ਰਿਹਾ ਹੈ ਕਿਸੇ ਨੂੰ ਦਸਣਾ ਨਾ ਉਹ ਕਹਿਣਗੇ ਮੈਂ ਕਮਲਾ ਹੋ ਗਿਆ ਹਾਂ।

ਮੈਂ ਕਿਹਾ, "ਮੈਨੂੰ ਤੁਹਾਡੇ ਉਤੇ ਪੂਰਾ ਵਿਸ਼ਵਾਸ਼ ਹੈ, ਮੈਨੂੰ ਦੱਸੋ ਕੀ ਹੋਇਆ?

ਉਹ ਕਹਿਣ ਲੱਗੇ, "ਗੁਰੂ ਤਾਂ ਦੂਸਰੇ ਪਾਸੇ ਜਾ ਕੇ ਵੀ

(ਬਾਕੀ ਪੰਨਾ 67 ਤੇ)

# ਮੇਰੀ ਆਪ ਬੀਤੀ

## ਮੇਰੀ ਦੁਨੀਆਂ ਬਦਲ ਗਈ

ਮੈਂ ਬਾਬੇ ਬਕਾਲੇ ਸਕੂਲ ਦਾ ਵਿਦਿਆਰਥੀ ਸਾਂ। ਸੰਤ ਬਖਸ਼ੀਸ਼ ਸਿੰਘ ਜੀ ਨੇ ਸਿੰਘ ਬੇਲਾ ਤਾਲਾਬ ਪਰ 125 ਪਾਠ ਆਰੰਭ ਕਰਾਏ ਹੋਏ ਸਨ। ਅਸੀਂ ਕਈ ਵਿਦਿਆਰਥੀ ਸੇਵਾ ਕਰਨ ਚਲੇ ਜਾਂਦੇ ਸਾਂ। ਸਕੂਲ ਦੇ ਪ੍ਰਬੰਧਕਾਂ ਭਾਵੇਂ ਸਾਡੀ ਹੀ ਭਲਾਈ ਹਿਤ ਪਾਬੰਦੀ ਲਗਾ ਦਿਤੀ ਕਿ ਅਸੀਂ ਉਥੇ ਨਹੀਂ ਜਾ ਸਕਦੇ। ਮੈਂ ਜ਼ਬਰਦਸਤੀ ਜਾਣ ਲੱਗਾ। ਉਧਰੋਂ ਵੀ ਸਖਤੀ ਹੋਈ। ਆਖਰ ਮੈਂ ਵੀ ਇਸੇ ਅੜੀ ਵਿਚ ਸਕੂਲ ਹੀ ਛੱਡ ਦਿਤਾ ਤੇ ਸੰਤ ਤੇਜਾ ਸਿੰਘ ਜੀ ਡਬਲ ਐਮ.ਏ. ਦੇ ਨਾਲ ਤੁਰ ਗਿਆ ਕਿ ਐਸੀ ਪੜ੍ਹਾਈ ਤੋਂ ਕੀ ਲੈਣਾ ਹੈ ਜੋ ਧਾਰਮਕ ਕਾਰਜ ਵੀ ਨਾ ਕਰਨ ਦੇਵੇ। ਇਥੋਂ ਅਸੀਂ ਸਿੱਧੇ ਮਸਤੂਆਣੇ ਫਿਰ ਦਮਦਮੇ ਸਾਹਿਬ, ਗੁਰੂ ਕੀ ਕਾਂਸ਼ੀ ਚਲੇ ਗਏ। ਇਸ ਜਗ੍ਹਾਂ ਤੋਂ ਕੋਈ ਦਸ ਪੰਦਰਾਂ ਸਾਧੂ ਹਜ਼ੂਰ ਸਾਹਿਬ ਨੂੰ ਚਲੇ। ਮੈਂ ਵੀ ਉਨ੍ਹਾਂ ਨਾਲ ਹੀ ਚਲਾ ਗਿਆ। ਨੌਂ ਮਹੀਨੇ ਹਜ਼ੂਰ ਸਾਹਿਬ ਸੇਵਾ ਕਰਕੇ ਫਿਰ ਇਕ ਹਜ਼ੂਰੀ ਗੱਡੀ ਵਿਚ ਲੁਧਿਆਣੇ ਤਕ ਸਫਰ ਕੀਤਾ। ਫਿਰ ਮਸਤੂਆਣੇ ਤੋਂ ਸੰਤ ਲਾਲ ਸਿੰਘ ਜੀ ਪਾਸ ਦਾਨ ਸਿੰਘ ਵਾਲੇ ਪੜ੍ਹਾਈ ਕਰਨ ਹਿਤ ਟਿਕ ਗਏ। ਮੇਰੇ ਪਿਤਾ ਜੀ ਲੱਭਦੇ ਹੋਏ ਇਥੇ ਪੁੱਜੇ। ਆਖਰ ਸਮਝੌਤਾ ਇਹ ਹੋਇਆ ਕਿ ਮੈਂ ਨਗਰ ਆਵਾਂਗਾ ਅੱਗੇ ਜੋ ਵਾਹਿਗੁਰੂ ਨੂੰ ਮਨਜ਼ੂਰ। ਮੈਂ ਨਗਰ ਆ ਗਿਆ। ਸੰਤ ਗੁਰਬਖਸ਼ ਸਿੰਘ ਜੀ ਦੇ ਦਰਸ਼ਨ ਹੋਏ। ਉਨ੍ਹਾਂ ਇਕੋ ਗੱਲ ਕਹੀ ਕਿ ਭਾਈ ਫਕੀਰੀ ਦਾ ਘਰ ਦੂਰ ਹੈ ਅੱਗੇ ਤੇਰੀ ਮਰਜ਼ੀ। ਮੈਂ ਫਿਰ ਸੰਤ ਲਾਲ ਸਿੰਘ ਜੀ ਪਾਸ ਹੀ ਆ ਗਿਆ। ਮੇਰੇ ਮਨ ਵਿਚ ਸਾਧਨ ਦਾ ਬੜਾ ਹੀ ਸ਼ੌਕ ਸੀ ਕਿ ਕੋਈ ਚੰਗੇ ਤੇ ਪੁੱਜੇ ਹੋਏ ਮਹਾਂਪੁਰਖ ਮਿਲ ਜਾਣ ਤਦ ਮੈਂ ਕਿਧਰੇ ਮੇਹਨਤ ਕਰਕੇ ਸਫਲਤਾ ਵਲ ਨੂੰ ਵਧ ਸਕਾਂ, ਮੈਂ ਇਥੇ ਕਾਫੀ ਮਿਹਨਤ ਵੀ ਕਰਦਾ ਸਾਂ। ਇਥੇ ਮਸਤੂਆਣੇ ਦੇ ਬਾਬਾ ਗੁਲਾਬ ਸਿੰਘ ਜੀ ਮਹਾਰਾਜ, ਬਾਲੀਆਂ, ਬਹੁਤ ਮਹਾਂਪੁਰਸ਼ ਸਨ। ਉਹ ਰੋਜ਼ ਦੁਪਹਿਰ ਸਮੇਂ ਟਿੱਬਿਆਂ ਪਰ ਬੈਠਿਆ ਕਰਦੇ ਸਨ, ਮੈਂ ਵੀ ਉਨ੍ਹਾਂ ਦੇ ਨਾਲ ਹੀ ਹਾੜ ਦੇ ਦਿਨਾਂ ਵਿਚ ਟਿੱਬਿਆਂ ਪਰ ਜਾ ਬੈਠਦਾ ਸਾਂ। ਇਸ ਸਾਧਨਾ ਨੇ ਮੈਨੂੰ ਸਖਤ ਨਜ਼ਲਾ ਲਗਾ ਦਿਤਾ। ਜੋ ਅੱਜ ਤਕ ਮੇਰੇ ਸਾਥ ਹੈ। ਜਪੁਜੀ ਸਾਹਿਬ ਦੇ 101 ਤੇ ਫਿਰ 125 ਪਾਠ ਰੋਜ਼ ਮੈਂ ਬਹੁਤ ਦੇਰ ਤਕ ਕਰਦਾ ਰਿਹਾ। ਜੋ ਕਿ ਢਢੋਗਲ ਦੇ ਗੁਰਦੁਆਰੇ ਵਿਚ ਮੇਰਾ ਨਿਯਮ ਸੀ। ਸੁਬ੍ਹਾ ਠੀਕ ਦੋ ਵਜੇ ਇਸ਼ਨਾਨ ਕਰਕੇ ਸਾਰਾ ਦਿਨ ਇਕ ਟਕ ਮਿਹਨਤ, ਰਾਤ ਗਿਆਰ੍ਹਾਂ ਵਜੇ ਜਾ ਕੇ ਇਹ ਕਿਰਿਆ ਮੁਕਦੀ ਸੀ ਪਰ ਇਸ ਤਰ੍ਹਾਂ ਸਭੋ ਕੁਝ ਕਰਕੇ ਮਨ ਦੀ ਕਲਪਣਾ ਕਦੇ ਸ਼ਾਂਤ ਨਹੀਂ ਹੁੰਦੀ ਸੀ। ਇਸੇ ਦਸ਼ਾ ਵਿਚ ਮੈਂ ਰੇਰੂ ਸਾਹਿਬ ਗਿਆ ਇਥੋਂ ਬਾਬਾ ਨੱਥਾ ਸਿੰਘ ਜੀ ਨਾਲ ਗੁਜਰਾਂਵਾਲੇ ਫਿਰ ਇਕ ਵਾਰੀ ਸ੍ਰੀ ਮਾਨ ਸੰਤ ਸਿੰਘ ਜੀ ਨਾਲ ਹੀ ਉਨ੍ਹਾਂ ਦੀ ਮਿਹਰ ਕਰਕੇ ਹੋਤੀ ਮਰਦਾਨ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਦੇ ਸਹਾਰੇ ਵੱਡੇ ਸਾਹਿਬ ਬਾਬਾ ਕਰਮ ਸਿੰਘ ਜੀ ਦੇ ਮਹਾਨ ਤੇ ਜਗਤ ਪ੍ਰਸਿੱਧ ਸਥਾਨ ਦੇ ਦਰਸ਼ਨ ਕੀਤੇ। ਮੈਂ ਸੁਬ੍ਹਾ ਉਠ ਕੇ ਪਾਠ ਕਰਨ ਦਾ ਨਿਯਮ ਕਦੇ ਵੀ ਭੰਗ ਨਹੀਂ ਹੋਣ ਦਿੰਦਾ ਸਾਂ। ਰੇਰੂ ਸਾਹਿਬ ਤੋਂ ਸੰਤ ਬਿਸ਼ਨ ਸਿੰਘ ਜੀ ਰੌਣੀ ਜੋ ਇਸੇ ਹੀ ਘਰ ਦੇ ਮੁਖੀ ਸੇਵਕਾਂ ਵਿਚੋਂ ਸਨ ਦੇ ਹੁਕਮ ਅਨੁਸਾਰ ਉਨ੍ਹਾਂ ਨਾਲ ਮੈਂ ਸੰਤ ਗੁਲਾਬ ਸਿੰਘ ਜੀ ਘੋਲੀਆ ਦੇ ਦੀਦਾਰ ਕੀਤੇ। ਸੰਤ ਬਿਸ਼ਨ ਸਿੰਘ ਜੀ ਨੂੰ ਸ਼ੂਗਰ ਦੀ ਬਿਮਾਰੀ ਸੀ। ਉਸੇ ਹੀ ਕਾਰਨ ਅਸੀਂ ਮੋਗੇ ਸੰਤ ਗੁਲਾਬ ਸਿੰਘ ਜੀ ਪਾਸ ਗਏ ਸੀ। ਸੰਤ ਗੁਲਾਬ ਸਿੰਘ ਜੀ ਨੇ ਸੰਤ ਬਿਸ਼ਨ ਸਿੰਘ ਜੀ ਨੂੰ ਲੰਬੇ ਦਿਨਾਂ ਦੀ ਦਵਾਈ ਦਿਤੀ ਉਹ ਉਥੇ ਹੀ ਰਹੇ। ਪਰ ਸੰਤ ਜੀ ਸਾਡੇ ਜੀਵਨ ਦਾ ਵਿਚਾਰ ਵੀ ਕਰਦੇ ਸਨ। ਮੈਂ ਸਿਰ ਪਰ ਭੂਰੀ ਉਪਰ ਇਕ ਚਾਦਰ ਤੇ ਕਛਹਿਰਾ ਹੀ ਰਖਦਾ ਸੀ। ਮੇਰੀ ਇਹ ਪੁਸ਼ਾਕ ਕਈ ਸਾਲ ਤੋਂ ਸੀ। ਕੋਈ ਫਰਕ ਨਹੀਂ ਸੀ ਪਿਆ। ਸਰੀਰ ਮੇਰਾ ਕਰੜਾ ਲੋਹੇਵਤ ਹੋਇਆ ਪਿਆ ਸੀ। ਮੈਂ ਆਪਣੇ ਹੀ ਰਾਹ ਚਲਦਾ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬਾਹਰ ਚਲਾ ਜਾਂਦਾ ਸੀ। ਇਹ ਗੱਲ ਡੇਰੇ ਵਿਚ ਵੀ ਹੋਈ ਹੋਊ, ਸੋ ਸੰਤ ਗੁਲਾਬ ਸਿੰਘ ਜੀ ਨੇ ਮੇਰੇ ਪਰ ਤਰਸ ਕਰਕੇ ਮੈਨੂੰ ਇਕ ਗੱਲ ਕਹੀ, ਭਾਈ ਮੇਰੇ ਪਾਸ ਦੋ ਗੁਣ ਹਨ। ਇਕ ਇਹ ਬੰਦਗੀ ਦਾ ਘਰ ਹੈ ਤੇ ਦੂਸਰੀ ਆਤਮ ਗਿਆਨ ਬ੍ਰਹਮ ਗਿਆਨ ਤੇ ਨਾਮ ਅਭਿਆਸ ਦੀ ਵਿਦਿਆ ਹੈ। ਸੋ ਤੇਰੀ ਬਿਰਤੀ ਸੁਭਾਉ ਵਰਤਾਰਾ ਤੇ ਕਰਤਵਯ ਤਕ ਕੇ ਸਾਡੀ ਇੱਛਾ ਹੈ ਕਿ ਇਹ ਬ੍ਰਹਮ ਵਿਦਿਆ ਤੂੰ ਪ੍ਰਾਪਤ ਕਰ ਲੈ ਜਿਸ ਦਾ ਤੂੰ ਸੁਪਾਤਰ ਹੈਂ।

ਮੇਰੀ ਬਿਰਤੀ ਦੇ ਨਾਲ ਹੀ ਸੁਭਾਅ ਵੀ ਬਹੁਤ ਹੀ ਅੱਖੜ ਸੀ। ਇਕ ਵਾਰੀ ਪਹਿਲਾਂ ਮੈਂ ਸੰਤ ਬਿਸ਼ਨ ਸਿੰਘ ਜੀ ਮਹਾਰਾਜ ਕਾਂਜਲਾ ਨੂੰ ਨਾਲ ਰਹਿਣ ਤੋਂ ਨਾਂਹ ਕਰਕੇ ਭੁੱਲ ਕਰ ਬੈਠਾ ਸਾਂ। ਸੋ ਹੁਣ ਫਿਰ ਡਰ ਗਿਆ ਕਿ ਮਤਾਂ ਕਿਧਰੇ ਸਰਾਪ ਹੀ ਲੈ ਲਵਾਂ।

ਸੋ ਮੈਂ ਅਤੀ ਨਿਮਰਤਾ ਸਹਿਤ ਬੇਨਤੀ ਕੀਤੀ, ਮਹਾਰਾਜ! ਮੈਂ ਧੰਨਵਾਦੀ ਹਾਂ, ਜੋ ਤੁਸੀਂ ਮੇਰੇ ਨਾਚੀਜ਼ ਨੂੰ ਬ੍ਰਹਮ ਗਿਆਨ ਤੇ ਆਤਮ ਗਿਆਨ ਅਥਵਾ ਸਿਮਰਨ ਤੇ ਸਤਿ ਸਾਸ਼ਤਰ ਦੇ ਵਿਚਾਰ ਲਈ ਸੁਪਾਤਰ ਮੰਨਦੇ ਹੋ ਮੈਂ ਯਤਨ ਕਰਾਂਗਾ। ਮੈਨੂੰ ਜਦੋਂ ਵੀ ਸਮਾਂ ਮਿਲਿਆ ਤਦ ਆਪ ਜੀ ਦੀ ਪਵਿੱਤਰ ਸੇਵਾ ਵਿਖੇ ਹਾਜ਼ਰ ਹੋ ਜਾਵਾਂਗਾ। ਇਸ ਪਿਛੋਂ ਉਥੋਂ ਫਿਰ ਵਾਪਸ ਹੋਏ।

ਮੋਗੇ ਤੋਂ ਆ ਕੇ ਮੇਰਾ ਮਨ ਦੁਬਿਧਾ ਦਾ ਸ਼ਿਕਾਰ ਹੋ ਗਿਆ। ਉਸ ਸਮੇਂ ਤਕ ਮੈਂ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਕਥਾ ਹਜ਼ੂਰ ਸਾਹਿਬ ਬਾਬਾ ਰਾਮ ਸਿੰਘ ਜੀ ਸੂਰਮੇ ਗਿਆਨੀ ਜੀ ਪਾਸੋਂ ਸੁਣ ਬੈਠਾ ਸੀ। ਵੇਦਾਂਤ ਦੇ ਗ੍ਰੰਥ ਵੀ ਪੜ੍ਹੇ ਸਨ ਪਰ ਇਹ ਦੁਬਿਧਾ ਆ ਪਈ ਕਿ ਉਹ ਵਖਰਾ ਕਿਹੜਾ ਗਿਆਨ ਤੇ ਅਭਿਆਸ ਹੈ ਜੋ ਸੰਤ ਜੀ ਮੇਰੇ ਪਾਸੋਂ ਕਰਾਉਣਾ ਚਾਹੁੰਦੇ ਹਨ। ਇਹ ਵਿਚਾਰ ਮਨ ਵਿਚ ਹੀ ਰਹੀ। ਇਸ ਕਰਕੇ ਹੁਣ ਪਾਠ ਕਰਨ ਤੋਂ ਝਿਜਕਣ ਲਗ ਪਿਆ। ਮਸਾਂ ਬੰਨ੍ਹ ਰੁਨ੍ਹ ਕੇ ਹੀ ਪਾਠ ਪੂਜਾ ਕਰੀਦੀ ਸੀ। ਸੰਤ ਬਿਸ਼ਨ ਸਿੰਘ ਜੀ ਰੇਰੂ ਸਾਹਿਬ ਰਹਿ ਕੇ ਫਿਰ ਸੰਤ ਈਸ਼ਰ ਸਿੰਘ ਜੀ ਪਾਸ ਆ ਗਏ ਕਿਉਂਕਿ ਇਹ ਵੀ ਇਕ ਤਰ੍ਹਾਂ ਦਾ ਉਨ੍ਹਾਂ ਦਾ ਆਪਣਾ ਹੀ ਘਰ ਸੀ। ਮੈਂ ਇਨ੍ਹਾਂ ਦੀ ਸੇਵਾ ਦੇ ਨਾਲ ਹੀ ਆਪਣਾ ਕਰਮ ਵੀ ਕਰੀ ਹੀ ਜਾਂਦਾ ਸਾਂ। ਭਾਵ ਮੈਂ ਦੁਬਿਧਾ ਦਾ ਇਕ ਤਰ੍ਹਾਂ ਪੱਕਾ ਮਰੀਜ਼ ਸਾਂ। ਹਰ ਸਮੇਂ ਸੰਸੇ ਤੇ ਸ਼ੰਕਾਵਾਂ ਦੇ ਪਹਾੜ ਸਾਹਵੇਂ ਆਉਂਦੇ ਸਨ। ਕ੍ਰਿਆ ਪਰ ਕਾਬੂ ਮੇਰੇ ਵਸੋਂ

ਬਾਹਰ ਸੀ। ਮੈਂ ਇਹ ਬੋਝ ਕਿਸੇ ਉਤਮ ਮਹਾਂਪੁਰਖ ਪਾਸੋਂ ਹੀ ਦੂਰ ਕਰਾਉਣਾ ਚਾਹੁੰਦਾ ਸਾਂ। ਮੈਂ ਇਹ ਗੱਲ ਚਲਾਈ ਸੀ ਪਰ ਸੰਤ ਬਿਸ਼ਨ ਸਿੰਘ ਜੀ ਟਾਲ ਗਏ। ਜਾਂ ਫਿਰ ਉਹ ਜਾਣ ਬੁੱਝ ਕੇ ਮੈਨੂੰ ਇਸ ਰਾਹ ਤੋਂ ਰੋਕਣਾ ਚਾਹੁੰਦੇ ਸਨ। ਉਨ੍ਹਾਂ ਮੇਰੇ ਕਿਸੇ ਵੀ ਸਵਾਲ ਦਾ ਉਤਰ ਨਾ ਦਿਤਾ। ਹਾਂ ਇਹ ਕਹਿ ਦਿਤਾ, ਤੂੰ ਇਹ ਗੱਲ ਸੰਤ ਈਸ਼ਰ ਸਿੰਘ ਜੀ ਪਾਸੋਂ ਪੁਛ ਲੈ, ਉਹ ਦਸਣਗੇ।

ਮੈਂ ਵੀ ਮਨ ਦੀ ਗੋਹਜ ਗੱਲ ਪੁਛਣ ਦਾ ਫੈਸਲਾ ਕਰ ਲਿਆ। ਫਿਰ ਮੈਂ ਅੰਦਰ ਕਿਸ ਤਰ੍ਹਾਂ ਜਾਵਾਂਗਾ? ਕਿਹੜਾ ਬਹਾਨਾ ਹੈ ਜੋ ਮੈਨੂੰ ਤਪੋ ਬਣ ਵਿਚ ਲੈ ਜਾ ਸਕਦਾ ਹੈ? ਮੇਰੇ ਮਨ ਵਿਚ ਇਹ ਗੱਲ ਖਟਕ ਰਹੀ ਸੀ। ਪਰ ਜਿਸ ਤਰ੍ਹਾਂ ਸ੍ਰੀ ਸੰਤ ਬਿਸ਼ਨ ਸਿੰਘ ਜੀ ਕਾਜਲਾ ਨੂੰ ਮੈਂ ਜਵਾਬ ਦੇ ਦਿਤਾ ਸੀ। ਫਿਰ ਸੰਤ ਗੁਲਾਬ ਸਿੰਘ ਜੀ ਨਾਲ ਫਿਰ ਆਉਣ ਦਾ ਵਾਅਦਾ ਕਰਕੇ ਮੋਗੇ ਤੋਂ ਤੁਰ ਆਇਆ ਸਾਂ। ਮੈਂ ਮਨ ਨਾਲ ਫੈਸਲਾ ਕੀਤਾ ਇਥੇ ਐਸਾ ਨਹੀਂ ਕਰਾਂਗਾ। ਪਰ ਵਸੀਲਾ ਕਿਹੜਾ ਹੈ ਇਹ ਮੈਂ ਸੋਚ ਨਹੀਂ ਸਾਂ ਸਕਦਾ? ਕਿਉਂਕਿ ਇਥੇ ਅੱਗੇ ਮੇਰੀ ਹਰ ਜਗ੍ਹਾ ਥੋੜ੍ਹੀ ਬਹੁਤ ਮਦਦ ਕਰ ਹੀ ਜਾਂਦਾ ਸੀ। ਮੈਂ ਜਿਸ ਦਿਨ ਰਾੜਾ ਸਾਹਿਬ ਪੁੱਜਾ ਅਗਲੇ ਹੀ ਦਿਨ ਸ਼ਾਮ ਨੂੰ ਦੀਵਾਨ ਵਿਚ ਸੰਤ ਮਹਾਰਾਜ ਤਸ਼ਰੀਫ ਲੈ ਆਏ, ਮੈਂ ਵੀ ਜਾ ਕੇ ਬੈਠ ਗਿਆ। ਜਥੇ ਨਾਲ ਮਿਲ ਕੇ ਕੀਰਤਨ ਵਿਚ ਹਿੱਸਾ ਲੈਂਦਾ ਰਿਹਾ। ਕੀਰਤਨ ਕਰਨ ਤੋਂ ਪਹਿਲਾਂ ਆਪ ਜੀ ਨੇ ਮੈਨੂੰ ਸ਼ਬਦ ਪੜ੍ਹਨ ਦੀ ਆਗਿਆ ਕੀਤੀ। ਇਸ ਨਾਲ ਮੈਨੂੰ ਕੁਝ ਹੌਸਲਾ ਹੋਇਆ, ਮੈਂ ਸ਼ਬਦ ਪੜ੍ਹਿਆ ਸੰਤ ਜੀ ਮਹਾਰਾਜ ਨੇ ਕੀਰਤਨ ਕੀਤਾ। ਮੈਨੂੰ ਇਹ ਵਿਸ਼ਵਾਸ਼ ਹੋ ਗਿਆ ਕਿ ਇਥੋਂ ਹੀ ਕੁਝ ਮਿਲ ਸਕੇਗਾ। ਹੁਣ ਹੋਰ ਜਗ੍ਹਾ ਜਾਣ ਦੀ ਲੋੜ ਨਹੀਂ ਹੈ। ਪਰ ਅੰਦਰ ਜਾਣ ਦੀ ਸਮੱਸਿਆ ਫਿਰ ਸਾਮ੍ਹਣੇ ਸੀ। ਉਹ ਸੰਤ ਮਹਾਰਾਜ ਨੇ ਆਪ ਹੀ ਹੱਲ ਕਰ ਦਿਤੀ। ਉਹ ਬਾਹਰ ਛੋਟੇ ਮਹਾਰਾਜ ਸੰਤ ਬਾਬਾ ਕਿਸ਼ਨ ਸਿੰਘ ਜੀ ਨੂੰ ਫੁਰਮਾ ਗਏ ਕਿ ਜੇ ਉਹ ਅੰਦਰ ਆਉਣਾ ਚਾਹੇ ਤਦ ਭੇਜ ਦਿਓ। ਦੂਸਰੇ ਦਿਨ ਸੁਬ੍ਹਾ ਹੀ ਮੈਨੂੰ ਅੰਦਰ ਭੇਜ ਦਿਤਾ ਗਿਆ। ਅਗਲੇ ਦਿਨ ਤੋਂ ਹੀ ਤਪੋ ਬਣ ਦੀ ਇਕ ਕੋਠੜੀ ਵਿਚ ਵਾਸ ਹੋ ਗਿਆ। ਬਾਕੀ ਉਨ੍ਹਾਂ ਪਾਸੋਂ ਮਨ ਦੀਆਂ ਗੋਹਜ ਗੱਲਾਂ ਬਾਰੇ ਪੁਛਿਆ। ਜੋ ਇਤਨੇ ਆਸਾਨ ਤੇ ਸਹਿਜੇ ਹੀ ਸੁਝਾਉ ਨਾਲ ਹੱਲ ਕਰ ਦਿਤਾ ਕਿ ਫਿਰ ਕੋਈ ਰੁਕਾਵਟ ਹੀ ਨਾ ਰਹੇ। ਉਨ੍ਹਾਂ ਸਿਮਰਨ ਦੇ ਸਾਧਨ ਦੱਸੇ ਜੋ ਵਡੇਰਿਆਂ ਤੋਂ ਚਲੇ ਆ ਰਹੇ ਸਨ। ਇਸ ਸਾਧਨ ਬਾਰੇ ਇਹ ਪੰਥ ਅੰਦਰ ਪਰੰਪਰਾ ਹੈ ਕਿ ਇਸ ਸਾਧਨ ਤੋਂ ਮਾਤਾ ਜੀਤੋ ਜੀ ਤ੍ਰਿਕਾਲ ਦਰਸੀ ਹੋ ਗਏ ਸਨ। ਉਨ੍ਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਅਨੰਦਪੁਰ ਸਾਹਿਬ ਦੇ ਸਾਰੇ ਕੌਤਕ ਦਸਮ ਪਾਤਸ਼ਾਹ ਦੀਆਂ ਸਾਰੀਆਂ ਹੀ ਤਕਲੀਫਾਂ ਜੋ ਆ ਰਹੀਆਂ ਸਨ ਸਾਫ ਤਕ ਲਈਆਂ ਸਨ। ਫਿਰ ਇਸੇ ਸਾਧਨਾਂ ਦਾ ਸਦਕਾ ਉਹ ਦਸਮ ਦੁਆਰ ਰਾਹੀਂ ਸਰੀਰ ਦਾ ਅੰਤ ਕਰਕੇ ਜੋਤ ਅੰਦਰ ਸਮਾ ਗਏ ਸਨ। ਇਸ ਤਰ੍ਹਾਂ ਅਸੀਂ ਸਾਧਨ ਕਰਨ ਲੱਗੇ। ਹਰ ਰੋਜ਼ ਦੀਆਂ ਔਕੜਾਂ ਵੀ ਵੱਡੇ ਸੰਤ ਜੀ ਮਹਾਰਾਜ ਤੇ ਛੋਟੇ ਸੰਤ ਜੀ ਮਹਾਰਾਜ ਹੱਲ ਕਰਦੇ ਹੀ ਰਹਿੰਦੇ ਸਨ। ਮੇਰੇ ਮਨ ਵਿਚ ਸੰਤ ਗੁਲਾਬ ਸਿੰਘ ਜੀ ਘੋਲੀਆਂ ਦੇ ਬਚਨ ਸਨ ਤੂੰ ਬ੍ਰਹਮ ਗਿਆਨ ਤੇ ਬ੍ਰਹਮ ਵਿਦਿਆ ਦਾ ਪਾਤਰ ਹੈਂ। ਇਹ ਗੱਲ ਮੇਰੇ ਮਨ ਵਿਚ ਹੀ ਸੀ। ਅੱਜ ਮਾਘ ਦੀ ਰਾਤ ਆ ਗਈ। ਪਤਾ ਨਹੀਂ ਮੈਨੂੰ ਕੀ ਸੁਝੀ ਮੈਂ ਸਵੇਰੇ ਹੀ ਮਹਾਰਾਜ ਪਾਸ ਗਿਆ ਤੇ ਇਹ ਬੇਨਤੀ ਕੀਤੀ ਕਿ –

ਅੱਜ ਵੱਡੇ ਸਾਹਿਬ ਬਾਬਾ ਅਤਰ ਸਿੰਘ ਜੀ ਦਾ ਨਿਜਧਾਮ ਨੂੰ ਜਾਣ ਦਾ ਦਿਨ ਹੈ। ਇਸੇ ਹੀ ਦਿਨ ਉਨ੍ਹਾਂ ਨੇ ਆਪ ਜੀ ਨੂੰ ਅੰਤਮ ਆਤਮਾ ਸੰਦੇਸ਼ ਦਿਤਾ ਹੋਵੇਗਾ। ਮੇਹਰ ਕਰੋ ਮੈਨੂੰ ਵੀ ਪ੍ਰਤੱਖ ਆਤਮਾ ਦੇ ਦਰਸ਼ਨ ਕਰਾਓ। ਜਦੋਂ ਤਕ ਪ੍ਰਤੱਖ ਅੱਖੀਂ ਨਾ ਤਕਾਂ ਕਿਵੇਂ ਭਰੋਸਾ ਆ ਸਕਦਾ ਹੈ? ਸੰਤ ਜੀ ਮਹਾਰਾਜ ਅਤੀ ਪ੍ਰਸੰਨ ਹੋਏ ਫੁਰਮਾਇਆ, ਇਹ ਪ੍ਰਸ਼ਨ ਅੱਜ ਤਕ ਕਿਸੇ ਕੀਤਾ ਨਹੀਂ ਜੋ ਇਹ ਤੇਰਾ ਹੀ ਭਾਗ ਹੈ ਤਦ ਚਲੋ ਤਕੋ।

ਹੱਛਾ ਭਾਈ ਸੁਬ੍ਹਾ ਰੈਣ ਸਬਾਈ ਕੀਰਤਨ ਪਿਛੋਂ ਆ ਕੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ 'ਜਪੁ' ਜੀ ਸਾਹਿਬ ਦਾ ਪਾਠ ਕਰਕੇ ਫਿਰ ਆਸਣ ਪਰ ਆਉਣਾ, ਸਾਹਿਬ ਬਾਬਾ ਕਰਮ ਸਿੰਘ ਤੇ ਫਿਰ ਵੱਡੇ ਮਹਾਂਪੁਰਖਾਂ ਦੀ ਮਿਹਰ ਦਾ ਚਮਤਕਾਰ ਤਕਣਾ। ਮਹਾਰਾਜ ਦੀ ਆਗਿਆ ਸੁਣ ਕੇ ਮੈਂ ਗਦ ਗਦ ਹੋ ਗਿਆ। ਚਾਈਂ-ਚਾਈਂ ਕਮਰੇ ਨੂੰ ਚਲਾ ਗਿਆ। ਸ਼ਾਮ ਸਮੇਂ ਦੀਵਾਨ ਲਗਾ ਦੋ ਵਜੇ ਤਕ ਦੀਵਾਨ ਵਿਚ ਰਹੇ ਫਿਰ ਇਸ਼ਨਾਨ ਕਰਨ ਹਿਤ ਉਠ ਆਏ ਮੈਂ ਭਲਾ ਕਿਵੇਂ ਭੁੱਲ ਕਰ ਸਕਦਾ ਸੀ। ਸੋ ਇਸ਼ਨਾਨ ਕਰਕੇ ਫਟਾ ਫਟ ਜਪੁ ਜੀ ਸਾਹਿਬ ਦਾ ਪਾਠ ਕਰਕੇ ਉਸ ਸਥਾਨਪੁਰ ਪੁਜਾ ਜਿਥੇ ਸਰਦੀਆਂ ਅੰਦਰ ਮਹਾਰਾਜ ਜੀ ਭੁੰਜੇ ਹੀ ਆਸਣ ਰਖਦੇ ਸਨ। ਕਮਰੇ ਦੇ ਬਾਹਰ ਪਾਏਦਾਨ ਜੋ ਪਟਸਨ ਦਾ ਸੀ। ਮੈਂ ਨਮਸਕਾਰ ਕਰਕੇ ਬੈਠ ਗਿਆ। ਕੁਝ ਸਮਾਂ ਅਭਿਆਸ ਅੰਦਰ ਬੈਠੇ ਰਹਿ ਕੇ ਸੰਤ ਜੀ ਮਹਾਰਾਜ ਨੇ ਪੁਛਿਆ, ਆ ਗਿਆ ਏਂ ਭਾਈ?" ਮੈਂ ਸਿਰ ਝੁਕਾ ਕੇ ਕਿਹਾ ਜੀ। ਸੰਤ ਜੀ ਮਹਾਰਾਜ ਨੇ ਹੱਥ ਵਧਾ ਕੇ ਮੇਰੀ ਪੰਜੇ ਕੋਲੋਂ ਬਾਹ ਫੜੀ, ਪਤਾ ਨਹੀਂ ਉਸ ਹੱਥ ਲੱਗਣ ਵਿਚ ਕੀ ਸੀ। ਮੇਰਾ ਸਾਰਾ ਸਰੀਰ ਸੁੰਨ ਹੋ ਗਿਆ। ਮੈਨੂੰ ਇਸ ਤਰ੍ਹਾਂ ਪ੍ਰਤੀਤ ਦਿਤਾ ਜਿਵੇਂ ਬਿਜਲੀ ਦਾ ਭਿਆਨਕ ਝਟਕਾ ਮੇਰੇ ਸਰੀਰ ਨੂੰ ਲੱਗਾ ਹੈ। ਇਕ ਝਰਨਾਟ ਜਿਹੀ ਐਸੀ ਛਿੜੀ ਕਿ ਸਰੀਰ ਹੌਲਾ ਹੋ ਗਿਆ। ਫਿਰ ਇਸ ਤਰ੍ਹਾਂ ਪ੍ਰਤੀਤ ਦਿਤਾ ਕਿ ਮੇਰਾ ਸਰੀਰ ਉਡਦਾ ਜਾ ਰਿਹਾ ਹੈ ਫਿਰ ਹੌਲੀ-ਹੌਲੀ ਬ੍ਰਹਿਮੰਡ ਅੰਦਰ ਰਮ ਗਿਆ। ਧਰਤੀ ਤੋਂ ਉਠ ਕੇ ਅਰਸ਼ਾਂ ਤਕ ਮੈਂ ਹਰ ਚੀਜ਼ ਅੰਦਰ ਸਮਾ ਗਿਆ। ਹਰ ਚੀਜ਼ ਅੰਦਰ ਮੈਂ ਪ੍ਰਵੇਸ਼ ਕਰ ਗਿਆ ਸੀ। ਪਰ ਨਾ ਹੀ ਚੰਦਰਮਾ ਨਾ ਹੀ ਸੂਰਜ ਮੈਨੂੰ ਇਸ ਤੋਂ ਰੋਕ ਰਹੇ ਸਨ। ਸੋ ਮੈਂ ਆਪਣੇ ਆਪ ਨੂੰ ਸਰਬ ਵਿਆਪੀ ਮਹਿਸੂਸ ਕਰ ਰਿਹਾ ਸੀ। ਇਸ ਦੇ ਨਾਲ ਹੀ ਇਕ ਸਫੈਦ ਰੰਗ ਦੀ ਮਿੱਠੀ ਫੁਹਾਰ ਮੇਰੇ ਚੌਹੀਂ ਪਾਸੀਂ ਫੈਲਦੀ ਜਾ ਰਹੀ ਸੀ। ਇਹ ਨਿਮੀ ਨਿਮੀ ਫੁਹਾਰ ਦਾ ਮੀਂਹ ਵਰਸਦਾ ਜਾ ਰਿਹਾ ਸੀ। ਇਸ ਦੀ ਰੰਗਤ ਮਿਠਾਸ ਤੇ ਲਗਾਉ ਇਤਨਾ ਮਨ ਭਾਉਂਦਾ ਸੀ ਕਿ ਬਾਹਰ ਨਿਕਲਣ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ। ਇਸ ਦੇ ਨਾਲ ਹੀ ਚੌਹਾਂ ਪਾਸਿਆਂ ਤੋਂ ਇਕ ਰਸ ਜਿਹਾ ਛਾ ਰਿਹਾ ਸੀ ਜਿਸ ਵਿਚੋਂ ਇਕ ਬਾਰੀਕ ਜੇਹੀ ਆਵਾਜ਼ ਆ ਰਹੀ ਸੀ 'ਵਾਹੁ ਵਾਹੁ ਵਾਹੁ।'

ਇਸ ਅਕਹਿ ਰਸ ਤੇ ਅਨੰਦ ਅੰਦਰ ਮੈਂ ਕਿਤਨੀ ਦੇਰ ਬੈਠਾ ਰਿਹਾ ਇਹ ਮੈਨੂੰ ਅਨੁਭਵ ਨਹੀਂ ਹੋ ਸਕਿਆ। ਆਖਰ

ਸੰਤ ਜੀ ਮਹਾਰਾਜ ਨੇ ਫੁਰਮਾਇਆ।

ਇਹ ਤੇਰਾ ਰੂਪ ਹੈ ਇਹ ਤੇਰੀ ਆਤਮਾ ਹੈ। ਇਸੇ ਹੀ ਰੰਗ ਰਸ ਦੀ ਪ੍ਰਾਪਤੀ ਹਿਤ ਸਾਧਨ ਅਭਿਆਸ ਕਰੀਦੇ ਹਨ। ਫੇਰ ਮਹਾਂਪੁਰਖ ਮੇਹਰ ਕਰਕੇ ਇਹ ਉਪਦੇਸ਼ ਸੁਣਾਉਂਦੇ ਹਨ 'ਦੇਹ ਨਹੀਂ ਤੂੰ ਆਤਮਾ ਹੈਂ, ਤੂੰ ਸਤਿ ਹੈਂ, ਤੂੰ ਚਿਤ ਹੈਂ, ਤੂੰ ਅਨੰਦ ਹੈਂ।

ਮੇਰੇ ਨੇਤਰ ਖੁਲ੍ਹੇ ਸਨ ਪਰ ਮੇਰੇ ਚੌਤਰਫੇ ਅਜੇ ਵੀ ਉਹੀ ਸਫੈਦ ਫੁਹਾਰ ਵਰਸਦੀ ਦਿਸ ਰਹੀ ਸੀ। ਉਸੇ ਹੀ ਤਰ੍ਹਾਂ ਉਹ ਵਾਹੁ, ਵਾਹੁ ਦੀ ਧੁਨ ਸੁਣਦੀ ਜਾ ਰਹੀ ਸੀ। ਮਹਾਰਾਜ ਜੀ ਨੇ ਅਪਾਰ ਕ੍ਰਿਪਾ ਕਰਕੇ ਫਿਰ ਕਿਹਾ ਸਾਧਨ ਜਾਰੀ ਰੱਖੋ, ਇਹ ਰੂਪ ਬਾਹਰ ਦਾ ਨਹੀਂ ਤੇਰੇ ਅੰਦਰ ਦਾ ਹੈ। ਤੇਰਾ ਆਪਣਾ ਹੈ, ਫਿਰ ਜਦੋਂ ਵੀ ਸੁਰਤ ਇਤਨੀ ਟਿਕਾਉ ਅੰਦਰ ਆ ਜਾਏਗੀ ਫਿਰ ਚੌਹੀਂ ਪਾਸੀਂ ਆਤਮਾ ਪ੍ਰਕਾਸ਼ ਤੋਂ ਬਗੈਰ ਹੋਰ ਕੁਝ ਵੀ ਬਾਕੀ ਰਹਿ ਹੀ ਨਹੀਂ ਜਾਏਗਾ। ਸੋ ਸਤਿ ਦਾ ਰੂਪ ਹੋ ਜਾਣ ਹਿਤ ਸਤਿ ਕਰਮ, ਸਤਿ ਬਿਉਹਾਰ ਕਰਨਾ ਹੈ, ਸਤਿ ਦੀ ਕਮਾਈ ਤੇ ਸਤਿ ਬਚਨ ਦੀ ਬਰਕਤ ਨਾਲ ਨਾਮ ਦਾ ਅਭਿਆਸ ਇਸ ਨਿਜ ਰੂਪ ਵਿਚ ਪੁੱਜਣ ਹਿਤ ਸਹਾਈ ਹੋ ਸਕਦੇ ਹਨ।

ਪਾਠਕ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾ ਸਕਦੇ ਕਿ ਉਸ ਅਨੰਦ ਤੇ ਮਹਾਨ ਰਸਮਈ ਅਵਸਥਾ ਤੇ ਸਥਾਨ ਜਿਸ ਦੇ ਕਿ ਦਰਸ਼ਨ ਮਹਾਰਾਜ ਦੀ ਮੇਹਰ ਦੇ ਸਦਕੇ ਹੋ ਗਏ ਸਨ। ਅੱਜ ਭੀ ਮੇਰੇ ਸਾਮ੍ਹਣੇ ਹੈ। ਉਸ ਨੂੰ ਯਾਦ ਕਰਕੇ, ਉਸ ਦਾ ਸਿਮਰਨ ਕਰਕੇ ਅੱਜ ਵੀ ਉਹੀ ਰਸ ਘੜੀ ਦੋ ਘੜੀ ਮੇਰੇ ਚੌਤਰਫੇ ਛਾ ਜਾਂਦਾ ਹੈ। ਅੱਜ ਵੀ ਮੈਂ ਇਸ ਤਰ੍ਹਾਂ ਮਹਿਸੂਸ ਕਰਨ ਲਗਦਾ ਹਾਂ ਕਿ ਉਹੀ ਝਿੜੀ ਹੈ, ਉਹੀ ਢੱਕੀ ਦੇ ਰੁੱਖ ਹਨ, ਉਹੀ ਪਤਲੇ ਤੇ ਸਾਧਨ ਸੰਪੰਨ ਮਹਾਂਪੁਰਖ, ਚੌਕੜਾ ਮਾਰ ਕੇ ਦਸ ਦਸ ਬਾਰਾਂ ਬਾਰਾਂ ਘੰਟੇ ਬੈਠੇ ਹੋਏ ਹਨ। ਨੇਤਰਾਂ ਦੀ ਅਕਰਖਣ ਸ਼ਕਤੀ ਇਤਨੀ ਹੈ ਕਿ ਜਦੋਂ ਬਾਹਰ ਆ ਕੇ ਢੱਕੀ ਦੇ ਕਿਸੇ ਦਰਖਤ ਹੇਠਾਂ ਬੈਠ ਜਾਂਦੇ ਹਨ ਤਦ ਰੁੱਖ, ਝਾੜੀਆਂ ਤੇ ਜਾਨਵਰਾਂ ਵਿਚੋਂ ਵੀ ਵਾਹ ਵਾਹ ਦੀ ਧੁੰਨ ਨਿਕਲਣੀ ਆਰੰਭ ਹੋ ਜਾਂਦੀ ਹੈ। ਮੈਂ ਜੰਗਲੀ ਜਾਨਵਰਾਂ ਨੂੰ ਖਾਸ ਕਰ ਗਿੱਦੜਾਂ ਵਰਗੇ ਕਮਜ਼ੋਰ ਦਿਲ ਤੇ ਲੂੰਬੜੀਆਂ ਵਰਗੇ ਹੁਸ਼ਿਆਰ ਜਾਨਵਰਾਂ ਨੂੰ ਆਪਣੇ ਪਾਸ ਬੈਠੇ ਤੱਕ ਕੇ ਉਨ੍ਹਾਂ ਦੀਆਂ ਆਤਮਾਵਾਂ ਵਿਚੋਂ ਆਪਣੀ ਆਤਮਾ ਨੂੰ ਤੱਕਿਆ ਸੀ। ਕਾਲੇ ਨਾਗ ਜੋ ਇਸ ਜੰਗਲ ਦੀ ਸ਼ੋਭਾ ਸਨ, ਨੂੰ ਕਦੀ ਵੀ ਮਾਰਨ ਦੀ ਲੋੜ ਨਹੀਂ ਸੀ ਪਈ, ਕਿਉਂਕਿ ਉਹ ਆਪ ਹੀ ਸਿਰ ਝੁਕਾ ਕੇ ਬੈਠ ਜਾਂਦੇ ਸਨ ਤੇ ਸੰਤ ਜੀ ਮਹਾਰਾਜ ਦਾ ਸਦਾ ਅਸ਼ੀਰਵਾਦ ਪ੍ਰਾਪਤ ਕਰਕੇ ਫਿਰ ਤੁਰ ਜਾਂਦੇ ਸਨ। ਇਹ ਯਾਦਾਂ ਮੇਰੇ ਜੀਵਨ ਦਾ ਅਮੋਲ ਖਜ਼ਾਨਾ ਹਨ, ਇਹੀ ਯਾਦਾਂ ਹਨ ਜਿਨ੍ਹਾਂ ਕਰਕੇ ਮੈਂ ਸਿਆਸੀ ਦੁਨੀਆਂ ਵਿਚ ਜਾ ਕੇ ਮਜ਼ਦੂਰ ਯੂਨੀਅਨਾਂ ਵਿਚ ਕੰਮ ਕਰਦਿਆਂ ਹੋਇਆਂ ਵੀ ਆਸਤਕ ਰਿਹਾ ਹਾਂ। ਹੋਰ ਕੋਈ ਗਿਆਨ ਤੇ ਵਿਚਾਰ ਮੇਰੇ ਪਰ ਅਸਰ ਨਹੀਂ ਪਾ ਸਕੇ।

## ਇਕ ਹੋਰ ਕੌਤਕ

ਉਪਰਲੀ ਮਹਾਨ ਘਟਨਾ ਤੋਂ ਪਿਛੋਂ, ਅਜੇ ਉਹ ਗੱਲ ਮੈਨੂੰ ਹਰ ਸਮੇਂ ਹੁਣੇ ਹੋ ਕੇ ਵਾਪਰੀ ਵਾਰਤਾ ਵਤ ਯਾਦ ਰਹਿੰਦੀ ਸੀ ਤੇ ਅੱਜ ਵੀ ਲੰਬਾ ਸਮਾਂ ਲੰਘ ਜਾਣ ਉਪਰੰਤ ਭੁੱਲ ਨਹੀਂ ਸਕੀ। ਪਰ ਉਸ ਸਮੇਂ ਜਾਂ ਜਦੋਂ ਹੀ ਮੈਂ ਜਪੁਜੀ ਸਾਹਿਬ ਦਾ ਪਾਠ ਕਰਕੇ ਚੌਂਕੜੀ ਮਾਰ ਕੇ ਸਿਮਰਨ ਅਰੰਭ ਕਰਾਂ, ਮੇਰੀ ਉਹੀ ਦਸ਼ਾ ਹੋ ਜਾਵੇ ਤੇ ਮੈਂ ਆਪਣੇ ਚੌਹੀਂ ਪਾਸੀਂ ਉਹੀ ਸਫੈਦ ਰੰਗ ਦੀ ਫੁਹਾਰ ਤੇ ਉਹੀ ਤੂਹੀ, ਤੂਹੀ, ਵਾਹੁ ਵਾਹੁ ਦੀ ਧੁੰਨ ਸਾਫ ਸੁਣਾਈ ਦਿੰਦੀ। ਫਿਰ ਹੌਲੀ-ਹੌਲੀ ਮੇਰੀ ਸੁਰਤ ਸਰੀਰ ਦੇ ਅੰਦਰ ਟਿਕਣ ਲੱਗੀ। ਬਾਹਰਲੀ ਦਸ਼ਾ ਅੰਦਰ ਹੀ ਪ੍ਰਤੀਤ ਹੋਣ ਲੱਗ ਪਈ। ਸਰੀਰ ਦਾ ਹਰ ਰੋਮ-ਰੋਮ ਗੁਰਮੰਤਰ ਦੀ ਆਵਾਜ਼ ਦਿੰਦਾ ਸੀ ਤੇ ਫਿਰ ਉਹ ਉਸ ਫੁਹਾਰ ਨਾਲ ਇਕ-ਇਕ ਰੋਮ ਭਿੱਜ ਜਾਂਦਾ ਸੀ। ਪਰ ਮੈਂ ਇਸ ਰੰਗ ਨੂੰ ਵੀ ਸੰਤ ਜੀ ਮਹਾਰਾਜ ਦੀ ਕਿਰਪਾ ਹੀ ਤਸੱਵਰ ਕਰਦਾ ਸਾਂ। ਉਨ੍ਹਾਂ ਨਾਲ ਇਸ ਬਾਰੇ ਗੱਲ ਕੀਤੀ, ਉਹ ਹੱਸ ਪਏ ਕਿ ਸ਼ਬਦ ਦਾ ਸੁਣਨਾ ਇਕ ਉਤਮ ਚਿੰਨ੍ਹ ਹੈ। ਹੋਰ ਅਗੇ ਵਧੋ। ਮੈਂ ਇਕ ਉਹ ਚੌਹੀਂ ਪਾਸੀਂ ਮਿੱਠੀ ਫੁਹਾਰ ਤੇ ਰੰਗ ਰਸ ਤੇ ਇਕ ਤਰ੍ਹਾਂ ਮੇਰਾ ਸਰੀਰ ਖਤਮ ਹੋ ਕੇ ਕੇਵਲ ਬ੍ਰਹਿਮੰਡ ਵਿਚ ਇਕ ਰਸ ਅਨੰਦ ਹੀ ਰਹਿ ਜਾਣਾ ਇਹ ਕੀ ਹੈ? ਇਹ ਆਤਮਾ ਦਾ ਚਿੰਨ ਹੈ ਜੋ ਚਿੰਤਨ ਤੋਂ ਪਰੇ ਹੈ। ਪਰ ਬ੍ਰਹਿਮੰਡ ਵਿਚ ਵਸ ਰਹੀ ਆਤਮਾ ਬਾਰੇ ਫਿਰ ਵਜ਼ਾਹਤ ਕਰਨ ਲੱਗੇ। ਉਸ ਸਮੇਂ ਬਾਹਰ ਕੇਸੂ ਫੁੱਲੇ ਹੋਏ ਸਨ। ਸਾਰੀ ਢੱਕੀ ਲਾਲ ਲਾਲ ਵਰਦੀ ਪਾ ਕੇ ਕਰਤੇ ਦੀ ਕੁਦਰਤ ਦਾ ਰੰਗ ਪ੍ਰਗਟ ਕਰ ਰਹੀ ਸੀ। ਸੰਤ ਜੀ ਮਹਾਰਾਜ ਮਿਹਰ ਦੇ ਘਰ ਆਏ ਤੇ ਫੁਰਮਾਇਆ, ਭਾਈ ਔਹ ਸਾਮ੍ਹਣੇ ਤੋਂ ਕੇਸੂ ਦੇ ਫੁੱਲਾਂ ਦੀ ਇਕ ਟਾਹਣੀ ਲੈ ਆ। ਮੈਂ ਟਾਹਣੀ ਪੇਸ਼ ਕੀਤੀ। ਉਨ੍ਹਾਂ ਲੈ ਕੇ ਕਈ ਇਕ ਫੁੱਲ ਤੋੜੇ। ਇਹ ਦੋ ਦੋ ਕਿਸਮ ਦੇ ਸਨ। ਇਕਨਾਂ ਦੀ ਪੁਸ਼ਤ ਪਰ ਪੋਟਲੀ ਜਿਹੀ ਸੀ ਪਰ ਦੂਸਰਿਆਂ ਦੀ ਪੁਸ਼ਤ ਖਾਲੀ ਸੀ, ਫਿਰ ਗੰਢ ਤੋਂ ਬਗੈਰ ਖਾਲੀ ਹੀ ਸਨ। ਸੋ ਆਪ ਜੀ ਨੇ ਬਗੈਰ ਡੋਡੀ ਦਾ ਇਕ ਫੁੱਲ ਵਿਖਾ ਕੇ ਕਿਹਾ ਇਹ ਫੁੱਲ ਆਮ ਮਨੁੱਖਾਂ ਵਤ ਹਨ ਜੋ ਆਉਂਦੇ ਹਨ ਤੇ ਆ ਕੇ ਬਗੈਰ ਕੋਈ ਉਤਮ ਕਰਮ ਤੇ ਕਿਰਿਆ ਕਰਨ ਤੋਂ ਹੀ ਮਰ ਜਾਂਦੇ ਹਨ। ਇਹ ਨਾ ਸੰਸਾਰ 'ਚੋਂ ਕੁਝ ਖਟਦੇ ਹਨ ਤੇ ਨਾ ਹੀ ਕੁਝ ਆਪਣਾ ਬਣਾਉਂਦੇ ਹਨ। ਇਹ ਵਿਚਾਰ ਇਸ ਸੋਚ ਹੋਸ਼ ਤੋਂ ਖਾਲੀ ਹਨ ਜੋ ਹੋਰਨਾਂ ਪਾਸੋਂ ਆਪਣਾ ਆਪ ਵਖਰਾ ਹੀ ਸਾਬਤ ਕਰ ਸਕਣ। ਇਹ ਜਿਸ ਤਰ੍ਹਾਂ ਆਏ ਉਸੇ ਤਰ੍ਹਾਂ ਹੀ ਚਲੇ ਗਏ।

ਪਰ ਇਹ ਦੂਸਰੇ ਕਿਸਮ ਦੇ ਫੁੱਲ ਹਨ ਇਨ੍ਹਾਂ ਦੀ ਪੁਸ਼ਤ ਪਰ ਇਹ ਪੋਟਲੀ ਜਿਹੀ ਦਾ ਪਤਾ ਹੈ ਇਹ ਕੀ ਹੈ? ਸੰਤ ਜੀ ਮਹਾਰਾਜ ਨੇ ਸਵਾਲ ਕੀਤਾ ਹੈ।

ਜੀ, ਨਹੀਂ ਮੈਨੂੰ ਕੋਈ ਸਮਝ ਨਹੀਂ? ਮੈਂ ਹੱਥ ਬੰਨ੍ਹ ਕੇ ਬੇਨਤੀ ਕੀਤੀ।

ਹੱਥ ਅੱਗੇ ਕਰੋ ਮਹਾਂਪੁਰਖਾਂ ਹੱਸ ਕੇ ਫੁਰਮਾਇਆ ਤੇ ਇਕ ਡੋਡੀ ਵਾਲਾ ਫੁੱਲ ਤੋੜ ਕੇ ਉਸ ਵਿਚੋਂ ਪਾਣੀ ਦੇ ਦੋ ਚਾਰ ਕਤਰੇ ਮੇਰੀ ਹਥੇਲੀ ਪਰ ਰੱਖ ਦਿਤੇ। ਫਿਰ ਆਗਿਆ ਕੀਤੀ ਇਸ ਨੂੰ ਪੀ ਲੈ। ਮੈਂ ਪੀਤਾ ਤਦ ਹੈਰਾਨ ਸੀ ਕਿ ਇਹ ਮਿੱਠੇ ਸਨ ਤੇ ਇਸ ਵਿਚ ਹੱਛੀ ਖਾਸੀ ਸ਼ਹਿਦ ਦੀ ਮਿਠਾਸ ਸੀ।

ਮਹਾਂਪੁਰਖਾਂ ਕਿਹਾ ਇਹ ਉਹ ਅੰਮ੍ਰਿਤ ਹੈ ਜੋ ਜੀਵਨ ਦੀ

(ਬਾਕੀ ਪੰਨਾ 27 ਤੇ)

# ਬਾਬਾਣੀਆਂ ਕਹਾਣੀਆਂ

***ਸੰਤ ਵਰਿਆਮ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 64 )*

ਕਲਜੁਗ ਦੇ ਅੰਦਰ ਮੈਲੀ ਬੁੱਧੀ ਵਾਲੇ ਪੁਰਸ਼ ਆਪਣੀ ਕਲਿਆਣ ਚਾਹੁੰਦੇ ਹਨ। ਗੁਰੂ ਮਹਾਰਾਜ ਨੇ ਉਨ੍ਹਾਂ ਦੇ ਕਲਿਆਨ ਲਈ ਬਹੁਤ ਹੀ ਸੁਖੈਨ ਅੱਖਰਾਂ ਵਿਚ ਬਾਣੀ ਰਚੀ ਅਤੇ ਨਾਮ ਜਪਣ ਦਾ ਉਪਦੇਸ਼ ਦਿਤਾ। ਇਸ ਤਰ੍ਹਾਂ ਕਲਜੁਗੀ ਬੰਦਿਆਂ ਦਾ ਉਧਾਰ ਹੁੰਦਾ ਹੈ।

1933 ਵਿਚ ਆਪ ਸ਼ਿਮਲੇ ਗਏ। ਇਕ ਵਾਰੀ ਸੰਤ ਮਹਾਰਾਜ ਜੀ ਨੇ ਸ਼ਿਮਲੇ ਦੀ ਯਾਤਰਾ ਦਾ ਮੇਰੇ ਨਾਲ ਜ਼ਿਕਰ ਕਰਦਿਆਂ ਫੁਰਮਾਨ ਕੀਤਾ। ਉਥੇ ਧਰਤੀ ਖਿੱਚ ਪਾਉਂਦੀ ਸੀ ਕਿ ਇਥੇ ਬੈਠ ਕੇ ਸਮਾਧੀ ਲਾਓ। ਇਹ ਬਿਲਕੁਲ ਠੀਕ ਗੱਲ ਹੈ। ਬੰਦਗੀ ਕਰਨ ਵਾਲੇ ਨੂੰ ਧਰਤੀ ਖਿਚਦੀ ਹੈ ਜਿਥੇ ਵੀ ਸੁੰਦਰ ਥਾਂ ਆਉਂਦਾ ਹੈ, ਉਥੇ ਹੀ ਅਵਾਜ਼ ਆਉਂਦੀ ਹੈ ਕਿ ਇਥੇ ਬੈਠ ਕੇ ਨਾਮ ਜਪੋ। ਸੰਤ ਮਹਾਰਾਜ ਜੀ ਛੇ ਮਹੀਨੇ ਉਥੇ ਠਹਿਰੇ, ਸੰਗਰਾਂਦ ਪੂਰਨਮਾਸ਼ੀ ਦਾ ਦੀਵਾਨ ਡੇਰੇ ਆ ਕੇ ਲਾ ਜਾਇਆ ਕਰਦੇ ਸਨ। ਗਿਆਨੀ ਮੋਹਨ ਸਿੰਘ ਜੀ ਨੇ ਆਪਣੀ ਪੁਸਤਕ 'ਰੂਹਾਨੀ ਸੰਦੇਸ਼' ਦੇ ਵਿਚ ਬਹੁਤ ਹੀ ਵਿਸਥਾਰ ਨਾਲ ਆਪ ਦੇ ਜੀਵਨ ਨੂੰ ਲਿਖਿਆ ਹੈ।

ਇਕ ਵਾਰੀ ਆਪ ਨੂੰ ਕੁਝ ਪ੍ਰੇਮੀਆਂ ਨੇ ਪ੍ਰਸ਼ਨ ਕੀਤੇ ਕਿ ਮਹਾਰਾਜ! ਅਸੀਂ ਲੋਕ ਗ੍ਰਿਹਸਤ ਦੇ ਕੰਮਾਂ ਵਿਚ ਉਲਝੇ ਪਏ ਹਾਂ। ਅਸਾਡੇ ਉਧਰਨ ਲਈ ਕੋਈ ਸੁਖਾਲਾ ਜਿਹਾ ਤਰੀਕਾ ਦਸੋ ਜਿਸ ਨੂੰ ਕਰਕੇ ਅਸੀਂ ਵੀ ਆਪਣੇ ਜੀਵਨ ਦਾ ਮਨੋਰਥ ਪੂਰਾ ਕਰ ਲਈਏ। ਉਸ ਵੇਲੇ ਆਪ ਨੇ ਫੁਰਮਾਇਆ ਕਿ ਨਿਰਾ ਗਿਆਨ ਮਰਦ ਹੋਣ ਕਰਕੇ ਮਾਇਆ ਦੇ ਸਾਮ੍ਹਣੇ ਗਿਰ ਜਾਇਆ ਕਰਦਾ ਹੈ ਕਿਉਂਕਿ ਮਾਇਆ ਮੋਹਣੀ ਹੈ, ਇਹ ਆਪਣੇ ਬਲ ਨਾਲ ਸਭ ਨੂੰ ਮੋਹ ਲੈਂਦੀ ਹੈ। ਗਿਆਨ ਨੂੰ ਸਥਿਰ ਰੱਖਣ ਵਾਸਤੇ ਬਹੁਤ ਸਾਰੇ ਸਾਧਨ ਕਰਨ ਦੀ ਲੋੜ ਹੈ। ਹਰ ਰੋਜ਼ ਅਭਿਆਸ ਕਰਨਾ ਅਤੇ ਆਤਮ ਚਿੰਤਨ ਕਰਨਾ, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਮਹਾਂਪੁਰਸ਼ ਦੀ ਸੰਗਤ ਵਿਚ ਰਹਿਣਾ ਅਤੇ ਸਦਾ ਹੀ ਬ੍ਰਹਮ ਵਿਚਾਰ ਕਰਦੇ ਰਹਿਣਾ, ਫਿਰ ਗਿਆਨ ਫਲੀਭੂਤ ਹੋਇਆ ਕਰਦਾ ਹੈ ਪਰ ਇਸ ਦੇ ਮੁਕਾਬਲੇ ਵਿਚ ਗੁਰੂ ਮਹਾਰਾਜ ਜੀ ਨੇ ਭਗਤੀ ਪ੍ਰਵਿਰਤ ਕੀਤੀ ਹੈ ਕਿਉਂਕਿ ਸਮੁੱਚੇ ਜੀਵਨ ਨੂੰ ਦਸਦਿਆਂ ਮਹਾਂਪੁਰਸ਼ ਫੁਰਮਾਨ ਕਰਦੇ ਹਨ ਕਿ ਸੰਸਾਰ ਵਿਚ ਰਹਿ ਕੇ ਇਸ ਦੀ ਪ੍ਰਾਪਤੀ ਕਰਨ ਲਈ ਵਰਤਣ ਬੈਰਾਗ ਦੀ ਜੁਗਤ ਚਾਹੀਦੀ ਹੈ। ਮੁਖ ਕਰਮ ਭਗਤੀ ਦਾ ਹੋਣਾ ਚਾਹੀਦਾ ਹੈ ਅਤੇ ਨਿਸ਼ਚੇ ਵਿਚ ਗਿਆਨ ਦਾ ਵਾਸਾ ਹੋਣਾ ਚਾਹੀਦਾ ਹੈ। ਜਿਸ ਨੂੰ ਅਸੀਂ ਐਉਂ ਵੀ ਕਹਿੰਦੇ ਹਾਂ -

***ਵਰਤਣ ਬੈਰਾਗ ਮੁਖ ਭਗਤੀ ਨਿਹਚੇ ਗਿਆਨ।***

ਉਸ ਵੇਲੇ ਇਕ ਪ੍ਰੇਮੀ ਨੇ ਪੁਛਿਆ ਕਿ ਮਹਾਰਾਜ! ਸਾਨੂੰ ਨਹੀਂ ਪਤਾ ਲਗਦਾ ਕਿ ਭਗਤੀ ਕਿਵੇਂ ਕਰੀਦੀ ਹੈ? ਸੰਤ ਮਹਾਰਾਜ ਜੀ ਕਹਿਣ ਲੱਗੇ, "ਦੇਖੋ ਕਬੀਰ ਸਾਹਿਬ ਨੇ ਭਗਤੀ ਕੀਤੀ। ਵਾਹਿਗੁਰੂ ਜੀ ਆਪ ਆ ਕੇ ਆਪ ਦਾ ਯੱਗ ਕੀਤਾ, ਅਨੇਕਾਂ ਥਾਵਾਂ ਤੇ ਆਪ ਦੇ ਕਾਰਜ ਸਿੱਧ ਕੀਤੇ। ਨਾਮਦੇਵ ਜੀ ਨੇ ਭਗਤੀ ਭਾਵ ਨਾਲ ਛੋਟੀ ਉਮਰ ਵਿਚ ਹੀ ਪ੍ਰਮੇਸ਼ਰ ਨੂੰ ਦੁੱਧ ਪਿਲਾਇਆ ਅਤੇ 72 ਵਾਰੀ ਸਾਕਾਰ ਰੂਪ ਵਿਚ ਦਰਸ਼ਨ ਕੀਤੇ। ਵਾਹਿਗੁਰੂ ਕਦੇ ਦੇਹੁਰੇ ਦਾ ਮੂੰਹ ਫੇਰ ਰਹੇ ਹਨ, ਕਦੇ ਛੱਪਰ ਬਣਾ ਰਹੇ ਹਨ, ਕਦੇ ਮਰੀ ਗਊ ਜਿਉਂਦੀ ਕਰਦੇ ਹਨ, ਹਰ ਥਾਂ ਭਗਤ ਦੀ ਰਖਸ਼ਾ ਕਰਦੇ ਹਨ, ਭਗਤੀ ਵਿਚ ਭਗਤ ਦਾ ਪ੍ਰਮੇਸ਼ਰ ਨਾਲ ਅਤੁੱਟ ਪਿਆਰ ਪੈ ਜਾਂਦਾ ਹੈ ਜਿਸ ਦੇ ਹਿਰਦੇ ਵਿਚ ਪਿਆਰ ਪੈਦਾ ਹੋ ਜਾਵੇ ਉਹ ਭਾਗਾਂ ਵਾਲਾ ਹੋਇਆ ਕਰਦਾ ਹੈ। ਕਿਉਂਕਿ ਵਾਹਿਗੁਰੂ ਜੀ ਆਪ ਹੀ ਪਿਆਰ ਦਾ ਰੂਪ ਹਨ, ਪਿਆਰ ਦੇ ਬੱਝੇ ਹੋਏ ਉਹ ਭਗਤ ਨੂੰ ਪ੍ਰਤੱਖ ਰੂਪ ਵਿਚ ਦਰਸ਼ਨ ਦਿੰਦੇ ਹਨ। ਪਰ ਭਗਤੀ ਨੂੰ ਸੁਖੈਨ ਤਰੀਕੇ ਨਾਲ ਸਮਝਣ ਲਈ ਪਹਿਲਾਂ ਸ਼ਰਧਾ ਹੋਣੀ ਜ਼ਰੂਰੀ ਹੈ, ਸ਼ਰਧਾ ਸਹਿਤ ਆਪਣੇ ਗੁਰੂ ਦੇ ਬਚਨਾਂ ਨੂੰ ਪੂਰੀ ਸਾਵਧਾਨੀ ਨਾਲ ਸਰਵਣ ਕਰਨਾ ਅਤੇ ਸਿਧਾਂਤ ਨੂੰ ਜਾਣ ਕੇ ਉਸ ਤੇ ਪੂਰੀ ਤਰ੍ਹਾਂ ਨਾਲ ਅਮਲ ਕਰਨਾ। ਉਸ ਨੂੰ ਸ੍ਰਵਣ ਭਗਤੀ ਆਖਿਆ ਕਰਦੇ ਹਨ। ਦੂਸਰਾ ਵਜਦ 'ਚ ਆ ਕੇ ਪ੍ਰਭੂ ਦਾ ਜਸ ਕਰਨਾ, ਆਪਣਾ ਆਪਾ ਭੁੱਲ ਜਾਣਾ, ਰੋਮ-ਰੋਮ ਦੇ ਵਿਚੋਂ ਬੈਰਾਗ ਦੀਆਂ ਝਰਨਾਟਾਂ ਨਿਕਲਣੀਆਂ, ਨੇਤਰਾਂ ਵਿਚੋਂ ਜਲ ਜਾਣਾ ਅਤੇ ਜਸ ਗਾਉਂਦਿਆਂ ਆਪਣੇ ਪਿਆਰੇ ਵਿਚ ਲੀਨ ਹੋ ਜਾਣਾ। ਸਮਾਂ ਅਤੇ ਵਸਤੂ ਨੂੰ ਭੁੱਲ ਜਾਣਾ, ਇਸ ਨੂੰ ਕੀਰਤਨ ਭਗਤੀ ਕਿਹਾ ਜਾਂਦਾ ਹੈ। ਬਹੁਤ ਸਾਰਿਆਂ ਮਹਾਂਪੁਰਸ਼ਾਂ ਨੇ ਕੀਰਤਨ ਭਗਤੀ ਕਰਕੇ ਪ੍ਰਭੂ ਨੂੰ ਪ੍ਰਾਪਤ ਕੀਤਾ। ਤੀਸਰੀ ਭਗਤੀ ਦਾ ਨਾਮ ਸਿਮਰਨ ਭਗਤੀ ਹੈ। ਸਿਮਰਨ ਯਾਦ ਰੱਖਣ ਨੂੰ ਆਖਦੇ ਹਨ। ਯਾਦ ਰੱਖਣ ਲਈ ਪ੍ਰਮੇਸ਼ਰ ਦਾ ਨਾਮ ਹਰ ਸਮੇਂ ਜਪਦੇ ਰਹਿਣਾ ਚਾਹੀਦਾ ਹੈ। ਨਾਮ ਜਪਣ ਦੀਆਂ ਅਨੇਕਾਂ ਜੁਗਤੀਆਂ ਹਨ, ਰਸਨਾ ਨਾਲ ਨਾਮ ਜਪਿਆ ਜਾਂਦਾ ਹੈ, ਸ੍ਵਾਸ ਨਾਲ ਜਪਿਆ ਜਾਂਦਾ ਹੈ, ਕੰਠ ਵਿਚ, ਹਿਰਦੇ ਵਿਚ ਅਤੇ ਪਰਾ ਬਾਣੀ ਵਿਚ ਡੂੰਘੀ ਸੁਰਤ ਵਿਚ ਜਾ ਕੇ ਨਾਮ ਦੀ ਧੁਨ ਸੁਣਨੀ, ਤ੍ਰਿਕੁਟੀ ਵਿਚ ਨਾਮ ਸੁਣਨਾ, ਗੁਰੂ ਸਰੂਪ ਦਾ ਧਿਆਨ ਧਰਨਾ, ਗੁਰੂ ਨੂੰ ਹਾਜ਼ਰ ਨਾਜ਼ਰ ਪ੍ਰਤੱਖ ਰੂਪ ਵਿਚ ਜਾਣ ਕੇ ਧਿਆਨ ਕਰਨਾ। ਰੋਮ-ਰੋਮ ਵਿਚ ਨਾਮ ਜਪਿਆ ਜਾਂਦਾ ਹੈ, ਅਖੀਰ ਇਕ ਐਸੀ ਅਵਸਥਾ ਆਉਂਦੀ ਕਿ ਸਭ ਨਾਮ ਜਪਦੇ ਹੀ ਪ੍ਰਤੀਤ ਦਿੰਦੇ ਹਨ। ਜਿਵੇਂ ਕਿ ਫਰੀਦ ਜੀ ਨੇ ਫੁਰਮਾਨ ਕੀਤਾ ਹੈ -

***ਫਰੀਦਾ ਹਉ ਬਲਿਹਾਰੀ ਤਿਨਾ ਪੰਖੀਆ ਜੰਗਲਿ ਜਿੰਨਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥***

***ਪੰਨਾ - 1383***

ਹਰਹਟ ਦੀ ਤੂੰ ਤੂੰ ਦੀ ਅਵਾਜ਼ ਸੁਣ ਕੇ ਵੀ ਵਾਹਿਗੁਰੂ ਵਲ ਧਿਆਨ ਜਾਂਦਾ ਹੈ, ਸੋ ਸਾਰੀਆਂ ਅਵਾਜ਼ਾਂ ਵਿਚ ਨਾਮ ਦੀ ਧੁਨ ਸੁਣਦੀ ਹੈ, ਪੰਛੀ ਵੀ ਨਾਮ ਜਪਦੇ ਹੀ ਪ੍ਰਤੀਤ ਦਿੰਦੇ ਹਨ ਜਿਵੇਂ ਕਿ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਪੰਨਾ - 1265*

ਧਰਤ ਅਕਾਸ ਪਤਾਲ ਸਭ ਨਾਮ ਜਪਦੇ ਪ੍ਰਤੀਤ ਦਿੰਦੇ ਹਨ ਜਿਵੇਂ ਕਿ -

*ਧਰਤਿ ਪਾਤਾਲੁ ਅਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ॥*
*ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ*
*ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥*
*ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ*
*ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥*
*ਨਾਨਕ ਤੇ ਹਰਿ ਦਰਿ ਪੈਨਾਇਆ ਮੇਰੀ ਜਿੰਦੁੜੀਏ*
*ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ॥ ਪੰਨਾ - 540*

ਇਸ ਤਰ੍ਹਾਂ ਸਿਮਰਨ ਕਰਦਿਆਂ-ਕਰਦਿਆਂ ਵਾਹਿਗੁਰੂ ਜੀ ਵਿਚ ਹੀ ਸਮਾਅ ਜਾਂਦੇ ਹਨ ਅਤੇ ਇਹ ਵੀ ਨਿਸ਼ਚਾ ਆ ਜਾਂਦਾ ਹੈ ਕਿ ਹਰ ਥਾਂ ਉਨ੍ਹਾਂ ਦਾ ਹੀ ਪਸਾਰਾ ਹੈ। ਉਹ ਹਰ ਚੀਜ਼ ਵਿਚ ਸਮਾਏ ਹੋਏ ਹਨ, ਵਸਤੂਆਂ ਦੇਖ ਕੇ ਪ੍ਰਮੇਸ਼ਰ ਦੀ ਯਾਦ ਨਹੀਂ ਭੁੱਲਦੀ ਕਿਉਂਕਿ ਹਰ ਚੀਜ਼ ਦੇ ਪਿਛੇ ਵਾਹਿਗੁਰੂ ਜੀ ਆਪ ਹੀ ਸਤਾ ਦੇਣ ਵਾਲੇ ਹਨ। ਪਹਿਲਾਂ ਨਾਮ ਜਪਣਾ ਫੇਰ ਉਨ੍ਹਾਂ ਦੀ ਯਾਦ ਹਿਰਦੇ ਵਿਚ ਪੱਕ ਜਾਣੀ, ਸੌਂਦਿਆਂ ਜਾਗਦਿਆਂ ਕਦੇ ਵੀ ਨਾ ਭੁਲਣੀ ਇਸ ਨੂੰ ਸਿਮਰਨ ਭਗਤੀ ਆਖਿਆ ਜਾਂਦਾ ਹੈ। ਚੌਥਾ ਆਪਣੇ ਗੁਰੂ ਦਾ ਧਿਆਨ ਧਰ ਕੇ ਉਸ ਨੂੰ ਪਿਆਰ ਕਰਨਾ। ਧਿਆਨ ਧਰਦੇ-ਧਰਦੇ ਆਪ ਹੀ ਧੇਅ ਦਾ ਰੂਪ ਹੋ ਜਾਈਦਾ ਹੈ ਅਤੇ ਤ੍ਰਿਕੁਟੀ ਟੁੱਟ ਜਾਇਆ ਕਰਦੀ ਹੈ ਜਿਵੇਂ ਕਿ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥*
*ਪੰਨਾ - 1375*

ਓਹੀ ਹਰ ਥਾਂ ਤੇ ਨਜ਼ਰ ਆਉਣ ਲਗ ਜਾਂਦਾ ਹੈ। ਪੰਜਵੀਂ ਕਿਸਮ ਦੀ ਭਗਤੀ ਹੈ ਕਿ ਚੰਗੇ ਤੋਂ ਚੰਗਾ ਭੋਜਨ ਤਿਆਰ ਕਰਕੇ ਪਹਿਲਾਂ ਅੰਤਰ ਆਤਮੇ ਅਰਦਾਸ ਕਰਕੇ ਪਹਿਲਾਂ ਗੁਰੂ ਨੂੰ ਅਰਪਣਾ, ਜੇ ਸੰਗਤ ਹੋਵੇ ਤਾਂ ਸੰਗਤ ਨੂੰ ਛਕਾਉਣ ਪਿਛੋਂ ਆਪ ਛਕਣਾ। ਛੇਵੀਂ ਕਿਸਮ ਦੀ ਭਗਤੀ ਆਪਣੇ ਇਸ਼ਟ ਨੂੰ ਸਾਕਾਰ ਪਾਰਬ੍ਰਹਮ ਪ੍ਰਮੇਸ਼ਰ ਜਾਣ ਕੇ ਉਸ ਦੇ ਚਰਨਾਂ ਵਿਚ ਡੰਡਉਤਾਂ ਕਰਨੀਆਂ, ਅਰਜੋਈਆਂ ਕਰਨੀਆਂ ਅਤੇ ਬਹੁਤ ਹੀ ਸ਼ਰਧਾ ਨਾਲ ਬਾਰ-ਬਾਰ ਪ੍ਰਕਰਮਾ ਕਰਨੀਆਂ। ਸਤਵੀਂ ਕਿਸਮ ਦੀ ਭਗਤੀ ਆਪਣੇ ਆਪ ਨੂੰ ਗੁਲਾਮ ਜਾਨਣਾ, ਦਾਸ ਜਾਨਣਾ ਅਤੇ ਇਹ ਸਮਝਣਾ ਕਿ ਮੈਂ ਤਾਂ ਮੁੱਲ ਖਰੀਦੀ ਲਾਲਾ ਗੋਲਾ ਹਾਂ, ਜੋ ਉਸ ਨੂੰ ਭਾਉਂਦਾ ਹੈ ਉਹ ਹੋ ਰਿਹਾ ਹੈ। ਜਿਸ ਕਾਰਜ ਤੇ ਉਹ ਲਾਉਂਦਾ ਹੈ ਉਸ ਵਿਚ ਮੇਰੀ ਕੋਈ ਮਰਜ਼ੀ ਨਹੀਂ ਹੈ। ਜੋ ਮੇਰੇ ਸਤਿਗੁਰੂ ਬਾਣੀ ਰਾਹੀਂ ਹੁਕਮ ਦਿੰਦੇ ਹਨ ਮੈਂ ਉਹੀ ਕਰਨਾ ਹੈ, ਉਹ ਮੇਰੇ ਸੁਆਮੀ ਹਨ ਆਪਣੇ ਸੁਆਮੀ ਨੂੰ ਪਿਆਰ ਕਰਨਾ ਇਸ ਨੂੰ ਦਾਸਾ ਭਗਤੀ ਆਖਦੇ ਹਨ। ਅੱਠਵੀਂ ਕਿਸਮ ਦੀ ਭਗਤੀ ਵਾਹਿਗੁਰੂ ਜੀ ਨਾਲ ਬਹੁਤ ਨੇੜਤਾ ਪ੍ਰਾਪਤ ਕਰਕੇ ਉਨ੍ਹਾਂ ਨੂੰ ਆਪਣਾ ਪਰਮ ਮਿਤਰ ਸਮਝਣਾ, ਉਨ੍ਹਾਂ ਦੀ ਯਾਦ ਹਿਰਦੇ ਵਿਚ ਸਦਾ ਹੀ ਖਿੱਚਾ ਪਾਉਂਦੀ ਮਹਿਸੂਸ ਹੋਣੀ ਅਤੇ ਜੋ ਕੁਝ ਵਰਤ ਰਿਹਾ ਹੈ ਉਸਨੂੰ ਉਨ੍ਹਾਂ ਦੀ ਖੁਸ਼ੀ ਸਮਝ ਕੇ ਆਪ ਕਿਸੇ ਕਿਸਮ ਦੀ ਗੱਲ ਮੰਨ ਵਿਚ ਨਾ ਲਿਆਉਣੀ ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਠੰਢੀ, ਗਿੱਲੀ ਧਰਤੀ ਤੇ ਬਿਰਾਜਮਾਨ ਸਨ। ਉਸ ਵੇਲੇ ਆਪ ਨੇ ਬੇਨਤੀ ਕੀਤੀ -

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ*
*ਭਠ ਖੇੜਿਆਂ ਦਾ ਰਹਣਾ॥ ਖਿਆਲ ਪਾਤਸ਼ਾਹੀ ੧੦*

ਆਪਣਾ ਮਿਤਰ ਭਾਵੇਂ ਸੁਖ ਦੇਵੇ, ਭਾਵੇਂ ਦੁਖ ਦੇਵੇ ਉਸ ਦੀ ਰਜ਼ਾ ਵਿਚ ਰਹਿਣਾ ਜਿਵੇਂ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਤੱਤੀਆਂ ਤਵੀਆਂ ਤੇ ਬੈਠ ਕੇ ਵੀ ਕਹਿ ਰਹੇ ਸਨ -

*ਤੇਰਾ ਕੀਆ ਮੀਠਾ ਲਾਗੈ॥ ਪੰਨਾ - 394*

ਇਹ ਮਿਤਰ ਭਗਤੀ ਹੋਇਆ ਕਰਦੀ ਹੈ। ਇਨ੍ਹਾਂ ਸਾਰੀਆਂ ਭਗਤੀਆਂ ਨੂੰ ਪ੍ਰੇਮ ਦਾ ਫਲ ਲਗਦਾ ਹੈ। ਵਾਹਿਗੁਰੂ ਜੀ ਨੂੰ ਅਤਿ ਪਿਆਰ ਕਰਨਾ ਅਤੇ ਸਦਾ ਹੀ ਉਸ ਦੇ ਪਿਆਰ ਵਿਚ ਰੰਗੇ ਰਹਿਣਾ। ਉਸਦੇ ਪਿਆਰ ਵਿਚ ਖਿੜੇ ਰਹਿਣਾ। ਵਾਹਿਗੁਰੂ ਜੀ ਨੂੰ ਆਪਣਾ ਤਨ, ਮਨ, ਧਨ ਅਰਪਣ ਕਰ ਦੇਣਾ, ਆਪਣਾ ਕੁਝ ਵੀ ਨਾ ਰਖਣਾ। ਇਨ੍ਹਾਂ ਭਗਤੀਆਂ ਵਿਚੋਂ ਜੇ ਇਕ ਭਗਤੀ ਦੀ ਪ੍ਰਾਪਤੀ ਹੋ ਜਾਵੇ ਤਾਂ ਵੀ ਜੀਵਨ ਦਾ ਉਧਾਰ ਹੋਣ ਵਿਚ ਕੋਈ ਸ਼ੱਕ ਨਹੀਂ ਹੈ।

ਪ੍ਰੇਮਾ ਭਗਤੀ ਵਿਚ ਭਗਤ ਹਰ ਵਕਤ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ, ਪਿਆਰ ਕਰਦਾ ਹੈ। ਪ੍ਰੇਮ ਵਿਚ ਪਹਿਲਾਂ ਬੈਰਾਗ ਹੋਇਆ ਕਰਦਾ ਹੈ, ਹਿਰਦੇ ਵਿਚ ਖਿੱਚ ਪੈਂਦੀ ਹੈ, ਨੇਤਰਾਂ ਵਿਚੋਂ ਜਲ ਜਾਂਦਾ ਹੈ, ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਆਪਣਾ ਬਣਾ ਲਵੋ, ਮੈਨੂੰ ਦਰਸ਼ਨ ਦੇਵੋ, ਮੈਨੂੰ ਨਾ ਵਿਸਾਰੋ ਮੈਂ ਤੇਰਾ ਜਨ ਹਾਂ ਅਤੇ ਅੰਦਰ ਐਨਾ ਉਤਸ਼ਾਹ ਹੁੰਦਾ ਹੈ ਕਿ ਹਰ ਸਮੇਂ ਖਿਚਿਆ ਰਹਿੰਦਾ ਹੈ ਅਤੇ ਅਵਸਥਾ ਇਹ ਹੁੰਦੀ ਹੈ ਕਿ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓਹ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਬੈਰਾਗ ਵਿਚ ਹੰਝੂ ਰੁਕਿਆ ਨਹੀਂ ਕਰਦੇ, ਹਉਕੇ ਆਉਂਦੇ ਹਨ, ਕੰਠ ਰੁਕ ਜਾਂਦਾ ਹੈ, ਚਿਹਰੇ ਦਾ ਰੰਗ ਪੀਲਾ ਪੈ ਜਾਂਦਾ ਹੈ, ਸਰੀਰ ਦੀ ਸੋਝੀ ਭੁੱਲੀ ਹੁੰਦੀ ਹੈ, ਭੁੱਖ ਪਿਆਸ ਦਾ ਪਤਾ ਹੀ ਨਹੀਂ ਲਗਦਾ। ਰਾਤ ਦਿਨ ਇਕੋ ਧੁਨ ਵਿਚ ਪਿਆ ਰਹਿੰਦਾ ਹੈ। ਇਕ ਮਹਾਤਮਾ ਨੇ ਆਪਣੇ ਮੁਰੀਦਾਂ ਨੂੰ ਦਸਿਆ ਕਿ ਜੋ ਇਸ਼ਕ ਦੇ ਰਸਤੇ ਪੈਂਦੇ ਹਨ ਉਨ੍ਹਾਂ ਦੀਆਂ ਖਾਸ ਨਿਸ਼ਾਨੀਆਂ ਹੋਇਆ ਕਰਦੀਆਂ ਹਨ ਜਿਵੇਂ ਕਿ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ,ਖੁਆਬਸ਼ ਹਰਾਮ,*
*ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਸੋ ਇਸ ਤਰ੍ਹਾਂ ਕਰਦੇ-ਕਰਦੇ ਨਾਮ ਜਪਦਿਆਂ-ਜਪਦਿਆਂ ਪ੍ਰੇਮ ਵਿਚ ਲੀਨ ਹੋ ਜਾਂਦਾ ਹੈ ਅਤੇ ਵਾਹਿਗੁਰੂ ਜੀ ਦੀ ਹਾਜ਼ਰੀ ਹਰ ਸਮੇਂ, ਹਰ ਥਾਂ ਪ੍ਰਤੀਤ ਦੇਣ ਲਗ ਜਾਂਦੀ ਹੈ ਉਸਦੇ ਰੰਗ ਵਿਚ ਲਾਲ ਹੋ ਜਾਂਦਾ ਹੈ ਜਿਵੇਂ ਫਲ ਪੀਲਾ ਹੋ ਜਾਂਦਾ ਹੈ ਫੇਰ ਪੱਕ ਕੇ ਲਾਲ ਹੋ ਜਾਂਦਾ ਹੈ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥*
*ਪੰਨਾ - 808*

*ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ॥*
*ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ॥ ਪੰਨਾ-1089*

ਫੇਰ ਮਨ ਦੌੜਦਾ ਨਹੀਂ ਹੈ। ਅੰਤਰਮੁਖ ਹੋ ਕੇ ਸਦਾ ਹੀ ਹਜ਼ੂਰੀ ਵਿਚ ਵਸਦਾ ਹੈ। ਇਸ ਤਰ੍ਹਾਂ ਪ੍ਰੇਮ ਕਰਦਿਆਂ ਕਰਦਿਆਂ ਆਪਣਾ ਆਪਾ ਮਿਟ ਜਾਂਦਾ ਹੈ। ਦੋ ਤੋਂ ਇਕ ਰੂਪ ਹੋ ਜਾਂਦਾ ਹੈ ਅਤੇ ਕੇਵਲ ਵਾਹਿਗੁਰੂ ਜੀ ਹੀ ਰਹਿ ਜਾਂਦੇ ਹਨ। ਭਗਤ ਵਾਹਿਗੁਰੂ ਜੀ ਵਿਚ ਲੀਨ ਹੋ ਜਾਂਦੇ ਹਨ।

ਇਨ੍ਹਾਂ ਦਿਨਾਂ ਵਿਚ ਮੈਂ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ ਅਜੇ ਤਕ ਮਹਾਂਪੁਰਸ਼ਾਂ ਬਾਰੇ ਸੁਣਦਾ ਹੀ ਸਾਂ ਪਰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਵੈਸੇ ਮੈਂ ਸੰਤਾਂ ਮਹਾਂਪੁਰਸ਼ਾਂ ਦੇ ਬਚਨ ਸੁਣਨ ਜਿਥੇ ਵੀ ਹੋਣੇ, ਉਥੇ ਹੀ ਚਲਿਆ ਜਾਇਆ ਕਰਦਾ ਸੀ।

ਇਕ ਵਾਰੀ ਇਮਤਿਹਾਨ ਦੇ ਕੇ ਛੁਟੀਆਂ ਹੋ ਗਈਆਂ। ਅਸੀਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਦੇ ਦਰਸ਼ਨ ਕਰਨ ਲਈ ਨਾਰੰਗਵਾਲ ਪਹੁੰਚੇ। ਪਿੰਡ ਤੋਂ ਪੈਦਲ ਤੁਰ ਕੇ ਹੀ ਗਏ, ਮਨ ਵਿਚ ਬਹੁਤ ਹੀ ਚਾਓ ਸੀ ਕਿ ਉਸ ਮਹਾਨ ਯੋਧੇ ਦੇ ਦਰਸ਼ਨ ਕਰੀਏ ਜਿਸ ਨੇ ਆਪਣੀ ਉਮਰ ਦਾ ਸਭ ਤੋਂ ਚੰਗਾ ਹਿੱਸਾ ਮਾਤ੍ਰ ਭੂਮੀ ਦੀ ਸੁਤੰਤਰਤਾ ਹਾਸਲ ਕਰਨ ਵਾਸਤੇ ਜੇਲ੍ਹ ਦੀਆਂ ਕੋਠੜੀਆਂ ਵਿਚ ਕਸ਼ਟ ਸਹਿ ਕੇ ਗੁਜ਼ਾਰਿਆ। ਵੈਸੇ ਵੀ ਉਨ੍ਹਾਂ ਬਾਰੇ ਸੁਣਦੇ ਰਹੀਦਾ ਸੀ ਕਿਉਂਕਿ ਸਾਡੇ ਘਰ ਗੁਰਸਿੱਖਾਂ ਦਾ ਆਉਣਾ ਜਾਣਾ ਆਮ ਸੀ। ਉਹ ਸਮੇਂ ਬਹੁਤ ਹੀ ਭਿਆਨਕ ਸਨ। ਰਾਜਾ ਆਪਣੇ ਜ਼ੋਰ ਵਿਚ ਮਸਤ ਸੀ, ਅਫਸਰ ਉਨ੍ਹਾਂ ਤੋਂ ਵੀ ਵਧ ਸਨ, ਪੁਲਿਸ ਦਾ ਤਾਂ ਕਹਿਣਾ ਹੀ ਕੀ ਹੈ, ਸਿੱਖਾਂ ਨੂੰ ਜਿੰਨੀ ਤਕਲੀਫ ਦਿਤੀ ਜਾਵੇ ਉਨੀਂ ਥੋੜ੍ਹੀ ਸਮਝੀ ਜਾਂਦੀ ਸੀ। ਉਨ੍ਹਾਂ ਹੀ ਦਿਨਾਂ ਵਿਚ ਅਜੇ ਜੈਤੋ ਤੇ ਗੰਗਸਰ ਗੁਰੂ ਕੇ ਬਾਗ ਵਾਸਤੇ ਝੱਲੇ ਅਸਹਿ ਕਸ਼ਟ ਸਭ ਦੇ ਯਾਦ ਸਨ, ਅਸਾਡੇ ਪਿੰਡ ਭਾਈ ਮਹਿੰਦਰ ਸਿੰਘ ਹੋਇਆ ਕਰਦੇ ਸਨ ਜੋ ਪਹਿਲਾਂ ਫੌਜ ਵਿਚ ਸਨ। ਚੰਗੇ ਗੁਰਮੁਖ ਪਿਆਰੇ ਸਨ ਉਨ੍ਹਾਂ ਦਾ ਜੋ ਦਿਲ ਸੀ ਉਹ ਆਪਣੀ ਥਾਂ ਛੱਡ ਕੇ ਸੱਜੇ ਪਾਸੇ ਛਾਤੀ ਹੇਠਾਂ ਧੜਕਿਆ ਕਰਦਾ ਸੀ। ਅਸੀਂ ਉਨ੍ਹਾਂ ਨੂੰ ਪੁਛਣਾ ਕਿ ਇਹ ਕਿਵੇਂ ਹੋ ਗਿਆ ਤਾਂ ਉਨ੍ਹਾਂ ਨੇ ਦਸਿਆ ਕਿ ਗੁਰੂ ਕੇ ਬਾਗ ਦੇ ਮੋਰਚੇ ਵਿਚ ਅਸਾਡੇ ਉਪਰ ਐਨੀ ਕੁੱਟ ਪਈ, ਪੁਲਿਸ ਵਾਲੇ ਐਨੇ ਜ਼ੋਰ ਨਾਲ ਲਾਠੀਆਂ ਮਾਰ ਰਹੇ ਸਨ ਕਿ ਅਸੀਂ ਅਧਮੋਏ ਹੋ ਕੇ ਧਰਤੀ ਉਪਰ ਗਿਰ ਗਏ। ਐਨੇ ਨੂੰ ਅੰਗਰੇਜ਼ ਰਸਾਲਾ ਆ ਗਿਆ, ਉਸ ਨੇ ਪੂਰੇ ਜ਼ੋਰ ਨਾਲ ਘੋੜੇ ਸਾਡੇ ਉਪਰ ਨਠਾਏ ਅਤੇ ਮੇਰੇ ਖੱਬੇ ਪਾਸੇ ਘੋੜੇ ਦਾ ਪੈਰ ਐਨੇ ਜ਼ੋਰ ਨਾਲ ਲੱਗਿਆ ਕਿ ਮੇਰਾ ਦਿਲ ਆਪਣੀ ਥਾਂ ਛੱਡ ਗਿਆ ਇਹ ਤਾਂ ਵਾਹਿਗੁਰੂ ਜੀ ਜਾਣਦੇ ਹਨ ਕਿ ਮੈਂ ਆਪਣਾ ਸਮਾਂ ਕਿਵੇਂ ਕੱਟ ਰਿਹਾ ਹਾਂ। ਸੱਜੇ ਪਾਸੇ ਦਿਲ ਹੋਣ ਦੇ ਬਾਵਜੂਦ ਵੀ ਦਿਨ ਕੱਟ ਰਿਹਾ ਹਾਂ ਇਹ ਗੱਲਾਂ ਸੁਣ ਕੇ ਅੱਖਾਂ ਵਿਚ ਹੰਝੂ ਆਉਣੋ ਨਹੀਂ ਸੀ ਰੁਕਦੇ।

ਸਿੰਘਾਂ ਦੇ ਘਰ ਜ਼ਬਤ ਕਰ ਲਏ ਗਏ। ਮੈਂ ਸੱਤਵੀਂ ਵਿਚ ਪੜ੍ਹਦਾ ਸੀ ਜਦੋਂ ਸਰਦਾਰ ਸੇਵਾ ਸਿੰਘ ਜੀ ਠੀਕਰੀ ਵਾਲੇ ਮਹਾਨ ਘਾਲਣਾ ਘਾਲ ਰਹੇ ਸਨ। ਸਾਡਾ ਘਰ ਇਸ ਦੋਸ਼ ਵਿਚ ਜ਼ਬਤ ਕਰ ਲਿਆ ਕਿ ਭਾਈ ਸੇਵਾ ਸਿੰਘ ਠੀਕਰੀ ਵਾਲੇ ਦੇ ਜਥੇ ਨੂੰ ਅੰਗਰੇਜ਼ੀ ਰਾਜ ਵਿਚ ਜਾ ਕੇ ਪ੍ਰਸ਼ਾਦਾ ਛਕਾਇਆ ਸੀ ਕਿਉਂਕਿ ਸਾਡੇ ਖੂਹ ਦੇ ਨਾਲ ਹੀ ਨੇੜੇ ਹੀ ਲੁਧਿਆਣੇ ਜ਼ਿਲੇ ਦੀ ਜੂਹ ਸ਼ੁਰੂ ਹੋ ਜਾਂਦੀ ਸੀ। ਬਾਪੂ ਜੀ ਨੇ ਉਥੇ ਜਾ ਕੇ ਆਪਣੇ ਸਾਥੀਆਂ ਸਮੇਤ ਪ੍ਰਸ਼ਾਦੇ ਛਕਾਏ ਅਤੇ ਇਸ ਦੋਸ਼ ਵਿਚ ਸਾਡਾ ਘਰ ਜ਼ਬਤ ਕਰ ਲਿਆ, ਪੂਰੇ ਛੇ ਮਹੀਨੇ ਲੰਘਣ ਪਿਛੋਂ ਫੇਰ ਤਾਲੇ ਖੋਲ੍ਹੇ। ਸੋ ਅਜਿਹੇ ਹਾਲਾਤਾਂ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਦਿਲੋ ਹਮਦਰਦੀ ਹੋ ਜਾਣੀ ਕੁਦਰਤੀ ਸੀ। ਉਨ੍ਹਾਂ ਦਾ ਘਰ ਬਾਰ ਜ਼ਮੀਨ ਜ਼ਬਤ ਕਰ ਲਈ ਸੀ, ਆਜ਼ਾਦੀ ਆਉਣ ਪਰ ਭੀ ਨਹੀਂ ਮਿਲੀ ਸੀ ਉਹ ਕੋਈ ਇਵਜ਼ਾਨਾ ਭੀ ਨਹੀਂ ਮੰਗਦੇ ਸਨ। ਸੱਚੇ ਦੇਸ਼ ਭਗਤ ਸਨ। ਉਥੇ ਅਸੀਂ ਪਹੁੰਚ ਗਏ ਮੇਰੇ ਹੁਣ ਤਕ ਯਾਦ ਰਿਹਾ ਹੈ ਕਿ ਭਾਈ ਸਾਹਿਬ ਦਰਵਾਜ਼ਾ ਲੰਘ ਕੇ ਇਕ ਲੰਮੇ ਚੌੜੇ ਕਮਰੇ ਵਿਚ ਚੌਂਤਰੇ ਉਥੇ ਹੱਥ ਵਿਚ ਲੋਹੇ ਦਾ ਸਿਮਰਨ ਫੜੀ ਨਾਮ ਸਿਮਰਨ ਕਰ ਰਹੇ ਸਨ। ਅਸੀਂ ਫਤਹਿ ਬੁਲਾਈ, ਨਮਸਕਾਰ ਕੀਤੀ। ਆਪ ਨੇ ਬੜੇ ਪ੍ਰੇਮ ਨਾਲ ਸਾਡੇ ਨਾਲ ਬਚਨ ਬਿਲਾਸ ਕੀਤੇ ਅਤੇ ਉਪਰ ਵੱਡੇ ਚੁਬਾਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ, ਉਥੇ ਅਸਾਨੂੰ ਲੈ ਗਏ। ਆਪ ਨੇ ਮੈਨੂੰ ਕਿਹਾ ਕਿ ਕੀ ਤੂੰ ਸ਼ਬਦ ਪੜ੍ਹ ਸਕਦਾ ਹੈਂ? ਮੈਨੂੰ ਦੋ ਚਾਰ ਸ਼ਬਦ ਆਉਂਦੇ ਸਨ ਕਿਉਂਕਿ ਸਾਡੇ ਪਿੰਡ ਰਾਗਾਂ ਵਿਚ ਕੀਰਤਨ ਕਰਿਆ ਕਰਦੇ ਸਨ। ਨੰਬਰਦਾਰ ਪ੍ਰੇਮ ਸਿੰਘ ਜੀ ਤੇ ਭਾਈ ਚੰਨਣ ਸਿੰਘ ਜੀ, ਭਾਈ ਗੰਗਾ ਸਿੰਘ ਜੀ, ਭਾਈ ਰਾਮ ਸਿੰਘ ਜੀ ਸਾਡੇ ਪਿਤਾ ਜੀ, ਚਾਚਾ ਜੀ ਆਦਿ ਕੀਰਤਨ ਕਰਿਆ ਕਰਦੇ ਸਨ। ਕੀਰਤਨ ਵਾਲੇ ਕਿਤੋਂ ਵੀ ਕੋਈ ਪੈਸਾ ਨਹੀਂ ਸੀ ਲਿਆ ਕਰਦੇ। ਇਹ ਉਹ ਸਮੇਂ ਸਨ ਜਦੋਂ ਜੀਵਨ ਰੁਮਕ ਰਹੇ ਸਨ। ਅੱਜਕਲ੍ਹ ਤਾਂ ਸਭ ਕੁਝ ਪੈਸਿਆਂ ਦੇ ਅਧੀਨ ਹੋ ਗਿਆ, ਰਾਗੀ ਸਿੰਘ ਪਹਿਲਾਂ ਪੱਕਾ ਕਰਦੇ ਹਨ ਕਿ ਆਉਣ ਜਾਣ ਦਾ ਫਸਟ ਕਲਾਸ ਦਾ ਕਿਰਾਇਆ, ਜਾਂ ਹਵਾਈ ਜਹਾਜ਼ ਦੀ ਫਸਟ ਕਲਾਸ ਦੀ ਸੀਟ ਅਤੇ ਇਕ ਘੰਟੇ ਦੇ ਗਿਆਰ੍ਹਾਂ ਜਾਂ ਪੰਦਰਾਂ ਹਜ਼ਾਰ ਰੁਪਏ, ਵਾਜੇ ਦਾ ਸਾਰੇ ਰੁਪਈਏ ਵੀ ਆਪ ਲਏ ਜਾਣਗੇ। ਉਨ੍ਹਾਂ ਸਮਿਆਂ ਵਿਚ ਸਾਰੇ ਨਿਸ਼ਕਾਮ ਕੀਰਤਨ ਕਰਿਆ ਕਰਦੇ ਸਨ। ਅਖੰਡਪਾਠ ਆਮ ਪਾਠੀ ਕਰਦੇ ਸਨ। ਇਥੋਂ ਤਕ ਪ੍ਰੇਮੀਆਂ ਵਿਚ ਸ਼ਰਧਾ ਸੀ ਕਿ ਗੁਰਦੁਆਰਾ ਸਾਹਿਬ ਪ੍ਰਸ਼ਾਦਾ ਨਹੀਂ ਛਕਣਾ, ਸੇਵਾ ਕਰਕੇ ਪ੍ਰਸ਼ਾਦਾ ਘਰ ਆ ਕੇ

ਛਕਦੇ ਸਨ। ਇਸੇ ਕਰਕੇ ਉਹ ਗੁਰਸਿੱਖ ਐਨੇ ਕਸ਼ਟ ਸਹਾਰ ਗਏ ਹੁਣ ਤਾਂ ਸਭ ਕੁਝ ਬਦਲ ਗਿਆ ਹੈ। ਵਾਹਿਗੁਰੂ ਜੀ ਜਾਨਣ ਕਿ ਸੰਸਾਰ ਦਾ ਕੀ ਬਣੇਗਾ। ਪੈਸੇ ਲੈ ਕੇ ਧਰਮ ਪ੍ਰਚਾਰ ਹੁੰਦੇ ਹਨ।

ਸੋ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਜਦੋਂ ਪੁਛਿਆ ਤਾਂ ਮੈਨੂੰ ਚਾਰ ਕੁ ਸ਼ਬਦ ਆਉਂਦੇ ਸੀ, ਉਨ੍ਹਾਂ ਨੇ ਵਾਜਾ ਮੇਰੇ ਅੱਗੇ ਕਰ ਦਿਤਾ ਅਤੇ ਆਪ ਤਬਲੇ ਲੈ ਲਏ। ਮੈਨੂੰ ਸ਼ਾਮ ਕਲਿਆਣ ਵਿਚ ਕੀਰਤਨ ਕਰਨ ਲਈ ਇਕ ਸ਼ਬਦ ਚੰਗੀ ਤਰ੍ਹਾਂ ਆਉਂਦਾ ਸੀ –

*ਠਾਕੁਰ ਤੁਮ ਸਰਣਾਈ ਆਇਆ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ॥* *ਪੰਨਾ - 1218*

ਮੈਂ ਇਹ ਤੁਕ ਲਾਈ, ਭਾਈ ਸਾਹਿਬ ਬਾਰ-ਬਾਰ ਇਹੀ ਤੁਕ ਪੜ੍ਹੀ ਗਏ 'ਸਰਣਾਈ ਆਇਆ – ਸਰਣਾਈ ਆਇਆ, ਠਾਕੁਰ ਤੁਮ ਸਰਣਾਈ ਆਇਆ।' ਅਤੇ ਬਾਣੀ ਵਿਚੋਂ ਐਨੀਆਂ ਤੁਕਾਂ ਲਾ ਦਿਤੀਆਂ ਕਿ ਬਹੁਤ ਸਮਾਂ ਲੰਘ ਗਿਆ। ਪੂਰੇ ਦੋ ਢਾਈ ਘੰਟੇ ਇਸ ਸ਼ਬਦ ਦਾ ਕੀਰਤਨ ਹੁੰਦਾ ਰਿਹਾ ਉਸ ਤੋਂ ਬਾਦ ਆਪ ਕੀਰਤਨ ਸਮਾਧੀ ਤੋਂ ਉਥਾਨ ਹੋਏ, ਐਨੇ ਚਿਰ ਵਿਚ ਪ੍ਰਸ਼ਾਦਾ ਤਿਆਰ ਹੋ ਚੁਕਿਆ ਸੀ। ਮੇਰੇ ਨਾਲ ਬੀਬੀ ਰਣਜੀਤ ਕੌਰ (ਪਤਨੀ) ਅਤੇ ਵੱਡੇ ਭੈਣ ਅਤੇ ਹੋਰ ਇਕ ਦੋ ਬੀਬੀਆਂ ਸਨ, ਅਸਾਨੂੰ ਪ੍ਰਸ਼ਾਦਾ ਸਰਬ ਲੋਹ ਦੇ ਬਾਟਿਆਂ ਵਿਚ ਛਕਾਇਆ ਗਿਆ। ਮਹਾਂ ਦੀ ਦਾਲ ਐਨੀ ਸੁਆਦ ਸੀ ਕਿ ਮੇਰੇ ਬੜੀ ਦੇਰ ਤਕ ਯਾਦ ਹੀ ਰਹੀ। ਭਾਈ ਸਾਹਿਬ ਜੀ ਦਾ ਪ੍ਰਸ਼ਾਦਾ ਛਕਾਉਣਾ, ਕੀਰਤਨ ਕਰਨਾ ਮੇਰੇ ਅੰਦਰ ਕੈਮਰੇ ਦੀ ਫਿਲਮ ਦੀ ਤਰ੍ਹਾਂ ਰੂਪਮਾਨ ਹੋ ਗਿਆ। ਉਨ੍ਹਾਂ ਦੇ ਪਿਆਰ ਦੀ ਮੈਨੂੰ ਬਹੁਤ ਖਿੱਚ ਪੈਂਦੀ ਸੀ ਉਨ੍ਹਾਂ ਨੂੰ ਨਾਮ ਸਿਮਰਨ ਕਰਦਿਆਂ ਦੇਖ ਕੇ ਮੇਰੇ ਅੰਦਰ ਬਹੁਤ ਉਤਸ਼ਾਹ ਉਠਿਆ ਜੋ ਜੀਵਨ ਭਰ ਹੀ ਚਲਦਾ ਰਿਹਾ। ਜਦੋਂ ਅਸੀਂ ਜਾਣ ਨੂੰ ਤਿਆਰ ਹੋਏ ਤਾਂ ਆਪ ਨੇ ਪੁਛਿਆ ਹੁਣ ਕਿਥੇ ਜਾਵੋਂਗੇ ਤਾਂ ਵੱਡੀ ਭੈਣ ਨੇ ਦਸਿਆ ਕਿ ਮਹਿਮਾ ਸਿੰਘ ਵਾਲੇ ਸੰਤ ਮਨੀ ਸਿੰਘ ਜੀ ਦਿਆਲਪੁਰ ਵਾਲਿਆਂ ਦਾ ਕੀਰਤਨ ਸੁਣਨ ਜਾਣਾ ਹੈ। ਆਪ ਕਹਿਣ ਲੱਗੇ ਉਹ ਤਾਂ ਗੁਜਰਾਂ ਦੀਆਂ ਹੇਕਾਂ ਹਨ ਚੰਗਾ ਸੁਣ ਆਓ। ਮੇਰੇ ਵਲ ਦੇਖ ਕੇ ਕਹਿਣ ਲੱਗੇ ਕਿ ਤੂੰ ਗੁਰਮੁਖੀ ਦਸਤਾਰਾ ਸਜਾਇਆ ਕਰ। ਉਸ ਸਮੇਂ ਮੇਰੇ ਤਰਬੂਜੀਆ ਰੰਗ ਦੀ ਦਸਤਾਰ ਬੰਨੀ ਹੋਈ ਸੀ ਪਿਛੇ ਵੀ ਲੰਮਾ ਲੜ ਛੱਡਿਆ ਹੋਇਆ ਸੀ, ਮੂਹਰੇ ਵੀ ਜਿਥੇ ਆਖਰੀ ਲੜ ਟੰਗੀਦਾ ਹੈ ਪੰਜਾ ਜਿਹਾ ਬਣਾ ਕੇ ਟੰਗਿਆ ਹੋਇਆ ਸੀ। ਉਸ ਸਮੇਂ ਸਕੂਲਾਂ ਵਿਚ ਆਮ ਤੌਰ ਤੇ ਇਹੋ ਜਿਹਾ ਦਸਤਾਰਾ ਹੀ ਬੰਨ੍ਹਿਆ ਕਰਦੇ ਸਨ। ਲੰਮੇ ਲੜ ਨੂੰ ਮੋਢੇ ਉਪਰੋਂ ਘੁੰਮਾ ਕੇ ਕੰਨ ਦੇ ਪਿਛੋਂ ਦੀ ਦਸਤਾਰ ਵਿਚ ਟੰਗ ਲੈਣਾ। ਮੈਂ ਕਿਹਾ ਗੁਰਮੁਖੀ ਦਸਤਾਰ ਕੀ ਹੁੰਦੀ ਹੈ? ਤਾਂ ਉਨ੍ਹਾਂ ਨੇ ਦਸਿਆ ਕਿ ਉਸ ਵਿਚ ਲੜ ਨਹੀਂ ਛੱਡਿਆ ਜਾਂਦਾ। ਮੈਂ ਕਿਹਾ ਕਿ ਅਸਾਡੇ ਸਕੂਲ ਦਾ ਤਾਂ ਇਹੋ ਰਿਵਾਜ ਹੈ ਇਵੇਂ ਹੀ ਬੰਨ੍ਹਦੇ ਹਾਂ।

ਸੋ ਅਸੀਂ ਸੰਤ ਮਨੀ ਸਿੰਘ ਜੀ ਦਾ ਕੀਰਤਨ ਸੁਣਿਆ ਅਤੇ ਰਾਤ ਨੂੰ ਮਨਸੂਰਾਂ ਆਪਣੇ ਨਾਨਕੇ ਰਹੇ, ਦੂਸਰੇ ਦਿਨ ਧਮੋਟ ਵਾਪਸ ਆਏ। ਇਨ੍ਹਾਂ ਦਿਨਾਂ ਵਿਚ ਨਵੇਂ-ਨਵੇਂ ਲੀਡਰ ਉਠ ਰਹੇ ਸਨ। ਉਨ੍ਹਾਂ ਦੀਆਂ ਕਾਨਫਰੰਸਾਂ ਲਗਣੀਆਂ ਸ਼ੁਰੂ ਹੋ ਚੁਕੀਆਂ ਸਨ। ਸੰਤ ਮਹਾਰਾਜ ਜੀ ਹਰ ਚੀਜ਼ ਤੋਂ ਨਿਰਲੇਪ ਸਨ ਉਹ ਰਾਜਸੀ ਗੱਲਬਾਤ ਬਿਲਕੁਲ ਹੀ ਨਹੀਂ ਸੀ ਕਰਦੇ, ਨਾ ਹੀ ਕਿਸੇ ਰਾਜਸੀ ਸਭਾ ਸੁਸਾਇਟੀ ਵਿਚ ਹਿੱਸਾ ਹੀ ਲੈਂਦੇ ਸਨ।

ਉਨ੍ਹਾਂ ਦਿਨਾਂ ਦੀ ਹੀ ਇਕ ਹੋਰ ਗੱਲ ਮੈਂ ਲਿਖਣੀ ਚਾਹੁੰਦਾ ਹਾਂ ਜਦੋਂ ਮੈਨੂੰ ਅੱਠਵੀਂ ਜਮਾਤ ਦੇ ਇਮਤਿਹਾਨਾਂ ਪਿਛੋਂ ਛੁਟੀਆਂ ਹੋਈਆਂ ਉਸ ਸਮੇਂ ਆਮ ਤੌਰ ਉਪਰ ਘਰ ਵਾਲੇ ਸਾਨੂੰ ਡੰਗਰ ਚਾਰਨ ਲਾ ਦਿਆ ਕਰਦੇ ਸਨ ਅਤੇ ਕਣਕਾਂ ਨੂੰ ਪਾਣੀ ਲੱਗਿਆ ਕਰਦੇ ਸਨ। ਸੋ ਹਲਟ ਹਕਣਾ ਜਾਂ ਪਾਣੀ ਲਾਉਣਾ ਵਿਹਲੇ ਨਹੀਂ ਸੀ ਬੈਠਣ ਦਿੰਦੇ।

ਧਮੋਟ ਨਗਰ ਦੇ ਇਕ ਬਹੁਤ ਹੀ ਵੱਡੇ ਮਹਾਂਪੁਰਸ਼ ਜਿਨ੍ਹਾਂ ਨੇ ਆਪਣਾ ਸਾਰਾ ਹੀ ਜੀਵਨ ਤਿਆਗੀ ਰਹਿ ਕੇ ਗੁਰਮਤਿ ਪ੍ਰਚਾਰ ਲਈ ਲਾਇਆ ਉਨ੍ਹਾਂ ਦਾ ਨਾਮ ਗਿਆਨੀ ਰਾਮ ਸਿੰਘ ਜੀ ਸੀ। ਦਸਵੀਂ ਜਮਾਤ ਵਾਲਿਆਂ ਦੇ ਵੀ ਇਮਤਿਹਾਨ ਹੋ ਚੁਕੇ ਸਨ, ਗਿਆਨੀ ਜੀ ਨੇ 14 ਬੱਚਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਦੇਣ ਵਾਸਤੇ 14 ਬੀੜਾਂ ਦਾ ਪ੍ਰਕਾਸ਼ ਕਰ ਲਿਆ, ਮੇਰੇ ਸਰੀਰ ਦੀ ਉਮਰ 13 ਕੁ ਸਾਲ ਦੀ ਸੀ, ਮੈਂ ਵੀ ਗਿਆਨੀ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੰਥਿਆ ਲੈਣ ਵਿਚ ਸ਼ਾਮਲ ਕਰ ਲਓ। ਗਿਆਨੀ ਜੀ ਨੇ ਕਿਹਾ ਕਿ ਤੂੰ ਅਜੇ ਨਿਆਣਾ ਹੈਂ ਫੇਰ ਸੰਥਿਆ ਲੈ ਲਈਂ। ਮੇਰੇ ਮਨ ਵਿਚ ਬਹੁਤ ਤੀਬਰਤਾ ਸੀ ਅਤੇ ਭਰੋਸਾ ਸੀ ਕਿ ਮੈਂ ਲੈ ਲਵਾਂਗਾ। ਉਨ੍ਹਾਂ ਦਿਨਾਂ ਵਿਚ ਸਕੂਲਾਂ ਵਿਚ ਪੰਜਾਬੀ ਨਹੀਂ ਪੜ੍ਹਾਇਆ ਕਰਦੇ ਸਨ, ਫਾਰਸੀ ਤੇ ਉਰਦੂ ਹੋਇਆ ਕਰਦੀ ਸੀ। ਕਿਸੇ ਕਿਸੇ ਸਕੂਲ ਵਿਚ ਹਿੰਦੀ ਪੜ੍ਹਾਉਣ ਲਈ ਸਾਸ਼ਤਰੀ ਭੀ ਹੋਇਆ ਕਰਦੇ ਸਨ। ਅਸੀਂ ਤਾਂ ਮੌਲਵੀ ਤੋਂ ਪੜ੍ਹਿਆ ਕਰਦੇ ਸਾਂ। ਉਸ ਨੇ ਕਿਹਾ ਕਿ ਪੰਜਾਬੀ ਪੜ੍ਹਿਆ ਹੈਂ? ਮੈਂ ਕਿਹਾ, "ਹਾਂ ਘਰ ਵਿਚ ਹੀ ਪੜ੍ਹੀ ਹੈ, ਬਾਈਵਾਰਾਂ, ਪੰਜ ਗ੍ਰੰਥੀ ਪੜ੍ਹੀ ਹੈ।" ਮੈਂ ਕਿਹਾ ਕਿ ਅਸੀਂ ਗੁਰੂ ਦੀ ਬਾਣੀ ਇਸ ਕਰਕੇ ਨਹੀਂ ਪੜ੍ਹੀ ਕਿ ਕਿਤੇ ਗਲਤ ਨਾ ਪੜ੍ਹੀ ਜਾਵੇ। ਹੋਰ ਪੰਜਾਬੀ ਦੀਆਂ ਪੁਸਤਕਾਂ ਪੜ੍ਹੀਆਂ ਹਨ ਕਿਉਂਕਿ ਪਿੰਡ ਵਿਚ ਤੁਸੀਂ ਲਾਇਬ੍ਰੇਰੀ ਬਣਾਈ ਹੋਈ ਹੈ, ਮੇਰੇ ਮੂੰਹ ਵਿਚੋਂ ਨਿਕਲ ਗਿਆ ਕਿ ਮੈਂ ਜਾਨੀ ਚੋਰ ਦਾ ਚਿੱਠਾ ਵੀ ਪੜ੍ਹਿਆ ਹੈ। ਸਾਰੇ ਹਸ ਪਏ ਕਿ ਚਿੱਠਾ ਪੜ੍ਹਨ ਨਾਲ ਕਿਤੇ ਪਾਠ ਆ ਜਾਂਦਾ ਹੈ? ਮੈਂ ਬਹੁਤ ਬੇਨਤੀਆਂ ਕੀਤੀਆਂ। ਗਿਆਨੀ ਜੀ ਨੇ ਮੈਨੂੰ ਭਾਈ ਹਰੀ ਸਿੰਘ ਜੀ ਦੇ ਨਾਲ ਬਿਠਾ ਦਿਤਾ। ਉਹ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਦੀ ਸੇਵਾ

ਕਰਿਆ ਕਰਦੇ ਸਨ। ਮੇਰੇ ਨਾਲ ਬਹੁਤ ਪਿਆਰ ਸੀ। ਇਕ ਪਾਸੇ ਤੋਂ ਵਾਰੀ-ਵਾਰੀ ਸਭ ਤੋਂ ਪੜ੍ਹਾਉਂਦੇ ਹੋਏ ਜਦੋਂ ਸਭ ਤੋਂ ਪਿਛੋਂ ਮੇਰੀ ਵਾਰੀ ਆਈ ਉਸ ਵੇਲੇ ਬਹੁਤ ਔਖਾ ਸ਼ਬਦ ਚਲ ਰਿਹਾ ਸੀ, ਸ੍ਰੀ ਰਾਗ ਮਹਲਾ ੧ ਸੀ, ਜੁੜਵੇਂ ਅੱਖਰਾਂ ਦੀਆਂ ਬੀੜਾਂ ਹੋਇਆ ਕਰਦੀਆਂ ਸੀ ਉਸ ਵਿਚ ਸ਼ਬਦ ਆਇਆ -

*ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ॥*
*ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ॥*
*ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ॥*
*ਨਾਨਕ ਸਾਚੇ ਕਉ ਸਚੁ ਜਾਣੁ॥*
*ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ॥*
*ਪੰਨਾ - 15*

ਮੈਂ ਇਸ ਸ਼ਬਦ ਨੂੰ ਸਹਿਜ ਹੀ ਪੜ੍ਹ ਗਿਆ। ਉਸ ਵੇਲੇ ਗਿਆਨੀ ਜੀ ਨੇ ਅਗਲੇ ਸ਼ਬਦ ਮੇਰੇ ਤੋਂ ਪੜ੍ਹਵਾਏ -

*ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ*
*ਅਗਰਿ ਵਾਸੁ ਤਨਿ ਸਾਸੁ॥*
*ਅਠਸਠਿ ਤੀਰਥ ਕਾ ਮੁਖਿ ਟਿਕਾ*
*ਤਿਤੁ ਘਟਿ ਮਤਿ ਵਿਗਾਸੁ॥*
*ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ॥।*
*ਬਾਬਾ ਹੋਰ ਮਤਿ ਹੋਰ ਹੋਰ॥*
*ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥ ਪੰਨਾ - 17*

ਸੋ ਇਸ ਸ਼ਬਦ ਤਕ ਮੇਰੇ ਤੋਂ ਪੜ੍ਹਾਇਆ। ਜੁੜਵੇਂ ਅੱਖਰਾਂ ਦੀ ਬੀੜ ਸੀ ਮੇਰੇ ਨਾਲ ਦੇ ਪੜ੍ਹਨ ਵਾਲੇ ਕਿਸੇ ਅੱਖਰ ਨੂੰ ਕਿਸੇ ਨਾਲ ਜੋੜ ਦਿੰਦੇ ਸਨ ਅਤੇ ਕਿਸੇ ਨੂੰ ਕਿਸੇ ਨਾਲ। ਗਿਆਨੀ ਜੀ ਹੈਰਾਨ ਹੋ ਗਏ ਅਤੇ ਮੇਰੇ ਤੋਂ ਪੁਛਣ ਲੱਗੇ ਕਿ ਤੂੰ ਪਹਿਲਾਂ ਪਾਠ ਕੀਤਾ ਹੋਇਆ ਹੈ? ਮੈਂ ਕਿਹਾ ਕਿ ਗਿਆਨੀ ਜੀ! ਅੱਜ ਮੇਰਾ ਪਹਿਲਾਂ ਦਿਨ ਹੈ ਕਿ ਮੈਂ ਗੁਰੂ ਸਾਹਿਬ ਦੇ ਰੁਮਾਲਾ ਚੁੱਕ ਦੇ ਦਰਸ਼ਨ ਕੀਤੇ ਹਨ। ਅਸੀਂ ਤਾਂ ਦੂਰ ਹੀ ਰਹਿੰਦੇ ਸੀ ਇਸ ਡਰ ਨਾਲ ਕਿ ਕਿਤੇ ਕੋਈ ਗਲਤੀ ਨਾ ਹੋ ਜਾਵੇ। ਖੁਸ਼ ਹੋ ਕੇ ਗਿਆਨੀ ਜੀ ਕਹਿਣ ਲੱਗੇ, "ਤੂੰ ਅੱਖਰ ਕਿਵੇਂ ਜੋੜ ਲੈਂਦਾ ਹੈ।" ਮੈਂ ਕਿਹਾ, "ਮੈਂ ਪੜ੍ਹਦਾ ਤਾਂ ਪਿਛਲੀ ਲਾਈਨ ਹਾਂ ਪਰ ਮੇਰੀਆਂ ਅੱਖਾਂ ਅਗਲੀ ਲਾਈਨ ਵਿਚ ਅੱਖਰ ਜੋੜ ਰਹੀਆਂ ਹੁੰਦੀਆਂ ਹਨ।" ਸੋ ਇਸ ਤਰ੍ਹਾਂ ਗਿਆਨੀ ਜੀ ਨੇ ਮੈਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾ ਦਿਤਾ। ਮੈਨੂੰ ਬਹੁਤ ਹੀ ਖੁਸ਼ੀ ਹੋਈ।

ਸਾਡੇ ਪਿੰਡ ਵਿਚ ਪਾਠ ਚਲਦੇ ਹੀ ਰਹਿੰਦੇ ਸਨ। ਉਨ੍ਹਾਂ ਦਿਨਾਂ ਵਿਚ ਜਥੇਦਾਰ ਸੁੰਦਰ ਸਿੰਘ ਜੀ ਮਹਾਨ ਤਿਆਗੀ ਪੂਰਨ ਗੁਰਸਿੱਖ ਪਿੰਡ ਵਿਚ ਜਥੇਦਾਰ ਸਨ। ਜਦੋਂ ਮੈਂ ਸਕੂਲ ਤੋਂ ਵਾਪਸ ਆਇਆ ਕਰਦਾ ਸੀ ਤਾਂ ਜਥੇਦਾਰ ਜੀ ਦਾ ਘਰ ਰਸਤੇ ਦੇ ਉਪਰ ਸੀ ਉਹ ਬਾਹਰ ਖੜ੍ਹੇ ਮੈਨੂੰ ਉਡੀਕਦੇ ਹੀ ਰਹਿੰਦੇ ਸਨ ਅਤੇ ਮੈਨੂੰ ਅੰਦਰ ਬੁਲਾ ਕੇ ਦੁਧ ਦਾ ਛੰਨਾ ਪਿਲਾਉਣਾ ਅਤੇ ਕਹਿਣਾ ਕਿ ਫਲਾਣੇ ਘਰ ਵਿਚ ਸਹਿਜ ਪਾਠ ਹੋ ਰਿਹਾ ਹੈ ਉਥੇ ਪਾਠ ਕਰਕੇ ਆ। ਮੈਂ ਕਹਿਣਾ ਬਾਬਾ ਜੀ! ਮੈਂ ਤਾਂ ਸਕੂਲ ਦਾ ਕੰਮ ਕਰਨਾ ਹੈ ਤਾਂ ਉਨ੍ਹਾਂ ਨੇ ਉਥੇ ਬੈਠ ਕੇ ਹੀ ਮੈਨੂੰ ਸਕੂਲ ਦਾ ਕੰਮ ਕਰਨ ਨੂੰ ਕਹਿਣਾ। ਮੈਂ ਥੋੜ੍ਹੇ ਬਹੁਤ ਸਵਾਲ ਕੱਢ ਕੇ, ਅੰਗ੍ਰੇਜ਼ੀ ਦਾ ਕੰਮ ਕਰਕੇ ਬਾਕੀ ਦਾ ਰਾਤ ਪਈ ਤੇ ਛੱਡ ਦੇਣਾ ਅਤੇ ਪਾਠ ਕਰਨ ਚਲੇ ਜਾਣਾ। ਛੁਟੀਆਂ ਵਿਚ ਤਾਂ ਉਹ ਮੈਨੂੰ ਘਰਦਿਆਂ ਤੋਂ ਮੰਗ ਕੇ ਲੈ ਆਉਂਦੇ ਸਨ ਅਤੇ ਸਹਿਜ ਪਾਠ ਕਰਵਾਉਣੇ। ਹੌਲੀ-ਹੌਲੀ ਮੈਨੂੰ ਬਹੁਤ ਮੁਹਾਰਤ ਵਧ ਗਈ। ਪਾਠ ਮੈਂ ਸਹਿਜੇ ਹੀ 30 ਪਤਰੇ ਤੋਂ ਵੱਧ ਇਕ ਘੰਟੇ ਵਿਚ ਕਰਨ ਲਗ ਗਿਆ। ਪਾਠ ਸ਼ੁੱਧ ਸੀ ਮੈਨੂੰ ਅਖੰਡਪਾਠਾਂ ਵਿਚ ਡਿਊਟੀ ਦੇਣੀ ਸ਼ੁਰੂ ਕਰ ਦਿਤੀ। ਰਾਤ ਨੂੰ ਮੇਰੀ ਡਿਊਟੀ 8 ਤੋਂ 10 ਲੱਗਿਆ ਕਰਦੀ ਸੀ ਕਿਉਂਕਿ ਮੈਂ ਪਾਠ ਉਚੀ ਅਤੇ ਨਿਖਾਰ ਕੇ ਕਰਿਆ ਕਰਦਾ ਸੀ। ਪਿੰਡ ਵਾਲੇ ਉਸ ਸਮੇਂ ਹੁੰਮ ਹੁੰਮਾ ਕੇ ਪਹੁੰਚਿਆ ਕਰਦੇ ਸਨ। ਇਸ ਸਮੇਂ ਵਿਚ ਮੈਂ ਆਸਾ ਜੀ ਦੀ ਵਾਰ ਦਾ ਕੀਰਤਨ ਵੀ ਕਰਨ ਲਗ ਗਿਆ। 20-25 ਹਮ ਉਮਰ ਦੇ ਲੜਕਿਆਂ ਦਾ ਜਥਾ ਸੀ, ਇਸੇ ਉਮਰ ਵਿਚ 20-25 ਬੀਬੀਆਂ ਹਾਜ਼ਰੀਆਂ ਭਰਿਆ ਕਰਦੀਆਂ ਸਨ ਅਤੇ ਪਿੰਡਾਂ ਵਿਚ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਜਦੋਂ ਪੜ੍ਹਾਈ ਦਾ ਜ਼ੋਰ ਹੁੰਦਾ ਫੇਰ ਮੈਂ ਦਿਲ ਲਾ ਕੇ ਪੜ੍ਹਨਾ ਅਤੇ ਜਦੋਂ ਛੁਟੀਆਂ ਹੋ ਜਾਣੀਆਂ ਫੇਰ ਕੀਰਤਨ ਕਰਨਾ।

ਸਹਿਜ ਪਾਠ ਦੀ ਘਟਨਾ ਮੇਰੇ ਯਾਦ ਹੈ ਕਿ ਸਾਡੇ ਪਿੰਡ ਧਮੋਟ ਵਿਚ ਕਈ ਪਾਸੇ ਹਨ। ਮਸੰਦਾਂ ਦੇ ਪਾਸੇ ਸਹਿਜ ਪਾਠ ਰੱਖਿਆ ਹੋਇਆ ਸੀ ਉਸ ਦਿਨ ਛੁਟੀ ਸੀ ਜਥੇਦਾਰ ਜੀ ਨੇ ਮੈਨੂੰ ਉਥੇ ਸਹਿਜ ਪਾਠ ਕਰਨ ਲਈ ਭੇਜ ਦਿਤਾ ਕਿਉਂਕਿ ਮੈਂ ਛੋਟਾ ਜਿਹਾ ਸੀ, ਜਿਸ ਦੇ ਘਰ ਪਾਠ ਸੀ ਉਸ ਮਾਈ ਨੇ ਮੇਰਾ ਨਾਮ ਲੈ ਕੇ ਕਿਹਾ ਵਰਿਆਮ ਸਿੰਘ ਤੂੰ ਬੇਟਾ! ਪਾਠ ਕਰੀਂ, ਆਹ ਮੈਂ ਤੇਰੇ ਕੋਲ ਬਾਂਸ ਰਖਦੀ ਹਾਂ। ਅੰਦਰ ਗੁੜ ਪਿਆ ਹੋਣ ਕਰਕੇ ਕੁੱਤੀ ਬਾਰ-ਬਾਰ ਅੰਦਰ ਆਉਂਦੀ ਹੈ, ਦਰਵਾਜ਼ੇ ਨੂੰ ਕੁੰਡੀ ਲੱਗੀ ਨਹੀਂ ਹੋਈ ਇਸ ਕਰਕੇ ਤੂੰ ਬਾਂਸ ਨੂੰ ਖੜਕਾ ਦਿਆ ਕਰੀਂ। ਆਪ ਤੁਰਨ ਵੇਲੇ ਕਹਿਣ ਲੱਗੀ ਕਿ ਬਾਹਰ ਓਟੇ ਵਿਚ ਦਾਲ ਧਰੀ ਹੋਈ ਹੈ ਤੈਨੂੰ ਸੂੰ-ਸੂੰ ਕਰਦੀ ਸੁਣੇਗੀ ਤਾਂ ਤੂੰ ਚਪਣੀ ਚੁਕ ਦਿਆ ਕਰੀਂ।

ਥੋੜ੍ਹੀ ਦੇਰ ਬਾਦ ਉਹ ਕੁੱਤੀ ਆ ਗਈ, ਮੈਂ ਬਾਂਸ ਖੜਕਾਉਂਦਾ ਰਿਹਾ, ਐਨੇ ਨੂੰ ਦਾਲ ਉਬਲਣ ਲਗ ਗਈ ਮੈਂ ਚਪਣੀ ਚੁਕਣ ਚਲਿਆ ਗਿਆ। ਫੇਰ ਕੀ ਸੀ ਮੇਰੀ ਕਵੈਲ ਹੋਣੀ ਸ਼ੁਰੂ ਹੋ ਗਈ ਕੁੱਤੀ ਆਵੇ ਤਾਂ ਮੈਂ ਬਾਂਸ ਖੜਕਾਵਾਂ, ਦਾਲ ਉਬਲੇ ਤਾਂ ਮੈਂ ਚੱਪਣੀ ਚੁਕਣ ਜਾਵਾਂ। ਉਹ ਮਾਈ ਨਾਲ ਦੇ ਘਰ ਦੇ ਬਾਹਰ ਮੰਜਾ ਡਾਹ ਕੇ ਉਰਲੀਆਂ ਪਰਲੀਆਂ ਮਾਰਨ ਚਲੀ ਗਈ। ਆਮ ਤੌਰ ਤੇ ਪਿੰਡ ਦੀਆਂ ਔਰਤਾਂ ਇਕੱਠੀਆਂ ਹੋ ਕੇ ਚੁਗਲੀਆਂ ਕਰਿਆ ਕਰਦੀਆਂ ਸਨ, ਜਿਹੜੀ ਉਨ੍ਹਾਂ ਵਿਚੋਂ ਉਠ ਕੇ ਚਲੀ ਗਈ ਉਸ ਦੀਆਂ।

ਜਥੇਦਾਰ ਜੀ ਨੂੰ ਮੈਂ ਕਿਹਾ ਕਿ ਮੈਂ ਅਜਿਹੇ ਪਾਠ ਨਹੀਂ ਕਰਨੇ। ਮੈਂ ਉਥੇ ਪਾਠ ਕਰਨਾ ਹੈ ਜਿਥੇ ਬੈਠ ਕੇ ਕੋਈ ਸੁਣੇ। ਅੱਜ ਇਹ ਗੱਲਾਂ 1931-32 ਦੇ ਲੱਗਭੱਗ ਦੀਆਂ ਹਨ।

ਸੰਤ ਮਹਾਰਾਜ ਜੀ ਦਾ ਨਾਮ ਤਾਂ ਸੁਣਿਆ ਸੀ ਪਰ ਅਜੇ ਤਕ ਦਰਸ਼ਨ ਨਹੀਂ ਸੀ ਹੋਏ। ਆਪ ਦੀ ਮਹਿਮਾ ਬਹੁਤ ਵਧੀ ਹੋਈ ਸੀ। ਪਿੰਡ ਦੇ ਕਈ ਲੋਕ ਪੂਰਨਮਾਸ਼ੀ ਤੇ ਜਾਇਆ ਕਰਦੇ ਸਨ। ਅਸਾਡਾ ਪਿੰਡ ਰੇਰੂ ਸਾਹਿਬ ਉਪਰ ਸ਼ਰਧਾ ਰੱਖਦਾ ਸੀ ਜਿਥੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਸੇਵਾ ਕਰਨ

ਉਪਰੰਤ ਸਰੀਰ ਛੱਡ ਗਏ ਸਨ ਜਾਂ ਅਸੀਂ ਹੌਲੇ ਮਹੱਲੇ ਦੇ ਦਿਨ੍ਹਾਂ ਵਿਚ ਭੈਣੀ ਸਾਹਿਬ ਜਾ ਕੇ ਨਾਮਧਾਰੀਆਂ ਦੇ ਜਥੇ ਤੋਂ ਕੀਰਤਨ ਨੂੰ ਸੁਣਿਆ ਕਰਦੇ ਸੀ। ਉਸ ਵਿਚ ਮਸਤਾਨੇ ਨਚਿਆ ਕਰਦੇ ਸਨ। ਉਨ੍ਹਾਂ ਨੂੰ ਸੂਤਰ ਪੈ ਜਾਂਦਾ ਸੀ ਉਹ ਮਸਤ ਹੋਏ ਝੂੰਮਦੇ ਰਹਿੰਦੇ ਸਨ। ਉਨ੍ਹਾਂ ਦਾ ਮੇਰੇ ਉਪਰ ਬਹੁਤ ਅਸਰ ਸੀ। ਨਾਮ ਜਪਣ ਦੀ ਲਗਨ ਮੈਨੂੰ ਛੋਟੀ ਉਮਰ ਤੋਂ ਹੀ ਲਗ ਗਈ ਸੀ। ਇਹ ਵੀ ਇਕ ਲੰਮੀ ਕਹਾਣੀ ਹੈ। ਸੋ ਹੁਣ ਵੀ ਮਾਲਾ ਨਾਲ ਮੈਂ ਨਾਮ ਜਪਿਆ ਕਰਦਾ ਸੀ। ਇਸ ਤਰ੍ਹਾਂ ਬਚਪਨ ਲੰਘਦਾ ਗਿਆ, ਮਾਂ ਬਾਪ, ਸਾਰਾ ਪਰਿਵਾਰ ਇਕੱਠਾ ਹੀ ਸੀ ਜ਼ਿੰਮੀਦਾਰਾ ਕੰਮ ਬਹੁਤ ਜ਼ਿਆਦਾ ਸੀ, ਖੇਤ ਦੂਰ-ਦੂਰ ਸਨ। ਮੁਰੱਬੇਬੰਦੀ ਨਹੀਂ ਹੋਈ ਹੋਈ ਸੀ ਇਸ ਕਰਕੇ ਖੇਤੀ ਕਰਨ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ। ਘਰ ਵਾਲਿਆਂ ਨੂੰ ਛੁਟੀ ਮਸਾਂ ਹੀ ਉਡੀਕਦਿਆਂ ਨੂੰ ਆਇਆ ਕਰਦੀ ਸੀ ਉਨ੍ਹਾਂ ਨੇ ਪਹਿਲਾਂ ਹੀ ਕਹਿ ਦੇਣਾ ਕਿ ਸਾਜਰੇ ਹੀ ਕੇਸੀ ਇਸ਼ਨਾਨ ਕਰਕੇ ਫਲਾਣੇ-ਫਲਾਣੇ ਕੰਮ ਕਰਨੇ ਹਨ। ਖੇਲ੍ਹਣ ਦਾ ਕੋਈ ਸਮਾਂ ਹੀ ਨਹੀਂ ਸੀ ਪਿੰਡ ਦੇ ਲੜਕੇ ਕ੍ਰਿਕਟ, ਹਾਕੀ ਖੇਡਿਆ ਕਰਦੇ ਸਨ। ਮੈਂ ਵੀ ਦੌੜ ਭੱਜ ਕੇ ਥੋੜ੍ਹਾ ਜਿਹਾ ਸਮਾਂ ਕੱਢ ਕੇ ਖੇਲ੍ਹਣ ਚਲਿਆ ਜਾਣਾ। ਐਨੀ ਕੁ ਛੁੱਟੀ ਮਸਾਂ ਦਿੰਦੇ ਸਨ। ਚੇਤ ਦੇ ਮਹੀਨੇ ਛੁਟੀਆਂ ਹੁੰਦੀਆਂ ਤਾਂ ਉਸ ਵੇਲੇ ਕਣਕਾਂ ਦੇ ਭਰੇ ਬੰਨ੍ਹਣ ਲਈ ਬੇੜਾਂ ਵੱਟੀਆਂ ਜਾਂਦੀਆਂ। ਪਹਿਲਾਂ ਕਣਕ ਦੇ ਨਾੜ ਨੂੰ ਮੋਗਰੀਆਂ ਨਾਲ ਕੁਟਣਾ ਨਰਮ ਕਰ ਲੈਣਾ ਤਾਂ ਕਿ ਵਟਾ ਚੜ੍ਹ ਜਾਵੇ ਫੇਰ ਸਾਡੇ ਹੱਥਾਂ ਵਿਚ ਕਿੱਲ੍ਹੀ ਨਾਲ ਵਲੇਟੀ ਹੋਈ ਵੇੜ ਦਾ ਸਿਰਾ ਫੜਾ ਦੇਣਾ ਅਤੇ ਸਾਰਾ ਦਿਨ ਵਟੇ ਦੇਈ ਜਾਣੇ ਅਤੇ ਵੇੜਾਂ ਵੱਟੀ ਜਾਣੀਆਂ। ਚਾਹੇ ਥਕੋ ਚਾਹੇ ਨਾ ਥਕੋ ਕੰਮ ਤਾਂ ਕਰਨਾ ਹੀ ਪੈਂਦਾ ਸੀ। ਪਰ ਮੈਨੂੰ ਇਕ ਆਦਤ ਪੈ ਚੁਕੀ ਸੀ ਕਿ ਮੈਂ ਹੱਥਾਂ ਨੂੰ ਮਾਲਾ ਬਣਾ ਲੈਂਦਾ ਸੀ। ਇਕ ਹੱਥ ਨਾਲ ਵਾਹਿਗੁਰੂ ਤੇ ਦੂਜੇ ਨਾਲ ਸਤਿਨਾਮ ਕਹਿਣਾ ਜਦੋਂ ਤੇਜ਼ ਕਰ ਦੇਣਾ ਤਾਂ ਵੇੜਾਂ ਜ਼ਿਆਦਾ ਵੱਟੀਆਂ ਜਾਣੀਆਂ। ਛੁਟੀਆਂ ਵਿਚ ਕੀਰਤਨ ਰਾਤ ਨੂੰ ਕੀਤਾ ਜਾਂਦਾ ਸੀ। ਵਾਜਾ ਵਜਾਉਣਾ ਮੈਨੂੰ ਆ ਚੁਕਿਆ ਸੀ ਫੇਰ ਘਰਾਂ ਵਿਚ ਜਾ ਕੇ ਸ਼ਬਦ ਚੌਕੀਆਂ ਲਾਉਣੀਆਂ। ਸਾਡੇ ਪਿੰਡ ਦੇ ਰਾਮਗੜ੍ਹੀਏ ਬਜ਼ੁਰਗ ਆਮ ਤੌਰ ਤੇ ਵਿਸ਼ਵਕਰਮਾ ਦੇ ਮੰਦਰ ਜਾਇਆ ਕਰਦੇ ਸਨ ਉਨ੍ਹਾਂ ਵਿਚੋਂ ਇਕ ਹੀ ਸਿੰਘ ਸੀ ਜਿਸ ਦਾ ਨਾਮ ਉਦੈ ਸਿੰਘ ਸੀ ਉਹ ਨਿਤਨੇਮ ਨਾਲ ਗੁਰਦੁਆਰੇ ਆਇਆ ਕਰਦਾ ਸੀ। ਉਹ ਲੋਹੇ ਦਾ ਕੰਮ ਕਰਦਾ ਸੀ ਬਾਕੀ ਵਿਸ਼ਵਕਰਮਾ ਮੰਦਰ ਵਿਚ ਜਾਇਆ ਕਰਦੇ ਸਨ।

ਮੈਨੂੰ ਦਸਵੀਂ ਜਮਾਤ ਦਾ ਇਮਤਿਹਾਨ ਦੇਣ ਪਿਛੋਂ ਛੁਟੀਆਂ ਸਨ। ਦਾਖਲੇ ਜੇਠ ਹਾੜ੍ਹ ਵਿਚ ਹੋਣੇ ਸੀ। ਇਨ੍ਹਾਂ ਦਿਨਾਂ ਵਿਚ ਘਰ ਦੇ ਕੰਮ ਕਾਰ ਮੁਕਾ ਕੇ ਰਾਤ ਨੂੰ ਮੈਂ ਕੀਰਤਨ ਕਰਨ ਜਾਣਾ। ਅਸੀਂ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਰੱਖ ਦਿਤੇ। ਪਾਠ ਵੀ ਆਪ ਕਰਨਾ, ਹਰ ਰੋਜ਼ ਕੀਰਤਨ ਕਰਨਾ। ਇਸ ਤਰ੍ਹਾਂ ਕੋਈ ਘਰ ਵੀ ਨਹੀਂ ਬਚਿਆ ਹੋਣਾ ਜਿਸ ਘਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਨਾ ਕੀਤਾ ਹੋਵੇ। ਸਾਡੇ ਨਾਲ ਜਥੇਦਾਰ ਸੁੰਦਰ ਸਿੰਘ ਜੀ ਜਾਇਆ ਕਰਦੇ ਸਨ। ਇਕ ਗਿਆਨੀ ਜੀ ਜਿਨ੍ਹਾਂ ਦਾ ਨਾਂ ਕਰਮ ਸਿੰਘ ਸੀ ਬਹੁਤ ਹੀ ਮਿੱਠੀ ਕਥਾ ਕਰਿਆ ਕਰਦੇ ਸਨ ਉਹ ਵੀ ਹਮੇਸ਼ਾ ਹੀ ਆਇਆ ਕਰਦੇ ਸਨ। ਇਸ ਦਾ ਇਹ ਅਸਰ ਹੋਇਆ ਕਿ ਦੋ ਢਾਈ ਮਹੀਨੇ ਵਿਚ ਐਨਾ ਪ੍ਰਚਾਰ ਹੋ ਗਿਆ ਕਿ ਸਾਰੇ ਰਾਮਗੜ੍ਹੀਆ ਪਰਿਵਾਰ ਗੁਰਦੁਆਰਾ ਸਾਹਿਬ ਆਉਣ ਲਗ ਗਏ, ਉਨ੍ਹਾਂ ਦੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਹੋਣਾ ਸ਼ੁਰੂ ਹੋ ਗਿਆ, ਉਨ੍ਹਾਂ ਦੇ ਲੜਕੇ ਪਹਿਲਾਂ ਹੀ ਮੇਰੇ ਜਥੇ ਵਿਚ ਸਨ। ਅਸੀਂ ਪਿੰਡ ਤੋਂ ਬਾਹਰ ਵੀ ਕੀਰਤਨ ਕਰਨ ਚਲੇ ਜਾਇਆ ਕਰਦੇ ਸਨ। ਜੇ ਕੋਈ ਸਰੋਪਾ ਜਾਂ ਪੈਸਾ ਦੇ ਦੇਵੇ ਤਾਂ ਅਸੀਂ ਗੁਰਦੁਆਰੇ ਸਾਹਿਬ ਆ ਕੇ ਜਮ੍ਹਾਂ ਕਰਾ ਦਿੰਦੇ ਸੀ।

ਦਸਵੀਂ ਦਾ ਇਮਤਿਹਾਨ ਦੇਣ ਪਿਛੋਂ ਮੈਨੂੰ ਲੁਧਿਆਣੇ commercial ਕਾਲਜ ਵਿਚ ਭੇਜ ਦਿਤਾ ਜਿਥੇ ਮੈਂ ਟਾਈਪ, Telegraphy (ਟੈਲੀਗ੍ਰਾਫੀ) ਸ਼ਾਰਟਹੈਂਡ ਆਦਿ ਕੋਰਸ ਕੀਤਾ। ਉਥੇ ਸ਼ਹਿਰ ਦੀ ਚੰਗੀ ਹਵਾ ਨਾ ਹੋਣ ਕਰਕੇ ਮੈਨੂੰ ਬੁਖਾਰ ਚੜ੍ਹਨ ਲਗ ਗਿਆ। ਬਿਮਾਰੀ ਦੀ ਹਾਲਤ ਵਿਚ ਮੈਂ ਇਮਤਿਹਾਨ ਪਾਸ ਕੀਤੇ। ਉਥੇ ਵੀ ਕਈ ਪ੍ਰੇਮੀ ਅਜਿਹੇ ਮਿਲੇ ਜਿਨ੍ਹਾਂ ਦਾ ਸੁਭਾਅ ਬਹੁਤ ਹੀ ਅੱਛਾ ਸੀ। ਉਨ੍ਹਾਂ ਵਿਚ ਪੰਡਤ ਜਗਨਨਾਥ ਸਾਡੇ ਪਿੰਡ ਦੇ ਹੀ ਸਨ। ਇਕ ਲਸੋਈ ਦਾ ਲਾਲ ਸਿੰਘ ਸੀ। ਅਸੀਂ ਸਾਜਰੇ ਹੀ ਉਠ ਕੇ ਮੋਗੇ ਨੂੰ ਜਾਣ ਵਾਲੀ ਸੜਕ ਤੇ ਸੈਰ ਕਰਨੀ, ਦੌੜਾਂ ਲਾਉਣੀਆਂ। ਉਸ ਸਮੇਂ ਲੁਧਿਆਣਾ ਉਚੇ ਪੁਲ ਤੋਂ ਅੱਗੇ ਨਹੀਂ ਸੀ ਹੋਇਆ ਕਰਦਾ, ਲੰਮੀ ਉਜਾੜ ਹੋਇਆ ਕਰਦੀ ਸੀ। ਸਰਕਾਰੀ ਫਾਰਮ ਹੁੰਦੇ ਸਨ ਇਸ ਤਰ੍ਹਾਂ ਬਹੁਤ ਸਾਰੇ ਪ੍ਰੇਮੀਆਂ ਦੀਆਂ ਜ਼ਮੀਨਾਂ, ਰੇਤਲੇ ਟਿੱਬੇ ਹੋਇਆ ਕਰਦੇ ਸਨ। ਬਿਮਾਰੀ ਦੀ ਹਾਲਤ ਵਿਚ ਹੀ ਮੈਂ ਘਰ ਪਹੁੰਚਿਆ, ਥੋੜ੍ਹੇ ਚਿਰ ਪਿਛੋਂ ਮੈਨੂੰ ਮਾਨਸਾ ਦੇ ਕੋਲ ਹੀ ਜਵਾਹਰਕੇ ਦੀ ਕੋਠੀ ਵਿਚ ਭੇਜ ਦਿਤਾ ਜਿਥੇ ਮੈਂ ਤਾਰ ਬਾਬੂ ਦੇ ਨਾਲ ਕੰਮ ਕਰਿਆ ਕਰਦਾ ਸੀ ਕਿਉਂਕਿ ਮੈਂ ਇਹ ਕੋਰਸ ਕੀਤਾ ਹੋਇਆ ਸੀ, ਉਥੇ ਮੈਨੂੰ ਭਜਨ ਕਰਨ ਨੂੰ ਬਹੁਤ ਸਮਾਂ ਮਿਲ ਗਿਆ। ਆਪਣਾ ਪ੍ਰਸ਼ਾਦਾ ਆਪ ਹੀ ਤਿਆਰ ਕਰਕੇ ਛਕਿਆ ਕਰਦਾ ਸੀ। ਉਥੇ ਨਹਿਰ ਦੀ ਕੋਠੀ ਵਿਚ ਬਹੁਤ ਸੋਹਣਾ ਬਾਗ ਸੀ।

ਦਿਨੇ ਉਸ ਬਾਗ ਵਿਚ ਬੈਠ ਕੇ ਭਜਨ ਕਰਨਾ। ਬਾਗ ਵਿਚ ਫੁਲਾਂ ਦੀ ਸੁਗੰਧੀ ਰਾਤ ਰਾਣੀ ਆਦਿ ਦੀ ਸੁਗੰਧੀ ਦੂਰ-ਦੂਰ ਤਕ ਜਾਂਦੀ ਸੀ। ਰਾਤ ਨੂੰ ਨਹਿਰ ਦੀ ਕੋਠੀ ਉਪਰ ਬੈਠ ਕੇ ਭਜਨ ਕਰਨਾ। ਦਿਨੇ ਮੈਨੂੰ ਓਵਰਸੀਅਰ ਨੇ ਬੁਲਾ ਕੇ ਐਸਟੀਮੇਟਾਂ ਦੇ ਜੋੜ ਕਰਨ ਲਈ ਦੇਣੇ। ਉਸ ਦਾ ਨਾਮ ਰਾਮ ਜੀ ਦਾਸ ਸੀ। ਨਾਮ ਅੰਦਰ ਹਰ ਵਕਤ ਜ਼ੋਰ ਨਾਲ ਚਲਦਾ ਸੀ ਪਰ ਜਦੋਂ ਸਾਰਾ ਧਿਆਨ ਰਕਮਾਂ ਦੇ ਜੋੜ ਕਰਨ ਵਿਚ ਲਾਉਣਾ ਤਾਂ ਮੇਰੇ ਬੁਲ੍ਹ ਬਹੁਤ ਛੇਤੀ-ਛੇਤੀ ਹਿਲਦੇ ਸਨ ਕਿਉਂਕਿ ਮੇਰੇ ਅੰਦਰ ਨਾਮ ਧੁਨ ਬਹੁਤ ਕਾਹਲੀ ਨਾਲ ਚਲ ਰਹੀ ਸੀ ਕਿਉਂਕਿ 75000 ਵਾਰੀ ਮੈਂ ਬੈਠ ਕੇ ਨਾਮ ਅਭਿਆਸ ਮਾਲਾ ਨਾਲ ਕਰਿਆ ਕਰਦਾ ਸਾਂ। ਇਸ ਦਾ ਪ੍ਰਭਾਵ ਤੇਜ਼ੀ ਨਾਲ ਮੇਰੇ ਅੰਦਰ ਨਾਮ ਚਲਿਆ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਮੈਂ ਪ੍ਰਾਣਾਯਾਮ ਭੀ ਕਰਿਆ ਕਰਦਾ ਸਾਂ। ਉਮਰ ਉਸ ਸਮੇਂ 18 ਸਾਲਾਂ ਦੀ ਹੋ ਚੁਕੀ ਸੀ। ਓਵਰਸੀਅਰ ਨੇ ਕਹਿਣਾ ਕਿ ਤੇਰੇ ਬੁਲ੍ਹ ਕਿਉਂ ਹਿਲਦੇ ਹਨ, ਮੈਂ ਕਹਿਣਾ ਬਾਬੂ ਜੀ!

ਤੁਹਾਨੂੰ ਇਹ ਗੱਲ ਸਮਝ ਵਿਚ ਨਹੀਂ ਆਉਣੀ ਕਿਉਂਕਿ ਤੁਸੀਂ ਕਿਸਾਨਾਂ ਤੋਂ ਰਿਸ਼ਵਤਾਂ ਲੈਂਦੇ ਹੋ ਇਹ ਨਾਮ ਦਾ ਮਾਰਗ ਅਛੋਹ ਹੈ। ਇਹ ਦਿਲੋਂ ਸਾਫ ਬੰਦਿਆਂ ਦੇ ਹੱਥ ਆਇਆ ਕਰਦਾ ਹੈ

ਗਰਮੀਆਂ ਦੇ ਦਿਨਾਂ ਵਿਚ ਸਰਸਾ ਜ਼ਿਲੇ ਦੇ ਪਿੰਡਾਂ ਵਿਚ ਪੀਣ ਲਈ ਇਕ ਘੁੱਟ ਭੀ ਪਾਣੀ ਨਹੀਂ ਸੀ ਮਿਲਿਆ ਕਰਦਾ। ਉਹ ਖਾਲੇ ਪੁੱਟ ਕੇ ਛੇ-ਛੇ, ਸੱਤ-ਸੱਤ ਮੀਲ ਨਹਿਰ ਦਾ ਪਾਣੀ ਟੋਭਿਆਂ ਵਿਚ ਭਰਨ ਲਈ ਮਨਜ਼ੂਰ ਕਰਾ ਲਿਆ ਕਰਦੇ ਸਨ। ਪਾਣੀ ਦੇ ਮਾਮਲੇ ਵਿਚ ਨਹਿਰੀ ਮਹਿਕਮਾ ਪੈਂਡੂਆਂ ਤੋਂ ਉਨ੍ਹਾਂ ਦੀ ਮਜ਼ਬੂਰੀ ਦਾ ਨਾਜਾਇਜ਼ ਫਾਇਦਾ ਉਠਾਇਆ ਕਰਦਾ ਸੀ ਕਿਉਂਕਿ ਨਹਿਰੀ ਮਹਿਕਮਾ ਓਵਰਸੀਅਰ ਦੇ ਹੱਥ ਵਿਚ ਹੁੰਦਾ। ਭਾਵੇਂ ਥੋੜ੍ਹਾ ਪਾਣੀ ਦੇਵੇ ਭਾਵੇਂ ਟੋਭਾ ਪੂਰਾ ਭਰਾ ਦੇਵੇ। ਮੈਨੂੰ ਓਵਰਸੀਅਰ ਨੇ ਕਿਹਾ ਕਿ ਟੋਭਿਆਂ ਦਾ ਪੈ ਰਿਹਾ ਪਾਣੀ ਵੇਖ। ਜੋਹੜਕੀਆਂ ਤੋਂ ਪਾਣੀ ਸੁਖਚੈਨ ਜਾ ਰਿਹਾ ਸੀ। ਜਦੋਂ ਮੈਂ ਗਿਆ ਤਾਂ ਪਾਣੀ ਨਾਲ ਅੱਧਾ ਟੋਭਾ ਹੀ ਭਰਿਆ ਸੀ। ਪਿੰਡ ਵਾਲਿਆਂ ਲਈ ਮੈਂ ਵੱਡਾ ਅਫਸਰ ਹੀ ਲਗਦਾ ਸੀ ਕਿਉਂਕਿ ਸਰਕਾਰੀ ਬੰਦਾ ਸੀ। ਓਵਰਸੀਅਰ ਨੇ ਮੇਰੇ ਨਾਲ ਬੇਲਦਾਰ ਭੇਜ ਦਿਤਾ। ਉਸ ਨੂੰ ਸਭ ਗੱਲ ਸਮਝਾ ਦਿਤੀ ਕਿ ਜਾਂਦੇ ਹੀ ਕਿਹੋ ਕਿ ਪਾਣੀ ਬਹੁਤ ਹੋ ਗਿਆ ਹੈ ਤੇ ਕਹਿਣਾ ਪਾਣੀ ਹੁਣ ਅਗਲੇ ਪਿੰਡ ਨੂੰ ਦੇਣਾ ਹੈ। ਫੇਰ ਸੌ ਰੁਪਏ ਲੈ ਕੇ ਪਾਣੀ ਦੇਣਾ। ਜਦੋਂ ਮੈਂ ਗਿਆ ਇਹ ਗੱਲ ਬੇਲਦਾਰ ਨੇ ਕਹਿ ਦਿਤੀ ਅਜੇ ਪਾਣੀ ਮਸਾਂ ਤਿੰਨ ਕੁ ਫੁੱਟ ਹੀ ਹੋਇਆ ਸੀ। ਉਹ ਪੈਸੇ ਲੈ ਆਏ ਮੈਂ ਇਹ ਕਹਿ ਕੇ ਮੋੜ ਦਿਤੇ ਕਿ ਤੁਸੀਂ ਬੇਫਿਕਰ ਹੋ ਕੇ ਪਾਣੀ ਭਰੋ, ਅਸੀਂ ਰਿਸ਼ਵਤ ਨਹੀਂ ਲੈਣੀ, ਉਸ ਸਮੇਂ ਦਾ ਸੌ ਰੁਪਿਆ ਅੱਜ ਦੇ ਪੰਦਰਾਂ ਹਜ਼ਾਰ ਦੇ ਬਰਾਬਰ ਹੈ। ਜਦੋਂ ਪੂਰਾ ਪਾਣੀ ਭਰਾ ਕੇ ਮੈਂ ਵਾਪਸ ਜਵਾਰਕੀ ਆਇਆ ਤੇ ਓਵਰਸੀਅਰ ਨੇ ਰਿਸ਼ਵਤ ਵਾਲੇ ਪੈਸੇ ਮੰਗੇ। ਬੇਲਦਾਰ ਨੇ ਕਿਹਾ ਕਿ ਇਸਨੇ ਪੈਸੇ ਨਾ ਆਪ ਲਏ ਨਾ ਮੈਨੂੰ ਲੈਣ ਦਿਤੇ। ਪਿੰਡ ਵਾਲੇ ਤਾਂ ਹਰ ਸਾਲ ਵਾਂਗੂੰ ਇਹ ਰਕਮ ਦੇਣ ਨੂੰ ਤਿਆਰ ਸਨ। ਉਨ੍ਹਾਂ ਦਿਨਾਂ ਵਿਚ ਸ. ਜੋਗਿੰਦਰ ਸਿੰਘ ਜੀ ਅਸਾਡੇ ਪਿੰਡ ਦੇ ਐਸ.ਡੀ.ਓ. ਸਬ ਡਵੀਜ਼ਨਲ ਆਫੀਸਰ ਲੱਗੇ ਹੋਏ ਸਨ। ਉਹ ਬਹੁਤ ਹੀ ਇਮਾਨਦਾਰ ਅਫਸਰ ਸਨ। ਇਕ ਪੈਸਾ ਭੀ ਰਿਸ਼ਵਤ ਨਹੀਂ ਲੈਂਦੇ ਸਨ। ਉਹ S.E ਬਣ ਕੇ ਰਿਟਾਇਰ ਹੋਏ। ਉਨ੍ਹਾਂ ਦੇ ਡਰ ਕਰਕੇ ਮੈਨੂੰ ਓਵਰਸੀਅਰ ਕੁਝ ਭੀ ਨਾ ਆਖ ਸਕਿਆ।

□ □ □ □ □ □ □ □

---

**For more information**

**please visit us on internet at :-**

**http://www.atammarg.org**

**&**

**http://wwwatammarg.com**

(ਪੰਨਾ 20 ਦੀ ਬਾਕੀ)

ਰਾਸ ਹੈ, ਇਸ ਦੀ ਪ੍ਰਸ਼ਤ ਪਰ ਵਸ ਰਹੇ ਅੰਮ੍ਰਿਤ ਨੇ ਅਰਸ਼ ਤੋਂ ਧੁੱਪ ਹਵਾ 'ਚੋਂ ਸੱਤਾ ਜੋ ਮਾਤਾ ਰੂਪ ਹੈ, ਉਸ ਨੂੰ ਇਸ ਦਰਖਤ ਦੀ ਖਾਲ ਵਿਚ ਛਣ ਕੇ ਇਸ ਤਕ ਪੁੱਜਣਾ ਹੈ। ਪਾਣੀ ਇਸ ਨੂੰ ਦਰਖਤ ਜੜ੍ਹਾਂ ਤੋਂ ਸਿੰਜਦਾ ਹੈ ਇਸ ਤਰ੍ਹਾਂ ਇਸ ਦੀ ਇਹ ਲਾਲੀ ਜੋ ਲੋਕਾਂ ਸਾਮ੍ਹਣੇ ਹੈ। ਫਿਰ ਇਸ ਅੰਮ੍ਰਿਤ ਰੂਪ ਪਛਵਾੜੇ ਅੰਦਰ ਮਿਲਦੀ ਜਾਂਦੀ ਹੈ। ਫੁੱਲ ਦੀਆਂ ਪੰਖੜੀਆਂ ਮੁਰਝਾਉਂਦੀਆਂ ਹਨ। ਬਾਹਰਲਾ ਰੰਗ ਰੂਪ ਖਤਮ ਹੁੰਦਾ ਹੈ, ਪਰ ਇਕ ਹੋਰ ਰੂਪ ਪ੍ਰਗਟ ਹੁੰਦਾ ਹੈ, ਕਰਤੇ ਦੀ ਕੁਦਰਤ ਦੇ ਰੰਗਾਂ ਵਿਚ ਆਖਰ ਇਹ ਫਲੀ ਰੂਪ ਹੋ ਜਾਂਦਾ ਹੈ ਤੇ ਬੀਜ ਦੀ ਸ਼ਕਲ ਬਣਦੀ ਹੈ ਫਿਰ ਉਹ ਬੀਜ ਆਖਰ ਰੂਪ ਹੋ ਜਾਂਦਾ ਹੈ।

ਇਸੇ ਤਰ੍ਹਾਂ ਸਾਡੇ ਸਾਰਿਆਂ ਦੇ ਅੰਦਰ ਅੰਮ੍ਰਿਤ ਮੌਜੂਦ ਹੈ, ਮਨਮੁਖ ਉਸਦਾ ਸਵਾਦ ਨਹੀਂ ਮਾਣ ਸਕਦਾ, ਉਹ ਕਸਤੂਰੀ ਦੇ ਮਿਰਗ ਵਾਂਗ ਇਸ ਸੁਗੰਧੀ ਨੂੰ ਬਾਹਰੋਂ ਭਾਲਦਾ ਹੈ ਤੇ ਭਟਕਦਾ ਹੀ ਜਾਂਦਾ ਹੈ, ਬਾਹਰਲਾ ਅੰਮ੍ਰਿਤ ਜੋ ਕਿ ਮੇਰੇ ਗੁਰਦੇਵ ਨੇ ਸਾਨੂੰ ਮਿਹਰ ਕਰਕੇ ਦਿਤਾ ਹੈ ਕਿ ਇਸ ਗੱਲ ਦਾ ਪ੍ਰਤੀਕ ਹੈ ਕਿ ਅਸੀਂ ਉਸ ਅੰਦਰਲੇ ਅੰਮ੍ਰਿਤ ਦੀ ਭਾਲ ਕਰੀਏ, ਜਿਸ ਤਰ੍ਹਾਂ ਨਲਕੇ ਦੀ ਬੋਕੀ ਪਾ ਕੇ ਅਸੀਂ ਉਪਰੋਂ ਪਾਣੀ ਪਾਉਂਦੇ ਹਾਂ, ਫਿਰ ਹੌਲੀ-ਹੌਲੀ ਅੰਦਰਲੀ ਹਵਾ ਖਾਰਜ ਕਰ ਦਿੰਦੇ ਹਾਂ, ਜਦੋਂ ਹਵਾ ਖਾਰਜ ਹੋ ਕੇ ਅੰਦਰਲਾ ਜਲ ਬਾਹਰ ਦੇ ਜਲ ਨਾਲ ਆ ਕੇ ਮਿਲਦਾ ਹੈ ਫਿਰ ਉਹ ਜਿੰਨਾ ਚਾਹੋ ਪਾਣੀ ਕੱਢੀ ਜਾਓ ਬੰਦ ਨਹੀਂ ਹੁੰਦਾ। ਸੋ ਤੁਸੀਂ ਇਸ ਸਰੀਰ ਅੰਦਰ ਚਲ ਰਹੇ ਸਵਾਸ ਨੂੰ ਕਾਬੂ ਕਰੋ। ਇਸ ਦੀ ਰਵਸ਼ ਤੇ ਉਤਰਾਅ ਚੜ੍ਹਾਅ ਤੁਹਾਡੇ ਵਸੀ ਭੂਤ ਹੋਵੇ, ਫਿਰ ਤੁਸੀਂ ਆਪ ਹੀ ਤੱਕੋ ਕਿ ਆਖਰ ਅੰਦਰਲਾ ਅਨੰਦ ਰਸ ਭਰਪੂਰ ਅਨੰਦ ਤੇ ਮਹਾਨ ਸਤਾ ਜੋ ਅੰਦਰ ਬਾਹਰ ਇਕ ਰਸ ਵਸ ਰਹੀ ਹੈ ਬਗੈਰ ਕਿਸੇ ਦੋਖ ਦੇ ਇਕ ਰਸ ਹਰ ਪਾਸੇ ਛਾਈ ਹੋਈ ਹੈ? ਉਹੀ ਸਤਾ ਰਸ ਤੇ ਆਨੰਦ ਦੀ ਦਾਤੀ ਹੈ। ਲੋੜ ਹੈ ਮਿਹਨਤ ਤੇ ਉਸ ਅੰਦਰ ਪ੍ਰਪੱਕ ਵਿਸ਼ਵਾਸ਼ ਦੀ। ਸੋ ਜੇਕਰ ਉਹ ਕਾਇਮ ਰਹੇ ਤਦ ਇਕ ਦਿਨ ਉਹ ਅੰਦਰਲਾ ਅੰਮ੍ਰਿਤ ਹੀ ਸੁਖ ਨਿਧਾਨ ਬਣ ਕੇ ਜੀਵਨ ਨੂੰ ਇਕ ਅਨੰਦ ਸਾਗਰ ਬਣਾ ਦਿੰਦਾ ਹੈ।

ਇਨ੍ਹਾਂ ਦੋਹਾਂ ਘਟਨਾਵਾਂ ਨਾਲ ਮੇਰੇ ਅੰਦਰ ਜੋ ਵਿਸ਼ਵਾਸ਼ ਸ਼ਰਧਾ ਤੇ ਨਿਸ਼ਚਾ ਸੰਤ ਈਸ਼ਰ ਸਿੰਘ ਜੀ ਮਹਾਰਾਜ ਬਾਰੇ ਬਣਿਆ ਉਸ ਅੰਦਰ ਕਦੇ ਕੋਈ ਘਾਟ ਨਹੀਂ ਆ ਸਕਦੀ। ਅਸੀਂ ਉਸ ਸਮੇਂ ਦੇ ਡੇਰੇ ਦਾ ਜ਼ਿਕਰ ਕਰ ਰਹੇ ਸਾਂ। ਜਿਨ੍ਹਾਂ ਦਾ ਵਾਹ ਉਸ ਸਮੇਂ ਇਸ ਡੇਰੇ ਦੇ ਮਾਹੌਲ ਨਾਲ ਪਿਆ ਉਹ ਨਾ ਉਸ ਇਕ ਦਮ ਸ਼ਾਂਤ, ਆਤਮ ਰਸ ਭਰਪੂਰ ਵਾਤਾਵਰਣ ਨੂੰ ਭੁੱਲ ਹੀ ਸਕਦੇ ਹਨ ਤੇ ਨਾ ਹੀ ਉਨ੍ਹਾਂ ਦੇ ਮਨਾਂ ਤੋਂ ਉਹ ਯਾਦ ਹੀ ਕਦੇ ਵੀ ਭੁੱਲ ਸਕਦੀ ਹੈ ਕਿਉਂਕਿ ਹੋਰ ਹਰ ਗੱਲ ਸੰਸਾਰ ਦੇ ਵਿਵਹਾਰ ਨਾਲ ਹੀ ਸਮੇਂ ਸਿਰ ਮੁਕ ਜਾਂਦੀ ਹੈ ਪਰ ਜਿਨ੍ਹਾਂ ਗੱਲਾਂ ਦਾ ਵਾਸਤਾ ਮਾਨਸਿਕ ਅਵਸਥਾ ਨਾਲ ਹੈ ਉਹ ਕਦੇ ਵੀ ਯਾਦ ਤੋਂ ਲਾਂਭੇ ਨਹੀਂ ਜਾ ਸਕਦੇ, ਉਹ ਜਦੋਂ ਯਾਦ ਕਰੋ ਉਸੇ ਹੀ ਸਮੇਂ ਤਾਜ਼ਾ ਹੋ ਜਾਂਦੇ ਹਨ, ਇਸ ਤਰ੍ਹਾਂ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੇ ਸਾਥੀਆਂ ਦੀ ਇਕ ਤਰ੍ਹਾਂ ਅੰਤਰ ਆਤਮਾਂ ਏਕਤਾ ਹੋ ਜਾਂਦੀ ਹੈ।

□ □ □ □ □ □ □ □

# Sacred Journey
# ਪਵਿੱਤਰ ਪੈਂਡਾ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਚੌਥਾ ਅਧਿਆਇ

## ਖਜ਼ਾਨੇ ਦੀ ਖੋਜ

ਮਨੁੱਖੀ ਜੀਵਨ ਦੇ ਰੋਲੇ ਗੋਲੇ ਵਿਚੋਂ ਇਕ ਦਿਨ ਇਹ ਫੈਸਲਾ ਹੁੰਦਾ ਹੈ ਕਿ ਸ਼ਾਂਤੀ ਦੀ, ਅਨੰਦ ਦੀ ਖੋਜ ਕੀਤੀ ਜਾਵੇ। ਇਸ ਖਜ਼ਾਨੇ ਦੀ ਭਾਲ ਕਿਥੇ ਕੀਤੀ ਜਾਵੇ? ਕਿਵੇਂ ਇਸ ਨੂੰ ਢੂੰਡਿਆ ਜਾਵੇ। ਇਥੇ ਇਹ ਯਾਦ ਕਰ ਲੈਣਾ ਜ਼ਰੂਰੀ ਹੋਵੇਗਾ ਜੋ ਫਰਿਸ਼ਤੇ ਨੇ ਪਹਿਲੇ ਅਧਿਆਏ ਵਿਚ ਦੱਸਿਆ ਸੀ ਜਿਸਨੂੰ ਪ੍ਰਮਾਤਮਾ ਨੇ ਇਹ ਖਜ਼ਾਨਾ ਲੁਕਾਉਣ ਲਈ ਕਿਹਾ ਸੀ, ਫੇਰ ਉਸ ਨੂੰ ਆਦੇਸ਼ ਦਿਤਾ ਸੀ ਕਿ ਇਹ ਖਜ਼ਾਨਾ ਮਨੁੱਖ ਦੇ ਅੰਦਰ ਹੀ ਲੁਕਾ ਦਿਤਾ ਜਾਵੇ ਕਿਉਂ ਜੋ ਅੰਦਰ ਤਾਂ ਕੋਈ ਵਿਰਲਾ ਮਨੁੱਖ ਹੀ ਚੀਨੇਗਾ। ਇਹ ਵੀ ਕਿਹਾ ਹੈ ਕਿ ਇਹ ਖਜ਼ਾਨਾ ਸਾਡੀ ਹਉਮੈ ਦੀਆਂ ਪਰਤਾਂ ਥੱਲੇ, ਇਛਾਵਾਂ ਦੇ ਹੇਠਾਂ ਭਾਵਨਾਵਾਂ, ਸੰਵੇਗਾਂ ਦੇ ਹੇਠ ਸਾਡੀਆਂ ਆਦਤਾਂ ਦੇ ਹੇਠਾਂ ਡੂੰਘਾ ਦਬਿਆ ਪਿਆ ਹੈ, ਸਾਡੀਆਂ ਸੋਚਾਂ ਦੇ ਹੇਠਾਂ ਹੋਰ ਕਿੰਨਾ ਹੀ ਕੁਝ ਅੰਦਰ ਪਿਆ ਹੈ। ਆਤਮਾ ਉਥੇ ਲੁਕੀ ਬੈਠੀ ਹੈ ਤੇ ਇੰਤਜ਼ਾਰ ਕਰ ਰਹੀ ਹੈ, ਮੈਨੂੰ ਕੋਈ ਲੱਭ ਲਵੇ। ਆਤਮ ਗਿਆਨ ਲਈ ਬੱਸ ਐਨੇ ਦੀ ਹੀ ਲੋੜ ਹੈ, ਐਨਾ ਜਾਨਣਾ ਹੀ ਜ਼ਰੂਰੀ ਹੈ ਕਿ ਆਤਮਾ ਅੰਦਰ ਹੈ, ਉਸ ਲਈ ਸਤਰਕ ਹੋਣਾ ਚੇਤਨ ਹੋਣਾ ਜਿਵੇਂ ਕਿ ਬੁੱਧ ਨੇ ਦਸਿਆ ਇਹ ਐਨਾ ਹੀ ਸੌਖਾ ਹੈ ਜਿੰਨਾ ਮੋਮਬੱਤੀ ਦੀ ਲਾਟ ਦਾ ਕੰਬਣਾ।

ਹਉਮੈ ਦੀਆਂ ਪਰਤਾਂ ਇਕ-ਇਕ ਕਰਕੇ ਉਤਾਰਨੀਆਂ, ਭਾਵਨਾਵਾਂ ਨੂੰ ਇਕ-ਇਕ ਕਰਕੇ ਛਿਲਣਾ ਤੇ ਕਿਸੇ ਹੱਦ ਤਕ ਪੱਕੇ ਹੋਏ ਵਿਚਾਰਾਂ ਨੂੰ ਕੱਢ ਕੇ ਸੁੱਟ ਦੇਣਾ ਐਨਾ ਸੌਖਾ ਕੰਮ ਨਹੀਂ। ਸ਼ੰਕਰਾਚਾਰੀਆ ਕਹਿੰਦੇ ਹਨ ਕਿ ਇਹ ਖਜ਼ਾਨਾ ਤੁਹਾਨੂੰ ਉਦੋਂ ਨਹੀਂ ਮਿਲਦਾ ਜਦੋਂ ਤੁਸੀਂ ਉਸ ਨੂੰ ਪੁਕਾਰਦੇ ਹੋ। ਖਜ਼ਾਨੇ ਦੀ ਖੋਜ ਕਰਨੀ ਪੈਂਦੀ ਹੈ, ਉਸ ਨੂੰ ਪੁੱਟ ਕੇ ਕੱਢਣਾ ਪੈਂਦਾ ਹੈ। ਜੋ ਕੁਝ ਕੂੜ ਕਬਾੜ ਦਾ ਢੇਰ ਉਸ ਉਪਰ ਬਣ ਗਿਆ ਹੈ ਉਸ ਨੂੰ ਸਾਫ ਕਰਨਾ ਬਹੁਤ ਜ਼ਰੂਰੀ ਹੈ। ਖਜ਼ਾਨੇ ਨੂੰ ਢੂੰਡਣ ਦਾ ਫੈਸਲਾ ਉਸ ਦੀ ਖੋਜ ਦਾ ਪਹਿਲਾ ਕਦਮ ਹੈ। ਖਜ਼ਾਨਾ ਅੰਦਰ ਦੱਬਿਆ ਪਿਆ ਹੈ, ਇਸ ਨੂੰ ਮੰਨ ਕੇ ਹੀ ਚਲਣਾ ਪੈਂਦਾ ਹੈ ਪਰ ਇਹ ਵੀ ਮਹਿਸੂਸ ਕੀਤਾ ਜਾਂਦਾ ਹੈ, ਇਕ ਅਵਾਜ਼ ਆਉਂਦੀ ਹੈ, ਕਹਿੰਦੀ ਹੈ ਖਜ਼ਾਨਾ ਬਹੁਤ ਨੇੜੇ ਹੈ, ਕਦੀ ਕਹਿੰਦੀ ਹੈ ਖਜ਼ਾਨਾ ਬਹੁਤ ਦੂਰ ਹੈ। ਖਜ਼ਾਨੇ ਉਤੇ ਪਿਆ ਗੰਦ ਕੂੜ ਕਬਾੜ ਹੋਰ ਕੁਝ ਨਹੀਂ ਕੇਵਲ ਮਾਇਆ ਹੈ ਤੇ ਮਾਇਆ ਦਾ ਪ੍ਰਭਾਵ ਹੈ, ਮਾਇਆ ਕਾਰਣ ਮਨੁੱਖ ਆਤਮਾ ਭੁੱਲੀ ਬੈਠਾ ਹੈ। ਜਗਿਆਸੂ ਨੂੰ ਚਾਹੀਦਾ ਹੈ ਉਹ ਪੂਰੇ ਉਤਸ਼ਾਹ ਨਾਲ ਖੋਜ ਸ਼ੁਰੂ ਕਰੇ।

ਉਹ ਕਿਹੜੀ ਚੀਜ਼ ਹੈ ਜਿਹੜੀ ਮਨੁੱਖ ਨੂੰ ਆਪਣੀ ਪਛਾਣ ਕਰਾਉਣ ਤੋਂ ਰੋਕਦੀ ਹੈ? ਉਹ ਕਿਹੜੀਆਂ ਪਹਾੜੀਆਂ ਹਨ ਜਿਹੜੀਆਂ ਰੁਕਾਵਟ ਪੈਦਾ ਕਰਦੀਆਂ ਹਨ? ਉਹ ਕਿਹੜਾ ਕੂੜਾ ਹੈ ਜਿਸ ਦੇ ਥੱਲੇ ਖਜ਼ਾਨਾ ਦੱਬਿਆ ਪਿਆ ਹੈ। ਮਨੁੱਖ ਕਿਵੇਂ ਇਹ ਕੂੜਾ ਹਟਾ ਸਕਦਾ ਹੈ? ਕੂੜਾ ਕਰਕਟ ਹਟਾਉਣ ਲਈ ਕੀ ਸਮਾਨ ਚਾਹੀਦਾ ਹੈ?

ਇਹ ਖਜ਼ਾਨੇ ਦੀ ਖੋਜ ਹੀ ਜੀਵਨ ਹੈ, ਕਿਹੜੇ ਸਾਧਨ ਕਦੋਂ ਤੇ ਕਿਸ ਤਰ੍ਹਾਂ ਵਰਤਣੇ ਹਨ ਇਹ ਜੀਵਨ ਜਾਚ ਹੈ। ਇਹ ਪੂਰਾ ਕੰਮ ਜੀਵਨ ਹੈ ਇਹ ਇਕ ਕਮਾਲ ਦਾ, ਅਤਿ ਸੁਹਾਵਣਾ ਮਰਜੀਵੜਿਆਂ ਦਾ ਕੰਮ ਹੈ, ਆਤਮਾ ਦੀ ਖੋਜ ਕਰਨੀ।

ਜਿਵੇਂ-ਜਿਵੇਂ ਅਸੀਂ ਖੋਜਦੇ ਹਾਂ, ਹੌਲੀ-ਹੌਲੀ ਸਾਨੂੰ ਪਤਾ ਲਗਦਾ ਹੈ, ਹੌਲੀ-ਹੌਲੀ ਅਸੀਂ ਹੋਰ ਅੱਗੇ ਹੁੰਦੇ ਹਾਂ, ਛਿਲਦੇ ਹਾਂ, ਛਿਲਕੇ ਉਤਾਰਦੇ ਹਾਂ, ਉਹ ਛਿਲਕੇ ਜਿਹੜੇ ਫਾਲਤੂ ਹਨ ਅਤੇ ਸਥਾਈ ਬਣ ਚੁਕੇ ਹਨ। ਉਦੋਂ ਤਕ ਇਹ ਕੰਮ ਚਲਦਾ ਰਹਿੰਦਾ ਹੈ ਜਦੋਂ ਤਕ ਇਹ ਪੂਰਾ ਨਾ ਹੋ ਜਾਵੇ ਤੇ ਸਾਨੂੰ ਇਹ ਪਤਾ ਨਾ ਲਗ ਜਾਏ ਕਿ ਅਸੀਂ ਕੀ ਹਾਂ, ਕੌਣ ਹਾਂ? ਸੰਸਾਰ ਵਿਚ ਆਉਣ ਦਾ ਮਨੋਰਥ ਹੀ ਇਹੋ ਹੈ। ਇਹ ਸੰਸਾਰ ਬਣਿਆ ਹੀ ਤਾਂ ਹੈ ਇਸੇ ਦੀ ਪ੍ਰਾਪਤੀ ਲਈ ਬਹੁਤ ਸਾਰੇ ਅਡੰਬਰ ਰਚੇ ਜਾਂਦੇ ਹਨ ਸੰਸਾਰ ਵਿਚ ਮਨੁੱਖ ਜਨਮ ਲੈਂਦਾ ਹੈ।

ਜੀਵਨ ਦਾ ਮਨੋਰਥ ਜੀਵਨ ਰੂਪੀ ਨਾਟਕ ਖੇਡਣਾ ਨਹੀਂ, ਮਨੋਰਥ ਹੈ ਜੀਵਨ ਤੋਂ ਸਬਕ ਲੈਣ ਦਾ, ਜੀਵਨ ਤੋਂ ਸਿਖਿਆ ਲੈਣ ਦਾ, ਹਰ ਮਨੁੱਖ ਆਪਣੇ ਨਾਟਕ ਦਾ ਰੋਲ ਆਪ ਹੀ ਲਿਖਦਾ ਹੈ, ਬਹੁਤ ਸਾਰੇ ਜੀਵ ਇਹ ਭੁੱਲ ਜਾਂਦੇ ਹਨ, ਉਹ ਸੋਚਣ ਲਗ ਪੈਂਦੇ ਹਨ ਕਿ ਨਾਟਕ ਵਿਚ ਉਨ੍ਹਾਂ ਦੇ ਰੋਲ ਪ੍ਰਮਾਤਮਾ ਨੇ ਲਿਖੇ ਹਨ ਜਾਂ ਕਿਸੇ ਹੋਰ ਨੇ ਲਿਖੇ ਹਨ ਜਾਂ ਇਸ ਵਿਸ਼ਵ ਨੇ ਲਿਖੇ ਹਨ, ਬ੍ਰਹਿਮੰਡ ਨੇ ਲਿਖੇ ਹਨ। ਉਹ ਇਹ ਵੀ ਭੁੱਲ ਜਾਂਦੇ ਹਨ, ਜੀਵਨ ਰੂਪੀ ਨਾਟਕ ਕੇਵਲ, ਇਕ ਖੇਡ ਹੈ ਜਿਹੜੀ ਕਿ ਇਸ ਖਿਨ ਲਈ ਹੀ ਖੇਡੀ ਜਾ ਰਹੀ ਹੈ ਕੇਵਲ ਇਛਾਵਾਂ ਦੀ ਪੂਰਤੀ ਲਈ, ਜੀਵਨ ਨੂੰ ਇਕ ਖੇਡ ਲੈਣ ਦੀ ਥਾਂ ਉਹ ਜੀਵਨ ਨੂੰ ਇਕ ਯਥਾਰਥ ਮੰਨਣ ਲਗ ਪੈਂਦੇ ਹਨ, ਉਸ ਨਾਲ ਉਹ ਜੀਵਨ ਵਿਚੋਂ ਸਿਖਿਆ ਲੈਣੀ ਭੁੱਲ ਜਾਂਦੇ ਹਨ ਤੇ ਸੁੱਖ ਦੁਖ ਦੇ ਚਕਰਾਂ ਵਿਚ ਪੈ ਜਾਂਦੇ ਹਨ।

ਇਸ ਤਰ੍ਹਾਂ ਹੀ ਸਾਰੇ ਵਿਅਕਤੀਗਤ ਵਿਕਾਸ ਦਾ ਨਿਰਮਾਣ ਹੁੰਦਾ ਹੈ, ਅਸੀਂ ਨਾਟਕ ਰਚਦੇ ਹਾਂ, ਫੇਰ ਰਚਦੇ ਤੇ ਬਹੁਤ ਵਾਰੀ ਦੇਖ ਨਹੀਂ ਸਕਦੇ, ਕੀ ਰਚਿਆ ਗਿਆ ਹੈ, ਬਹੁਤ ਵਾਰੀ ਅਸੀਂ ਇਨ੍ਹਾਂ ਨੂੰ ਸੱਚ ਹੀ ਸਮਝ ਬੈਠਦੇ ਹਾਂ ਤੇ ਇਨ੍ਹਾਂ ਦੇ ਦੁਖਾਂ ਸੁਖਾਂ ਵਿਚ ਹੀ ਲਿਪਟ ਕੇ ਰਹਿ ਜਾਂਦੇ ਹਾਂ ਫੇਰ ਇਕ ਉਹ ਦਿਨ ਆਉਂਦਾ ਹੈ ਜਦੋਂ ਅਸੀਂ ਕਿਸੇ ਦੂਸਰੇ ਦ੍ਰਿਸ਼ਟੀਕੋਣ ਤੋਂ ਦੇਖਣਾ ਸ਼ੁਰੂ ਕਰਦੇ ਹਾਂ, ਅਸੀਂ ਥੋੜ੍ਹਾ ਪਿਛੇ ਬੈਠ ਕੇ ਨਾਟਕ ਦੇਖਣ ਦੀ ਕੋਸ਼ਿਸ਼ ਕਰਦੇ ਹਾਂ, ਉਸ ਨਾਲ ਦੁੱਖ ਘਟ ਜਾਂਦਾ ਹੈ, ਦੂਰ ਹੋ ਜਾਂਦਾ ਹੈ। ਜੀਵਨ ਦਾ ਗਿਆਨ

ਤੇ ਜੀਵਨ ਦੀ ਮੌਜ ਨੂੰ ਅਸੀਂ ਵਧੇਰੇ ਚੰਗੀ ਤਰ੍ਹਾਂ ਦੇਖ ਸਕਦੇ ਹਾਂ।

ਹਰ ਮਨੁੱਖ ਨਾਟਕ ਦੀ ਸਟੇਜ ਬਣਾਉਂਦਾ ਹੈ, ਉਸ ਦੀ ਪ੍ਰਯੋਗਸ਼ਾਲਾ ਬਣਾਉਂਦਾ ਹੈ ਇਕ ਨਾਟਕ ਰਚਦਾ ਹੈ, ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਆਤਮਾ ਦੇ ਉਤੇ ਚੜ੍ਹੀਆਂ ਪਰਤਾਂ ਨੂੰ ਚੀਰ ਕੇ ਆਤਮਾ ਤਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਇਕ ਦਿਨ ਫੇਰ ਉਹ ਆਉਂਦਾ ਹੈ ਜਦੋਂ ਸਾਨੂੰ ਆਪਣੀ ਅਸਲੀ ਪਛਾਣ ਹੁੰਦੀ ਹੈ ਕਿ ਨਾਟਕ ਦੇਖਣ ਵਾਲਾ ਵੀ ਮੈਂ ਹੀ ਹਾਂ, ਨਾਟਕ ਖੇਡਣ ਵਾਲਾ ਵੀ ਮੈਂ ਹੀ ਹਾਂ। ਇਸ ਸੰਸਾਰ ਵਿਚ ਕੇਵਲ ਇਕੋ ਹੀ ਵਿਚਰ ਰਿਹਾ ਹੈ ਜਿਵੇਂ ਕਿ ਉਪਨਿਸ਼ਦ ਦਸਦੇ ਹਨ ਹਰ ਇਕ ਵਿਅਕਤੀ ਚੇਤਨਤਾ ਵਿਚ ਸਾਗਰ ਦੀ ਇਕ ਲਹਿਰ ਦੀ ਤਰ੍ਹਾਂ ਵਿਚਰ ਰਿਹਾ ਹੈ।

ਇਹ ਕਿਹੜੀਆਂ ਰੁਕਾਵਟਾਂ ਹਨ? ਇਹ ਕਿਹੜੇ ਪੜਦੇ ਹਨ? ਜਿਹੜੇ ਸੱਚ ਤੇ ਝੂਠ ਦੇ ਵਿਚ ਪਏ ਹੋਏ ਹਨ, ਚਲਾਏਮਾਨ ਤੇ ਸਥਾਈ ਵਿਚ ਪਏ ਹੋਏ ਹਨ, ਉਸ ਬੇਅੰਤ ਤੇ ਸਰਬ ਵਿਆਪੀ ਵਿਚ ਪਏ ਹੋਏ ਹਨ ਸੰਸਾਰਕ ਜੀਵਨ ਦੀ ਉਹ ਕਿਹੜੀ ਚੀਜ਼ ਹੈ ਜਿਹੜੀ ਮਨੁੱਖਾਂ ਨੂੰ ਇਸ ਦੇ ਲੋਭ ਤੇ ਸੰਤਾਪ ਨਾਲ ਬੰਨ੍ਹਦੀ ਹੈ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਜਿਥੇ ਇਹ ਸੰਸਾਰ, ਇਹ ਜੀਵਨ ਇਕ ਜਾਲ ਹੈ ਇਕ ਸੰਤਾਪ ਹੈ ਦੂਸਰੇ ਪਾਸੇ ਮੁਕਤੀ ਦੀ ਥਾਂ ਵੀ ਇਹ ਸੰਸਾਰ ਹੀ ਹੈ। ਫੇਰ ਇਕ ਹੋਰ ਸਿਧਾਂਤ ਵੇਦਾਂਤ ਵਾਲੇ ਦਿੰਦੇ ਹਨ ਉਹ ਇਹ ਹੈ ਕਿ ਇਹ ਮਨੁੱਖੀ ਮਨ ਮੁਕਤੀ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹੈ ਪਰ ਇਹ ਉਹ ਵਰਮਾ ਵੀ ਹੈ ਜਿਹੜਾ ਧੁਰ ਅੰਦਰ ਤਕ ਛੇਕ ਕਰਕੇ ਅੰਦਰ ਚਲਾ ਜਾਂਦਾ ਹੈ ਤੇ ਅੰਦਰ ਦੇ ਖਜ਼ਾਨੇ ਤਕ ਪਹੁੰਚਾ ਦਿੰਦਾ ਹੈ। ਉਹ ਖਜ਼ਾਨਾ ਆਤਮਾ ਦਾ ਅਧਿਆਤਮਕ ਗਜ਼, ਅਧਿਆਤਮਕ ਖਜ਼ਾਨਾ ਹੈ।

ਭਾਰਤ ਦਾ ਜੋ ਵਿਚਾਰ ਮਨ ਬਾਰੇ ਹੈ ਉਹ ਪੱਛਮ ਦੇ ਵਿਚਾਰ ਨਾਲੋਂ ਬਿਲਕੁਲ ਵੱਖ ਹੈ, ਪੱਛਮ ਮਨ ਦੀ ਪਰਿਭਾਸ਼ਾ ਉਹ ਦਿੰਦੇ ਹਨ, ਜਿਹੜੀ ਰੈਨੀ ਡੈਸਕਾਰਟ (Rene Descartes) ਦੇ ਮਸ਼ਹੂਰ ਅਖਾਣ ਅਨੁਸਾਰ ਇਸ ਤਰ੍ਹਾਂ ਹੈ ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ। ਪਦਾਰਥਵਾਦੀ ਸੋਚ ਰੱਖਣ ਵਾਲੇ ਕਹਿੰਦੇ ਹਨ, ਆਤਮਾ ਹੈ ਕਿਉਂਕਿ ਸਰੀਰ ਹੈ, ਕਿਉਂਕਿ ਸਰੀਰ ਦੇ ਵਿਚ ਆਤਮਾ ਹੈ। ਭਾਰਤੀ ਫਿਲੌਸਫੀ ਇਸ ਤੋਂ ਉਲਟ ਹੈ, ਉਹ ਹੈ ਮੈਂ ਹਾਂ, ਤਦ ਹੀ ਮੈਂ ਸੋਚਦਾ ਹਾਂ ਕਿ ਮੈਂ ਹਾਂ। ਚੇਤਨਤਾ ਸਰੀਰ ਕਰਕੇ ਨਹੀਂ ਹੈ, ਹੋਂਦ ਸਰੀਰ ਕਰਕੇ ਨਹੀਂ ਹੈ ਇਸ ਤੋਂ ਉਲਟ ਇਹ ਹੋਂਦ ਹੈ ਹੋਂਦ ਦਾ ਹੋਣਾ ਹੀ ਸਰੀਰ ਨੂੰ ਕਿਰਿਆਸ਼ੀਲ ਕਰਦਾ ਹੈ, ਇਹ ਹੀ ਮਨ ਤੇ ਜੀਵ ਆਤਮਾ ਨੂੰ ਚਲਾਉਂਦਾ ਹੈ।

ਸਰੀਰ ਤੇ ਗਿਆਨ ਇੰਦਰੇ ਇਕ ਸ਼ਕਤੀ ਤੋਂ ਪੈਦਾ ਹੋਏ ਹਨ ਇਹ ਕਿਹਾ ਜਾਂਦਾ ਹੈ ਤੇ ਉਸੇ ਵਿਚ ਹੀ ਮਿਲ ਜਾਂਦੇ ਹਨ। ਇਹ ਸ਼ਕਤੀ ਬੋਧਿਕਤਾ ਦਾ ਸਰੋਤ ਹੈ। ਇਸ ਤੋਂ ਹੀ ਮਨ ਬੁੱਧ ਗਿਆਨ ਇੰਦਰੇ ਪੈਦਾ ਹੋਏ ਹਨ ਉਹ ਭਾਵੇਂ ਸ਼ਕਤੀ ਪ੍ਰਗਟਾਉਣ ਦਾ ਇਕ ਵੱਖ ਰੂਪ ਹੈ, ਵੇਦਾਂਤ ਦਾ ਵਿਸ਼ਵਾਸ਼ ਹੈ ਕਿ ਪਹਿਲਾਂ ਨਿਰੋਲ ਚੇਤਨਤਾ ਹੈ ਫੇਰ ਮਨ ਦੀ ਚੰਗਿਆਰੀ ਜੋ ਚੇਤਨਤਾ ਦਾ ਹੀ ਪ੍ਰਤੀਕ ਹੈ। ਚੇਤਨਤਾ ਤੇ ਸ਼ਕਤੀ ਮਿਲ ਕੇ ਹਉਮੈ ਨੂੰ ਜਨਮ ਦਿੰਦੀਆਂ ਹਨ, ਸਤਿ ਪ੍ਰਮਾਤਮਾ ਪੂਰਨ ਆਪੇ ਦਾ ਸਰੋਤ ਹੈ, ਵਿਸ਼ਵ ਦਾ, ਬ੍ਰਹਿਮੰਡ ਦਾ ਸਰੋਤ ਹੈ।

ਪੱਛਮ ਵਿਚ ਮਨ ਉਚਤਮ ਹੈ ਪੂਰਬ ਵਿਚ ਚੇਤਨਤਾ ਉਚਤਮ ਹੈ, ਵੇਦਾਂਤ ਅਨੁਸਾਰ ਮਨ ਨੂੰ ਚੇਤਨਤਾ ਦੇ ਅਧੀਨ ਰੱਖਣਾ ਚਾਹੀਦਾ ਹੈ, ਮਨ ਨੂੰ ਚੇਤਨਤਾ ਦੇ ਅਧੀਨ ਰਹਿਣਾ ਹੀ ਸਿਖਾਉਣਾ ਚਾਹੀਦਾ ਹੈ। ਪੱਛਮ ਵਿਚ ਮਨ ਉਤਮ ਮੰਨਿਆ ਜਾਂਦਾ ਹੈ। ਇਹ ਦੋਨੋਂ ਵਿਚਾਰ ਪੂਰਬ ਅਤੇ ਪੱਛਮ ਦੇ ਸੰਸਕ੍ਰਿਤੀ ਦਾ ਭੇਦ ਦਰਸਾਉਂਦੇ ਹਨ ਪੂਰਬ, ਪੱਛਮ, ਅਮਰੀਕਾ ਦੀ ਸਭਿਅਤਾ ਤੇ ਸੰਸਕ੍ਰਿਤੀ ਦਾ ਭੇਦ ਦਸਦੀ ਹੈ।

ਪੱਛਮ ਵਿਚ ਮਨ ਨੂੰ ਬਾਹਰ ਰੂਪੀ ਬਣਾ ਕੇ ਵੱਧ ਤੋਂ ਵੱਧ ਉਦਯੋਗੀਕਰਨ ਕੀਤਾ ਗਿਆ ਹੈ ਪਿਛਲੀਆਂ ਦੋ ਸਦੀਆਂ ਤੋਂ ਤਕਨੀਕੀ ਤੇ ਵਿਗਿਆਨਕ ਪ੍ਰਾਪਤੀਆਂ ਕਰਕੇ ਵਧੇਰੇ ਖੁਸ਼ਹਾਲ ਬਣਾਇਆ ਗਿਆ ਹੈ। ਪਦਾਰਥਕ ਪ੍ਰਫੁਲਤਾ ਤੇ ਸਾਧਨਾ ਦਾ ਖਪਤ ਇਹ ਦੋਨੋਂ ਪੱਛਮੀ ਸੰਸਕ੍ਰਿਤੀ ਦੇ ਵੱਡੇ ਪ੍ਰਮਾਣਿਕ ਚਿੰਨ ਹਨ। ਪੱਛਮੀ ਸੰਸਕ੍ਰਿਤੀ ਦੇ ਨਤੀਜੇ ਬੜੇ ਹੀ ਪ੍ਰਭਾਵਸ਼ਾਲੀ ਹਨ ਪਰ ਪੱਛਮ ਦੀ ਫਿਲੋਸਫੀ ਸੀਮਤ ਹੈ ਕਿਉਂਕਿ ਪੱਛਮ ਵਿਚ ਬਾਹਰੀ ਰੂਪ ਰੇਖਾ ਬਾਹਰਮੁਖੀ ਮਨ ਨੂੰ ਵਧੇਰੇ ਮਾਨਤਾ ਦਿਤੀ ਜਾਂਦੀ ਹੈ। ਇਸ ਕਰਕੇ ਸੰਸਕ੍ਰਿਤੀ ਤੇ ਅਨੁਭਵ ਵੀ ਇੰਦ੍ਰੀਆਂ ਦੇ ਗਿਆਨ ਤਕ ਹੀ ਸੀਮਤ ਹੈ। ਇਸ ਫਿਲੌਸਫੀ ਰਾਹੀਂ ਆਤਮਾ ਦਾ ਰਹੱਸ ਨਾ ਸਮਝਿਆ ਜਾ ਸਕਦਾ ਹੈ, ਨਾ ਸਮਝਾਇਆ ਜਾ ਸਕਦਾ ਹੈ। ਇਹ ਪੱਛਮੀ ਫਿਲੌਸਫੀ ਤਾਂ ਅੰਦਰ ਬਾਰੇ ਬਿਲਕੁਲ ਅਣਗਹਿਲੇ ਹਨ ਜਿਥੇ ਨਿਰੋਲ ਚੇਤਨਤਾ ਵਸਦੀ ਹੈ ਜਿਥੇ ਅੰਤਰਤਾ ਦੀ ਸ਼ਾਨ ਹੈ। ਭਰਮ ਬਿਲਕੁਲ ਸਾਫ ਹੈ ਬਾਹਰ ਵਲ ਮੋੜੀ ਸੰਸਕ੍ਰਿਤੀ ਬਾਹਰ ਮੁਖੀ ਲੋਕ ਉਚੇ ਉਚੇ ਮਨਾਰ ਤਾਂ ਬਣਾ ਸਕਦੇ ਹਨ, ਉਚੀਆਂ ਅਕਾਸ਼ ਨੂੰ ਛੋਂਹਦੀਆਂ ਇਮਾਰਤਾਂ ਵੀ ਬਣਾ ਸਕਦੇ ਹਨ ਦਿਲ ਵੀ ਇਕ ਦਾ ਦੂਸਰੇ ਦੇ ਅੰਦਰ ਲਾ ਸਕਦੇ ਹਨ, ਪੁਲਾੜ ਤੇ ਵੀ ਜਾ ਸਕਦੇ ਪਰ ਦੇਖਣ ਦੀ ਗੱਲ ਹੈ ਕਿ ਉਥੋਂ ਦੇ ਮਨੁੱਖ ਸਤਿ ਦੇ ਕਿਤੇ ਨੇੜੇ ਤੇੜੇ ਹਨ? ਕੀ ਉਹ ਸ਼ਾਂਤੀ ਦੇ ਨੇੜੇ ਹਨ? ਕੀ ਉਥੇ ਦੀਆਂ ਸਮਾਜਿਕ ਸੰਗਠਨਾਂ ਵਿਚ ਸ਼ਾਂਤੀ ਹੈ? ਕੀ ਉਨ੍ਹਾਂ ਦੀ ਇਸ ਸੰਸਕ੍ਰਿਤੀ ਨੇ ਉਨ੍ਹਾਂ ਦੇ ਕਾਲ ਦੇ ਭੈ ਨੂੰ ਘਟਾਇਆ ਹੈ? ਸਾਰੇ ਪਦਾਰਥ ਇਕੱਠੇ ਕਰਕੇ ਮੌਤ ਤੋਂ ਮੁਨਕਰ ਹੋ ਕੇ, ਦੌੜ ਕੇ ਬਚਣ ਦੀ ਕੋਸ਼ਿਸ਼ ਕਰਕੇ ਬਿਰਧਾਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਕੇ ਇਸ ਸੰਸਕ੍ਰਿਤੀ ਨੇ ਕਾਲ ਦੇ ਡਰ ਨੂੰ ਵਧਾਇਆ ਹੈ।

ਅੰਦਰਲੇ ਸੰਸਾਰ ਬਾਰੇ ਵੇਦਾਂਤ ਨੇ ਅਤੇ ਉਪਨਿਸ਼ਦਾਂ ਨੇ ਖੁਲ੍ਹ ਕੇ ਲਿਖਿਆ ਹੈ। ਜੀਵਨ ਦਾ ਮਨੋਰਥ ਸ਼ਾਂਤੀ ਹੈ, ਅਨੰਦ ਹੈ, ਅੰਤਰ ਦੀ ਖੁਸ਼ੀ। ਭਾਰਤੀ ਫਿਲੌਸਫੀ ਮਨ ਨੂੰ ਚਾਰ ਗੁਣਾਂ ਦਾ ਬਣਿਆ ਇਕ ਯੰਤਰ ਦਸਦੀ ਹੈ, ਉਹ ਚਾਰ ਗੁਣ ਹੀ ਅੰਤਹਕਰਣ ਬਣਾਉਂਦੇ ਹਨ। ਇਨ੍ਹਾਂ ਚਾਰਾਂ ਦੀ ਵਿਆਖਿਆ ਅਸੀਂ ਪਿਛਲੇ ਅਧਿਆਇ ਵਿਚ ਕਰ ਆਏ ਹਾਂ ਪਰ ਉਨ੍ਹਾਂ ਦਾ ਕੁਝ ਵਿਸਥਾਰ ਇਥੇ ਦਸਣਾ ਵੀ ਜ਼ਰੂਰੀ ਹੈ। ਉਹ ਹਨ ਹਉਮੈ, ਬੁੱਧੀ ਜਿਹੜੀ ਵਿਵੇਕੀ ਹੈ, ਨਿਰਣਾ ਕਰਦੀ ਹੈ। ਮਨ ਜਿਹੜਾ ਹੇਠਲੇ ਦਰਜੇ ਦੇ ਕੰਮ ਕਰਦਾ ਹੈ, ਜਿਹੜਾ ਬਾਹਰ ਸਾਰੀ ਸੂਚਨਾ ਲੈਂਦਾ ਹੈ ਫੇਰ ਉਸ ਨੂੰ ਤਰੀਕੇ ਨਾਲ ਅੱਗੇ ਭੇਜਦਾ ਹੈ, ਗਿਆਨ ਇੰਦਰਿਆਂ ਰਾਹੀਂ ਚਿੱਤ, ਜਿਸਨੂੰ

ਉਪਚੇਤਨ ਜਿਸ ਵਿਚ ਸਾਰੀਆਂ ਯਾਦਾਂ ਸੰਵੇਗ ਤੇ ਪ੍ਰਭਾਵ ਜਮ੍ਹਾ ਪਏ ਹਨ। ਇਨ੍ਹਾਂ ਚਾਰ ਸ਼ਕਤੀਆਂ ਨੂੰ ਮਿਲ ਕੇ ਇਕੱਠਾ ਕੰਮ ਕਰਨਾ ਚਾਹੀਦਾ ਹੈ। ਹਰ ਇਕ ਸ਼ਕਤੀ ਨੂੰ ਆਪਣਾ ਕੰਮ ਵਖਰਾ ਵੀ ਕਰਨਾ ਚਾਹੀਦਾ ਹੈ। ਸਿਖਿਆ ਨਾਲ, ਅਨੁਸ਼ਾਸ਼ਨ ਨਾਲ ਇਨ੍ਹਾਂ ਚਾਰਾਂ ਦਾ ਮਿਸ਼ਰਨ ਆਤਮਾ ਖੋਜਨ ਦਾ ਬੜਾ ਅੱਛਾ ਸਾਧਨ ਬਣ ਜਾਂਦਾ ਹੈ। ਜੇ ਇਨ੍ਹਾਂ ਨੂੰ ਸਿਖਿਆ ਰਾਹੀਂ ਇਕੱਠਾ ਨਾ ਕੀਤਾ ਜਾਵੇ, ਅਨੁਸ਼ਾਸ਼ਨ ਨਾਲ ਕਾਬੂ ਨਾ ਕੀਤਾ ਜਾਵੇ ਇਹ ਚਾਰੋਂ ਅੜਚਨ ਬਣ ਜਾਂਦੀਆਂ ਹਨ।

ਸਭ ਤੋਂ ਪਹਿਲਾਂ ਤਾਂ ਆਪਣੇ ਆਪ ਨੂੰ ਆਪਣੇ ਵੱਖ-ਵੱਖ ਪੱਥ ਸਮਝਣੇ ਚਾਹੀਦੇ ਹਨ। ਕਠੋ ਉਪਨਿਸ਼ਦ ਇਹ ਪੱਥ ਸਮਝਾਉਣ ਲਈ ਇਕ ਰਥ ਦੀ ਮਿਸਾਲ ਦਿੰਦਾ ਹੈ ਜਿਸ ਵਿਚ ਬੁਧ ਨੂੰ ਇਕ ਰਥਵਾਨ ਦਸਿਆ ਗਿਆ ਹੈ ਮਨ ਨੂੰ ਆਦੇਸ਼ ਹੈ ਕਿ ਗਿਆਨ ਇੰਦ੍ਰਿਆਂ ਦੀਆਂ ਵਾਗਾਂ ਕੱਸ ਕੇ ਪਕੜ ਕੇ ਰੱਖੇ, ਗਿਆਨ ਇੰਦ੍ਰੀਆਂ ਦੀ ਤੁਲਨਾ ਘੋੜਿਆਂ ਨਾਲ ਕੀਤੀ ਗਈ ਹੈ ਬਹੁਤ ਵਾਰੀ ਅਸੀਂ ਇਹ ਮਿਸਾਲ ਸਮਝ ਨਹੀਂ ਸਕਦੇ, ਨਾ ਹੀ ਸਾਨੂੰ ਇਹ ਦਸਿਆ ਜਾਂਦਾ ਹੈ ਕਿ ਮਨ ਕਿਸ ਤਰ੍ਹਾਂ ਕੰਮ ਕਰਦਾ ਹੈ। ਸਾਨੂੰ ਇਹ ਪਤਾ ਹੀ ਨਹੀਂ ਕਿਸਨੂੰ ਸਿਖਿਆ ਦਿਤੀ ਜਾਵੇ, ਕਿਸਨੂੰ ਅਨੁਸ਼ਾਸ਼ਨ ਵਿਚ ਲਿਆਂਦਾ ਜਾਵੇ।

ਮਨ ਦਾ ਸੁਭਾਅ ਬੜਾ ਹੀ ਸੀਮਤ ਹੈ। ਉਹ ਇਹ ਨਹੀਂ ਜਾਣਦਾ ਕਿ ਉਸ ਨੂੰ ਲੈਣਾ ਚਾਹੀਦਾ ਹੈ ਕਿ ਛਡਣਾ ਚਾਹੀਦਾ ਹੈ। ਉਸ ਨੂੰ ਸਿਖਿਆ ਦੇ ਕੇ ਹੀ ਇਹ ਸਮਝਾਇਆ ਜਾ ਸਕਦਾ ਹੈ, ਮਨ ਨੂੰ ਕੇਵਲ ਇਹ ਹੀ ਪੁਛਣਾ ਚਾਹੀਦਾ ਹੈ, ਕੀ ਇਹ ਮੇਰੇ ਲਈ ਠੀਕ ਹੈ ਜਾਂ ਨਹੀਂ। ਮਨ ਨੂੰ ਇਹ ਸਵਾਲ ਬੁੱਧੀ ਨੂੰ ਪੁਛਣੇ ਚਾਹੀਦੇ ਹਨ ਤੇ ਬੁਧੀ ਨੂੰ ਤੀਖਣ ਕਰਨਾ ਚਾਹੀਦਾ ਹੈ ਤੇ ਉਸ ਨੂੰ ਟਰੇਨਿੰਗ ਦੇਣੀ ਚਾਹੀਦੀ ਹੈ ਤਾਂ ਜੋ ਉਹ ਸਹੀ ਜਵਾਬ ਮਨ ਨੂੰ ਦੇ ਸਕੇ।

ਜੇ ਮਨ ਨੂੰ ਅਭਿਆਸ ਨਹੀਂ ਪਿਆ ਹੋਏਗਾ ਤਾਂ ਮਨ ਬਹੁਤ ਸਾਰੀ ਸ਼ਕਤੀ ਅਤੇ ਅਗਿਆਨ ਸਮੇਟ ਲੈਂਦਾ ਹੈ ਬੁਧ ਨੂੰ ਇਕ ਪਾਸੇ ਕਰ ਦਿੰਦਾ ਹੈ ਤੇ ਖੁਦ ਮੁਖਤਿਆਰ ਹੋ ਕੇ ਕੰਮ ਕਰਨ ਲਗ ਪੈਂਦਾ ਹੈ। ਮਨ ਤਾਂ ਦ੍ਵੰਦ ਦਾ ਭਰਿਆ ਹੋਇਆ ਹੈ ਅੰਦਰ ਵੀ ਬਾਹਰ ਵੀ। ਨਿਰੋਲ ਬੁੱਧ ਤੋਂ ਬਿਨਾਂ ਮਨ ਸੰਤਾਪ ਵਿਚ ਰਹਿੰਦਾ ਹੈ, ਡਾਵਾਂਡੋਲ ਰਹਿੰਦਾ ਹੈ। ਸਮਾਂ ਪਾ ਕੇ ਮਨ ਦੇ ਕਰਮ ਆਦਤਾਂ ਬਣ ਜਾਂਦੀਆਂ ਹਨ, ਇਹੋ ਹੀ ਕਾਰਣ ਹੈ ਭਾਰਤੀ ਗਾਇਤ੍ਰੀ ਮੰਤ੍ਰ ਦਾ ਜਾਪ ਕਰਦੇ ਹਨ ਉਸ ਨੂੰ ਦੋਹਰਾਉਂਦੇ ਤੇ ਪਕਾਉਂਦੇ ਹਨ, ਮੰਤਰ ਦਾ ਇਕ ਹਿੱਸਾ ਬੁਧੀ ਤੀਖਣ ਕਰਨ ਦੀ ਬੇਨਤੀ ਕਰਦਾ ਹੈ, ਬੁੱਧੀ ਦਾ ਕਾਰਜ ਸੁਧ ਕਰਨ ਲਈ ਪਰੇਰਨਾ ਹੈ 'ਧੀਓ ਯੋ ਨਾਹ ਪ੍ਰਚੋਦੇਆਤ।'

ਅਣਸਿੱਖੇ ਮਨ ਦੀ ਇਕ ਹੋਰ ਸਮੱਸਿਆ ਹੈ ਉਹ ਹੈ ਹਉਮੈ, ਅਣਸਿਖਿਆ ਮਨ ਇਹ ਮੰਨ ਕੇ ਚਲਣ ਲਗ ਪੈਂਦਾ ਹੈ ਕਿ ਉਹ ਮਨ ਦਾ ਮਾਲਕ ਹੈ ਤੇ ਹੋਂਦ ਦਾ ਧੁਰਾ ਹੈ। ਇਹ ਅਣਸਿੱਖਿਆ ਮਨ ਐਨਾ ਸ਼ਕਤੀਸ਼ਾਲੀ ਹੈ ਇਹ ਭੁੱਲ ਬੈਠਦਾ ਹੈ ਕਿ ਇਹ ਪ੍ਰਮਾਤਮਾ ਦਾ ਰੂਪ ਹੈ ਇਹ ਸਤਿ ਅਨੰਤ ਹੈ। ਜਦੋਂ ਮਨ ਕੁਝ ਕਰਨ ਲਗਦਾ ਹੈ ਜਿਹੜਾ ਉਹ ਕਰਨ ਦੇ ਕਾਬਲ ਨਹੀਂ, ਬੁਧ ਨੂੰ ਉਸ ਵਿਚ ਪੁਛਿਆ ਨਹੀਂ ਜਾਂਦਾ, ਹਉਮੈ ਦਾ ਕੋਈ ਅੰਤ ਨਹੀਂ ਰਹਿੰਦਾ ਤੇ ਹੁੰਦਾ ਕੀ ਹੈ ਸੰਤਾਪ ਅਤੇ ਦੁੱਖ।

ਮਨ ਦੇ ਇਹ ਕਾਰਜ ਸਮਝ ਕੇ ਹੀ ਸੰਤ ਪਾਲ (St. paul) ਨੇ ਲਿਖਿਆ ਸੀ ਕੇਵਲ ਇਸ ਸੰਸਾਰ ਦੇ ਬਣ ਕੇ ਨਾ ਰਹੋ ਮਨ ਨੂੰ ਨਵਾ ਨਵੇਲਾ ਕਰਦੇ ਰਹੋ ਤਾਂ ਜੋ ਤੁਹਾਨੂੰ ਪਤਾ ਲਗਦਾ ਰਹੇ ਕਿ ਕੀ ਠੀਕ ਹੈ, ਕੀ ਰੱਖਣਯੋਗ ਹੈ ਤੇ ਪ੍ਰਮਾਤਮਾ ਦਾ ਭਾਣਾ ਕੀ ਹੈ।

ਸੰਤ ਪਾਲ (St. paul) ਨੇ ਇਹ ਨਹੀਂ ਕਿਹਾ ਕਿ ਹਉਮੈ ਨੂੰ ਦਬਾ ਦਿਓ, ਤਬਾਹ ਕਰ ਦਿਓ, ਉਨ੍ਹਾਂ ਜੋ ਸ਼ਬਦ ਵਰਤਿਆ ਹੈ ਉਹ ਸੁਧਾਰਨ ਦਾ ਹੈ ਕਿ ਹਉਮੈ ਦਾ ਸੁਧਾਰ ਕਰੋ ਤੇ ਉਸ ਨੂੰ ਮੌਲਿਕ ਰੂਪ ਦਿਓ, ਮਨ ਦਾ ਇਕ ਖਾਸ ਰੌਲ ਹੈ ਪਰ ਬੜਾ ਸੀਮਤ ਰੋਲ ਹੈ, ਬੁੱਧੀ ਦਾ ਕੰਮ ਹੈ, ਉਸ ਨੂੰ ਕੰਮ ਦਿਓ, ਹਉਮੈ ਲਾਭਦਾਇਕ ਹੋ ਸਕਦੀ ਹੈ ਪਰ ਇਸ ਦੀ ਭੂਮਿਕਾ ਵੀ ਸੀਮਤ ਹੈ ਸਦੈਵੀ ਨਹੀਂ ਹੈ, ਹਉਮੈ ਇਕ ਜਾਲ ਦੀ ਤਰ੍ਹਾਂ ਹੈ ਜਿਸ ਵਿਚ ਉਲਝ ਕੇ ਲੋਕ ਸੰਸਾਰ ਵਿਚ ਵਿਚਰਦੇ ਹਨ। ਇਹ ਕੋਈ ਠੋਸ ਚੀਜ਼ ਨਹੀਂ ਹੈ ਜਿਵੇਂ ਕਿ ਅਸੀਂ ਸੋਚਦੇ ਹਾਂ। ਇਹ ਕੇਵਲ ਮਨ ਦਾ ਇਕ ਪੱਖ ਹੈ ਜੋ ਕਿਰਿਆਸ਼ੀਲ ਹੈ। ਹਉਮੈ ਕੋਈ ਕਿਸੇ ਦੀ ਪਛਾਣ ਦਾ ਪ੍ਰਤੀਕ ਨਹੀਂ ਹੋ ਸਕਦਾ ਇਹ ਹਉਮੈ, ਮੈਂ ਤੇ ਮੇਰੀ ਹੀ ਹੈ ਜਿਹੜਾ ਸਾਨੂੰ ਆਤਮਾ ਤੋਂ ਵੱਖ ਕਰਦੀ ਹੈ। ਫੇਰ ਇਹ ਮੈਂ ਤੇ ਮੇਰੀ, ਹੰਗਤਾ ਤੇ ਮਮਤਾ ਇਕੱਠੀਆਂ ਹੋ ਕੇ ਗਿਆਨ ਇੰਦ੍ਰੀਆਂ ਨੂੰ ਮੋੜ ਕੇ ਸਾਡੀ ਪਛਾਣ ਬਣਾਉਂਦੀਆਂ ਹਨ। ਭਾਵੇਂ ਇਹ ਸਾਡੀ ਪਛਾਣ ਬਣ ਜਾਵੇ, ਪਰ ਉਹ ਬਹੁਤ ਥੋੜ੍ਹੀ ਦੇਰ ਲਈ ਹੀ ਹੋ ਸਕਦੀ ਹੈ। ਇਹ ਅੰਤਮ ਸੱਚ ਨਹੀਂ ਹੋ ਸਕਦਾ। 'ਮੈਂ' ਹਉਮੈ ਦੋ ਪੱਖਾਂ ਨੂੰ ਰਲਾ ਕੇ ਬਣਿਆ ਹੈ ਇਕ ਸਥਿਰ ਦੂਸਰਾ ਅਸਥਿਰ, ਅਸਥਿਰ ਵਾਲਾ ਭਾਗ ਦ੍ਰਿਸ਼ਟਮਾਨ ਵਿਸ਼ਵ ਦਾ ਅਧਾਰ ਹੈ, ਸਰੀਰ ਦਾ ਗਿਆਨ ਇੰਦ੍ਰੀਆਂ ਦਾ ਅਧਾਰ ਹੈ ਬਾਹਰੀ ਸੰਸਾਰ ਦਾ ਅਧਾਰ ਹੈ ਇਹ ਉਤਪਤੀ ਤੇ ਚਕਰਾਕਾਰ ਦਾ ਸਰੋਤ ਹੈ।

ਮਨ ਤੇ ਹਉਮੈ ਬੜੇ ਹੀ ਅਨਿਸ਼ਚਿਤ ਕਿਸਮ ਦਾ ਕੁਤਰਾ ਹੈ, ਜੇ ਇਨ੍ਹਾਂ ਦਾ ਧਿਆਨ ਨਾ ਕੀਤਾ ਜਾਵੇ ਇਹ ਭਾਰੇ ਹੋ ਜਾਂਦੇ ਹਨ ਮਨ ਅਦੇਸ਼ ਦਿੰਦਾ ਹੈ ਇਹ ਕਰੋ ਉਹ ਕਰੋ ਤੁਸੀਂ ਖੁਸ਼ ਰਹੋਗੇ ਤੁਸੀਂ ਦੁੱਖਾਂ ਤੋਂ ਛੁਟੇ ਰਹੋਗੇ ਇਹ ਚੋਰੀ ਕਰੋ ਤੁਸੀਂ ਅੱਗੇ ਨਿਕਲ ਜਾਓਗੇ ਇਹ ਭੋਗ ਭੋਗੋ ਤੇ ਖੁਸ਼ੀਆਂ ਮਾਣੋ। ਹਉਮੈ ਕਹਿੰਦੀ ਹਾਂ ਠੀਕ ਹੈ ਇਹ ਬਹੁਤ ਸੋਹਣਾ ਹੈ, ਇਹ ਤਾਂ ਸਭ ਕੁਝ ਮੇਰੇ ਲਈ ਹੀ ਹੈ, ਮੈਂ ਹੀ ਮੈ ਹਾਂ, ਮੇਰਾ ਹੀ ਬੋਲ ਬਾਲਾ ਹੈ।

ਜਿਹੜਾ ਰਾਹ ਮਨ ਦਿਖਾ ਰਿਹਾ ਹੈ, ਹਉਮੈ ਦਸ ਰਹੀ ਹੈ ਇਹ ਕੇਵਲ ਦੁਖਾਂ, ਕਲੇਸ਼ਾਂ ਦੁਖਾਂ ਸੰਤਾਪ ਦਾ ਹੀ ਘਰ ਹੈ। ਇਸ ਵਿਚ ਭੈ ਹੈ ਅਗਿਆਨ ਹੈ ਇਹ ਰਾਹ ਹੈ ਸੁਆਰਥ ਕਰਨਾ, ਲੋੜ ਰਖਣੀ ਤੇ ਜੋੜ ਕੇ ਰਖਣਾ। ਮੈਂ ਤੇ ਮੇਰਾ ਬਣਾ ਕੇ ਰਖਣਾ। ਹਉਮੈ ਕਹਿੰਦੀ ਹੈ ਇਹ ਸਰੀਰ ਮੇਰਾ ਹੈ, ਇਹ ਘਰ ਮੇਰਾ ਹੈ ਇਹ ਮੇਰਾ ਪਤੀ ਹੈ, ਇਹ ਮੇਰੀ ਪਤਨੀ ਹੈ, ਇਹ ਮੇਰੇ ਬੱਚੇ ਹਨ ਇਹ ਹੀ ਇਕ ਹਉਮੈ ਹੈ ਜਿਹੜੀ ਇਕ ਨੂੰ ਦੂਸਰੇ ਨਾਲੋਂ ਤੇ ਫੇਰ ਆਤਮਾ ਨਾਲੋਂ ਨਖੇੜਦੀ ਹੈ। ਇਹ ਹੀ ਸੰਸਾਰ ਨੂੰ ਮੇਰੇ ਤੇਰੇ ਵਿਚ ਵੰਡਦੀ ਹੈ। ਆਤਮਾ ਨਾਲੋਂ ਨਖੇੜਦੀ ਹੈ, ਕਾਲ ਦਾ ਭੈ ਅੰਦਰ ਪਾਉਂਦੀ ਹੈ, ਮਰਨ ਉਪਰੰਤ ਇਹ ਸਭ ਕੁਝ ਜੋ ਸਾਡਾ ਹੈ ਖਤਮ ਹੋ ਜਾਵੇਗਾ। ਇਸ ਤੋਂ ਡਰ ਲਗਦਾ ਹੈ ਜੇ ਅਸੀਂ ਇਹ ਹੀ ਸੋਚੀਏ ਕਿ ਅਸੀਂ ਕੇਵਲ ਸਰੀਰ ਹੀ ਹਾਂ ਤਾਂ ਮਰਨਾ ਕਿੰਨਾ ਭੈ ਭੀਤ

ਕਰ ਦਿੰਦਾ ਹੈ ਕਿਉਂਕਿ ਫੇਰ ਤਾਂ ਇਹ ਹੋ ਗਿਆ, ਮਰਨ ਨਾਲ ਸਭ ਕੁਝ ਖਤਮ ਹੋ ਜਾਂਦਾ ਹੈ।

ਜਦੋਂ ਬੁੱਧੀ ਨੂੰ ਸਿਖਿਆ ਦਿਤੀ ਜਾਂਦੀ ਹੈ ਤਾਂ ਮਨੁੱਖ ਪ੍ਰਸ਼ਨ ਕਰਦਾ ਹੈ ਕੀ ਇਸ ਸਭ ਕੁਝ ਦੀ ਲੋੜ ਹੈ? ਕੀ ਇਸ ਚੀਜ਼ ਦੀ ਲੋੜ ਹੈ? ਸਰੀਰ (ਸਰੀਰ ਸਹਿਤ ਹੋਂਦ) ਕੀ ਹੈ? ਬੁੱਧੀ ਦਸਦੀ ਹੈ ਕਿ ਸਰੀਰ ਸਾਡੀ ਪਹਿਚਾਣ ਨਹੀਂ ਇਹ ਬਿਲਕੁਲ ਇਸ ਤਰ੍ਹਾਂ ਹੀ ਹੈ ਜਿਵੇਂ ਸੂਰਜ ਦਾ ਪਰਛਾਵਾਂ ਝੀਲ ਦੇ ਟਿਕੇ ਹੋਏ ਪਾਣੀ ਤੇ ਪੈ ਰਿਹਾ ਹੋਵੇ ਤੇ ਉਹ ਹੀ ਸਚਮੁਚ ਦਾ ਸੂਰਜ ਹੋਵੇ। ਜਦੋਂ ਵਿਵੇਕ ਬੁੱਧੀ ਨੂੰ ਸਿਖਿਆ ਦਿਤੀ ਜਾਂਦੀ ਹੈ ਤਾਂ ਮਨੁੱਖ ਇਹ ਜਾਣ ਲੈਂਦਾ ਹੈ ਕਿ ਇਹ ਚਲਾਇਮਾਨ ਜੀਵਨ ਅੰਤ ਦੁਖਾਂ ਦਾ ਘਰ ਹੈ। ਬੁੱਧੀ ਇਸ ਗੱਲ ਦੀ ਖੋਜ ਸ਼ੁਰੂ ਕਰਦੀ ਹੈ ਤੇ ਇਸ ਨਤੀਜੇ ਤੇ ਪਹੁੰਚਦੀ ਹੈ। ਜੀਵਨ ਨੂੰ ਜਦੋਂ ਸਥਿਰ ਸਥਾਈ ਦੀ ਪ੍ਰਾਪਤੀ ਦਾ ਮਨੋਰਥ ਬਣਾਇਆ ਜਾਵੇ, ਉਹ ਹੀ ਜੀਵਨ ਸੁਖਮਈ ਹੋ ਸਕਦਾ ਹੈ।

ਇਕ ਵਾਰੀ ਜਦੋਂ ਬੁਧ ਨੂੰ ਸਿਖਿਆ ਮਿਲ ਜਾਂਦੀ ਹੈ ਜੋ ਪਹਿਲਾਂ ਧੁੰਦਲਾ ਦਿਸਦਾ ਸੀ ਉਹ ਸਾਫ ਦਿਸਣ ਲਗ ਪੈਂਦਾ ਹੈ ਇਸ ਤੋਂ ਪਹਿਲਾਂ ਕਿ ਬੁੱਧੀ, ਅਨੁਸ਼ਾਸ਼ਨ ਦੀ ਸੋਝੀ ਤੇ ਨਿਰਣੇ ਤੋਂ ਚੰਗੀ ਤਰ੍ਹਾਂ ਕੰਮ ਲਿਆ ਜਾਵੇ, ਵਿਚਾਰ ਆਪਣਾ ਝੁਕਾਅ ਭੋਗਾਂ ਵਲ ਕਰ ਲੈਂਦਾ ਹੈ। ਬੁੱਧੀ ਛਿਨ ਭੰਗਰ ਹੋ ਜਾਣ ਵਾਲੇ ਭੋਗਾਂ ਤੋਂ ਜਾਣੂੰ ਕਰਾਉਂਦੀ ਹੈ ਤੇ ਇਸ ਤੋਂ ਜਾਣੂੰ ਕਰਾਉਂਦੀ ਹੈ ਜੀਵਨ ਨੂੰ ਭੋਗਾਂ ਵਿਚ ਪਾ ਕੇ ਜੂਏ ਵਿਚ ਹਾਰਨ ਵਾਲੀ ਗੱਲ ਹੀ ਹੈ ਫੇਰ ਬੁੱਧੀ ਮਨੁੱਖ ਨੂੰ ਉਨ੍ਹਾਂ ਕਰਮਾਂ ਵਲ ਲਾਉਂਦੀ ਹੈ ਜਿਹੜੇ ਉਸ ਦਾ ਉਥਾਨ ਕਰਦੇ ਹਨ ਉਸ ਦੇ ਵਿਚਾਰਾਂ ਨੂੰ ਉਪਰ ਚੁੱਕਦੇ ਹਨ ਤੇ ਆਤਮਾ ਵਲ ਲੈ ਜਾਂਦੇ ਹਨ। ਬੁੱਧੀ ਫੇਰ ਇਹ ਪੁਛਦੀ ਹੈ ਕਿ ਹਉਮੈ ਦਾ ਆਤਮਾ ਨਾਲ ਕੀ ਸਬੰਧ ਹੈ ਤੇ ਹੋਰ ਇਸ ਤਰ੍ਹਾਂ ਦਾ।

ਜੇ ਬੁੱਧੀ ਨੂੰ ਕੰਮ ਹੀ ਨਾ ਕਰਨ ਦਿਤਾ ਜਾਵੇ ਤਾਂ ਸਵੈ ਆਪਾ ਲੁਕਿਆ ਹੀ ਰਹਿੰਦਾ ਹੈ ਜੀਵਨ ਕੇਵਲ ਮਨ ਤੇ ਹਉਮੈ ਨੂੰ ਤ੍ਰਿਪਤ ਕਰਨ ਵਿਚ ਲੱਗਾ ਰਹਿੰਦਾ ਹੈ ਜੋ ਕੇਵਲ ਬਾਹਰ ਦੇ ਸਾਧਨ ਹਨ, ਅੰਦਰ ਦੇ ਨਹੀਂ। ਮਨ ਤੇ ਹਉਮੈ ਮਨੁੱਖ ਦੀ ਉਪਰੀ ਹੋਂਦ ਵਿਚੋਂ ਪ੍ਰੇਰਤ ਸਾਧਨ ਹਨ ਪਰ ਅਗਿਆਨ ਵਸ ਜਦੋਂ ਵਾਗਡੋਰ ਉਨ੍ਹਾਂ ਨੂੰ ਫੜਾ ਦਿਤੀ ਜਾਂਦੀ ਹੈ ਉਹ ਮਾਲਕ ਬਣ ਜਾਂਦੇ ਹਨ।

ਮਨ ਦੀ ਚੌਥੀ ਸ਼ਕਤੀ ਹੈ ਚਿਤ, ਇਹ ਅਚੇਤ ਭੰਡਾਰ ਹੈ ਜਿਸ ਵਿਚ ਸਾਰੇ ਵਿਚਾਰ, ਸਾਰੇ ਪੁਰਾਣੇ ਠੱਪੇ, ਇਛਾਵਾਂ ਅਤੇ ਸੰਵੇਗ ਭਰੇ ਪਏ ਹਨ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਘਰ ਦੇ ਗੁਦਾਮ ਵਿਚ ਚੀਜ਼ਾਂ ਭਰੀਆਂ ਪਈਆਂ ਹਨ। ਇਸ ਗੁਦਾਮ ਵਿਚੋਂ ਇਸ ਭੰਡਾਰ ਵਿਚੋਂ ਨਿਕਲਦਾ ਕੀ ਹੈ? ਉਹ ਸਭ ਕੁਝ ਜਿਹੜਾ ਅਸੀਂ ਇਸ ਵਿਚ ਹਰੇਕ ਜੀਵਨ ਵਿਚ ਹਰੇਕ ਜੂਨੀ ਵਿਚ ਪਾਉਂਦੇ ਰਹੇ ਹਾਂ। ਬਹੁਤ ਸਾਰੇ ਚਿੱਤ ਨੂੰ ਇਕ ਕਬਾੜਖਾਨੇ ਦੀ ਭਾਂਤੀ ਦਸਦੇ ਹਨ ਜਿਸ ਵਿਚ ਬਹੁਤ ਕੁਝ ਪਿਆ ਹੋਵੇ, ਜਿਸ ਵਿਚ ਕਿਸੇ ਪਾਤਰ ਵਿਚ ਕੋਈ ਚੀਜ਼ ਵੱਧ ਪਈ ਹੋਵੇ, ਕਿਸੇ ਵਿਚ ਕੋਈ ਕਿਸੇ ਵਿਚ ਕੋਈ ਖੁਸ਼ਬੂ ਹੋਵੇ ਕਿਸੇ ਵਿਚ ਕੋਈ, ਕੋਈ ਨਖੇਧੀ ਵਾਲੇ, ਕੋਈ ਚੰਗੇ। ਬਹੁਤ ਕਬਾੜਖਾਨਾ ਕੁਝ ਕੰਮ ਦਾ, ਕੁਝ ਬੇਲੋੜਾ, ਵਾਧੂ ਪਿਆ ਹੋਵੇ।

ਚਿੱਤ ਦੇ ਇਹ ਤੱਤ ਸਾਡੇ ਆਚਾਰ, ਵਿਹਾਰ, ਵਿਚਾਰ ਤੇ ਕਰਮ ਇਨ੍ਹਾਂ ਸਭ ਤੇ ਪ੍ਰਭਾਵ ਪਾਉਂਦੇ ਹੈ। ਮਿਸਾਲ ਵਜੋਂ ਜੇ ਸਾਡੀ ਤੀਬਰ ਇੱਛਾ ਆਈਸ ਕਰੀਮ ਖਾਣ ਦੀ ਹੋਵੇ ਜਾਂ ਅਸੀਂ ਕਿਸੇ ਨੂੰ ਪਸੰਦ ਨਾ ਕਰਦੇ ਹੋਈਏ, ਕੋਈ ਖਾਸ ਮੌਸਮ ਸਾਨੂੰ ਵਧੇਰੇ ਪਸੰਦ ਹੋਵੇ ਜਾਂ ਸਾਡੀਆਂ ਭਾਵਨਾਵਾਂ ਕਿਸੇ ਖਾਸ ਉਕਸਾਹਟ ਵਾਲੇ ਅਨੁਭਵ ਨਾਲ ਜੁੜੀਆਂ ਹੋਣ। ਇਹ ਇਛਾਵਾਂ ਤੇ ਸਾਡੇ ਹੁੰਗਾਰੇ ਬਿਲਕੁਲ ਬੇਲਗਾਮ ਹੋ ਜਾਂਦੇ ਹਨ ਪਤਾ ਨਹੀਂ ਕਿਥੋਂ ਆਈ ਜਾਂਦੇ ਹਨ। ਸਾਨੂੰ ਇਸ ਤਰ੍ਹਾਂ ਲਗਦਾ ਹੈ ਪਰ ਇਸ ਤਰ੍ਹਾਂ ਹੈ ਨਹੀਂ। ਇਹ ਸਭ ਕੁਝ ਅੰਦਰੋਂ ਹੀ ਆ ਰਹੇ ਹੁੰਦੇ ਹਨ ਅਤੇ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਇਹ ਸਭ ਕੁਝ ਸਾਡੇ ਅੰਦਰ ਹੀ ਹੈ ਇਹ ਸਾਰਾ ਭੰਡਾਰ ਅੰਦਰ ਹੀ ਲੱਗਾ ਹੋਇਆ ਹੈ, ਸੰਵੇਗ ਹਨ, ਅਨੁਭਵ ਹਨ। ਜੇ ਅਸੀਂ ਇਹ ਮੰਨ ਲਈਏ ਫੇਰ ਅਸੀਂ ਇਸ ਤੇ ਖੋਜ ਕਰ ਸਕਦੇ ਹਾਂ ਇਸ ਨੂੰ ਟੈਸਟ ਕਰ ਸਕਦੇ ਹਾਂ।

ਅਸੀਂ ਅਰਧ ਅਚੇਤ ਨੂੰ ਜਾਣ ਸਕਦੇ ਹਾਂ, ਉਥੇ ਪਹੁੰਚ ਸਕਦੇ ਹਾਂ ਪਰ ਉਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਚੇਤਨ ਮਨ ਨੂੰ ਸ਼ਾਂਤ ਕਰ ਲਈਏ। ਮਨ ਵਿਚ ਕਿਸੇ ਨਾ ਕਿਸੇ ਕਿਸਮ ਦੀ ਖਲਬਲੀ ਚਲਦੀ ਹੀ ਰਹਿੰਦੀ ਹੈ। ਮਨ ਇਕ ਵਿਚਾਰ ਤੋਂ ਦੂਸਰੇ ਤੇ ਦੂਸਰੇ ਤੋਂ ਤੀਸਰੇ ਤੇ ਛਾਲਾਂ ਮਾਰਦਾ ਹੀ ਰਹਿੰਦਾ ਹੈ। ਫੇਰ ਮੁੜ ਮੁੜ ਕੇ ਕੇਂਦਰ ਤੇ ਆਉਂਦਾ ਹੈ, ਕਈ ਵਾਰੀ ਖਲ ਬਲ ਬਹੁਤ ਹੁੰਦੀ ਹੈ ਤੇ ਕਈ ਵਾਰੀ ਮਨ ਸ਼ਾਂਤ ਵੀ ਹੁੰਦਾ ਹੈ। ਚੇਤਨ ਮਨ ਵਿਚ ਤਾਂ ਸਦਾ ਹੀ ਕੰਮ ਚਲਦਾ ਰਹਿੰਦਾ ਹੈ ਤੇ ਵਿਚਾਰ ਉਠਦੇ ਹੀ ਰਹਿੰਦੇ ਹਨ ਜਿਹੜਾ ਸਾਨੂੰ ਅਰਧ ਅਚੇਤ ਤਕ ਨਹੀਂ ਪਹੁੰਚਣ ਦਿੰਦੇ।

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***
***ਪੰਨਾ - 66***

ਮਨ ਦੀ ਕਿਰਿਆ ਨੂੰ ਜਾਣ ਲੈਣਾ ਤੇ ਉਸ ਦੀ ਠੀਕ ਸਿਖਲਾਈ ਕਰਨੀ ਇਹ ਮਨੁੱਖੀ ਮਨ ਦੀ ਡਿਊਟੀ ਹੈ। ਇਹ ਰੂਹਾਨੀ ਕੰਮ ਹੈ ਕਿਉਂਕਿ ਪੂਰੀ ਤਰ੍ਹਾਂ ਸਿਖਿਆ ਸੋਧਿਆ ਮਨ ਹੀ ਪ੍ਰਮਾਤਮਾ ਦੇ ਪ੍ਰਗਟਾਵੇ ਦਾ ਸਥਾਨ ਬਣ ਸਕਦਾ ਹੈ ਇਹ ਕਰਨਾ ਹੀ ਮਨੁੱਖ ਲਈ ਅਨੰਦਮਈ ਤੇ ਸ਼ਾਂਤੀ ਪਰਦਾਨ ਕਰ ਸਕਦਾ ਹੈ।

ਸਭ ਤੋਂ ਪਹਿਲਾਂ ਤਾਂ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਮੈਂ ਕੌਣ ਹਾਂ ਮੈਂ ਕੀ ਹਾਂ, ਅਸੀਂ ਕੇਵਲ ਸਰੀਰ ਨਹੀਂ ਹਾਂ, ਭਾਵਨਾਵਾਂ ਨਹੀਂ ਹਾਂ, ਸੋਚ ਨਹੀਂ ਹਾਂ, ਹਉਮੈ ਨਹੀਂ ਹਾਂ, ਮਨ ਨਹੀਂ ਹਾਂ ਅਸੀਂ ਕੇਵਲ ਆਤਮਾ ਹਾਂ, ਪ੍ਰਮਾਤਮਾ ਦਾ ਰੂਪ ਹਾਂ, ਨਿਰੋਲ ਚੇਤਨਤਾ ਹਾਂ। ਸਾਡਾ ਸਰੀਰ, ਹਉਮੈ ਕੇਵਲ ਇਸ ਲਈ ਹਨ ਕਿ ਉਹ ਆਤਮਾ ਦੀ ਸੇਵਾ ਕਰ ਸਕਣ। ਜੇ ਸਾਨੂੰ ਸੱਚ ਦਾ ਨਹੀਂ ਪਤਾ ਅਸੀਂ ਸੱਚ ਨਹੀਂ ਜਾਣਦੇ ਤਾਂ ਘੱਟੋ ਘੱਟ ਇਹ ਮੰਨ ਤਾਂ ਲਈਏ ਕਿ ਅਸੀਂ ਪ੍ਰਮਾਤਮਾ ਦਾ ਰੂਪ ਹਾਂ ਤੇ ਅਨੰਤ ਹਾਂ। ਕੀ ਉਸ ਪ੍ਰਮਾਤਮਾ ਨੂੰ ਖੋਜਣਾ ਉਚਿਤ ਨਹੀਂ। ਕੀ ਅਸੀਂ ਜੀਵਨ ਮਰਨ ਦਾ ਰਿਸ਼ਤਾ ਜਾਣ ਸਕਦੇ ਹਾਂ? ਕੀ ਇਸ ਪ੍ਰਸ਼ਨ ਦਾ ਉਤਰ ਮਿਲ ਸਕਦਾ ਹੈ? ਮਰਦਾ ਕੀ ਹੈ? ਕੀ ਨਹੀਂ ਮਰ ਸਕਦਾ?

ਜਦੋਂ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਮਨੁੱਖ ਦਾ ਵਾਸਤਵਿਕ ਰੂਪ ਆਤਮਾ ਹੈ, ਫੇਰ ਮਨੁੱਖ ਆਤਮਾ ਤਕ ਪਹੁੰਚਣ ਦਾ ਰਸਤਾ ਸਾਫ ਕਰਨ ਲਗ ਪੈਂਦਾ ਹੈ, ਜਿਉਂ-ਜਿਉਂ ਸੋਝੀ ਹੁੰਦੀ ਜਾਂਦੀ ਹੈ ਮਨ ਦਾ ਆਕਾਰ ਪਤਾ ਲਗਦਾ ਜਾਂਦਾ ਹੈ ਤਿਉਂ-ਤਿਉਂ ਆਤਮਾ ਤਕ ਪਹੁੰਚਣਾ ਸੌਖਾ ਹੋ ਜਾਂਦਾ ਹੈ।

ਦੂਸਰਾ ਹੈ ਮਨ ਦੇ ਚਾਰ ਗੁਣਾਂ ਨੂੰ ਸਮਝਣਾ ਬੁੱਧੀ, ਹਉਮੈ, ਮਨ ਤੇ ਚਿਤ। ਅਣਸੋਧਿਆਂ ਮਨ ਬਹੁਤ ਬੇਤੁਕੀ ਭੂਮਿਕਾ ਨਿਭਾਉਣ ਲਗ ਪੈਂਦਾ ਹੈ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਹਉਮੈ ਆਪਣਾ ਪਸਾਰਾ ਕਰ ਲੈਂਦਾ ਹੈ। ਉਹ ਲੋੜ ਤੋਂ ਵੱਧ ਫੈਲ ਜਾਂਦਾ ਹੈ। ਹਉਮੈ ਤੱਤ ਹੈ ਜਿਹੜਾ 'ਮੈਂ' ਤੇ 'ਮੇਰੀ' ਤੇ ਭਾਵ ਹੰਗਤਾ ਤੇ ਮਮਤਾ ਦਾ ਭਾਵ ਪੈਦਾ ਕਰਦਾ ਹੈ ਇਹ ਛਿੰਨ ਭੰਗਰ ਹੋਣ ਵਾਲਾ ਹੈ ਇਹ ਮਨੁੱਖ ਦੀ ਪਛਾਣ ਨਹੀਂ ਹੈ ਉਸ ਦੀ ਹੋਂਦ ਨਹੀਂ ਹੈ ਇਹ ਤਾਂ ਨੌਕਰ ਹੈ ਪਰ ਆਪਣੇ ਆਪ ਨੂੰ ਮਾਲਕ ਸਮਝਣ ਲਗ ਪੈਂਦਾ ਹੈ ਜੇ ਇਸ ਨੂੰ ਕਾਬੂ ਨਾ ਕੀਤਾ ਜਾਵੇ।

ਮਨ ਦੇ ਚਾਰ ਗੁਣਾਂ ਦਾ ਮਿਸ਼ਰਨ ਹੋਣਾ ਚਾਹੀਦਾ ਹੈ ਹਰੇਕ ਦੀ ਆਪਣੀ ਭੂਮਿਕਾ ਹੈ ਪਰ ਹਰੇਕ ਦਾ ਦੂਸਰੇ ਨਾਲ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਮਨ ਤੇ ਹਉਮੈ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ ਉਸ ਤੋਂ ਵੱਧ ਨਹੀਂ। ਬੁੱਧੀ ਨੂੰ ਨਿਰਣਾ ਲੈਣ ਦੀ ਸਿਖਿਆ ਦੇਣੀ ਚਾਹੀਦੀ ਹੈ। ਉਹ ਨਿਰਣੇ ਜਿਹੜੇ ਮਨੁੱਖ ਲਈ ਅਨੰਦਮਈ ਹੋਣ ਤੇ ਉਸ ਦਾ ਵਿਕਾਸ ਕਰਨ।

ਇਨਾਂ ਗੁਣਾਂ ਦੀ ਏਕਤਾ ਪ੍ਰਾਪਤ ਕਰਨ ਲਈ ਮਨ ਨੂੰ ਚੰਗੀ ਤਰ੍ਹਾਂ ਸਮਝਣਾ ਮਨ ਦੀਆਂ ਭਾਵਨਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਚਾਰ ਵਿਅਕਤੀਗਤ ਜ਼ਰੂਰਤਾਂ, ਭਾਵਨਾਵਾਂ ਮਨ ਤੇ ਪ੍ਰਭਾਵ ਪਾਉਂਦੀਆਂ ਹਨ ਪੁਰਾਤਨ, ਮੂਲ ਤੇ ਸਾਰੀ ਸ੍ਰਿਸ਼ਟੀ ਦੇ ਸਾਂਝੇ ਤੱਤ ਇਹ ਹਨ: ਖਾਣਾ, ਸੌਣਾ, ਕਾਮ ਤੇ ਆਤਮ ਸੰਭਾਲ। ਇਨ੍ਹਾਂ ਨੂੰ ਪ੍ਰੇਰਨਾਵਾਂ ਦੇ ਪੱਖੋਂ ਦੇਖੀਏ ਤਾਂ ਮਨੁੱਖਾਂ ਤੇ ਜਾਨਵਰਾਂ ਵਿਚ ਕੋਈ ਫਰਕ ਨਹੀਂ। ਭੇਦ ਹੈ ਤਾਂ ਕੇਵਲ ਇਤਨਾ ਕਿ ਮਨੁੱਖ ਇਨ੍ਹਾਂ ਨੂੰ ਕਾਬੂ ਕਰਕੇ ਉਤਮ ਮਨੁੱਖ ਬਣਨ ਦੀ ਸਮਰਥਾ ਰਖਦਾ ਹੈ।

ਬਾਕੀ ਦੇ ਜਾਨਵਰ ਤਾਂ ਇਨ੍ਹਾਂ ਪ੍ਰੇਰਨਾਵਾਂ ਦੇ ਅਧੀਨ ਹਨ, ਉਨ੍ਹਾਂ ਦੇ ਜੀਵਨ ਇਨ੍ਹਾਂ ਦੇ ਨਾਲ ਬੱਧੇ ਹੋਏ ਹਨ। ਦੂਸਰੇ ਪਾਸੇ ਮਨੁੱਖ ਬੁੱਧੀ ਤੇ ਮਨ ਦੀ ਵਰਤੋਂ ਕਰਕੇ ਇਨ੍ਹਾਂ ਪ੍ਰੇਰਨਾਵਾਂ ਤੇ ਪੂਰਾ ਕਾਬੂ ਪਾ ਸਕਦਾ ਹੈ, ਜੇ ਮਨ ਦੇ ਗੁਣ ਚੰਗੀ ਤਰ੍ਹਾਂ ਕੰਮ ਨਾ ਕਰ ਰਹੇ ਹੋਣ ਏਕਤਾ ਵਿਚ ਨਾ ਹੋਣ ਤਾਂ ਇਹ ਚਾਰ ਪ੍ਰੇਰਨਾਵਾਂ ਬੜੇ ਅਸੰਤੁਲਨ ਤਰੀਕੇ ਨਾਲ, ਬੇਤਰਤੀਬ ਤੇ ਰੋਗੀ ਢੰਗ ਨਾਲ ਕੰਮ ਕਰਨ ਲੱਗ ਪੈਣਗੇ। ਖਾਣ ਪੀਣ ਦੀ ਬਦਪਰਹੇਜ਼ੀ ਹੋ ਜਾਵੇਗੀ, ਅਮਲ ਲਗ ਜਾਣਗੇ ਤੇ ਕਾਮ ਨਾਲ ਮਨੁੱਖ ਦੀ ਸਰੀਰਕ ਤੇ ਭਾਵਕ ਸਿਹਤ ਖਰਾਬ ਹੋ ਜਾਵੇਗੀ। ਆਤਮ ਸੰਭਾਲ ਦਾ ਤੱਤ ਹੈ ਮਰਨ ਦਾ ਭੈ, ਜਿਸ ਨਾਲ ਬਹੁਤ ਸਾਰੇ ਭੈ ਪੈਦਾ ਹੁੰਦੇ ਹਨ ਜਿਵੇਂ ਆਪਣੀਆਂ ਸਬੰਧਿਤ ਚੀਜ਼ਾਂ ਦਾ ਖੁਸ ਜਾਣਾ, ਸਬੰਧਾਂ ਦਾ ਖੁਸ ਜਾਣਾ, ਹੋਰ ਕਈ ਕਿਸਮ ਦੇ ਡਰ ਚਿਤ ਵਿਚ ਘਰ ਕਰ ਜਾਂਦੇ ਹਨ ਜਿਹੜਾ ਸਾਡੇ ਵਿਅਕਤੀਗਤ ਉਸ ਤਰ੍ਹਾਂ ਦੇ ਬਣਾ ਦਿੰਦਾ ਹੈ, ਸਾਡੀਆਂ ਆਦਤਾਂ ਉਸ ਤਰ੍ਹਾਂ ਦੀਆਂ ਬਣਾ ਦਿੰਦਾ ਹੈ।

ਜਦੋਂ ਮਨ ਦੇ ਸਾਰੇ ਗੁਣਾਂ ਦਾ ਠੀਕ ਮਿਸ਼ਰਨ ਤੇ ਮਿਲਾਪ ਹੋ ਜਾਂਦਾ ਹੈ, ਮਨੁੱਖ ਆਤਮ ਗਿਆਨ ਦੀ ਪ੍ਰਾਪਤੀ ਸਹਿਜੇ ਹੀ ਕਰ ਸਕਦਾ ਹੈ। ਅੱਜ ਤਕ ਕਿਸੇ ਨੇ ਵੀ ਮਨ ਦੇ ਗੁਣਾਂ ਦੀ ਠੀਕ ਏਕਤਾ ਤੋਂ ਬਿਨਾਂ ਆਤਮ ਸਿੱਧੀ ਦੀ ਪ੍ਰਾਪਤੀ ਨਹੀਂ ਕੀਤੀ। ਏਸ ਸੰਜੋਗ ਲਈ ਮਿਹਨਤ ਕਰਨੀ ਪੈਂਦੀ ਹੈ, ਅਭਿਆਸ ਕਰਨਾ ਪੈਂਦਾ ਹੈ ਤੇ ਨਿਪੁੰਨ ਹੋਣਾ ਪੈਂਦਾ ਹੈ। ਇਸ ਤੋਂ ਭਾਵ ਹੈ ਮਨ ਨੂੰ ਇਕਾਗਰ ਕਰਕੇ ਇਕ ਬਿੰਦੂ ਤੇ ਕੇਵਲ ਪ੍ਰਮਾਤਮਾ ਤੇ ਹੀ ਇਕਾਗਰ ਕਰਨਾ ਪੈਂਦਾ ਹੈ ਤੇ ਅੰਤਰਮੁਖੀ ਹੋਣਾ ਪੈਂਦਾ ਹੈ। ਜਦੋਂ ਤਕ ਮਨ ਦਾ ਉਸ ਦੇ ਗੁਣਾਂ ਨਾਲ ਪੂਰਾ ਤਾਲਮੇਲ ਨਾ ਹੋਵੇ, ਉਹ ਨਿਪੁੰਨ ਹੋ ਕੇ ਕਰਮ ਨਹੀਂ ਕਰ ਸਕਦਾ। ਇਸ ਤੋਂ ਬਿਨਾਂ ਵੱਖ-ਵੱਖ ਵਿਚਾਰ ਤੇ ਇਛਾਵਾਂ ਸਦਾ ਹੀ ਅੜਚਣ ਬਣੀਆਂ ਰਹਿਣਗੀਆਂ।

ਇਹ ਸੋਚ ਕੇ ਸ਼ੁਰੂ ਕਰੋ ਕਿ ਤੁਹਾਡੇ ਅੰਦਰ ਆਤਮਾ ਹੈ, ਛੇਤੀ ਹੀ ਤੁਸੀਂ ਆਤਮਾ ਨੂੰ ਮਹਿਸੂਸ ਕਰਨ ਲਗ ਪਵੋਂਗੇ ਤੇ ਇਹ ਜਾਣ ਲਓਗੇ, ਇਹ ਤੁਹਾਡੀ ਸਭ ਤੋਂ ਚੰਗੀ ਮਿਤ੍ਰ ਹੈ। ਆਪਣੇ ਆਪ ਨਾਲ ਵਾਰਤਾਲਾਪ ਕਰੋ ਆਪਣੀ ਅਸਲੀਅਤ ਦੀ, ਆਪਣੀ ਪਹਿਚਾਣ ਕਰੋ, ਬਹੁਤ ਛੇਤੀ ਤੁਸੀਂ ਮਹਿਸੂਸ ਕਰੋਗੇ ਸੰਸਾਰ ਵਿਚ ਸਭ ਤੋਂ ਉਤਮ ਮਿਤਰ ਤੁਹਾਡੀ ਆਤਮਾ ਹੈ ਜੇ ਤੁਸੀਂ ਆਪਣੇ ਆਪ ਨਾਲ ਵਾਰਤਾਲਾਪ ਕਰਨਾ ਸਿੱਖ ਲਓਗੇ ਤੁਸੀਂ ਬਹੁਤ ਸੌਖੇ ਰਹੋਗੇ ਤੁਹਾਡੇ ਸਾਰੇ ਭੈ, ਸੰਸਾਰਕ ਤੇ ਤੁਹਾਡੇ ਆਪਣੇ ਅੰਦਰ ਦੇ ਦੂਰ ਹੋ ਜਾਣਗੇ ਤੇ ਹੌਲੀ-ਹੌਲੀ ਤੁਸੀਂ ਆਤਮਾ ਦਾ ਪਸਾਰਾ ਮਹਿਸੂਸ ਕਰੋਗੇ।

ਆਪਣੇ ਆਪ ਨਾਲ ਵਾਰਤਾਲਾਪ, ਆਤਮ ਚਿੰਤਨ ਕਰਨ ਲਈ ਅੰਤਰਮੁਖੀ ਹੋਣ ਦੀ ਲੋੜ ਹੈ, ਜਿਹੜੇ ਵੀ ਕੋਈ ਤੁਹਾਡੇ ਬਹੁਤ ਨੇੜੇ ਦੇ ਮਿਤ੍ਰ ਹੁੰਦੇ ਹਨ ਤੁਸੀਂ ਉਨ੍ਹਾਂ ਦੇ ਬਾਰੇ ਜਾਨਣਾ ਚਾਹੁੰਦੇ ਹੋ, ਤੁਸੀਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਜਾਣਦੇ ਹੋ ਤੁਸੀਂ ਉਨ੍ਹਾਂ ਨੂੰ ਸੁਣਦੇ ਹੋ। ਬਿਲਕੁਲ ਇਸ ਤਰ੍ਹਾਂ ਦਾ ਹੀ ਰਿਸ਼ਤਾ ਤੁਹਾਡਾ ਆਤਮਾ ਨਾਲ ਹੈ ਤੁਹਾਡਾ ਤੁਹਾਡੇ ਆਪਣੇ ਨਾਲ ਹੈ, ਆਪਣੀਆਂ ਭਾਵਨਾਵਾਂ ਦੇਖੋ, ਆਪਣੇ ਸੰਵੇਗ ਦੇਖੋ, ਆਪਣੇ ਵਿਚਾਰ ਦੇਖੋ ਤੇ ਜਾਂਚੋ, ਆਪਣੇ ਆਪ ਨਾਲ ਬਿਲਕੁਲ ਤੁਹਾਨੂੰ ਆਪਣੇ ਆਪ ਨਾਲ ਨਰਮ ਤੇ ਦਇਆਵਾਨ ਹੋਣਾ ਪਵੇਗਾ, ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਤੁਸੀਂ ਆਪਣੇ ਮਿਤਰਾਂ ਨਾਲ ਹੁੰਦੇ ਹੋ। ਆਪਣੇ ਆਪ ਨੂੰ ਨਖੇਦੋ ਨਾ, ਆਪਣੇ ਆਪ ਤੇ ਨਿਰਣੇ ਲਓ, ਛੇਤੀ ਹੀ ਤੁਸੀਂ ਆਪਣੇ ਆਪ ਤੇ ਭਰੋਸਾ ਕਰਨ ਲਗ ਪਵੋਂਗੇ ਤੇ ਮਹਿਸੂਸ ਕਰੋਗੇ ਤੁਹਾਡਾ ਅੰਦਰ ਕਿੰਨਾ ਸੁਹਿਰਦ ਹੈ, ਕਿੰਨਾ ਸੋਹਣਾ ਹੈ, ਕਿੰਨਾ ਚੰਗਾ ਮਾਰਗ ਦਰਸ਼ਕ ਹੈ ਤੁਹਾਡਾ ਵਫਾਦਾਰ ਦੋਸਤ ਹੈ।

ਮਨ ਨੂੰ ਸ਼ਾਂਤ ਕਰਨਾ ਸਭ ਤੋਂ ਵੱਧ ਜ਼ਰੂਰੀ ਹੈ ਜਿਵੇਂ ਕਿ ਉਪਰ ਦਸਿਆ ਜਾ ਚੁਕਾ ਹੈ ਜਦੋਂ ਤਕ ਮਨ ਦੀ ਸਿਖਿਆ ਨਾ ਕੀਤੀ ਜਾਵੇ ਉਸ ਨੂੰ ਸੋਧਿਆ ਨਾ ਜਾਵੇ ਤੇ ਹਉਮੈ ਨੂੰ ਬੇਲਗਾਮ ਛੱਡ ਦਿਤਾ ਜਾਵੇ, ਮਨ ਵਿਚ ਉਥਲ ਪੁਥਲ ਮਚ ਜਾਂਦੀ ਹੈ, ਉਹ ਕਾਬੂ ਤੋਂ ਬਾਹਰ ਹੋ ਜਾਂਦਾ ਹੈ। ਚਿੱਤ ਵਿਚ ਜੋ ਕੁਝ ਹੈ ਉਹ ਹੋਰ ਇਕੱਠਾ ਹੁੰਦਾ ਰਹਿੰਦਾ ਹੈ ਤੇ ਚੇਤਨ ਮਨ ਵਿਚ ਆਉਂਦਾ ਰਹਿੰਦਾ ਹੈ। ਮਨੁੱਖ ਇਸ ਸਾਰੀ ਗੜਬੜ ਦਾ ਗੁਲਾਮ ਬਣ ਜਾਂਦਾ ਹੈ ਬੜਾ ਡਾਵਾਂਡੋਲ ਹੋ ਜਾਂਦਾ ਹੈ ਤੇ ਇਛਾਵਾਂ ਦੇ ਘੇਰੇ ਵਿਚ ਫਸ ਜਾਂਦਾ ਹੈ।

(ਬਾਕੀ ਪੰਨਾ 35 ਤੇ)

# ਸਮਾਧੀ ਸਥਿਰ ਹੋ ਕੇ ਵਾਹਿਗੁਰੂ ਨਾਲ ਇਕ ਹੋਣਾ

***ਡਾ. ਵੇਦ ਭਾਰਤੀ ਜੀ ਡੀ. ਲਿਟ.***

(*ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 54*)

ਸਰੀਰ ਵਿਚ ਮੈਂ ਆਪਣਾ ਆਪ ਦੇਖਣ ਦੀ ਕੋਸ਼ਿਸ਼ ਕਰਦਾ ਹਾਂ, ਆਤਮਾ ਨੂੰ ਲੱਭਦਾ ਹਾਂ ਪਰ ਉਸ ਗਤੀ ਵਿਧੀ ਵਿਚ ਮੈਨੂੰ ਮੇਰਾ ਆਪਾ ਨਹੀਂ ਦਿਸਦਾ। ਮੇਰੀ ਪਛਾਣ ਮੇਰੇ ਬਾਰੇ ਬਦਲ ਜਾਂਦੀ ਹੈ, ਹੁਣ ਮੈਂ ਇਕ ਸਾਧਕ ਹਾਂ, ਸਮਾਧੀ ਸਥਿਤ ਹੁੰਦਾ ਹਾਂ, ਹੁਣ ਮੈਂ ਵਿਸ਼ਈ ਹਾਂ, ਹੁਣ ਮੈਂ ਇਕ ਤਰਖਾਣ ਹਾਂ, ਹੁਣ ਮੈਂ ਇਕ ਲੁਹਾਰ ਹਾਂ, ਹੁਣ ਮੈਂ ਇਕ ਪਤੀ ਹਾਂ, ਪਤਨੀ ਹਾਂ, ਇਕ ਪੁਤਰੀ ਹਾਂ, ਇਕ ਪੁਤਰ ਹਾਂ ਇਨ੍ਹਾਂ ਭੂਮਿਕਾਵਾਂ ਵਿਚ ਮੈਂ ਆਪਾ ਲੱਭਦਾ ਫਿਰਦਾ ਹਾਂ। ਸ਼ਾਂਤੀ ਲੱਭਦਾ ਹਾਂ ਸ਼ਾਂਤੀ ਜੋ ਮੇਰਾ ਵਾਸਤਵਿਕ ਰੂਪ ਹੈ ਜਿਸ ਵਿਚ ਵਿਘਨ ਪੈ ਗਿਆ ਹੈ ਜਿਸ ਨੂੰ ਤਮੋ ਗੁਣ ਦਾ ਗ੍ਰਹਿਣ ਲਗ ਗਿਆ ਹੈ, ਰਜੋ ਗੁਣਾਂ ਦਾ ਗ੍ਰਹਿਣ ਲਗ ਗਿਆ ਹੈ, ਮੇਰੇ ਸਤਿ ਦਾ ਚੰਦਰਮਾ ਗ੍ਰਹਿਣਿਆ ਗਿਆ ਹੈ, ਮੈਂ ਖੇਰੂੰ-ਖੇਰੂੰ ਹੋ ਗਿਆ ਹਾਂ, ਮੇਰੀਆਂ ਗਤੀ ਵਿਧੀਆਂ ਖਿੰਡ ਗਈਆਂ ਹਨ, ਮੇਰੀ ਸਾਰੀ ਕਿਰਿਆ ਖਿੰਡ ਗਈ ਹੈ ਪਰ ਮੈਂ ਆਸ ਰਖਦਾ ਹਾਂ ਇਕ ਦਿਨ ਮੈਂ ਵਾਹਿਗੁਰੂ ਦੀ ਪ੍ਰਾਪਤੀ ਕਰ ਲਵਾਂਗਾ, ਮੇਰੀ ਲੋਚਾ ਪੂਰੀ ਹੋ ਜਾਵੇਗੀ। ਇਕ ਦਿਨ ਮੈਂ ਸਮਾਧੀ ਸਥਿਤ ਹੋਵਾਂਗਾ। ਕੋਈ ਇਹੋ ਜਿਹਾ ਖਿਨ ਆਵੇਗਾ ਜਦੋਂ ਮੈਂ ਪੂਰੀ ਤਰ੍ਹਾਂ ਪਿਆਰੇ ਨਾਲ ਇਕ ਹੋਵਾਂਗਾ, ਅਨੰਦ ਵਿਚ ਹੋਵਾਂਗਾ, ਜਦੋਂ ਮੇਰੇ ਅੰਦਰ ਸ਼ਾਂਤ ਅਨੰਤਤਾ ਸਮਾਅ ਜਾਵੇਗੀ। ਹਨ੍ਹੇਰਾ, ਧੁੰਦਲਾਪਨ ਖਤਮ ਹੋ ਜਾਵੇਗਾ, ਉਦੋਂ ਹੀ ਆਤਮਾ ਦਾ ਪ੍ਰਕਾਸ਼ ਹੋਵੇਗਾ। ਕਦੋਂ, ਕਿਸ ਤਰ੍ਹਾਂ, ਕਿਸ ਸਮੇਂ ਇਹ ਸਭ ਕੁਝ ਹੋਏਗਾ ਕਿਹਾ ਨਹੀਂ ਜਾ ਸਕਦਾ, ਮੇਰੀ ਉਸ ਸਮੇਂ ਕੀ ਦਸ਼ਾ ਹੋਵੇਗੀ। ਮੈਂ ਕਿਸ ਕਿਰਿਆ ਵਿਚ ਹੋਵਾਂਗਾ, ਮੈਂ ਆਤਮਾ ਨਾਲ ਕਿਸ ਤਰ੍ਹਾਂ ਦਾ ਸਬੰਧ ਦੇਖ ਸਕਾਂਗਾ, ਮੈਂ ਕੀ ਕਰ ਰਿਹਾ ਹੋਵਾਂਗਾ, ਕੀ ਸਮਾ ਹੋਵੇਗਾ? ਕੀ ਮੈਂ ਸਮੇਂ ਦੇ ਬੰਧਨ ਵਿਚ ਹਾਂ? ਕੀ ਸਮੇਂ ਨੇ ਮੈਨੂੰ ਆਪਣੇ ਵੇਗ ਵਿਚ ਵਲਗਿਆ ਹੋਇਆ ਹੈ? ਕੀ ਮੈਂ ਸਮੇਂ ਦੇ ਸੰਗਲ ਨਾਲ ਬੰਨ੍ਹਿਆ ਹੋਇਆ ਹਾਂ। ਮੈਂ ਇਹ ਕਿਉਂ ਕਹਿੰਦਾ ਹਾਂ, ਕਲ੍ਹ ਇਹ ਹੋਇਆ ਹੈ, ਕਲ੍ਹ ਇਹ ਹੋਏਗਾ, ਫੇਰ ਇਹ ਹੋਏਗਾ, ਕੀ ਮੈਂ ਸਮੇਂ ਦੇ ਹੱਥਾਂ ਵਿਚ ਬੰਨ੍ਹਿਆ ਹਾਂ? ਮੇਰੀ ਪੂਰਤੀ, ਅੰਤਰ ਸ਼ਾਂਤੀ, ਅੰਤਰ ਪਵਿਤਰਤਾ, ਸਥਿਰਤਾ ਜੋ ਮੇਰੇ ਮਨ ਦੀ ਉਪਰ ਦੀ ਸਤਾ ਤੇ ਹੈ ਉਸ ਦਾ ਕੀ ਮੰਤਵ ਹੈ? ਮੈਂ ਇਸ ਬਾਰੇ ਕਿਸੇ ਹੋਰ ਸਮੇਂ ਕਿਉਂ ਸੋਚਦਾ ਹਾਂ? ਕਿਸੇ ਹੋਰ ਦਿਨ ਕਿਉਂ ਸੋਚਦਾ ਹਾਂ, ਮੈਂ ਤਾਂ ਉਹ ਹੀ ਹਾਂ ਹੁਣ ਵੀ ਫੇਰ ਵੀ, ਮੇਰਾ ਪ੍ਰਕ੍ਰਿਤਕ ਸੁਭਾਅ ਸ਼ਾਂਤਮਈ ਸਥਿਰ ਹੈ। ਸਮਾਂ ਬਿਲਕੁਲ ਸਥਿਰ ਹੋ ਜਾਂਦਾ ਹੈ, ਸ਼ਾਂਤ ਹੋ ਜਾਂਦਾ ਹੈ, ਆਤਮ ਸਿੱਧੀ ਪ੍ਰਾਪਤ ਮਨੁੱਖ ਲਈ ਕਿਰਿਆਸ਼ੀਲ ਹੋਣ ਦਾ ਕੋਈ ਅਰਥ ਨਹੀਂ, ਇਕ ਸਮੇਂ ਤੋਂ ਦੂਸਰੇ ਸਮੇਂ ਵਿਚ ਵਿਚਰਨਾ ਇਕ ਥਾਂ ਤੋਂ ਦੂਸਰੀ ਥਾਂ ਜਾਣ ਦੇ ਕੀ ਅਰਥ ਹਨ? ਉਹ ਇਨ੍ਹਾਂ ਸਭ ਕਿਰਿਆਵਾਂ ਤੋਂ ਉਪਰ ਹੈ। ਆਤਮ ਸਿੱਧੀ ਪ੍ਰਾਪਤ ਲਈ ਅੰਦਰ ਦੀ ਅਨੰਤਤਾ ਵਿਚ ਕੋਈ ਵਾਧਾ ਘਾਟਾ ਨਹੀਂ ਹੁੰਦਾ, ਉਹ ਤਾਂ ਸਦਾ ਹੀ ਚੜ੍ਹਦੀ ਕਲਾ ਵਿਚ ਹੈ, ਮੈਂ ਕੀ ਵਾਧਾ ਕਰ ਸਕਦਾ ਹਾਂ? ਇਸ ਅਪੂਰਨ ਸੰਸਾਰ ਵਿਚ ਰਹਿੰਦਿਆਂ ਕੀ ਵਾਧਾ ਹੋ ਸਕਦਾ ਹੈ? ਕੀ ਇਹ ਮੇਰਾ ਅੰਦਾਜ਼ਾ ਹੈ? ਕੀ ਇਹ ਮੇਰਾ ਵਿਚਾਰ ਹੈ? ਇਹ ਕਿਉਂ ਇਸ ਤਰ੍ਹਾਂ ਹੈ? ਮੈਂ ਕਿਉਂ ਇਸ ਤਰ੍ਹਾਂ ਸੋਚਦਾ ਹਾਂ ਕਿ ਮੈਂ ਜ਼ਰੂਰ ਇਕ ਦਿਨ ਆਪਣੇ ਪਿਆਰੇ ਨੂੰ ਮਿਲ ਜਾਵਾਂਗਾ, ਉਹ ਵਾਹਿਗੁਰੂ ਉਹ ਪਰਮ ਚੇਤਨਾ ਉਹ ਕਲ੍ਹ ਵੀ ਉਹ ਹੀ ਸੀ ਅੱਜ ਵੀ ਉਹ ਹੀ ਹੈ, ਕਲ੍ਹ ਵੀ ਉਹ ਹੀ ਹੋਏਗਾ। ਮੈਂ ਇਹ ਕਿਉਂ ਕਹਿੰਦਾ ਹਾਂ ਕਿ ਪੀਰ ਪੈਗੰਬਰ ਆਏ ਤੇ ਚਲੇ ਗਏ। ਕੀ ਹੋ ਗਿਆ ਉਨ੍ਹਾਂ ਨੂੰ, ਇਹ ਮੇਰੇ ਲਈ ਨਹੀਂ ਹੈ, ਇਹ ਅੱਜ ਦੀ ਗੱਲ ਨਹੀਂ ਹੈ। ਹੋਰ ਦੂਸਰਾ ਕਿਉਂ ਹੈ? ਮੈਂ ਵਾਹਿਗੁਰੂ ਅੱਗੇ ਬੇਨਤੀ ਕਰਦਾ ਹਾਂ ਇਹ ਦੂਸਰੇਪਨ ਦਾ ਅਭਾਸ ਮੇਰੇ ਅੰਦਰੋਂ ਖਤਮ ਹੋ ਜਾਵੇ। ਦੂਸਰੇ ਲਈ ਮੇਰੀ ਚੇਤਨਾ ਹੀ ਨਾ ਰਹੇ, ਮੇਰੀ ਚੇਤਨਾ ਕਿਸੇ ਹੋਰ ਬਾਰੇ, ਹੋਰ ਸਮੇਂ ਬਾਰੇ ਹਰ ਕਿਸੇ ਬਾਰੇ ਖਤਮ ਹੋ ਜਾਵੇ। ਦੂਸਰੇ ਲਈ ਵੀ ਮੈਂ ਕੋਈ ਹੋਰ ਦੂਸਰਾ ਹੀ ਹਾਂ, ਫੇਰ ਉਸ ਹਾਲਤ ਵਿਚ ਕੀ ਕੀਤਾ ਜਾਵੇ? ਇਹ ਵੀ ਹੋ ਸਕਦਾ ਹੈ, ਮੈਂ ਹੋਰ ਕੋਈ ਦੂਸਰਾ ਹੀ ਬਣਿਆ ਰਿਹਾ, ਮੈਂ ਦੂਸਰਾ ਹੀ ਰਹਾਂ, ਹੋਰ ਹੀ ਬਣਿਆ ਰਹਾਂ। ਮੈਂ ਆਪਣੇ ਆਪ ਨੂੰ ਇਕ ਜੰਜੀਰ ਹੀ ਸਮਝਾ, ਉਹ ਜੰਜੀਰ ਜਿਸ ਦੀਆਂ ਬਹੁਤ ਸਾਰੀਆਂ ਕੜੀਆਂ ਹਨ, ਮੇਰੇ ਵੀ ਬਹੁਤ ਸਬੰਧ ਹਨ, ਮੈਂ ਉਸ ਜੰਜੀਰ ਨਾਲ ਬੰਧਿਆ ਰਹਾਂ। ਮੈਂ ਆਪਣੇ ਆਪ ਨੂੰ ਵਿਰੋਧਤਾ ਨਾਲ ਜਕੜ ਲਵਾਂ, ਪਿਆਰ ਤੋਂ ਵਾਂਝਾ ਹੋ ਜਾਵਾਂ ਤੇ ਜੰਜੀਰ ਦੀ ਇਕ ਕੜੀ ਤੋਂ ਦੂਸਰੀ, ਦੂਸਰੀ ਤੋਂ ਤੀਸਰੀ ਇਸ ਤਰ੍ਹਾਂ ਹੀ ਕਰਦਾ ਰਹਾਂ, ਅੱਗੇ ਤੋਂ ਅੱਗੇ ਉਦੋਂ ਤਕ ਤੁਰਦਾ ਰਹਾਂ, ਜਦੋਂ ਤਕ ਉਸ ਇਕ ਨਾਲ ਮਿਲਾਪ ਨਾ ਹੋ ਜਾਵੇ, ਜਦੋਂ ਮੈਂ ਅਗਲੇ ਨਾਲ ਮਿਲਦਾ ਹਾਂ, ਪਿਛਲਾ ਅਣਜਾਣਿਆ ਬਣ ਜਾਂਦਾ ਹੈ, ਉਹ ਕੋਈ ਹੋਰ ਹੀ ਬਣ ਜਾਂਦਾ ਹੈ, ਜੋ ਉਹ ਪਹਿਲਾਂ ਸੀ ਉਹ ਹੁਣ ਨਹੀਂ ਹੈ, ਹੁਣ ਮੈਂ ਕਿਸੇ ਹੋਰ ਨਾਲ ਜੁੜਨਾ ਲੋਚਦਾ ਹਾਂ, ਫੇਰ ਹੋਰ ਨਾਲ, ਫੇਰ ਹੋਰ ਨਾਲ। ਦੂਸਰੇ ਸਮੇਂ ਦੂਸਰੇ ਨਾਲ ਇਸ ਤਰ੍ਹਾਂ ਹੀ ਅੱਗੇ ਤੋਂ ਅੱਗੇ ਹੀ ਚਲਦਾ ਰਹਿੰਦਾ ਹਾਂ। ਇਸ ਤਰ੍ਹਾਂ ਹੀ ਮੈਂ ਆਪਣੇ ਮਨ ਤੋਂ ਆਪਣੀ ਕਲਪਨਿਕ ਹੋਂਦ ਦੀਆਂ ਕਿਰਨਾਂ ਭੇਜਦਾ ਹਾਂ, ਜਿਸ ਦੀਵਾਰ ਨਾਲ ਮੇਰੀਆਂ ਕਿਰਨਾਂ ਜਾ ਕੇ ਲਗਦੀਆਂ ਹਨ, ਉਹ ਮੁੜ ਕੇ ਮੇਰੇ ਕੋਲ ਹੀ ਆਉਂਦੀਆਂ ਹਨ। ਮੈਂ ਕੋਈ ਹੋਰ ਦੂਸਰਾ ਬਣ ਜਾਂਦਾ ਹਾਂ, ਕੋਈ ਹੋਰ ਜਿਹੜਾ ਅੱਗੇ ਤੋਂ ਅੱਗੇ ਤੁਰਿਆ ਜਾਂਦਾ ਹੈ। ਇਕ ਤੋਂ ਦੂਸਰੀ, ਦੂਸਰੀ ਤੋਂ ਤੀਸਰੀ ਜਗ੍ਹਾ ਜਿਵੇਂ ਰੇਤ ਵਿਚ ਪਏ ਪੈਰਾਂ ਦੇ ਨਿਸ਼ਾਨ। ਵਾਹਿਗੁਰੂ! ਜੇ ਮੈਂ ਤੇਰੇ ਵਿਚ ਹਾਂ, ਤੂੰ ਮੇਰੇ ਵਿਚ ਹੈਂ, ਜੇ ਤੂੰ ਮੈਂ ਹਾਂ, ਤਾਂ ਮੈਂ ਇਸ ਸਮੇਂ ਹੁਣੇ ਹੀ ਸ਼ਾਂਤ ਹੋ ਜਾਵਾਂ, ਮੈਨੂੰ ਸ਼ਾਂਤੀ, ਸਥਿਰਤਾ ਮਿਲ ਜਾਵੇ, ਇਸ ਸਥਿਰਤਾ ਵਿਚ ਮੈਂ ਕਿਸੇ ਹੋਰ ਨੂੰ ਨਾ ਦੇਖਾਂ, ਮੇਰੇ ਲਈ ਕੋਈ ਦੂਸਰਾ ਹੋਵੇ ਹੀ ਨਾ, ਸਾਰੇ ਬ੍ਰਹਿਮੰਡ ਵਿਚ ਤੂੰ ਹੀ ਹੈ ਤੇਰੇ ਬਿਨਾਂ ਹੋਰ ਕੋਈ ਹੈ ਹੀ ਨਹੀਂ, ਕੇਵਲ ਤੂੰ ਹੀ ਹੈਂ। ਮੇਰਾ ਆਪਾ ਵੀ ਮੈਂ ਹੀ ਹਾਂ। ਇਸ ਤਰ੍ਹਾਂ ਹੀ ਮੈਂ ਇਸ ਦਵੰਦ ਤੋਂ ਬਚ ਸਕਦਾ ਹਾਂ, ਮੈਂ ਤੈਨੂੰ ਤੇਰੇ ਪ੍ਰਕਾਸ਼ ਨੂੰ, ਤੈਨੂੰ ਸਮੁੱਚੇ ਨੂੰ ਵੰਡ ਦਿਤਾ ਹੈ, ਮੈਂ ਕਹਿੰਦਾ ਹਾਂ ਪ੍ਰਮਾਤਮਾ ਨੇ ਇਥੇ ਇਹ ਕੀਤਾ ਹੈ, ਉਥੇ ਉਹ ਕੀਤਾ ਹੈ। ਵਾਹਿਗੁਰੂ ਤੋਂ ਮੈਂ ਵਿਛੜ ਚੁਕਾਂ ਹਾਂ ਜਿਵੇਂ ਮੱਛੀ ਸਾਗਰ ਵਿਚ ਰਹਿੰਦੀ ਇਕ ਸਾਗਰ ਤੋਂ ਦੂਸਰੇ ਵਿਚ

ਜਾਂਦੀ ਹੈ ਉਸ ਨੂੰ ਆਪਣਾ ਬਣਾਉਂਦੀ ਹੈ, ਮੈਂ ਵੀ ਇਕ ਤੋਂ ਦੂਸਰੀ, ਦੂਸਰੀ ਤੋਂ ਤੀਸਰੀ ਜਗ੍ਹਾ ਭਟਕਦਾ ਫਿਰਦਾ ਹਾਂ, ਮੈਂ ਵੀ ਆਪਣੀ ਪਰਮ ਚੇਤਨਤਾ ਤੋਂ ਵਿਛੜ ਚੁਕਾ ਹਾਂ। ਜਦੋਂ ਮੈਂ ਪਰਮ ਚੇਤਨ ਅਵਸਥਾ ਵਿਚ ਸੀ ਕੀ ਮੈਂ ਆਪਣੀ ਸੁਰਤ ਉਦੋਂ ਛੱਡ ਬੈਠਾ ਸੀ। ਕੀ ਮੇਰੇ ਸੁਪਨੇ ਗੁਆਚ ਗਏ ਸੀ, ਕੀ ਮੇਰੀ ਨੀਂਦ ਖਤਮ ਹੋ ਗਈ? ਕੀ ਇਹ ਬ੍ਰਹਿਮੰਡ ਗੁਆਚ ਗਿਆ? ਕੀ ਮੇਰਾ ਸਰੀਰ ਘੁਲ ਗਿਆ ਹੈ? ਜਦੋਂ ਮੈਂ ਪ੍ਰਮ ਚੇਤਨਤਾ ਵਿਚ ਹੁੰਦਾ ਹਾਂ ਇਹ ਸਰੀਰ ਕੁਝ ਮੈਨੂੰ ਓਪਰਾ ਲਗਦਾ ਹੈ, ਦੂਰ ਲਗਦਾ ਹੈ ਜੋ ਵਾਸਤਵ ਵਿਚ ਨੇੜੇ ਲਗਦਾ ਹੈ ਉਹ ਪਰਮ ਚੇਤਨਤਾ ਬਣ ਜਾਂਦਾ ਹੈ, ਕੁਝ ਵੀ ਮੇਰੇ ਤੋਂ ਵੱਖ ਨਹੀਂ ਜਾਪਦਾ, ਧਿਆਨ ਲਗਾਉਣ ਲਈ ਕੁਝ ਨਹੀਂ ਰਹਿੰਦਾ। ਕੋਈ ਗੱਲ ਹੀ ਨਹੀਂ ਰਹਿੰਦੀ, ਕੋਈ ਉਚਾਈ ਹੀ ਨਹੀਂ ਰਹਿੰਦੀ, ਜਿਥੇ ਪਹੁੰਚਣਾ ਹੋਵੇ। ਮੈਂ ਆਪ ਹੀ ਉਚਾਈ ਤੇ ਹੁੰਦਾ ਹਾਂ। ਮੈਂ ਇਕ ਵਾਰੀ ਆਪਣੇ ਆਪ ਨੂੰ ਸਥਿਰ ਕਰਾਂ, ਕੀ ਮੇਰੀਆਂ ਗਿਆਨ ਇੰਦ੍ਰੀਆਂ ਸਥਿਰ ਹੋਣਗੀਆਂ? ਕੀ ਮੇਰੇ ਪੱਠੇ ਸਥਿਰ ਹੋਣਗੇ? ਕੀ ਮੈਂ ਭੈ ਭੀਤ ਹੋ ਜਾਵਾਂਗਾ? ਕੀ ਮੈਂ ਫੇਰ ਕਦੀ ਆਪਣੇ ਨੇਤਰ ਨਹੀਂ ਦੇਖਾਂਗਾ? ਕੀ ਮੈਂ ਅੰਨ੍ਹਾ ਹੋ ਜਾਵਾਂਗਾ? ਕੀ ਮੈਂ ਫੇਰ ਕਦੀ ਕੰਨਾਂ ਨਾਲ ਨਹੀਂ ਸੁਣ ਸਕਾਂਗਾ? ਕੀ ਮੈਂ ਫੇਰ ਗਾਣਾ ਨਹੀਂ ਸੁਣ ਸਕਾਂਗਾ? ਕੀ ਮੈਂ ਫੇਰ ਕਦੀ ਵੀ ਸੜਕ ਤੇ ਡਿੱਗੇ ਮਨੁੱਖ ਨੂੰ ਨਹੀਂ ਚੁੱਕ ਸਕਾਂਗਾ? ਜਦੋਂ ਮੈਂ ਸਥਿਰ ਹੋਵਾਂਗਾ ਕੀ ਮੇਰੀਆਂ ਗਿਆਨ ਇੰਦ੍ਰੀਆਂ ਉਸ ਸਮੇਂ ਕੰਮ ਨਹੀਂ ਕਰ ਸਕਣਗੀਆਂ? ਕੀ ਮੇਰੀ ਸਾਰੀ ਕਿਰਿਆ ਖਤਮ ਹੋ ਜਾਵੇਗੀ? ਕੀ ਇਸ ਅਵਸਥਾ ਦੀ ਇੱਛਾ ਰਖਣੀ ਚਾਹੀਦੀ ਹੈ? ਉਹ ਸਥਿਰਤਾ ਜਿਹੜੀ ਇਸ ਸਮੇਂ ਦੱਬੀ ਪਈ ਹੈ ਉਸਦਾ ਹੀ ਅਨੁਭਵ ਹੋ ਸਕੇਗਾ, ਉਹ ਸਥਿਰਤਾ ਕਿਰਿਆ ਤੋਂ ਬਾਹਰੀ ਨਹੀਂ ਹੈ। ਇਹ ਤਾਂ ਕਿਰਿਆ ਦਾ ਸਰੋਤ ਹੈ, ਚੁੱਪ ਤੋਂ ਭਾਵ ਨਾ ਬੋਲਣਾ ਨਹੀਂ, ਚੁੱਪ ਬੋਲਣ ਦਾ ਸਰੋਤ ਹੈ। ਅਹਿੰਸਾ, ਹਿੰਸਾ ਦਾ ਨਾ ਹੋਣਾ ਨਹੀਂ, ਅਹਿੰਸਾ ਮਿਤਰਤਾ ਹੈ, ਪਿਆਰ ਹੈ, ਜਿਥੇ ਪਿਆਰ ਹੋ ਜਾਂਦਾ ਹੈ ਉਥੇ ਪਿਆਰ ਪੈ ਜਾਂਦਾ ਹੈ। ਜਦੋਂ ਓਪਰਾਪਨ ਖਤਮ ਹੋ ਜਾਂਦਾ ਹੈ, ਪਿਆਰ ਪੈਦਾ ਹੁੰਦਾ ਹੈ, ਜਿਥੇ ਪਿਆਰ ਹੁੰਦਾ ਹੈ ਉਥੋਂ ਬਾਕੀ ਸਭ ਕੁਝ ਖਤਮ ਹੋ ਜਾਂਦਾ ਹੈ। ਜੇ ਦੋ ਬੰਦਿਆਂ ਦਾ ਪਿਆਰ ਹੋ ਜਾਂਦਾ ਹੈ ਉਨ੍ਹਾਂ ਦੀ ਹੋਂਦ ਖਤਮ ਹੋ ਜਾਂਦੀ ਹੈ। ਵਾਹਿਗੁਰੂ ਅੱਗੇ ਬੇਨਤੀ ਕਰੋ ਇਹੋ ਜਿਹਾ ਪਿਆਰ ਬਖਸ਼ੇ ਜਿਸ ਨਾਲ ਸਰੀਰ ਦੀ ਹੋਂਦ ਹੀ ਮੁੱਕ ਜਾਏ ਤੇ ਮੈਂ ਇਹ ਕਹਿ ਹੀ ਨਾ ਸਕਾਂ, ਮੈਂ ਕਿਸੇ ਹੋਰ ਨੂੰ ਪਿਆਰ ਕਰਦਾ ਹਾਂ। ਮੈਂ ਆਲੇ ਦੁਆਲੇ ਦੇਖਾਂ ਤੇ ਕਹਾਂ, ਮੈਂ ਕਿਸ ਨੂੰ ਪਿਆਰ ਕਰਾਂ, ਮੈਂ ਆਪ ਹੀ ਪਿਆਰ ਬਣ ਜਾਵਾਂ, ਪਿਆਰ ਨਾਲ ਛਲਕਣ ਲਗ ਪਵਾਂ। ਜੇ ਮੈਂ ਦੁਸ਼ਮਣ ਦੇ ਤਲਵਾਰ ਮਾਰਾਂ ਉਹ ਮੈਂ ਆਪ ਨੂੰ ਹੀ ਮਾਰ ਰਿਹਾ ਹੋਵਾਂ। ਮੈਂ ਆਪਣੇ ਨੇਤਰਾਂ ਨਾਲ ਕਿਹਨੂੰ ਦੇਖਾਂ ਜਦੋਂ ਹੋਰ ਕੋਈ ਹੈ ਹੀ ਨਹੀਂ, ਮੈਨੂੰ ਆਪਣੇ ਆਪ ਨੂੰ ਦੇਖਣ ਲਈ ਨੇਤਰਾਂ ਦੀ ਲੋੜ ਹੀ ਨਹੀਂ। ਜੇ ਸੰਗੀਤ ਬਾਹਰੋਂ ਆ ਰਿਹਾ ਹੋਵੇ ਤਾਂ ਮੈਨੂੰ ਬਾਹਰੋਂ ਸੁਣਨ ਦੀ ਲੋੜ ਹੈ, ਪਰ ਜੇ ਕੋਈ ਹੈ ਹੀ ਨਹੀਂ ਜਿਥੋਂ ਸੰਗੀਤ ਆ ਸਕਦਾ ਹੈ, ਜੇ ਜਦੋਂ ਦੂਸਰਾ ਹੈ ਹੀ ਕੋਈ ਨਹੀਂ ਇਹ ਸੰਗੀਤ ਮੇਰੇ ਹੀ ਹਨ। ਮੇਰਾ ਹੀ ਔਰਕੈਸਟਰਾ ਹੈ, ਮੈਂ ਹੀ ਸੰਗੀਤ ਹਾਂ, ਮੈਂ ਹੀ ਔਰਕੈਸਟਰਾ ਹਾਂ, ਮੈਂ ਹੀ ਗਤੀ ਹਾਂ, ਮੈਂ ਹੀ ਸਾਜ਼ ਹਾਂ, ਮੈਂ ਹੀ ਸਵਰ ਹਾਂ, ਮੈਂ ਹੀ ਲੈਅ ਹਾਂ, ਮੈਂ ਹੀ ਸਿਤਾਰ ਹਾਂ, ਮੈਂ ਹੀ ਸਰੋਤਾ ਹਾਂ, ਮੈਂ ਹੀ ਸ਼ਕਤੀ ਦੀਆਂ ਲਹਿਰਾਂ ਹਾਂ, ਮੈਂ ਹੀ ਸ਼ਕਤੀ ਦੀਆਂ ਲਹਿਰਾਂ ਬਣ ਕੇ ਕੰਮ ਕਰ ਰਿਹਾ ਹਾਂ, ਮੈਂ ਹੀ ਸ਼ਕਤੀ ਦੀਆਂ ਲਹਿਰਾਂ ਬਣ ਕੇ ਇਕ ਤੋਂ ਦੂਸਰੀ ਜਗ੍ਹਾ ਜਾਂਦਾ ਹਾਂ। ਉਸ ਮੂਲ ਵਿਚ ਜਾਂਦਾ ਹੈ ਜਿਹੜਾ ਸਾਰੀ ਸ਼ਕਤੀ ਲਹਿਰਾਂ ਦਾ ਸਰੋਤ ਹੈ ਜਿਸਦਾ ਕੋਈ ਵਿਸਤਾਰ ਨਹੀਂ, ਆਕਾਰ ਨਹੀਂ, ਉਹ ਸਰੋਤ ਜਿਸ ਵਿਚੋਂ ਸਾਰੇ ਆਕਾਰ, ਵਿਸਤਾਰ ਨਿਕਲਦੇ ਹਨ ਪਰ ਉਸ ਦਾ ਆਪਣਾ ਸਰੋਤ ਕੋਈ ਨਹੀਂ ਹੈ। ਇਹ ਚੌਥੀ ਡਾਇਮੈਨਸ਼ਨ (fourth dimension) ਦੀ ਗੱਲ ਨਹੀਂ ਇਹ ਤਾਂ ਛੇਵੀਂ ਸੱਤਵੀਂ dimension ਹੈ, ਇਹ ਸਤਵੀਂ ਪਉੜੀ ਦੀ ਗੱਲ ਨਹੀਂ ਹੈ, ਇਹ ਕੋਈ ਸਤਵੇਂ ਚੱਕਰ ਦੀ ਵੀ ਗੱਲ ਨਹੀਂ, ਪਰਾ ਚੇਤਨ ਵੀ ਨਹੀਂ, ਵਾਸਤਵ ਵਿਚ ਸਾਰੇ ਚੱਕਰ ਮਿਲ ਜਾਂਦੇ ਹਨ ਇਕ ਬਣ ਜਾਂਦੇ ਹਨ ਤੇ ਅਨੰਤਤਾ ਵਿਚ ਮਿਲ ਜਾਂਦੇ ਹਨ, ਅਨੰਤਤਾ ਦੀ ਕੋਈ dimension ਨਹੀਂ, ਪਰ ਸਾਰੇ ਅੱਖਰ ਅਨੰਤਤਾ ਤੋਂ ਹੀ ਸ਼ੁਰੂ ਹੁੰਦੇ ਹਨ, ਅਨੰਤਤਾ ਵਿਚ ਹੀ ਰਹਿੰਦੇ ਹਨ ਤੇ ਅਨੰਤਤਾ ਵਿਚ ਹੀ ਮਿਲ ਜਾਂਦੇ ਹਨ, ਅਨੰਤਤਾ ਉਸ ਤਰ੍ਹਾਂ ਦੀ ਉਸ ਤਰ੍ਹਾਂ ਹੀ ਰਹਿੰਦੀ ਹੈ ਅਟਲ, ਅਮਰ, ਅਜਰ। ਸੁਪਨੇ, ਜਾਗ੍ਰਤ ਅਵਸਥਾ, ਨੀਂਦ ਦੇ ਸੁਪਨੇ ਸਭ ਬਦਲ ਜਾਂਦੇ ਹਨ ਪਰ ਪਰਮ ਚੇਤਨ ਵਿਚ ਉਹ ਉਸ ਤਰ੍ਹਾਂ ਹੀ ਰਹਿੰਦੇ ਹਨ, ਅਟੱਲ ਰਹਿੰਦੇ ਹਨ, ਪਰਮ ਚੇਤਨਤਾ ਕਦੀ ਵੀ ਜਾਗ੍ਰਤ ਅਵਸਥਾ ਨਹੀਂ ਹੁੰਦੀ, ਕਦੀ ਵੀ ਸੁਪਨਾ ਨਹੀਂ ਹੁੰਦੀ, ਨੀਂਦ ਨਹੀਂ ਹੁੰਦੀ, ਪਰਮ ਚੇਤਨ ਅਵਸਥਾ ਵਿਚ ਨੀਂਦ ਸੁਪਨੇ ਜਾਗ੍ਰਤ ਅਵਸਥਾ ਦੇ ਅਨੁਭਵ ਸਭ ਕੁਝ ਸਥਿਰ ਹੀ ਰਹਿੰਦਾ ਹੈ।

ਵਾਸਤਵ ਵਿਚ ਪਰਮ ਚੇਤਨਤਾ ਦਾ ਸੁਭਾਅ ਪਰਮ ਚੇਤਨਤਾ ਨਹੀਂ ਹੈ, ਪਰਮ ਤੋਂ ਭਾਵ ਹੈ, ਪਰ੍ਹੇ, ਉਪਰ ਸਮਾਧੀ ਸਥਿਰ ਹੋ ਕੇ ਵਾਹਿਗੁਰੂ ਨਾਲ ਇਕ ਹੋਣਾ, ਜੋ ਕੁਝ ਉਪਰ ਹੈ ਉਸ ਤੋਂ ਭਾਵ ਹੈ ਕਿ ਕੁਝ ਥੱਲੇ ਵੀ ਹੈ। ਉਸ ਤੋਂ ਹੇਠਾਂ ਵੀ ਹੈ ਪਰ ਵਾਹਿਗੁਰੂ ਤਾਂ ਸਾਰੇ ਕਿਤੇ ਪਰੀਪੂਰਨ ਹੈ। ਕੋਈ ਉਪਰ ਥੱਲੇ ਨਹੀਂ ਹੈ, ਇਹ ਚੇਤਨਤਾ ਹੀ ਹੈ, ਇਹ ਹੀ ਪਰਮ ਚੇਤਨਤਾ ਹੈ ਪ੍ਰਮਾਤਮਾ ਕੁਦਰਤ ਵਿਚ ਹੈ, ਕੁਦਰਤ ਹੀ ਕਾਦਰ ਹੈ, ਆਪ ਹੀ ਕੁਦਰਤ ਆਪ ਹੀ ਕਾਦਰ ਹੈ, ਉਹ ਰੀੜ੍ਹ ਦੀ ਹੱਡੀ ਵਿਚ ਨਹੀਂ, ਇਹ ਪਰਮ ਕੀ ਹੈ? ਕੋਈ ਪਰਮ ਚੇਤਨਤਾ ਨਹੀਂ ਹੈ ਕੇਵਲ ਚੇਤਨਤਾ ਹੀ ਹੈ, ਕੇਵਲ ਜੀਵਨ ਹੀ ਹੈ, ਮਰਨ ਨਹੀਂ ਹੈ, ਜਦੋਂ ਚੇਤਨਤਾ ਦੀ ਸਮਝ ਲਗ ਜਾਂਦੀ ਹੈ, ਜਦੋਂ ਚੇਤਨਤਾ ਬੁਝੀ ਜਾਂਦੀ ਹੈ, ਇਸ ਦਾ ਅਨੁਭਵ ਹੋ ਜਾਂਦਾ ਹੈ ਉਨ੍ਹਾਂ ਨੂੰ ਅਨੁਭਵ ਹੋ ਜਾਂਦਾ ਹੈ ਜਿਨ੍ਹਾਂ ਨੂੰ ਪਹਿਲਾ ਅਨੁਭਵ ਨਹੀਂ ਹੈ। ਇਹ ਹੀ ਪਰਮ ਚੇਤਨਤਾ ਬਣ ਜਾਂਦੀ ਹੈ। ਉਹ ਹੀ ਇਸ ਨੂੰ ਪਰਮ ਚੇਤਨਤਾ ਸਮਝਣ ਲਗ ਪੈਂਦੇ ਹਨ ਉਹ ਆਪਣੇ ਆਪ ਨੂੰ ਨੀਵੇਂ ਦੇਖਣ ਲਗ ਪੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਹਿਲਾਂ ਪਤਾ ਹੀ ਨਹੀਂ ਹੁੰਦਾ, ਉਹ ਆਪਣੇ ਆਪ ਨੂੰ ਵਿਸਤ੍ਰਿਤ ਸਮਝਣ ਲਗ ਪੈਂਦੇ ਹਨ। ਜਦੋਂ ਸੱਜਾ ਹੱਥ ਖੱਬੇ ਨੂੰ ਮਿਲੇ ਤਾਂ ਜਾ ਤੇ ਕਹੇਗਾ ਬੜਾ ਚੰਗਾ ਲੱਗਾ ਜਾਂ ਕਹੇਗਾ ਚੰਗਾ ਨਹੀਂ ਲਗਾ ਜਾਂ ਕਹੇਗਾ ਤੂੰ ਕੌਣ ਹੈਂ, ਮੇਰੇ ਕੰਮ ਵਿਚ ਵਿਘਨ ਪਾਉਣ ਵਾਲਾ।

ਇਹ ਇਸ ਤਰ੍ਹਾਂ ਹੀ ਹੈ ਜਿਵੇਂ ਦੋ ਜਗਿਆਸੂ ਸਨ, ਉਹ ਆਪਣੇ ਗੁਰੂ ਦੇ ਚਰਨਾਂ ਦੀ ਮਾਲਿਸ਼ ਕਰਦੇ ਸਨ। ਇਕ ਦਿਨ ਉਹ ਲੜ ਪਏ ਤੇ ਆਪਣੀ ਸਾਰੀ ਜਾਇਦਾਦ ਵੰਡਣ ਲੱਗੇ। ਸਭ ਕੁਝ ਗਿਣ ਕੇ ਉਨ੍ਹਾਂ ਨੇ ਵੰਡ ਲਿਆ, ਕੰਧਾਂ ਵੰਡ

ਲਈਆਂ ਜਿਹੜਾ ਪਹਿਲਾਂ ਇਕ ਘਰ ਸੀ, ਹੁਣ ਦੋ ਬਣ ਗਏ। ਉਹ ਕਹਿਣ ਲੱਗੇ ਬਾਕੀ ਤਾਂ ਸਭ ਕੁਝ ਵੰਡਿਆ ਗਿਆ ਜੋ ਵੀ ਸਾਡੀ ਸਾਂਝ ਸੀ ਅਸੀਂ ਵੰਡ ਲਿਆ ਹੈ, ਉਹ ਕਹਿਣ ਲੱਗੇ ਹੁਣ ਅਸੀਂ ਗੁਰੂ ਦੀ ਸੇਵਾ ਵੀ ਸਾਂਝੀ ਨਾ ਰੱਖੀਏ। ਉਹ ਵੀ ਅਸੀਂ ਵੰਡ ਲਈਏ। ਵੱਡਾ ਭਰਾ ਕਹਿਣ ਲੱਗਾ, "ਤੂੰ ਛੋਟਾ ਹੈਂ, ਤੂੰ ਗੁਰੂ ਜੀ ਦੀ ਕੇਵਲ ਖੱਬੀ ਲੱਤ ਹੀ ਘੁਟੇਂਗਾ, ਮੈਂ ਵੱਡਾ ਹਾਂ ਮੈਂ ਸੱਜੀ ਲੱਤ ਘੁਟਾਂਗਾ। ਸ਼ਾਮ ਨੂੰ ਜਦੋਂ ਉਹ ਗੁਰੂ ਦੀਆਂ ਲੱਤਾਂ ਘੁਟਣ ਜਾਂਦੇ ਹਨ, ਵੱਡਾ ਸੱਜੀ ਘੁਟਦਾ, ਛੋਟਾ ਖੱਬੀ ਘੁਟਦਾ ਹੈ। ਫੇਰ ਜਦੋਂ ਗੁਰੂ ਥਕ ਜਾਂਦੇ ਉਹ ਖੱਬਾ ਪੈਰ ਸੱਜੇ ਤੇ ਰੱਖਦੇ ਹਨ ਜਾਂ ਸੱਜਾ ਖੱਬੇ ਤੇ ਰਖਦੇ ਹਨ ਉਹ ਦੋਨੋਂ ਲੜ ਪੈਂਦੇ ਹਨ। ਵੱਡਾ ਕਹਿੰਦਾ ਖੱਬਾ ਪਰ੍ਹੇ ਕਰ, ਛੋਟਾ ਕਹਿੰਦਾ ਸੱਜਾ ਪਰ੍ਹੇ ਕਰ। ਦੋਨੋਂ ਲੜਦੇ ਹਨ ਆਖਰ ਵਿਚ ਵੱਡਾ ਖੱਬੀ ਲੱਤ ਨੂੰ ਡੰਡੇ ਮਾਰਦਾ ਜਦੋਂ ਉਹ ਸੱਜੇ ਤੇ ਰਖਦੇ ਤੇ ਛੋਟਾ ਸੱਜੀ ਨੂੰ ਡੰਡੇ ਮਾਰਦਾ ਹੈ। ਜਦੋਂ ਉਹ ਖੱਬੇ ਤੇ ਰਖਦੇ। ਗੁਰੂ ਸੰਪੂਰਨ ਸੀ, ਇਕ ਦਮ ਚੌਕਸ ਹੋ ਕੇ ਕਹਿਣ ਲੱਗੇ, ਮੂਰਖੋ! ਕੀ ਕਰੀ ਜਾਂਦੇ ਹੋ। ਉਹ ਕਹਿਣ ਲੱਗੇ, "ਅਸੀਂ ਸਾਰਾ ਕੁਝ ਵੰਡ ਲਿਆ ਹੈ, ਹੁਣ ਕੁਝ ਵੀ ਸਾਂਝਾ ਨਹੀਂ। ਇਸ ਤਰ੍ਹਾਂ ਹੀ ਸੱਜਾ ਪੈਰ ਮੇਰਾ ਹੈ, ਖੱਬਾ ਮੇਰੇ ਭਰਾ ਦਾ ਹੈ। ਮੇਰੇ ਛੋਟੇ ਭਰਾ ਦਾ ਸੱਜੇ ਪੈਰ ਤੇ ਕੋਈ ਹੱਕ ਨਹੀਂ, ਮੇਰਾ ਖੱਬੇ ਤੇ ਕੋਈ ਹੱਕ ਨਹੀਂ।

ਗੁਰੂ ਕਹਿਣ ਲੱਗੇ, "ਮੂਰਖੋ! ਕੀ ਤੁਸੀਂ ਆਪਣੀ ਚੇਤਨਤਾ ਵੀ ਵੰਡ ਲਈ ਹੈ? ਕੀ ਤੁਸੀਂ ਪਰਮ ਚੇਤਨਤਾ ਵੀ ਵੰਡ ਲਈ ਹੈ? ਤੁਸੀਂ ਧਿਆਨ ਨਾਲ ਸੁਣੋ, ਸਥਿਰ ਹੋ ਕੇ ਸੁਣੋ ਤੇ ਸਮਝੋ ਬੁਝੋ 'ਮੈਂ' ਤੁਹਾਡਾ ਜੀਵਨ ਹਾਂ, ਮੈਂ ਤੁਹਾਡੀ ਜੀਵਨ ਸ਼ਕਤੀ ਹਾਂ, ਮੈਂ ਹੀ ਤੁਹਾਡੀ ਚੇਤਨ ਸ਼ਕਤੀ ਹਾਂ, ਮੈਂ ਹੀ ਇਕ ਹਾਂ, ਮੈਂ ਹੀ ਦੂਸਰਾ ਹਾਂ, ਮੈਂ ਹੀ ਹਾਂ, ਇਥੇ ਦੂਸਰਾ ਕੋਈ ਹੈ ਹੀ ਨਹੀਂ, ਮੈਂ ਹੀ ਤੁਹਾਡੇ ਨਾਲ ਬੋਲਦਾ ਹਾਂ, ਮੈਂ ਤੇ ਤੁਸੀਂ ਕੋਈ ਦੋ ਨਹੀਂ, ਅਸੀਂ ਦੂਰ ਨਹੀਂ, ਕੋਈ ਗੱਲਬਾਤ ਨਹੀਂ ਸਾਡੇ ਵਿਚ। ਜਦੋਂ ਚੇਤਨਤਾ ਦੀ ਸਥਿਰਤਾ ਤੁਹਾਡੇ ਅੰਦਰ ਤੇ ਮੇਰੇ ਅੰਦਰ ਇਕ ਹੈ, ਇਕ ਹੁੰਦੀ ਹੈ ਉਹ ਚੁਪ ਦੀ ਸਥਿਰਤਾ ਤੁਹਾਡੇ ਅੰਦਰ ਤੇ ਮੇਰੇ ਅੰਦਰ ਇਕ ਹੈ, ਇਕ ਹੁੰਦੀ ਹੈ, ਉਹ ਚੁੱਪ ਦੀ ਸਥਿਰਤਾ ਨੂੰ ਸੁਣਦੀ ਹੈ। ਉਹ ਚੁਪ ਦੀ ਮੱਧਮ ਅਵਾਜ਼ ਹੌਲੀ-ਹੌਲੀ ਉਸ ਦਾਇਰੇ ਵਿਚ ਜਾਂਦੀ ਹੈ, ਆਕਾਰ ਵਿਚ ਹਿਰਦੇ ਵਿਚ ਜਾਂਦੀ ਹੈ, ਡੂੰਘੀ ਜਾਂਦੀ ਹੈ, ਮੇਰੇ ਪੁੱਤਰ ਦੇ ਹਿਰਦੇ ਵਿਚ ਉਤਰਦੀ ਹੈ, ਮੈਂ ਤੇ ਰੋਸ਼ਨੀ ਇਕ ਹੋ ਜਾਂਦੇ ਹਾਂ, ਮੇਰਾ ਪੁੱਤਰ ਤੇ ਮੈਂ ਇਕ ਹੋ ਜਾਂਦੇ ਹਾਂ। ਮੈਂ ਹੀ ਚਾਨਣ ਹਾਂ, ਮੈਂ ਹੀ ਲਹਿਰ ਹਾਂ, ਮੈਂ ਹੀ ਜੀਵਨ ਸ਼ਕਤੀ ਹਾਂ, ਕੋਈ ਪਿਤਾ ਨਹੀਂ ਬੋਲ ਰਿਹਾ, ਕੋਈ ਪੁੱਤਰ ਨਹੀਂ ਬੋਲ ਰਿਹਾ ਕੇਵਲ ਮੈਂ ਹੀ ਬੋਲ ਰਿਹਾ ਹਾਂ। ਪੁੱਤਰ ਵਿਚ ਪਿਤਾ ਬੋਲਦਾ ਹੈ, ਪਿਤਾ ਵਿਚ ਪੁੱਤਰ ਬੋਲਦਾ ਹੈ। ਜਦੋਂ ਤੁਸੀਂ ਸਮਾਧੀ ਸਥਿਤ ਹੁੰਦੇ ਹੋ, ਧਿਆਨ ਕਰਦੇ ਹੋ, ਗਿਆਨ ਇੰਦ੍ਰੀਆਂ ਨੂੰ ਸ਼ਾਂਤ ਹੋਣ ਦਿਓ, ਉਸ ਸ਼ਾਂਤੀ ਵਿਚ ਹੀ ਉਸ ਸਥਿਰਤਾ ਵਿਚੇ ਹੀ ਤੁਹਾਡੀ ਸ਼ਕਤੀ ਪਹੁੰਚਦੀ ਹੈ ਉਸ ਸਥਿਰਤਾ ਵਿਚ ਸ਼ਾਂਤੀ ਵਿਚ ਹੀ ਸਾਰੀ ਇੱਛਾ ਨੂੰ ਸ਼ਕਤੀ ਮਿਲਦੀ ਹੈ। ਉਸ ਸ਼ਾਂਤ ਮਨ ਦੀ ਸ਼ਾਂਤੀ ਵਿਚ ਹੀ ਮਨ ਭਰਪੂਰ ਹੋ ਜਾਵੇਗਾ। ਮਨ ਐਨਾ ਭਰਪੂਰ ਹੋ ਜਾਵੇਗਾ ਕਿ ਸਾਰਾ ਬ੍ਰਹਿਮੰਡ ਇਕ ਹੋ ਜਾਵੇਗਾ ਤੇ ਹਰ ਇਕ ਜੇ ਕੋਈ ਵਖਰਾ ਹੈ ਜਾਂ ਰਹਿ ਗਿਆ ਹੈ, ਇਸ ਬ੍ਰਹਿਮੰਡ ਵਿਚ ਆ ਕੇ ਇਕ ਹੋ ਜਾਵੇਗਾ। ਤੁਹਾਡੇ ਮਨ ਦੇ ਬ੍ਰਹਿਮੰਡ ਵਿਚ ਸਮਾਅ ਜਾਵੇਗਾ ਤੇ ਉਹ ਵੀ ਆਪਣੇ ਭਾਂਡੇ ਭਰ ਲਵੇਗਾ। ਤੁਸੀਂ ਮਹਿਸੂਸ ਕਰੋਗੇ ਖਾਲੀ ਕੁਝ ਹੈ ਹੀ ਨਹੀਂ, ਨਾ ਕੋਈ ਖਾਲੀ ਆਉਂਦਾ ਹੈ ਨਾ ਕੋਈ ਭਰ ਕੇ ਜਾਂਦਾ ਹੈ। ਜੇ ਕੋਈ ਖਾਲੀ ਸੀ ਉਹ ਪਰਮ ਚੇਤਨਤਾ ਦਾ ਭਰਿਆ ਹੋਇਆ ਸੀ। ਜਿਹੜੀ ਪਰਮ ਨਹੀਂ, ਜੋ ਅਚੇਤ ਲਗਦਾ ਸੀ, ਇਕ ਸ਼ਕਤੀ ਹੈ, ਚੇਤਨ ਸ਼ਕਤੀ ਜੀਵਨ, ਮੈਂ ਉਹ ਜੀਵਨ ਹਾਂ।

ਸੋ ਅਸੀਂ ਉਨ੍ਹਾਂ ਛੇ ਵਾਕਾਂ ਤੇ ਚਿੰਤਨ ਕਰੀਏ, ਵੇਦਾਂਤ ਦੇ ਛੇ ਵਾਕ ਜੋ ਪਹਿਲਾਂ ਦਿਤੇ ਜਾ ਚੁਕੇ ਹਨ 'ਸਰਬ ਕਲਵਿੰਦ ਬ੍ਰਹਮ' ਸਭ ਕੁਝ ਹੈ ਸਭ ਬ੍ਰਹਮ ਹੈ, ਅਨੰਤ ਹੈ, ਨੇਹਨਾਨਾ ਸਪੀਕੰਚਨੰ। ਇਥੇ ਕੁਝ ਵੀ ਬਹੁਭਾਂਤੀ ਨਹੀਂ ਹੈ, "ਮ੍ਰਿਤਯ ਸਾ ਮ੍ਰਿਤਯੁ ਅਪਨੋਤੀ ਯਹ ਯਹਨਨ ਏਵ ਪਰਾਯਤੀ।" ਜਿਹੜਾ ਵਿਭੰਨਤਾ ਦੇਖਦਾ ਹੈ, ਉਹ ਮਰਨ ਜੰਮਣ ਦੇ ਗੇੜ ਕਟਦਾ ਰਹਿੰਦਾ ਹੈ। I am Atma Braham ਮੈਂ ਆਤਮ ਬ੍ਰਹਮ ਹਾਂ। ਤਤ੍ਵਮਸੀ, ਤੁਸੀਂ ਉਹੀ ਹੋ 'ਸੋਹੰਅਸਮੀ' ਮੈਂ ਹੀ ਉਹ ਹਾਂ, 'ਅਹੰਬ੍ਰਹਮਅਸਵੀ' ਮੈਂ ਹੀ ਬ੍ਰਹਮ ਹਾਂ। "ਇਮਪ੍ਰੋਕਸ਼ਾਮੀ ਯਦੋਕਤਮ ਗ੍ਰੰਥ ਕੋਟਿਤਿ ਬ੍ਰਹਮ ਸਤਯੰ ਜਗਨ ਮਿਥਿਯ, ਜੀਵੋ ਬ੍ਰਹਮ ਯਵੀਨਾਪਰਾ।"

ਮੈਂ ਅੱਧੇ ਵਾਕ ਵਿਚ ਦਸਦਾ ਹਾਂ, ਜਿਹੜਾ ਲੱਖਾਂ ਕਿਤਾਬਾਂ ਵਿਚ ਲਿਖਿਆ ਗਿਆ ਹੈ, ਬ੍ਰਹਮ ਹੀ ਸੱਚ ਹੈ, ਤੱਤ ਹੈ, ਸੰਸਾਰ ਮਿਥਿਆ ਹੈ, ਝੂਠਾ ਹੈ, ਜੀਵ ਜਿਸ ਨੂੰ ਤੁਸੀਂ ਆਤਮਾ ਕਹਿੰਦੇ ਹੋ, ਉਹ ਵੀ ਬ੍ਰਹਮ ਹੈ।

ਜੋ ਵੀ ਜੀਵਨ ਵਿਚ ਤੁਸੀਂ ਕਰੋ, ਕੰਮ ਕਰੋ, ਘਰਾਂ ਵਿਚ ਰਹੋ, ਲਿਖੋ ਪੜ੍ਹੋ, ਕੋਈ ਵੀ ਜੀਵਨ ਦੀ ਕਿਰਿਆ ਕਰੋ ਇਹ ਸ਼ਾਂਤੀ ਇਹ ਚੁੱਪ, ਨਾਲ ਲੈ ਜਾਓ, ਵਾਹਿਗੁਰੂ ਤੁਹਾਡੇ ਤੇ ਬਖਸ਼ਿਸ਼ ਕਰੇ।

□ □ □ □ □ □ □ □

---

(ਪੰਨਾ 32 ਦੀ ਬਾਕੀ)

ਇਸ ਸਾਰੀ ਅਸ਼ਾਂਤੀ ਨੂੰ ਸ਼ਾਂਤ ਕਰਨਾ ਪਵੇਗਾ, ਧਿਆਨ ਲਗਾ ਕੇ ਸਮਾਧੀ ਲਗਾ ਕੇ ਸ਼ਾਂਤੀ ਨੂੰ ਸਥਿਰ ਕਰਨਾ ਪਵੇਗਾ। ਜਦੋਂ ਸਰੀਰ ਨੂੰ ਸਥਿਰ ਕਰ ਲਿਆ ਜਾਵੇ, ਸਾਹ ਨੂੰ ਠੀਕ ਕਾਬੂ ਵਿਚ ਕਰ ਲਿਆ ਜਾਵੇ, ਮਨ ਵੀ ਇਕਾਗਰ ਹੋਣ ਲਗ ਪੈਂਦਾ ਹੈ, ਜਦੋਂ ਮਨ ਇਕਾਗਰ ਹੋ ਜਾਵੇ ਚੇਤਨ ਮਨ ਹੋਰ ਵਧੇਰੇ ਸ਼ਾਂਤ ਹੋ ਜਾਂਦਾ ਹੈ ਤੇ ਮਨ ਨਿਰਮਲ ਹੋ ਕੇ ਵਧੇਰੇ ਡੂੰਘਾ ਹੁੰਦਾ ਚਲਾ ਜਾਂਦਾ ਹੈ।

ਜਦੋਂ ਇਹੋ ਜਿਹੀ ਸਮਾਧੀ ਲਗ ਜਾਏ, ਧਿਆਨ ਲਗ ਜਾਏ ਸਮਝੋ ਕਿ ਮਨ ਨਿਰਮਲ ਹੋ ਰਿਹਾ ਹੈ, ਇਸ ਵਿਚੋਂ ਪੁਰਾਣੀਆਂ ਇਛਾਵਾਂ, ਵਿਚਾਰ ਤੇ ਭੈ ਦਾ ਖਾਤਮਾ ਹੋ ਰਿਹਾ ਹੈ ਅਤੇ ਬੁੱਧੀ ਹੰਕਾਰ ਮਨ ਤੇ ਚਿੱਤ ਇਕ ਹੋ ਰਹੇ ਹਨ। ਮਨ ਦੀ ਪੂਰਨ ਏਕਤਾ ਨਾਲ ਮਨ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਨਿਰੋਲ ਚੇਤਨਤਾ ਹਰ ਜਗ੍ਹਾਂ ਵਿਆਪਕ ਹੈ, ਉਹ ਹੀ ਉਤਮ ਹੈ। ਜਦੋਂ ਮਨ ਇਹ ਜਾਣ ਜਾਂਦਾ ਹੈ ਕਿ ਉਸ ਦੀਆਂ ਸਾਰੀਆਂ ਸ਼ਕਤੀਆਂ ਨਿਰੋਲ ਚੇਤਨਤਾ ਤੋਂ ਆਉਂਦੀਆਂ ਹਨ ਜੋ ਜੀਵਨ ਸਰੋਤ ਹੈ ਤਾਂ ਹਉਮੈ ਖਤਮ ਹੋ ਜਾਂਦੀ ਹੈ ਤੇ ਕਾਲ ਦੀ ਵੀ ਹਾਰ ਹੋ ਜਾਂਦੀ ਹੈ।

□ □ □ □ □ □ □ □

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*

## ਨਾਮੁ ਧਿਆਵਹਿ ਸੇ ਜਿਣਿ ਚਲੇ

ਸਾਧਸੰਗਤ ਜੀ! ਆਪ ਜੀ ਨੇ ਪੂਰੇ ਤਿੰਨ ਘੰਟੇ ਹਰੀ ਦਾ ਜਸ ਸ੍ਰਵਣ ਕੀਤਾ, ਸਾਰੀ ਸੰਗਤ ਸਾਵਧਾਨਤਾ ਨਾਲ ਕੀਰਤਨ ਸਰਵਣ ਕਰ ਰਹੀ ਸੀ। ਆਪ ਜੀ ਨੇ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਸਰਵਣ ਕੀਤਾ ਜੋ ਸੂਹੀ ਰਾਗ ਦੀ ਅਸਟਪਦੀ ਹੈ। ਸ਼ਬਦ ਬਹੁਤ ਲੰਮਾ ਹੈ, ਅਰਥ ਕੋਈ ਬਹੁਤੇ ਔਖੇ ਨਹੀਂ ਹਨ। ਸਾਰੇ ਸ਼ਬਦ ਦੀ ਵਿਚਾਰ ਕਰਨ ਲਈ ਸਮਾਂ ਬਹੁਤ ਘੱਟ ਹੈ ਪਰ ਫੇਰ ਵੀ ਜਿੰਨ੍ਹੀ ਕੁ ਵਿਚਾਰ ਹੋ ਸਕੇਗੀ ਆਪਾਂ ਕਰਾਂਗੇ।

ਜਿਸ ਵਾਤਾਵਰਣ ਵਿਚੋਂ ਅੱਜ ਦਾ ਸੰਸਾਰ ਲੰਘ ਰਿਹਾ ਹੈ ਉਹ ਫਿਕਰਾਂ, ਸੋਚਾਂ, ਅਸ਼ਾਂਤੀ ਤੇ ਅੰਧਕਾਰ ਦਾ ਵਾਤਾਵਰਣ ਹੈ। ਊਣੇ ਮਧੂਣੇ ਮਨੁੱਖ ਨੂੰ ਕੋਈ ਵੀ ਸੂਝ, ਕੋਈ ਸੇਧ ਪ੍ਰਾਪਤ ਨਹੀਂ ਹੋ ਰਹੀ, ਕਈ ਕੰਮ ਜਾਗ੍ਰਤ ਅਵਸਥਾ ਵਿਚ ਆ ਕੇ ਕੀਤੇ ਜਾਂਦੇ ਹਨ, ਕਈ ਊਣੇ ਮਧੂਣੇ ਅਧ ਸੁਰਤੇ ਜਿਹੇ ਕੀਤੇ ਜਾਂਦੇ ਹਨ। ਤੁਸੀਂ ਸਾਰੇ ਦੇਖ ਹੀ ਰਹੇ ਹੋ ਕਿ ਅੱਜ ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਅਨੇਕ ਜਗਰਾਤਿਆਂ ਵਿਚ ਜਗਿਆਸੂ ਜਾਂਦੇ ਹਨ ਪਰ ਉਪਦੇਸ਼ ਦੇਣ ਵਾਲੇ ਸਹੀ ਉਪਦੇਸ਼ ਦਾਤੇ ਨਹੀਂ ਰਹੇ ਉਹ ਇਕ artist (ਕਲਾਕਾਰ) ਦਾ ਨਾਟ ਪੇਸ਼ ਕਰ ਰਹੇ ਹਨ। ਉਨ੍ਹਾਂ ਦਾ ਮਨੋਰਥ ਜਗਿਆਸੂ ਨੂੰ ਸੇਧ ਦੇਣਾ ਨਹੀਂ ਸਗੋਂ ਆਪਣੇ ਬੋਲਣ ਦਾ, ਗਾਉਣ ਦੀ ਕਲਾ ਦਿਖਾ ਕੇ ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਦਾ ਹੈ। ਸਰੋਤਿਆਂ ਨੂੰ ਖਰੇ ਅਤੇ ਖੋਟੇ ਦੀ ਕੋਈ ਸਮਝ ਨਹੀਂ ਹੈ, ਕਿਉਂਕਿ ਉਨ੍ਹਾਂ ਦਾ ਵਾਹ ਖੋਟਿਆਂ ਨਾਲ ਜ਼ਿਆਦਾ ਪੈਂਦਾ ਹੈ ਕਿਉਂਕਿ ਉਨ੍ਹਾਂ ਨੂੰ ਆਪਣੇ ਮਾਰਗ ਦਾ ਹੀ ਪਤਾ ਨਹੀਂ ਹੈ। ਜੋ ਕੁਝ ਕਿਸੇ ਨੇ ਆ ਕੇ ਕਹਿ ਦਿਤਾ ਉਸ ਨੂੰ ਸੁਣਨ ਵਿਚ ਹੀ ਮਸਤ ਰਹਿੰਦੇ ਹਨ ਪਰ ਪਰਖ ਨਹੀਂ ਸਕਦੇ। ਇਹ ਕਿਉਂ ਹੁੰਦਾ ਹੈ ਕਿਉਂਕਿ ਖੋਟੇ, ਖਰ੍ਹੇ ਨੂੰ ਪਰਖਣ ਵਾਲੀ ਬੁੱਧੀ ਜਗਿਆਸੂ ਦੇ ਅੰਦਰ ਪੈਦਾ ਨਹੀਂ ਹੁੰਦੀ। ਉਹ ਘਰੋਂ ਸ਼ਰਧਾ ਦੇ ਨਾਲ ਆਉਂਦੇ ਹਨ ਉਨ੍ਹਾਂ ਦੇ ਅੰਦਰ ਇਕ ਲਾਲਸਾ ਹੁੰਦੀ ਹੈ ਕਿ ਧਰਮ ਅਸਥਾਨ ਤੇ ਜਾ ਕੇ ਧਾਰਮਕ ਅਚਾਰੀਆ ਤੋਂ ਕੁਝ ਸੁਣਾਂਗੇ। ਜਦੋਂ ਉਹ ਕੁਝ ਸੁਣਾਉਣ ਲਗਦੇ ਹਨ ਤਾਂ ਸੁਣਾਉਣ ਵਾਲਿਆਂ ਦੇ ਚਿੱਤ ਅੰਦਰ ਇਹ ਭਾਵਨਾ ਨਹੀਂ ਹੁੰਦੀ ਕਿ ਅਸੀਂ ਸਰੋਤਿਆਂ ਨੂੰ ਕਿਸੇ ਮਾਰਗ ਦਾ ਪੱਥ ਪ੍ਰਦਰਸ਼ਨ ਸਪਸ਼ਟ ਰੂਪ ਵਿਚ ਕਰੀਏ। ਸੰਸਾਰ ਮਾਇਆ ਅਧੀਨ ਹੋਇਆ ਹੋਇਆ ਹੈ। ਮਾਇਆ ਮੰਡਲ ਦੀ ਪ੍ਰਬਲ ਵਾਸ਼ਨਾ ਧਨ ਇਕੱਠਾ ਕਰਨ ਦੀ ਹੁੰਦੀ ਹੈ। ਪ੍ਰਾਪਰਟੀਆਂ ਬਣਾਉਣਾ, ਧਨੀ ਹੋ ਕੇ ਆਪਣਾ ਨਾਮ ਕਮਾਉਣਾ ਵੀ ਹੈ। ਸੋ ਵਕਤਿਆਂ ਦਾ ਕਰਤੱਵ ਕੇਵਲ ਮਾਇਆ ਇਕੱਠੀ ਕਰਨਾ ਹੁੰਦਾ ਹੈ। ਇਹ ਮਾਇਆਕਾਰ ਬਿਰਤੀ ਮਾਇਆ ਦੇ ਅੰਧਕਾਰ ਵਿਚ, ਘੁੰਮਣ ਘੇਰੀਆਂ ਵਿਚ ਪਈ ਹੁੰਦੀ ਹੈ। ਗੁਰੂ ਨਾਨਕ ਮਹਾਰਾਜ ਜੀ ਦੀ ਪਵਿੱਤਰ ਬਾਣੀ ਜਿਸ ਦੀ ਕੋਈ ਵੀ ਕੀਮਤ ਨਹੀਂ ਹੈ, ਉਹ ਦੋ ਤਰ੍ਹਾਂ ਨਾਲ ਵੇਚੀ ਜਾਂਦੀ ਹੈ, ਇਕ ਤਾਂ ਕੀਰਤਨ ਕਰਨ ਵਾਲੇ, ਲੈਕਚਰ ਕਰਨ ਵਾਲੇ ਕਥਾਕਾਰ ਸਮੇਂ ਦਾ ਮੁੱਲ ਮੰਗਦੇ ਹਨ। ਹੁਣ ਤਾਂ ਮੈਨੂੰ ਪਤਾ ਨਹੀਂ ਕਿ ਕੀ ਰੇਟ ਹੋ ਗਿਆ ਹੋਣਾ ਹੈ ਕਿਉਂਕਿ ਮੰਹਿਗਾਈ ਹੋਰ ਵਧ ਗਈ ਹੈ, ਕਣਕ ਪੰਜ ਸੌ ਰੁਪਏ ਨੂੰ ਵਿਕਣੀ ਸ਼ੁਰੂ ਹੋ ਗਈ ਹੈ, ਧਾਨ 450 ਰੁਪਏ ਨੂੰ ਇਕ ਕੁਇੰਟਲ ਵਿਕ ਰਿਹਾ ਹੈ ਪਰ ਤਿੰਨ ਕੁ ਸਾਲ ਪਹਿਲਾਂ ਜਦੋਂ ਅਸੀਂ ਇਹ ਫੈਸਲਾ ਕਰਿਆ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਸਾਲਾਨਾ ਸਮਾਗਮ ਉਪਰ ਕੀਰਤਨ ਕਰਨ ਵਾਲੇ ਰਾਗੀਆਂ ਨੂੰ ਭੀ ਬੁਲਾਇਆ ਜਾਵੇ ਤਾਂ ਮੈਨੂੰ ਪ੍ਰਬੰਧਕਾਂ ਨੇ ਦਸਿਆ ਕਿ ਰਾਗੀਆਂ ਦੇ ਰੇਟ ਬਹੁਤ ਵਧੇ ਹੋਏ ਹਨ। ਕਈ ਤਾਂ ਇਕ ਘੰਟੇ ਦਾ ਗਿਆਰਾਂ ਹਜ਼ਾਰ ਰੁਪਿਆ ਲੈਂਦੇ ਹਨ। ਇਕ ਘੰਟੇ ਤੋਂ ਇਕ ਮਿੰਟ ਵੀ ਉਪਰ ਕੀਰਤਨ ਨਹੀਂ ਕਰਦੇ। ਉਥੇ ਹੀ ਇਕ ਸੱਜਣ ਹੋਰ ਬੈਠੇ ਸਨ ਉਨ੍ਹਾਂ ਨੇ ਦਸਿਆ ਕਿ ਇਕ ਥਾਂ ਰਾਗੀਆਂ ਨੂੰ ਬੁਲਾਇਆ ਗਿਆ, ਉਨ੍ਹਾਂ ਨੇ ਕਿਹਾ ਕਿ ਜਿਸ ਰਾਗ ਵਿਚ ਬਾਣੀ ਲਿਖੀ ਹੋਈ ਹੈ, ਤੁਸੀਂ ਉਸ ਵਿਚ ਹੀ ਕੀਰਤਨ ਕਰੋ। ਤਾਂ ਦਸਿਆ ਗਿਆ ਕਿ ਉਸ ਰਾਗੀ ਨੇ 25000 ਰੁਪਏ ਦੀ ਉਜ਼ਰਤ ਮੰਗੀ। ਇਵੇਂ ਹੀ ਬੁਲਾਰੇ ਹਨ, ਅਸੀਂ ਬੁੱਧੀਜੀਵੀਆਂ ਨੂੰ ਵੀ ਬੁਲਾਉਂਦੇ ਹਾਂ, ਸਰੋਪੇ ਵੀ ਬਹੁਤ ਵੱਡੇ ਦਿੰਦੇ ਹਾਂ, ਇਕ ਸ਼ਾਲ ਹੁੰਦਾ ਹੈ ਅਤੇ 2100 ਰੁਪਏ ਹੁੰਦੇ ਹਨ। ਉਹ ਇਨ੍ਹਾਂ ਨੂੰ ਅੱਧਾ ਘੰਟਾ ਬੋਲਣ ਦੇ ਇਵਜ਼ਾਨੇ ਅਤੇ ਦਰਸ਼ਨੀ ਭੇਟਾ ਵਜੋਂ ਦਿਤਾ ਜਾਂਦਾ ਹੈ। ਜਦੋਂ ਉਹ ਬੁਲਾਰੇ ਬੋਲਦੇ ਹਨ ਤਾਂ ਐਉਂ ਲਗਦਾ ਹੈ ਕਿ ਇਨ੍ਹਾਂ ਨੇ ਮਾਇਆ ਮੰਡਲ 'ਚੋਂ ਆਪਣੀ ਸੁਰਤ ਪਾਰ ਕਰ ਲਈ ਹੈ ਪਰ ਅਸਲ ਵਿਚ ਉਹ ਮਾਇਆ ਮੰਡਲ ਦੀ ਹੇਠਲੀ ਪਰਤ ਵੀ ਨਹੀਂ ਲੰਘੇ ਹੁੰਦੇ। ਮਾਸਟਰ ਪੀਸ ਸਾਰਿਆਂ ਪਾਸ ਹੁੰਦੇ ਹਨ, ਇਥੇ ਵੀ ਉਨ੍ਹਾਂ ਤੋਂ ਓਹੀ ਸੁਣ ਲਓ, ਕਿਤੇ ਹੋਰ ਜਾਵੋ ਤਾਂ ਵੀ ਉਹੀ ਸੁਣ ਲਵੋ। ਇਹ ਕੀ ਹੋ ਗਿਆ ਸੰਸਾਰ ਨੂੰ? ਗੁਰੂ ਮਹਾਰਾਜ ਜੀ ਦਾ ਜੋ ਆਦੇਸ਼ ਸੀ ਉਹ ਇਨ੍ਹਾਂ ਨੇ ਪੂਰੀ ਤਰ੍ਹਾਂ ਨਾਲ ਮਾਇਆ ਦੀ ਛਣਕਾਰ ਵਿਚ ਰਲਾ ਦਿਤਾ। ਜਿਹੜੇ ਆਪ ਹੀ ਮਾਇਆ ਦੇ ਜਾਲ ਵਿਚ ਫਸੇ ਹੋਏ ਹਨ, ਜਿਨ੍ਹਾਂ ਦੇ ਨੈਣ ਅਗਿਆਨ ਦੇ ਮੋਤੀਏ ਬਿੰਦ ਨਾਲ ਅੰਨ੍ਹੇ ਹੋਏ ਹੋਏ ਹਨ ਉਹ ਕਿਸੇ ਨੂੰ ਕੀ ਰੋਸ਼ਨੀ ਦੇ ਸਕਦੇ ਹਨ ਅਤੇ ਕਿਵੇਂ ਮਾਰਗ ਦਰਸ਼ਨ ਕਰਾ ਸਕਦੇ ਹਨ। ਸਰੋਤਿਆਂ ਨੂੰ ਕੁਝ ਵੀ ਨਹੀਂ ਪਤਾ ਲਗਦਾ ਕਿ ਕੀ ਹੋ ਰਿਹਾ ਹੈ? ਜੋ ਕੁਝ ਕੋਈ ਬੋਲ ਗਿਆ, ਉਸੇ ਉਪਰ ਸੰਤੁਸ਼ਟ ਹੋ ਜਾਂਦੇ ਹਨ, ਕਈ ਕੀਰਤਨੀਏ ਚੁਟਕਲੇ ਸੁਣਾ-ਸੁਣਾ ਕੇ ਮਸਕਰਿਆਂ ਵਾਂਗ ਹਸਾ ਕੇ ਹੀ ਆਪਣਾ ਸਮਾਂ ਪੂਰਾ ਕਰ ਲੈਂਦੇ ਹਨ। ਕਈ ਵਾਜਿਆਂ ਦੀਆਂ ਟਿਊਨਾਂ ਸੁਣਾ-ਸੁਣਾ ਕੇ ਸਮਾਂ ਪੂਰਾ ਕਰ ਲੈਂਦੇ ਹਨ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਖੋਟ ਬਹੁਤ ਵਧ ਗਈ ਹੈ, ਖੋਟੇ ਅਤੇ ਖਰ੍ਹੇ ਦੀ ਪਹਿਚਾਣ ਮੁੱਕ ਚੁਕੀ ਹੈ। ਇਨ੍ਹਾਂ ਦੀ

ਪਛਾਣ ਤਾਂ ਦਰਗਾਹ ਵਿਚ ਜਾ ਕੇ ਹੀ ਹੁੰਦੀ ਹੈ ਜਿਵੇਂ ਕਿ ਫੁਰਮਾਨ ਹੈ –

*ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥*
*ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥*
*ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥*
*ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥*
*ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥*
*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥*
*ਪੰਨਾ - 143*

ਧਨ ਪ੍ਰਾਪਤ ਕਰਨ ਵਾਸਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਧੋਖਾ ਦਿਤਾ ਜਾ ਰਿਹਾ ਹੈ। ਇਕ ਵਸਤੂ ਵੀ ਧਨ ਦੀ ਨਾਲ ਨਹੀਂ ਜਾਣੀ, ਐਸੀ ਬਿਰਤੀ ਵਿਚ ਨਾਮ ਜਪਣਾ ਤਾਂ ਹਦ ਤੋਂ ਜ਼ਿਆਦਾ ਔਖਾ ਹੁੰਦਾ ਹੈ। ਨਾਮ ਤੋਂ ਵਿਹੂਣ ਜਦੋਂ ਸੰਸਾਰ ਤੋਂ ਜਾਂਦੇ ਹਨ ਉਸ ਵੇਲੇ ਦਰਗਾਹ ਵਿਚੋਂ ਧੱਕੇ ਪੈਂਦੇ ਹਨ। ਉਨ੍ਹਾਂ ਨੂੰ ਨਰਕਾਂ ਵਿਚ ਗੋਤੇ ਖਾਣੇ ਪੈਂਦੇ ਹਨ ਅਤੇ ਇਸ ਸੰਸਾਰ ਵਿਚੋਂ ਖੋਟ ਵਣਜਣ ਨਾਲ ਜੋ ਮਾਇਆ ਦੀਆਂ ਵਸਤੂਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਵਿਚੋਂ ਇਕ ਵੀ ਨਾਲ ਨਹੀਂ ਜਾਂਦੀ। ਗੁਰੂ ਮਹਾਰਾਜ ਜੀ ਨੇ ਨਰਕਾਂ ਦੀ ਗਿਣਤੀ ਕਰਮਵਾਰ ਗੁਰਬਾਣੀ ਵਿਚ ਨਹੀਂ ਕੀਤੀ ਪਰ ਅਜਿਹੇ ਸੰਕੇਤ ਮਿਲਦੇ ਹਨ ਕਿ ਜਿਸ ਸਾਕਤ ਪੁਰਸ਼ ਨੇ ਆਪਣੀ ਬਿਰਤੀ ਮਾਇਆਕਾਰ ਕੀਤੀ ਹੋਈ ਹੈ ਅਤੇ ਮਾਇਆ ਇਕੱਠੀ ਕਰਨ ਵਿਚ ਲਾ ਦਿਤੀ ਹੈ ਅਤੇ ਮਾਇਆ ਦੇ ਪਿਛੇ ਲਗ ਕੇ ਆਪਣਾ ਸਾਰਾ ਜੀਵਨ ਗੁਆ ਦਿਤਾ ਹੈ, ਉਸ ਨੂੰ ਨਰਕ ਭੋਗਣੇ ਪੈਣਗੇ। ਆਪ ਨੇ ਫੁਰਮਾਨ ਕੀਤਾ ਹੈ –

*ਚਉਰਾਸੀਹ ਨਰਕ ਸਾਕਤੁ ਭੋਗਾਈਐ॥*
*ਜੈਸਾ ਕੀਚੈ ਤੈਸੋ ਪਾਈਐ॥*
*ਸਤਿਗੁਰ ਬਾਝਹੁ ਮੁਕਤਿ ਨ ਹੋਈ*
*ਕਿਰਤਿ ਬਾਧਾ ਗ੍ਰਸਿ ਦੀਨਾ ਹੇ॥*
*ਖੰਡੇ ਧਾਰ ਗਲੀ ਅਤਿ ਭੀੜੀ॥*
*ਲੇਖਾ ਲੀਜੈ ਤਿਲ ਜਿਉ ਪੀੜੀ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ॥ ਪੰਨਾ - 1028*

ਇਕ ਥਾਂ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਕਿ ਨਰਕਾਂ ਦੀ ਗਿਣਤੀ ਵਿਚ ਅਸੀਂ ਨਹੀਂ ਪੈਂਦੇ, ਪਰ ਜਿੰਨੇ ਵੀ ਨਰਕ ਹਨ, ਉਹ ਮਨ ਦੇ ਪਿਛੇ ਚਲਣ ਵਾਲੇ ਬੰਦੇ ਨੂੰ ਭੋਗਣੇ ਹੀ ਪੈਂਦੇ ਹਨ। ਜਿਵੇਂ ਕਿ –

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥*
*ਪੰਨਾ - 1073*

ਮਨੂ ਜੀ ਨੇ ਇਕੀ ਨਰਕ ਲਿਖੇ ਹਨ –ਤਾਮਿਸ੍ਰ, ਅੰਧਤਾਮਿਸ੍ਰ, ਰੌਰਵ, ਮਹਾਰੌਰਵ, ਨਰਕ, ਮਹਾਨਰਕ, ਕਾਲਸੂਤ੍ਰ, ਸੰਜੀਵਨ, ਮਹਾਵੀਚਿ, ਤਪਨ, ਸੰਪ੍ਰਤਾਪਨ, ਸੰਹਾਤ, ਸੰਕਾਕੋਲ, ਕੁਡਮਲ, ਪ੍ਰਤਿਮੂਰਤਿਕ, ਲੋਹਸ਼ੰਕੁ, ਰਿਜੀਸ਼, ਸ਼ਾਲਮਲੀ, ਵੈਤਰਣੀ, ਅਸਿਪਤ੍ਰਵਨ ਅਤੇ ਲੋਹਦਾਰਕ।

ਸੋ ਇਸ ਤਰ੍ਹਾਂ ਖੋਟੇ ਵਣਜ ਕਰਨ ਵਾਲੇ ਨੂੰ ਅੱਗੇ ਜਾ ਕੇ ਬਹੁਤ ਦੁਖ ਸਹਿਣੇ ਪੈਂਦੇ ਹਨ ਜਿਵੇਂ ਕਿ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥*
*ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ॥*
*ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ॥*
*ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ॥*
*ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ॥*
*ਪੰਨਾ - 23*

ਸੋ ਇਸ ਤਰ੍ਹਾਂ ਨਾਲ ਧਾਰਮਕ ਅਗਵਾਈ ਦੇਣ ਵਾਲੇ ਆਪਣੇ ਫਰਜ਼ ਤੋਂ ਖੁੰਝ ਕੇ ਕੇਵਲ ਮਾਇਆ ਇਕੱਠੀ ਕਰਨ ਵਾਲੇ ਬਣ ਗਏ ਹਨ। ਕਲਜੁੱਗ ਦਾ ਅਸਰ ਹੋ ਗਿਆ ਹੈ ਜਿਵੇਂ ਮੈਂ ਪਹਿਲਾਂ ਬੇਨਤੀ ਕੀਤੀ ਹੈ ਕਿ ਜਗਿਆਸੂ ਨੂੰ ਪਤਾ ਨਹੀਂ ਲਗਦਾ ਕਿ ਅਸੀਂ ਕੀ ਸੁਣਨਾ ਹੈ। ਉਨ੍ਹਾਂ ਨੂੰ ਤਾਂ ਜੋ ਕੁਝ ਗੱਲ ਕਹਿ ਦਿਤੀ ਗਈ, ਉਸ ਨੂੰ ਹੀ ਸਤਿ ਮੰਨ ਲੈਂਦੇ ਹਨ। ਨਿਰਣਾ ਕਰਨਾ ਬਹੁਤ ਹੀ ਔਖਾ ਹੋ ਜਾਂਦਾ ਹੈ। ਇਕ ਦਿਨ ਇਕ ਪ੍ਰੇਮੀ ਤੋਂ ਮੈਂ ਕੀਰਤਨ ਵਿਚ ਸਾਖੀ ਸੁਣ ਰਿਹਾ ਸੀ। ਉਸ ਦੇ ਵਿਚ ਆਇਆ ਕਿ ਉਸ ਨੇ ਇਕ ਤੁਕ ਦਾ ਅਰਥ ਪੁਛਣਾ ਸੀ ਤਾਂ ਹੁਕਮ ਹੋਇਆ ਕਿ ਇਸ ਦਾ ਅਰਥ ਫਲਾਣੀ ਥਾਂ ਉਤੇ ਜੋ ਸੰਤ ਰਹਿੰਦੇ ਹਨ ਉਹ ਦਸਣਗੇ, ਤੁਕ ਸੀ –

*ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥ ਪੰਨਾ - 91*

ਉਸ ਵਿਚ ਉਹ ਦਸਦਾ ਸੀ ਕਿ ਉਹ ਜੰਗਲ ਵਿਚੋਂ ਲੰਘਿਆ ਜਾ ਰਿਹਾ ਸੀ, ਉਥੇ ਇਕ ਝੌਂਪੜੀ ਸੀ ਜਿਸ ਵਿਚ ਬਣਵਾਨੂੰ ਰਹਿੰਦੇ ਸਨ। ਉਹ ਖੁਸ਼ ਹੋ ਗਏ ਕਿ ਇਕ ਮਨੁੱਖ ਸਾਡੇ ਖਾਣ ਲਈ ਮਿਲ ਗਿਆ। ਜਦੋਂ ਉਨ੍ਹਾਂ ਨੇ ਉਸ ਯਾਤਰੂ ਨੂੰ ਪੁਛਿਆ ਤਾਂ ਉਸ ਨੇ ਕਿਹਾ ਕਿ ਸੰਤਾਂ ਤੋਂ ਮੈਂ ਤੁਕ ਦਾ ਅਰਥ ਪੁਛਣ ਜਾ ਰਿਹਾ ਹਾਂ। ਬਣਵਾਨੂੰ ਨੇ ਕਿਹਾ ਕਿ ਠੀਕ ਹੈ ਅਸੀਂ ਤੈਨੂੰ ਨਹੀਂ ਖਾਂਦੇ। ਦੂਜੇ ਦਿਨ ਚੱਲਿਆ ਤਾਂ ਇਕ ਨਦੀ ਆ ਗਈ, ਉਸ ਵਿਚ ਵੱਡਾ ਮਗਰਮੱਛ ਕੰਢੇ ਤੇ ਬੈਠਾ ਸੀ ਕਿ ਕੋਈ ਆਵੇ ਤੇ ਮੈਂ ਉਸ ਨੂੰ ਖਾ ਲਵਾਂ। ਜਦੋਂ ਉਹ ਪ੍ਰੇਮੀ ਨਦੀ ਦੇ ਕੰਢੇ ਗਿਆ ਤਾਂ ਮਗਰਮੱਛ ਪਾਣੀ 'ਚੋਂ ਨਿਕਲ ਕੇ ਬਰੇਤੀ ਤੇ ਆ ਗਿਆ ਤਾਂ ਉਸ ਨੇ ਕਿਹਾ ਕਿ ਤੂੰ ਸੰਤਾਂ ਪਾਸ ਜਾ ਰਿਹਾ ਹੈਂ ਤੂੰ ਮੇਰੀ ਪਿੱਠ ਤੇ ਬੈਠ, ਮੈਂ ਤੈਨੂੰ ਲੰਘਾ ਦੇਵਾਂ। ਇਹ ਸਾਖੀ ਸੁਣਨ ਨੂੰ ਤਾਂ ਬਹੁਤ ਸੋਹਣੀ ਲਗਦੀ ਹੈ ਪਰ ਮੰਨਣ ਵਿਚ ਬਹੁਤ ਸੰਕਟ ਹੈ, ਉਲਝਣ ਹੈ ਕਿਉਂਕਿ ਬਣਵਾਨੂੰ ਬੋਲਣ ਨਹੀਂ ਜਾਣਦੇ ਅਤੇ ਮਗਰਮੱਛ ਖਾਣ ਤਾਂ ਜਾਣਦਾ ਹੈ ਕਿਸੇ ਨੂੰ ਬਚਾਉਣ ਨਹੀਂ ਜਾਣਦਾ। ਸਰੋਤੇ ਟਿਕੇ ਬੈਠੇ ਸਨ, ਇਸੇ ਤਰ੍ਹਾਂ ਦੇ ਨਾਲ ਇਹ ਤਾਂ ਇਕ ਮਿਸਾਲ ਦਿਤੀ ਹੈ।

ਇਕ ਹੋਰ ਵੀ ਮੈਂ ਸਾਖੀ ਸੁਣੀ ਕਿ ਮੱਝ ਪਾਣੀ ਵਿਚ ਵੜੀ ਉਸ ਨੂੰ ਮੱਗਰਮੱਛ ਨੇ ਫੜ ਲਿਆ, ਜਦੋਂ ਪਾਣੀ ਵਿਚ ਉਸ ਨੂੰ ਡੂੰਘੇ ਥਾਂ ਖਿੱਚ ਰਿਹਾ ਸੀ ਤਾਂ ਇਕ ਬਹੁਤ ਵੱਡੇ ਕੱਦ ਵਾਲਾ ਪੰਛੀ ਉਡਦਾ-ਉਡਦਾ ਆ ਗਿਆ, ਉਸ ਨੇ ਮੱਝ ਨੂੰ ਆਪਣੀ ਚੁੰਝ ਅਤੇ ਪੰਜਿਆਂ ਨਾਲ ਚੁੱਕ ਲਿਆ। ਮੱਝ ਦੇ ਨਾਲ ਹੀ ਬੜਾ ਭਾਰੀ ਮੱਗਰਮੱਛ ਜਿਸ ਨੇ ਮੱਝ ਨੂੰ ਫੜਿਆ ਹੋਇਆ ਸੀ ਉਹ ਵੀ ਨਾਲ ਹੀ ਉਡਿਆ ਜਾਂਦਾ ਹੈ, ਮੱਗਰਮੱਛ ਦੇ

ਮੂੰਹੋਂ ਮੱਝ ਦੀ ਲੱਤ ਛੁਟ ਗਈ ਅਤੇ ਉਹ ਇਕ ਵੱਡੇ ਬੋਹੜ ਉਪਰ ਆ ਕੇ ਟਾਹਣਿਆਂ ਤੇ ਟੰਗਿਆ ਗਿਆ, ਮੱਝ ਉਸ ਪੰਛੀ ਦੇ ਪੰਜਿਆਂ ਵਿਚੋਂ ਛੁਟ ਗਈ ਅਤੇ ਹੇਠਾਂ ਆ ਕੇ ਇਕ ਮਕਾਨ ਦੀ ਛੱਤ ਉਪਰ ਗਿਰ ਗਈ। ਐਨਾ ਕੁ ਸੁਣਾ ਕੇ ਉਸ ਨੇ ਕਿਹਾ ਕਿ ਸਾਧਸੰਗਤ ਜੀ! ਬੋਲੋ ਸਤਿਨਾਮ ਵਾਹਿਗੁਰੂ, ਦੇਖੋ ਕੁਦਰਤ ਦੇ ਰੰਗ।

ਬੜੀ ਅਸਚਰਜ ਗੱਲ ਹੈ! ਕਿਵੇਂ ਇਸ ਨੂੰ ਸਤਿ ਮੰਨਿਆ ਜਾਵੇ? ਮੇਰਾ ਕਹਿਣ ਦਾ ਭਾਵ ਇਹ ਹੈ ਕਿ ਅਜਿਹੀਆਂ ਗੱਲਾਂ ਸੁਣਨ ਨੂੰ ਤਾਂ ਬਹੁਤ ਮਿਲਦੀਆਂ ਹਨ। ਜੇ ਕੋਈ ਸਾਖੀ ਵੀ ਸੁਣਾਉਂਦਾ ਹੈ, ਇਤਿਹਾਸ ਸੁਣਾਉਂਦਾ ਹੈ ਤਾਂ ਉਸ ਨੂੰ ਮਨ ਦੀ ਮਤ ਵਿਚ ਮਿਲਾ ਕੇ ਆਪਣੇ ਅਨੁਕੂਲ ਬਣਾ ਲੈਂਦਾ ਹੈ।

ਅਜਿਹੇ ਆਚਾਰੀਆਂ ਨੂੰ ਕਥਾਕਾਰਾਂ, ਲੈਕਚਰਾਰਾਂ ਨੂੰ ਗੁਰੂ ਮਹਾਰਾਜ ਜੀ ਅਕਲੋਂ ਅੰਨ੍ਹੇ ਕਹਿੰਦੇ ਹਨ ਅਤੇ ਨਾਲ ਹੀ ਫੁਰਮਾਨ ਕਰਦੇ ਹਨ ਕਿ ਕੀ ਕਿਹਾ ਜਾਵੇ ਇਨ੍ਹਾਂ ਨੂੰ ਜਿਨ੍ਹਾਂ ਦੇ ਅੰਦਰ ਵਿਚਾਰ ਦੇ ਨੈਣ ਹੀ ਨਹੀਂ ਖੁਲ੍ਹੇ। ਆਪ ਵੀ ਅੰਨ੍ਹੇ ਹਨ ਜਿਹੜੇ ਇਨ੍ਹਾਂ ਦੇ ਪਿਛੇ ਲਗਦੇ ਹਨ ਉਹ ਵੀ ਅੰਨ੍ਹੇ ਹੀ ਹੋਇਆ ਕਰਦੇ ਹਨ। ਆਪ ਨੂੰ ਕੋਈ ਰਸਤਾ ਲੱਭਦਾ ਨਹੀਂ ਹੈ ਤੇ ਇਨ੍ਹਾਂ ਨਾਲ ਕਿਸ ਤਰ੍ਹਾਂ ਨਿਰਭਾਹ ਹੋਵੇ। ਇਨ੍ਹਾਂ ਦੀ ਆਪਣੀ ਪਰਖ ਖੋਟੇ ਨੂੰ ਖਰ੍ਹਾ ਕਹਿੰਦੀ ਹੈ ਅਤੇ ਖਰ੍ਹੇ ਦੀ ਇਨ੍ਹਾਂ ਨੂੰ ਖਬਰ ਕੋਈ ਨਹੀਂ ਹੈ ਕਿਉਂਕਿ ਇਹ ਖੋਟੇ ਵਾਤਾਵਰਣ ਵਿਚੋਂ ਹੀ ਆਪਣਾ ਤਜਰਬਾ ਹਾਸਲ ਕਰਦੇ ਹਨ। ਜਿਸ ਦੇ ਵਿਚਾਰ ਰੂਪੀ ਨੇਤਰ ਅਗਿਆਨ ਦੇ ਮੋਤੀਆ ਬਿੰਦ ਨੇ ਅੰਨ੍ਹੇ ਕੀਤੇ ਹੋਏ ਹਨ ਉਸ ਨੂੰ ਸੁਜਾਖਾ ਤੇ ਪਾਰਖੂ ਆਖਿਆ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਲਜੁੱਗ ਹੋਣ ਕਰਕੇ ਗੱਲ ਇਹ ਹੈ ਕਿ ਅੰਨ੍ਹੇ ਨੂੰ ਲੋਕੀ ਪਾਰਖੂ (ਸਿਆਣਾ) ਸਮਝਦੇ ਹਨ। ਤੁਸੀਂ ਸਾਰੇ ਦੇਖਦੇ ਹੀ ਹੋ ਕਿ ਅੱਜਕਲ੍ਹ ਫਿਲਮਾਂ ਵਿਚ acting ਕਰਨ ਵਾਲੇ ਜੋ ਕਲਾਕਾਰ ਹੁੰਦੇ ਹਨ ਉਨ੍ਹਾਂ ਕੋਲ ਕੋਈ ਗਿਆਨ ਦੀ ਗੱਲ ਨਹੀਂ ਹੁੰਦੀ, ਜੋ ਬੋਲ ਚਾਲ ਫਿਲਮ ਵਿਚ ਸੁਣਾਉਂਦੇ ਹਨ ਉਹ ਲਿਖ-ਲਿਖ ਕੇ ਘੋਟੇ ਲਾ ਲਾ ਕੇ ਯਾਦ ਕੀਤੀ ਹੁੰਦੀ ਹੈ। ਵਿਰਲੇ ਵਿਰਲੇ ਪਾਸ ਹੀ ਚਰਿੱਤਰ ਦੀ ਦੌਲਤ ਹੁੰਦੀ ਹੈ, ਬਹੁਤੇ ਤਾਂ ਚਰਿੱਤਰਹੀਣ ਹੋ ਕੇ ਦਿਵਾਲੀਏ ਹੋ ਜਾਂਦੇ ਹਨ। ਉਨ੍ਹਾਂ ਦੇ ਪ੍ਰੋਗਰਾਮ ਦੇਖਣ ਜਾਣ ਵਾਲਿਆਂ ਲਈ ਪੁਲਿਸ ਨੂੰ ਕਈ ਰਾਹ ਬੰਦ ਕਰਨੇ ਪੈਂਦੇ ਹਨ। ਟਰੈਫਿਕ ਉਪਰ ਬਹੁਤ ਮੁਸ਼ਕਲ ਨਾਲ ਕਾਬੂ ਪਾਇਆ ਜਾਂਦਾ ਹੈ। One way (ਇਕ ਤਰਫਾ) ਟਰੈਫਿਕ ਕਰਨਾ ਪੈਂਦਾ ਹੈ। ਇਹ ਕਲਯੁੱਗ ਦੀ ਅਸਚਰਜਤਾ ਹੈ ਜੋ ਅਗਿਆਨ ਅਤੇ ਮਾਇਆ ਦੀ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਹੈ ਉਸ ਨੂੰ ਜਾਗਦਾ ਕਹਿੰਦੇ ਹਨ ਅਤੇ ਜੋ ਤਿੰਨਾਂ ਗੁਣਾਂ ਦੀ ਨੀਂਦ ਵਿਚੋਂ ਉਠ ਕੇ ਚੌਥੇ ਪਦ ਵਿਚ ਨਿਵਾਸ ਕਰਦਾ ਹੈ, ਜੋ ਛਲ, ਕਪਟ, ਬੁਰਿਆਈਆਂ ਤੋਂ ਸੰਕੋਚ ਕਰਕੇ ਧਰਮ ਦੀ ਕਿਰਤ ਕਰਦਾ ਹੈ, ਆਪਣੀ ਕਮਾਈ ਧਰਮ ਦੇ ਕੰਮਾਂ ਲਈ ਦਸਵੰਧ ਵਿਚ ਦਿੰਦਾ ਹੈ, ਕੋਈ ਲੁੱਟ ਖਸੁੱਟ ਨਹੀਂ ਕਰਦਾ, ਚੀਜ਼ਾਂ ਵਿਚ ਮਿਲਾਵਟ ਨਹੀਂ ਕਰਦਾ, ਬਿਲਕੁੱਲ ਸਾਫ ਸੁਥਰਾ ਵਰਤਦਾ ਹੈ, ਨੌਕਰੀ ਚਾਕਰੀ ਕਰਦਾ ਰਿਸ਼ਵਤ ਨਹੀਂ ਲੈਂਦਾ। ਆਪਣੀ ਤਨਖਾਹ ਵਿਚ ਹੀ ਆਪਣੇ ਪਰਿਵਾਰ ਦਾ ਨਿਰਭਾਹ ਕਰਦਾ ਹੈ ਜੋ ਰਿਸ਼ਵਤ ਨੂੰ ਵਿਹੁ ਵਰਗੀ ਜਾਣਦਾ ਹੈ ਅਤੇ ਇਕ ਪੈਸਾ ਵੀ ਅੰਗੀਕਾਰ ਨਹੀਂ ਕਰਦਾ, ਜਿਹੜਾ ਵਪਾਰੀ ਹੋ ਕੇ ਵੇਚਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਨਹੀਂ ਕਰਦਾ ਅਤੇ ਕੋਸ਼ਿਸ਼ ਕਰਦਾ ਹੈ ਕਿ ਖਰੀਆਂ ਚੀਜ਼ਾਂ ਦਿਤੀਆਂ ਜਾਣ। ਜਿਹੜਾ ਡਾਕਟਰ ਆਪਣੇ ਕਿੱਤੇ ਵਿਚ ਸੁਥਰਾ ਵਰਤਦਾ ਹੈ, ਜਿਸ ਵਿਚ ਲੋਕ ਸੇਵਾ ਦਾ ਭਾਵ ਹੁੰਦਾ ਹੈ, ਥੋੜ੍ਹੀ ਫੀਸ ਲੈਂਦਾ ਹੈ ਅਤੇ ਕੋਸ਼ਿਸ਼ ਕਰਦਾ ਹੈ ਕਿ ਮੇਰਾ ਮਰੀਜ਼ ਠੀਕ ਹੋ ਜਾਵੇ। ਕਾਰਖਾਨੇਦਾਰ ਖਰੀ ਚੀਜ਼ ਬਣਾਉਂਦਾ ਹੈ, ਉਸ ਵਿਚ ਸਸਤੀਆਂ, ਨਕਲੀ ਚੀਜ਼ਾਂ ਨਹੀਂ ਰਲਾਉਂਦਾ, ਇਨ੍ਹਾਂ ਤੋਂ ਵੀ ਵੱਧ ਜਿਹੜਾ ਪ੍ਰੇਮੀ ਬਾਣੀ ਪੜ੍ਹਦਾ ਹੈ, ਨਾਮ ਜਪਦਾ ਹੈ, ਸਭ ਨਾਲ ਪਿਆਰ ਪ੍ਰੇਮ ਨਾਲ ਵਰਤਦਾ ਹੈ, ਇਨ੍ਹਾਂ ਸਾਰਿਆਂ ਨੂੰ ਸੰਸਾਰ ਬੇ-ਅਕਲ ਆਖਦਾ ਹੈ ਜਾਂ ਇਹ ਕਹਿੰਦਾ ਹੈ ਕਿ ਇਹ ਤਾਂ ਸੁੱਤਾ ਪਿਆ ਹੈ। ਜਿਹੜੇ ਪਾਪਾਂ, ਬੇਇਮਾਨੀਆਂ, ਧੋਖਿਆਂ, ਮਿਲਾਵਟਾਂ ਕਰਕੇ ਧੋਖੇ ਦੇ ਦੇ ਕੇ ਪੈਸਾ ਇਕੱਠਾ ਕਰਦੇ ਹਨ ਉਸ ਨੂੰ ਸਿਆਣਾ ਅਤੇ ਜਾਗਦਾ ਕਹਿੰਦੇ ਹਨ ਕਿਉਂਕਿ ਉਸ ਨੇ ਧਨ ਇਕੱਠਾ ਕਰ ਲਿਆ, ਧਨ ਨੂੰ ਹੀ ਵੱਡੀ ਗੱਲ ਆਖਿਆ ਜਾਂਦਾ ਹੈ। ਇਸ ਧਨ ਵਿਚੋਂ ਇਕ ਵੀ ਚੀਜ਼ ਨਹੀਂ ਨਾਲ ਜਾਣੀ।

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥***
***ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥***
***ਪੰਨਾ - 1365***

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਛਲ ਕਪਟ ਕਰਕੇ ਤੂੰ ਧਨ ਇਕੱਠਾ ਕਰ ਰਿਹਾ ਹੈਂ ਅਤੇ ਆਪਣੇ ਬੱਚਿਆਂ ਨੂੰ ਐਸ਼ੋ ਇਸ਼ਰਤ ਵਾਸਤੇ ਉਸ ਵਿਚੋਂ ਦਿੰਦਾ ਹੈਂ, ਪਰ ਯਾਦ ਰੱਖ ਜਦੋਂ ਤੂੰ ਸੰਸਾਰ ਤੋਂ ਜਾਣਾ ਹੈ ਤਾਂ ਤੂੰ ਗਲ ਵਿਚ ਸੰਗਲ ਪਾ ਕੇ ਧੂਹਿਆ ਹੋਇਆ ਰੋਂਦਾ ਜਾਵੇਂਗਾ। ਪਰਲੋਕ ਵਿਚ ਜਾ ਕੇ ਅਨੇਕ ਕਿਸਮ ਦੀਆਂ ਸਜ਼ਾਵਾਂ ਭੋਗੇਂਗਾ ਅਤੇ ਲੇਖਾ ਦੇਣ ਵਾਸਤੇ ਨਖਿੱਧ ਜੂਨੀਆਂ ਵਿਚ ਤੇਰਾ ਜੀਵ ਆਤਮਾ ਪ੍ਰਵੇਸ਼ ਕਰਕੇ ਦੁਖ ਭੋਗੇਗਾ। ਜਿਵੇਂ ਕਿ ਫੁਰਮਾਨ ਹੈ -

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥***
***ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥***
***ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥***
***ਕਹਤੁ ਕਬੀਰੁ ਕੋਈ ਨਹੀ ਤੇਰਾ॥***
***ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥ ਪੰਨਾ - 656***

ਸੋ ਇਸ ਤਰ੍ਹਾਂ ਨਾਲ ਜਿਸ ਨੇ ਘੂਕ ਨੀਂਦ ਵਿਚ ਆਪਣਾ ਸਮਾਂ ਗੁਆਉਣਾ ਸ਼ੁਰੂ ਕੀਤਾ ਹੋਇਆ ਹੈ ਉਸ ਨੂੰ ਸੰਸਾਰ ਦੀ ਕਸਵੱਟੀ ਤੇ ਲਾਇਆਂ ਜਾਗਦਾ ਕਿਹਾ ਜਾਂਦਾ ਹੈ। ਜਿਸ ਦੇ ਅੰਦਰ ਨਾਮ ਦੀ ਰੌ ਚਲਦੀ ਹੈ, ਜਿਸ ਨੂੰ ਸਤਿ ਦਾ ਜੀਵਨ ਪ੍ਰਾਪਤ ਹੋ ਗਿਆ, ਜੋ ਜੀਵਨ ਸਦਾ ਹੀ ਚੜ੍ਹਦੀ ਕਲਾ ਵਿਚ ਰਖਦਾ ਹੈ ਅਤੇ ਜਿਸ ਵਿਚ ਮਾਇਆ ਦੇ ਭਰਮ ਭੁਲੇਖੇ ਨਹੀਂ ਪੈਂਦੇ, ਵਾਹਿਗੁਰੂ ਜੀ ਨਾਲ ਹਰ ਵਕਤ ਜੁੜਿਆ ਰਹਿੰਦਾ ਹੈ ਅਤੇ ਰੂਹਾਨੀ ਜੀਵਨ ਦਾ ਅਨੰਦ ਮਾਣਦਾ ਹੈ ਉਸ ਨੂੰ ਸੰਸਾਰ ਮਰਿਆ ਹੋਇਆ ਆਖਦਾ ਹੈ। ਪਰ ਜੋ ਮਾਇਆਧਾਰੀ ਮਾਇਆ

ਦੀ ਆਤਮਕ ਮੌਤ ਮਰ ਚੁੱਕੇ ਹਨ ਅਤੇ ਮੁਰਦਿਆਂ ਵਰਗਾ ਜੀਵਨ ਬਤੀਤ ਕਰਦੇ ਹਨ ਉਨ੍ਹਾਂ ਦੀ ਦੁਰਦਸ਼ਾ ਤਕ ਕੇ ਕੋਈ ਰੋਂਦਾ ਨਹੀਂ ਸਗੋਂ ਸਾਰੇ ਹਸਦੇ ਹਨ ਅਤੇ ਖੁਸ਼ ਹੁੰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥* *ਪੰਨਾ - 142*

ਇਹ ਪਰਖ ਹੈ ਮਨਮੁਖਾ ਦੀ, ਅੰਨ੍ਹਿਆਂ ਦੀ, ਜੇ ਕੋਈ ਪ੍ਰੇਮੀ ਸਤਿਸੰਗ ਵਿਚ ਆ ਕੇ ਅਧਿਆਤਮਕ ਬਚਨ ਸੁਣ ਕੇ ਗੁਰੂ ਵਾਲਾ ਹੋ ਕੇ ਬੰਦਗੀ ਕਰਨ ਲਗਦਾ ਹੈ, ਉਸ ਨੂੰ ਸੰਸਾਰ ਗਿਆ ਗੁਜ਼ਰਿਆ ਕਹਿਣਾ ਸ਼ੁਰੂ ਕਰ ਦਿੰਦਾ ਹੈ, ਜਿਹੜਾ ਪ੍ਰਮੇਸ਼ਰ ਵਲ ਪਿੱਠ ਕਰਕੇ ਸੰਸਾਰ ਦੇ ਰੰਗਮੰਚ ਵਿਚ ਅਗਿਆਨ ਵਸ ਅਨੇਕ ਕਿਸਮ ਦੇ ਹੱਥਕੰਡੇ ਵਿਖਾ ਰਿਹਾ ਹੈ, ਉਸ ਨੂੰ ਸਹੀ ਦੁਨੀਆਦਾਰ ਆਖਦੇ ਹਨ। ਜੋ ਮਾਇਆ ਪਰਾਈ ਹੈ, ਜਿਸ ਨੇ ਕਿਸੇ ਤਰ੍ਹਾਂ ਵੀ ਨਾਲ ਨਹੀਂ ਜਾਣਾ, ਜੋ ਇਸ ਜੀਵ ਨੂੰ ਬਗੈਰ ਦੰਦਾਂ ਤੋਂ ਖਾ ਰਹੀ ਹੈ ਅਤੇ ਇਸ ਨੂੰ ਜਨਮ ਮਰਨ ਦੇ ਚੱਕਰ ਵਿਚ ਘੁੰਮੇਟਣੀਆਂ ਦਿੰਦੀ ਹੈ ਉਸ ਨੂੰ ਆਪਣੀ ਕਹਿੰਦੇ ਹਨ ਅਤੇ ਉਸ ਦੀ ਸੇਵਾ ਕਰ ਰਹੇ ਹਨ, ਜਿਵੇਂ ਕਿ–

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਪੰਨਾ - 643*

ਪਰ ਜਿਨ੍ਹਾਂ ਨੇ ਸਦਾ ਹੀ ਸੰਗ ਸਾਥ ਰਹਿਣ ਵਾਲੇ ਵਾਹਿਗੁਰੂ ਨਾਲ ਆਪਣਾ ਪ੍ਰੇਮ ਜੋੜਿਆ ਹੈ ਜੋ ਆਪਣਾ ਹੈ, ਜਿਸ ਨੇ ਉਨ੍ਹਾਂ ਥਾਵਾਂ ਤੇ ਸਹਾਇਤਾ ਕਰਨੀ ਹੈ ਜਿਥੇ ਕਿਸੇ ਦਾ ਵੀ ਹੱਥ ਨਹੀਂ ਪਹੁੰਚ ਸਕਦਾ, ਜਿਵੇਂ ਕਿ ਫੁਰਮਾਨ ਹੈ –

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਪੰਨਾ - 1281*

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥* *ਪੰਨਾ - 264*

ਇਨ੍ਹਾਂ ਵਾਕਾਂ ਅਨੁਸਾਰ ਵਾਹਿਗੁਰੂ ਜੀ ਹੀ ਆਪਣਾ ਹੈ ਉਸ ਦੀ ਨਾਮ ਸ਼ਕਤੀ ਹਰ ਥਾਂ ਉਤੇ ਸਹਾਇਤਾ ਕਰਦੀ ਹੈ, ਉਹ ਵਾਹਿਗੁਰੂ ਸੰਸਾਰੀ ਬੰਦਿਆਂ ਨੂੰ ਨਹੀਂ ਭਾਉਂਦਾ ਉਸ ਨੂੰ ਪਰਾਇਆ ਜਾਣਦੇ ਹਨ, ਵਾਹਿਗੁਰੂ ਦਾ ਨਾਮ ਆਤਮਕ ਅਨੰਦ ਅਤੇ ਨਾਮ ਰਸ ਦੀ ਮਿਠਾਸ ਦੇ ਕੇ ਮਹਾਂ ਅਨੰਦਿਤ ਕਰਦਾ ਹੈ, ਉਸ ਨੂੰ ਸੰਸਾਰ ਕੌੜਾ ਆਖਦਾ ਹੈ, ਪਰ ਸ਼ਰਾਬਾਂ–ਕਬਾਬਾਂ, ਮਾਸ, ਮੱਛੀਆਂ, ਆਂਡੇ, ਵਿਸ਼ੇ–ਵਿਕਾਰ, ਕਾਮ ਭੋਗ ਜੋ ਕੌੜੇ ਭੋਗ ਹਨ ਉਨ੍ਹਾਂ ਨੂੰ ਮਿੱਠਾ ਕਰਕੇ ਮੰਨਦਾ ਹੈ। ਭੋਗ ਪਹਿਲਾਂ ਤਾਂ ਬਹੁਤ ਚੰਗੇ ਲਗਦੇ ਹਨ ਪਰ ਇਨ੍ਹਾਂ ਦਾ ਜੋ ਨਤੀਜਾ ਹੈ ਉਹ ਸਦਾ ਹੀ ਕੌੜਾ ਨਿਕਲਿਆ ਕਰਦਾ ਹੈ, ਮਨੁੱਖ ਨੂੰ ਰੋਗੀ ਕਰ ਦਿੰਦਾ ਹੈ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਜਦੋਂ ਕਾਹਬਾ ਸ਼ਰੀਫ (ਮੱਕੇ) ਵਿਚ ਗਏ ਹੋਏ ਸਨ, ਉਥੇ ਰੁਕਨਦੀਨ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆ ਕਿ ਉਹ ਲੋਕ ਜੋ ਸ਼ਰਾਬਾਂ ਪੀਂਦੇ ਹਨ, ਉਨ੍ਹਾਂ ਦਾ ਦਰਗਾਹ ਵਿਚ ਕੀ ਹਾਲ ਹੁੰਦਾ ਹੈ? ਜਨਮਸਾਖੀ ਵਿਚ ਲਿਖਿਆ ਹੈ ਕਿ ਉਸ ਨੂੰ ਅਜਿਹਾ ਨਰਕ ਮਿਲਦਾ ਹੈ ਜਿਥੇ ਹਰ ਰੋਜ਼ ਸੌ ਮਣ ਗਰਮ ਸ਼ਰਾਬ ਜਾਂ ਗਰਮ ਸਿੱਕਾ ਇਸ ਦੇ ਸੂਖਸ਼ਮ ਸਰੀਰ ਦੇ ਸੰਘ, ਤੋਂ ਲੰਘਾਇਆ ਜਾਂਦਾ ਹੈ, ਉਥੇ ਇਹ ਜੀਵ ਰੋਂਦਾ ਅਤੇ ਕੁਰਲਾਂਦਾ ਹੈ। ਪਰ ਇਸ ਦੀ ਮਦਦ ਹੁਣ ਕੌਣ ਕਰੇ। ਸੋ ਭੋਗਾਂ ਦੇ ਫਲ ਕੌੜੇ ਹਨ ਅਤੇ ਮਹਾਨ ਦੁਖ ਦੇਣ ਵਾਲੇ ਹਨ। ਉਸ ਨੂੰ ਇਹ ਮਿੱਠਾ ਆਖਦਾ ਹੈ। ਜਿਹੜੇ ਪ੍ਰਭੂ ਪਿਆਰ ਵਿਚ ਰੱਤੇ ਹਨ ਅਤੇ ਪਰਉਪਕਾਰ ਕਰਦੇ ਹਨ ਸਭ ਦਾ ਭਲਾ ਮੰਗਦੇ ਹਨ, ਆਪਣੇ ਹੱਥੋਂ ਕਿਰਤ ਕਮਾਈ ਵਿਚੋਂ ਮਾਇਆ ਅਰਪਨ ਕਰਦੇ ਹਨ, ਜਿਨ੍ਹਾਂ ਸ੍ਰੇਸ਼ਟ ਗੁਰਮੁਖ ਪਿਆਰਿਆਂ ਨੂੰ ਮਿਲਿਆਂ ਤੇ ਪ੍ਰਮੇਸ਼ਰ ਚਿੱਤ ਆਉਣ ਲਗ ਜਾਂਦਾ ਹੈ, ਪਰ ਇਹ ਜੀਵ ਮਾਇਆ ਦੇ ਨਸ਼ੇ ਵਿਚ ਭੁੱਲਿਆ ਅੱਖਾਂ ਤੇ ਮਨ ਦਾ ਅੰਨ੍ਹਾ ਉਨ੍ਹਾਂ ਦੀ ਨਿੰਦਿਆ ਕਰਦਾ ਹੈ। ਬਾਣੀ ਵਿਚ ਆਉਂਦਾ ਹੈ –

*ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥*
*ਬਾਤਨ ਹੀ ਅਸਮਾਨੁ ਗਿਰਾਵਹਿ॥*
*ਐਸੇ ਲੋਗਨ ਸਿਉ ਕਿਆ ਕਹੀਐ॥*
*ਜੋ ਪ੍ਰਭ ਕੀਏ ਭਗਤਿ ਤੇ ਬਾਹਜ*
*ਤਿਨ ਤੇ ਸਦਾ ਡਰਾਨੇ ਰਹੀਐ॥*
*ਆਪਿ ਨ ਦੇਹਿ ਚੁਰੂ ਭਰਿ ਪਾਨੀ॥*
*ਤਿਹ ਨਿੰਦਹਿ ਜਿਹ ਗੰਗਾ ਆਨੀ॥*
*ਬੈਠਤ ਉਠਤ ਕੁਟਿਲਤਾ ਚਾਲਹਿ॥*
*ਆਪੁ ਗਏ ਅਉਰਨ ਹੂ ਘਾਲਹਿ॥*
*ਛਾਡਿ ਕੁਚਰਚਾ ਆਨ ਨ ਜਾਨਹਿ॥*
*ਬ੍ਰਹਮਾ ਹੂ ਕੋ ਕਹਿਓ ਨ ਮਾਨਹਿ॥*
*ਆਪੁ ਗਏ ਅਉਰਨ ਹੂ ਖੋਵਹਿ॥*
*ਆਗਿ ਲਗਾਇ ਮੰਦਰ ਮੈ ਸੋਵਹਿ॥*
*ਅਵਰਨ ਹਸਤ ਆਪ ਹਹਿ ਕਾਂਨੇ॥*
*ਤਿਨ ਕਉ ਦੇਖਿ ਕਬੀਰ ਲਜਾਨੇ॥* *ਪੰਨਾ - 332*

ਇਹ ਗੱਲਾਂ ਸਾਰੀਆਂ ਮਹਾਰਾਜ ਜੀ ਕਹਿੰਦੇ –

*ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥*
*ਪੰਨਾ - 229*

ਕਲਯੁੱਗ ਵਿਚ ਮਨੁੱਖਾਂ ਦਾ ਵਰਤਾਰਾ ਮਾਇਆ ਦੀ ਗਾੜ੍ਹੀ ਨੀਂਦ ਚੜ੍ਹਨ ਕਰਕੇ ਬਿਲਕੁਲ ਹੀ ਉਲਟ ਹੋ ਗਿਆ। ਮਾਇਆ ਸੰਤਾਂ ਦੀ ਦਾਸੀ ਹੈ ਅਤੇ ਦਾਸੀ ਹੋ ਕੇ ਕਾਰ ਕਮਾਉਂਦੀ ਹੈ ਵਾਹਿਗੁਰੂ ਦੇ ਪਿਆਰੇ ਇਸ ਨੂੰ ਨੇੜੇ ਨਹੀਂ ਆਉਣ ਦਿੰਦੇ ਪਰ ਜੋ ਮਨਮੁਖ ਹੈ, ਪ੍ਰਮੇਸ਼ਰ ਤੋਂ ਭੁਲਿਆ ਹੋਇਆ ਹੈ, ਇਹ ਇਸ ਦੀ ਸੇਵਾ ਕਰਦਾ ਹੈ ਕਿਉਂਕਿ ਉਸ ਨੂੰ ਪਰੀਪੂਰਨ ਵਾਹਿਗੁਰੂ ਜੀ ਨਜ਼ਰ ਨਹੀਂ ਆਉਂਦੇ। ਇਸ ਦੇ ਨੇਤਰ ਅਗਿਆਨ ਨੇ ਮੋਤੀਆ ਪੈਦਾ ਕਰਕੇ ਅੰਨ੍ਹੇ ਕਰ ਦਿਤੇ ਹਨ। ਅਜਿਹੇ ਕਰਮ ਕਰਦਾ ਹੈ ਜੋ ਬਿਲੁਕਲ ਨਿਰਾਰਥਕ ਹੁੰਦੇ ਹਨ ਜਿਨ੍ਹਾਂ ਤੋਂ ਕੋਈ ਵੀ ਲਾਭ ਨਹੀਂ ਹੁੰਦਾ। ਜੇ ਕੀਰਤਨ ਕਰਦਾ ਹੈ ਤਾਂ ਪੈਸਾ ਕਮਾਉਣ ਵਾਸਤੇ ਕਰਦਾ ਹੈ, ਜੇ ਕਥਾ ਕਰਦਾ ਹੈ ਤਾਂ ਪੈਸਾ ਕਮਾਉਣ ਵਾਸਤੇ, ਜੇ ਲੰਮੇ ਚੋਲੇ ਪਾ ਕੇ ਸੰਤ ਬਣ ਗਿਆ ਤਾਂ ਵੀ ਪੈਸਾ ਕਮਾਉਣ ਵਾਸਤੇ। ਮਹਾਰਾਜ ਜੀ ਕਹਿੰਦੇ ਹਨ ਕਿ ਕੀ ਹੋ ਗਿਆ ਦੁਨੀਆ ਨੂੰ, ਸੱਚ ਦਾ ਤਾਂ ਕਾਲ ਹੀ ਪੈ ਗਿਆ।

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥*
*ਪੰਨਾ - 468*

ਭਜਨ ਬੰਦਗੀ ਨੂੰ ਤਾਂ ਇਕ ਪਾਸੇ ਛੱਡ ਦਿਤਾ ਹੈ। ਨਾ ਗੁਰੂ ਧਾਰਨ ਕਰਦਾ ਹੈ, ਦਿਖਾਵੇ ਦਾ ਜੀਵਨ ਬਤੀਤ ਕਰਦਾ ਹੈ। ਮਹਾਰਾਜ ਜੀ ਤੁਲਨਾ ਦਿੰਦੇ ਹਨ ਕਿ ਛੱਪੜ ਵਾਲਾ ਪਾਣੀ ਰਿੜਕਦਾ ਹੈ ਤੇ ਉਸ ਵਿਚੋਂ ਮੱਖਣ ਭਾਲਦਾ ਹੈ ਅਤੇ ਵਾਹਿਗੁਰੂ ਜੀ ਨੂੰ ਛੱਡ ਕੇ ਹੋਰ ਸੇਵਾ ਕਰਦਾ ਹੈ ਅਤੇ ਮੁਕਤ ਪਦਾਰਥ ਭਾਲਦਾ ਹੈ। ਗੁਰੂ ਮਹਾਰਾਜ ਜੀ ਇਨ੍ਹਾਂ ਸਾਰੇ ਭਾਵਾਂ ਨੂੰ ਇਸ ਤਰ੍ਹਾਂ ਨਾਲ ਸਪਸ਼ਟ ਕਰਦੇ ਹਨ ਅਤੇ ਫੁਰਮਾਨ ਕਰਦੇ ਹਨ ਕਿ ਇਨ੍ਹਾਂ ਅਕਲ ਤੋਂ ਖਾਲੀ ਜੀਵਾਂ ਨੂੰ ਕੀ ਕਿਹਾ ਜਾਵੇ, ਇਨ੍ਹਾਂ ਦੀ ਅਕਲ ਨੂੰ ਤਾਂ ਮਾਇਆ ਖਾ ਗਈ। ਨਾ ਇਨ੍ਹਾਂ ਨੂੰ ਗੁਰੂ ਉਪਰ ਕੋਈ ਭਰੋਸਾ ਹੈ। ਗੁਰੂ ਤੋਂ ਬਗੈਰ ਸੱਚ ਦਾ ਰਾਹ ਪ੍ਰਾਪਤ ਨਹੀਂ ਹੋਇਆ ਕਰਦਾ। ਕਿਵੇਂ ਅਜਿਹੇ ਪੁਰਸ਼ਾਂ ਦੇ ਨਾਲ ਨਿਰਬਾਹ ਕੀਤਾ ਜਾਵੇ। ਆਪ ਦਾ ਫੁਰਮਾਨ ਹੈ ਕਿ ਬਗੈਰ ਗੁਰੂ ਦੇ ਸ਼ਬਦ ਤੋਂ ਛੁਟਕਾਰਾ ਨਹੀਂ ਹੁੰਦਾ ਭਾਵੇਂ ਲੱਖਾਂ ਕਰਮ ਕਰ ਲਵੋ ਪਰ ਗੁਰੂ ਤੋਂ ਬਗੈਰ ਹਨ੍ਹੇਰਾ ਹੀ ਰਹਿੰਦਾ ਹੈ। ਜੇ ਗੁਰੂ ਕ੍ਰਿਪਾ ਨੂੰ, ਗੁਰੂ ਦੇ ਸ਼ਬਦ ਨੂੰ ਬੁਝ ਲਵੇ ਅਤੇ ਆਪਣੇ ਜੀਵਨ ਨੂੰ ਸੱਚ ਦੇ ਰਸਤੇ ਤੇ ਚਲਾ ਲਵੇ, ਗੁਰੂ ਦੀ ਕ੍ਰਿਪਾ ਨਾਲ ਬੁੱਝ ਲਵੇ ਕਿ ਹਰੇਕ ਸਰੀਰ ਦੇ ਅੰਦਰ ਨਿਰੰਜਨ ਨਾਮ ਰਮ ਰਿਹਾ ਹੈ, ਨਾਮ ਦੀ ਧੁਨ ਹਰ ਸਰੀਰ ਅੰਦਰ ਗੁੰਜ਼ਾਰਾਂ ਪਾਉਂਦੀ ਹੈ, ਹਰ ਸਰੀਰ ਅੰਦਰ ਵਾਹਿਗੁਰੂ ਜੀ ਦਾ ਵਾਸਾ ਹੈ, ਪਰ ਇਹ ਗੁਰੂ ਦੇ ਸ਼ਬਦ ਦੀ ਕਮਾਈ ਕੀਤੇ ਬਿਨਾਂ ਬੁਝ ਨਹੀਂ ਸਕਦਾ, ਵਿਚਾਰ ਕਰਕੇ ਦੇਖ ਲਓ। ਗੁਰੂ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ -

*ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ॥*
*ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ॥*
*ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ॥*
*ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ॥*
*ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥*
*ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ॥*
*ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥*
*ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥*
*ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥*
*ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ॥*
*ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥*
*ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ॥*
*ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥*
*ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥*
*ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥*
*ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ॥*
*ਪੰਨਾ - 229*

ਇਸ ਤੋਂ ਅੱਗੇ ਆਪ ਫੁਰਮਾਨ ਕਰਦੇ ਹਨ ਕਿ ਜਿਹੜਾ ਉਪਰ ਕਥੇ ਸ਼ਬਦ ਦੀ ਵਿਚਾਰ ਹਿਰਦੇ ਤੋਂ ਸਮਝ ਲਵੇ, ਉਹ ਮਹਾਨ ਪੁਰਸ਼ ਹੈ ਕਿਉਂਕਿ ਜਿਸ ਨੂੰ ਸਤਿ ਦੀ ਸੋਝੀ ਪੈ ਗਈ ਉਹ ਆਪਾ ਚੀਨਦਾ ਹੈ, ਉਸ ਦੀ ਮਹਿਮਾ ਅਪਰ ਆਪਾਰ ਹੈ। ਅਸਲ ਗੱਲ ਤਾਂ ਇਹ ਹੈ ਵਾਹਿਗੁਰੂ ਜੀ ਆਪ ਹੀ ਵਰਤਦੇ ਹਨ ਅਤੇ ਜੀਵਾਂ ਨੂੰ ਮਾਇਆ ਦਾ ਚਮਤਕਾਰ ਦੇ ਕੇ ਭਰਮਾਇਆ ਹੋਇਆ ਹੈ ਪਰ ਗੁਰੂ ਦੀ ਕ੍ਰਿਪਾ ਨਾਲ ਜੇ ਸੋਝੀ ਹੋ ਜਾਵੇ ਕਿ ਇਕੋ ਪ੍ਰਮੇਸ਼ਰ ਸਾਰੇ ਸਮਾਇਆ ਹੋਇਆ ਹੈ ਤਾਂ ਦਿਬਜ ਨੈਣ ਖੁਲ੍ਹ ਜਾਂਦੇ ਹਨ। ਅਸਲੀਅਤ ਜਿਓਂ ਕੀ ਤਿਓਂ ਜਾਹਰਾ ਜ਼ਹੂਰ ਪ੍ਰਗਟ ਹੋ ਜਾਂਦੀ ਹੈ ਅਤੇ ਉਲਟਾ ਤੱਕਣ ਵਾਲੀ ਮਤ ਦੂਰ ਹੋ ਜਾਂਦੀ ਹੈ।

ਸੋ ਸਾਧਸੰਗਤ ਜੀ! ਤੁਸੀਂ ਬਹੁਤ ਖੇਚਲਾਂ ਝਲਦੇ ਹੋਏ ਗੁਰੂ ਕੀ ਬਾਣੀ ਸਰਵਣ ਕਰਨ ਲਈ ਪੁਜਦੇ ਹੋਂ। ਤੁਸੀਂ ਰਸਤੇ ਵਿਚ ਸਕਿਊਰਟੀ ਸਟਾਫ ਵਾਲਿਆਂ ਵਲੋਂ ਪੁਛਾਂ-ਗਿੱਛਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਤਿਸੰਗ ਵਿਚ ਦ੍ਰਿੜ੍ਹਤਾ ਅਤੇ ਪਿਆਰ ਵਸ ਹੋਏ ਕੀਰਤਨ ਵਿਚ ਪੁਜਦੇ ਹੋਂ। ਆਪ ਨਾਮ ਬੀਜ ਰਹੇ ਹੋਂ ਇਸਦਾ ਫਲ ਇਸ ਸੰਸਾਰ ਵਿਚ ਸੁੱਖ ਪ੍ਰਾਪਤੀ ਮਿਲਦਾ ਹੈ ਅਤੇ ਦਰਗਾਹ ਵਿਚ ਜਾ ਕੇ ਧੰਨ-ਧੰਨ ਹੁੰਦੀ ਹੈ, ਮੁਖ ਉਜਲਾ ਹੋ ਜਾਂਦਾ ਹੈ।

ਗੁਰੂ ਮਹਾਰਾਜ ਜੀ ਨੇ ਅਸਾਡੇ ਉਧਾਰ ਲਈ ਬਹੁਤ ਹੀ ਸੰਖੇਪ ਸੂਤਰ ਰਾਹੀਂ ਫੁਰਮਾਨ ਕੀਤਾ ਹੈ ਕਿ ਐ ਪ੍ਰਾਣੀ! ਤੂੰ ਸੋਚ ਕਿਸ ਥਾਂ ਤੋਂ ਆਇਆ ਹੈਂ, ਆਪਾਂ ਵੀ ਇਸ ਗੱਲ ਨੂੰ ਸੋਚੀਏ, ਸਾਰੇ ਸੋਚੋ। ਅਜੇ ਤਾਂ ਆਪਣੇ ਮਨ ਵਿਚ ਇਹੀ ਆਉਂਦਾ ਹੈ ਕਿ ਮੈਂ 30 ਸੈਕਟਰ ਵਿਚੋਂ ਆਇਆ ਹਾਂ, ਮੈਂ ਮੋਹਾਲੀ ਤੋਂ ਆਇਆ ਹਾਂ, ਮੈਂ ਪੰਚਕੂਲੇ ਤੋਂ ਆਇਆ ਹਾਂ। ਜੇ ਕਿਤੇ ਧਿਆਨ ਪਿਛਲੇ ਪਿੰਡਾਂ ਵਲ ਚਲਿਆ ਜਾਵੇ ਤਾਂ ਅਸੀਂ ਦਸਦੇ ਹਾਂ ਕਿ ਮੈਂ ਫਲਾਣੇ ਪਿੰਡ ਜੋ ਜ਼ਿਲਾ ਲੁਧਿਆਣਾ ਵਿਚ ਹੈ ਤੋਂ ਆਇਆ ਹਾਂ, ਕੋਈ ਕਹਿੰਦਾ ਹੈ ਮੈਂ ਅੰਮ੍ਰਿਤਸਰ ਦੇ ਫਲਾਣੇ ਪਿੰਡ 'ਚੋਂ ਆਇਆ ਹਾਂ। ਗੁਰੂ ਮਹਾਰਾਜ ਜੀ ਕਹਿੰਦੇ ਹਨ ਸਾਡਾ ਭਾਵ ਇਹ ਨਹੀਂ ਹੈ। ਉਹ ਕਹਿੰਦੇ ਹਨ ਅਸੀਂ ਤੇਰੇ ਤੋਂ ਇਹ ਗੱਲ ਨਹੀਂ ਪੁਛਦੇ। ਇਸ ਗੱਲ ਨੂੰ ਤਾਂ ਸਾਰੇ ਹੀ ਜਾਣਦੇ ਹਨ। ਤੂੰ ਇਸ ਤਰ੍ਹਾਂ ਸੋਚ ਕਿ ਤੂੰ ਮਾਤਾ ਦੇ ਉਦਰ ਵਿਚੋਂ ਪੈਦਾ ਹੋ ਕੇ ਸੰਸਾਰ ਵਿਚ ਰੂਪਮਾਨ ਹੋਇਆ ਹੈਂ। ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਕੀ ਮੇਰਾ ਸਫਰ ਉਸ ਦਿਨ ਤੋਂ ਸ਼ੁਰੂ ਹੋਇਆ ਹੈ ਜਿਸ ਦਿਨ ਤੋਂ ਮੈਂ ਮਾਤਾ ਦੇ ਉਦਰ ਤੋਂ ਸੰਸਾਰ ਵਿਚ ਪੈਦਾ ਹੋਇਆ? ਇਸੇ ਸਬੰਧ ਵਿਚ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥*
*ਪੰਨਾ - 999*

ਜਦੋਂ ਅਸੀਂ ਇਸ ਗੁਰਵਾਕ ਵਿਚ ਗਹਿਰਾ ਖੁਭਦੇ ਹਾਂ ਤਾਂ ਕੁਦਰਤੀ ਅਸਾਡੇ ਸਾਮ੍ਹਣੇ ਇਹ ਆ ਜਾਂਦਾ ਹੈ ਕਿ ਗੁਰੂ ਮਹਾਰਾਜ ਜੀ ਦਾ ਇਹ ਕਹਿਣਾ ਕਿ ਕਿੰਨੇ ਸਮੇਂ ਤੋਂ ਤੂੰ ਚਲ ਰਿਹਾ ਹੈਂ, ਐਡੀ ਦੂਰੋਂ ਆਇਆ ਹੈਂ ਕਿ ਤੈਨੂੰ ਚਲਦੇ-ਚਲਦੇ ਲੰਮਾ ਪੈਂਡਾ ਕੱਟਣ ਪਿਛੋਂ ਇਹ ਪਤਾ ਨਹੀਂ ਲੱਗਿਆ ਕਿ ਮੈਂ ਕਿਥੋਂ ਆਇਆ ਹਾਂ। ਇਹ ਬੜਾ ਅਜੀਬ ਪ੍ਰਸ਼ਨ ਹੈ ਜਿਸਦਾ ਸਮਾਧਾਨ ਹਰੇਕ ਸਤਿਸੰਗੀ ਲਈ ਹੋਣਾ ਚਾਹੀਦਾ ਹੈ। ਜਦੋਂ ਅਸੀਂ ਗੁਰਬਾਣੀ ਦਾ ਅਧਿਐਨ ਕਰਦੇ ਹਾਂ ਉਸ ਵੇਲੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*

*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥* *ਪੰਨਾ - 176*

ਕੀੜੇ-ਮਕੌੜੇ, ਘੋੜੇ, ਬਲਦ, ਹਾਥੀ, ਮੱਛੀਆਂ, ਹਰਨ, ਪੰਖੀ, ਸਰਪ, ਸੈਲਗਿਰ, ਦਰਖਤ ਆਦਿ ਦੇ ਸਰੀਰ ਧਾਰਨ ਕਰਦਾ ਹੋਇਆ ਤੂੰ ਲੰਮਾ ਸਫਰ ਕੱਟ ਕੇ ਬਹੁਤ ਚਿਰ ਪਿਛੋਂ ਪ੍ਰਾਪਤ ਹੋਈ ਹੋਈ ਦੇਹ ਧਾਰ ਕੇ ਪੁਰਸ਼ ਜਾਂ ਇਸਤ੍ਰੀ ਕਹਾ ਰਿਹਾ ਹੈਂ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਪੰਨਾ - 176*

ਇਹ ਵੀ ਫੁਰਮਾਨ ਕੀਤਾ ਹੈ -

*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥* *ਪੰਨਾ - 176*

84 ਲੱਖ ਕਿਸਮ ਦੀਆਂ ਜੂਨਾਂ ਯਾਨਿ ਕਿ ਵੱਖਰੇ-ਵੱਖਰੇ ਸਰੀਰ ਇਸ ਧਰਤੀ ਦੇ ਮੰਡਲ ਵਿਚ ਹਨ, ਅਨੁਭਵੀ ਮਹਾਂਪੁਰਸ਼ਾਂ ਨੇ ਕਈ ਤਰ੍ਹਾਂ ਨਾਲ ਗਿਣਤੀ ਕੀਤੀ ਹੋਈ ਹੈ, ਇਹ ਸੰਸਾਰ ਤਿੰਨ ਵਰਗਾਂ ਵਿਚ ਹੈ। ਇਕ ਨੂੰ ਸਾਂਤਕੀ ਸ੍ਰਿਸ਼ਟੀ ਆਖਦੇ ਹਨ, ਦੂਸਰੀ ਨੂੰ ਰਾਜਸੀ ਅਤੇ ਤੀਸਰੀ ਨੂੰ ਤਾਮਸੀ ਸ੍ਰਿਸ਼ਟੀ ਆਖਦੇ ਹਨ। ਇਸ ਵਿਚ ਚਾਰ ਖਾਣੀਆਂ ਹਨ - ਅੰਡਜ, ਜੇਰਜ, ਸੇਤਜ, ਉਤਭੁਜ। ਅੰਡਿਆਂ ਤੋਂ ਪੈਦਾ ਹੋਣ ਵਾਲੀ ਸ੍ਰਿਸ਼ਟੀ ਅੰਡਜ ਕਹਾਉਂਦੀ ਹੈ ਜਿਵੇਂ ਕਿ ਕਬੂਤਰ, ਤੋਤੇ ਆਦਿ ਪੰਛੀ। ਜੇਰ ਤੋਂ ਪੈਦਾ ਹੋਣ ਵਾਲੀ ਸ੍ਰਿਸ਼ਟੀ ਜੇਰਜ ਕਹਾਉਂਦੀ ਹੈ ਜਿਸ ਤਰ੍ਹਾਂ ਕਿ ਮਨੁੱਖ, ਗਾਵਾਂ, ਮੱਝਾਂ, ਹਾਥੀ, ਘੋੜੇ ਆਦਿ। ਗਰਮੀ ਤੋਂ ਪੈਦਾ ਹੋਣ ਵਾਲੀ ਸ੍ਰਿਸ਼ਟੀ ਸੇਤਜ ਕਹਾਉਂਦੀ ਹੈ, ਉਹ ਜੀਵ ਜਿਹੜੇ ਗਰਮੀ ਪੈਣ ਨਾਲ ਪੈਦਾ ਹੋ ਜਾਂਦੇ ਹਨ ਜਿਵੇਂ ਕਿ ਜੂਆਂ, ਚਿੱਚੜ ਆਦਿ। ਉਤਭੁਜ ਉਹ ਸ੍ਰਿਸ਼ਟੀ ਹੋਇਆ ਕਰਦੀ ਹੈ ਜੋ ਧਰਤੀ ਵਿਚੋਂ ਪੈਦਾ ਹੁੰਦੀ ਹੈ ਜਿਵੇਂ ਕਿ ਦਰਖਤ ਵਗੈਰਾ। ਇਸ ਵਿਚ ਚਾਰ ਬਾਣੀਆਂ ਹਨ ਜਿਨ੍ਹਾਂ ਦੇ ਨਾਮ - ਪਰਾ, ਪਸੰਤੀ, ਮਧਮਾ ਅਤੇ ਬੈਖਰੀ ਹਨ। ਪਰਾ ਬਾਣੀ ਉਹ ਹੁੰਦੀ ਹੈ ਜੋ ਨਾਭੀ ਵਿਚੋਂ ਫੁਰਨਾ ਰੂਪ ਹੋ ਕੇ ਫੁਰਦੀ ਹੈ। ਪਸੰਤੀ ਬਾਣੀ ਉਹ ਹੁੰਦੀ ਹੈ ਜੋ ਪਰਾ ਵਿਚੋਂ ਹਿਰਦੇ ਵਿਚ ਪਹੁੰਚਦੀ ਹੈ ਜਿਥੇ ਇਹ ਧੁਨ ਦਾ ਰੂਪ ਧਾਰ ਕੇ ਅੱਖਰਾਂ ਰਾਹੀਂ ਬਾਣੀ ਬਣਦੀ ਹੈ। ਮਧਮਾ ਬਾਣੀ ਉਹ ਹੈ ਜੋ ਕੰਠ ਦੇ ਵਿਚ ਪਹੁੰਚ ਕੇ ਬੋਲੀ ਦਾ ਰੂਪ ਧਾਰਦੀ ਹੈ ਅਤੇ ਫੇਰ ਜਦੋਂ ਮਨੁੱਖ ਉਚੀ ਬੋਲਦਾ ਹੈ ਉਸ ਵਕਤ ਇਹ ਬੈਖਰੀ ਬਾਣੀ ਦਾ ਰੂਪ ਧਾਰ ਲੈਂਦੀ ਹੈ। ਕੁਝ ਤੱਤਾਂ ਦੀ ਬਾਣੀ ਵੀ ਹੁੰਦੀ ਹੈ ਜਿਵੇਂ ਕਿ ਅਗਨੀ ਭੜ-ਭੜ ਦੀ ਅਵਾਜ਼ ਦਿੰਦੀ ਹੈ, ਪਾਣੀ ਚੁਰਲ-ਚੁਰਲ ਦੀ ਅਵਾਜ਼ ਦਿੰਦਾ ਹੈ, ਹਵਾ ਸ਼ਾਂਅ-ਸ਼ਾਂਅ ਦੀ ਅਵਾਜ਼ ਦਿੰਦੀ ਹੈ, ਧਰਤੀ ਠੱਕ-ਠੱਕ ਦੀ ਅਵਾਜ਼ ਦਿੰਦੀ ਹੈ ਅਤੇ ਅਕਾਸ਼ ਪਰਤਵੀ ਧੁਨੀ ਵਿਚ ਆਪਣੇ ਆਪ ਹੀ ਸੁਣਿਆ ਜਾਂਦਾ ਹੈ। ਇਸ ਤੋਂ ਇਲਾਵਾ ਮਹਿੱਤਤਕ ਬਾਣੀ ਉਹ ਹੁੰਦੀ ਹੈ ਜੋ ਅਕਾਸ਼ ਵਿਚ ਬੋਲੀ ਦੇ ਰੂਪ ਵਿਚ ਗੂੰਜਦੀ ਹੈ। ਇਹ ਬਾਣੀ ਬਹੁਤ ਸਪਸ਼ਟ ਹੁੰਦੀ ਹੈ, ਇਹ ਦੋ ਤਰ੍ਹਾਂ ਦੇ ਨਾਲ ਸੁਣੀ ਜਾਂਦੀ ਹੈ ਇਕ ਤਾਂ ਜਦੋਂ ਭਜਨ ਬੰਦਗੀ ਕਰਕੇ ਪੂਰਨ ਇਕਾਗਰਤਾ ਦੇ ਘਰ ਵਿਚ ਬਿਰਤੀ ਲੀਨ ਹੋ ਜਾਂਦੀ ਹੈ, ਉਸ ਵੇਲੇ ਇਹ ਕਿਸੇ ਗੈਅਬੀ ਸ਼ਕਤੀ ਵਲੋਂ ਬੋਲੀ ਜਾਂਦੀ ਹੈ, ਜਿਸ ਨੂੰ ਅਕਾਸ਼ ਬਾਣੀ ਵੀ ਆਖਦੇ ਹਨ। ਜਿਸ ਰਾਹੀਂ ਪ੍ਰਭੂ ਆਪਣੀ ਹੋਂਦ ਦੀ ਗਿਆਤ ਕਰਾਉਂਦਾ ਹੈ ਅਤੇ ਵੇਦ ਸਾਸ਼ਤਰ, ਕੁਰਾਨ ਸ਼ਰੀਫ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਆਦਿ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਜਿਵੇਂ ਕਿ ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਮਰਦਾਨੇ ਨੂੰ ਕਿਹਾ ਕਰਦੇ ਸਨ ਕਿ ਮਰਦਾਨਿਆ! ਰਬਾਬ ਸੁਰ ਕਰ, ਬਾਣੀ ਆ ਰਹੀ ਹੈ ਜਿਸ ਦੇ ਬਾਰੇ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ ਜਿਵੇਂ ਕਿ-

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥*
*ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਜੋਰੀ ਮੰਗੈ ਦਾਨੁ ਵੇ ਲਾਲੋ॥* *ਪੰਨਾ - 722*

ਇਹ ਬਾਣੀ ਪ੍ਰਤੱਖ ਰੂਪ ਵਿਚ ਵਰਤਣ ਵਾਲੀਆਂ ਘਟਨਾਵਾਂ ਤੋਂ 13 ਸਾਲ ਪਹਿਲਾਂ ਹੋਈ ਸੀ। ਇਹ ਅਕਾਸ਼ ਬਾਣੀ ਰਿਸ਼ੀਆਂ ਮੁਨੀਆਂ ਰਾਹੀਂ ਪ੍ਰਗਟ ਹੋ ਕੇ ਵੇਦਾਂ ਦੇ ਰੂਪ ਵਿਚ ਪ੍ਰਗਟ ਹੋਈ ਅਤੇ ਇਹੋ ਬਾਣੀ ਫਰਿਸ਼ਤਿਆਂ ਰਾਹੀਂ ਪਵਿੱਤਰ ਕੁਰਾਨ ਸ਼ਰੀਫ ਦੇ ਰੂਪ ਵਿਚ ਅਤੇ ਬਾਈਬਲ ਦੇ ਰੂਪ ਵਿਚ ਪ੍ਰਗਟ ਹੋਈ। ਇਹ ਬਾਣੀ ਨਿਰੋਲ ਸੱਚ ਹੋਇਆ ਕਰਦੀ ਹੈ ਅਤੇ ਸਦਾ-ਸਦਾ ਸੱਚ ਰਹਿੰਦੀ ਹੈ ਇਸ ਉਪਰ ਸਮੇਂ ਅਤੇ ਸਥਿਤੀਆਂ ਦਾ ਕੋਈ ਅਸਰ ਨਹੀਂ ਪਿਆ ਕਰਦਾ। ਇਹ ਸਦਾ ਸੱਚ ਦੇ ਰੂਪ ਵਿਚ ਨਿਰਮਲ ਰਹਿੰਦੀ ਹੈ। ਪ੍ਰਕ੍ਰਿਤਕ ਬਾਣੀ ਉਸ ਨੂੰ ਆਖਿਆ ਜਾਂਦਾ ਹੈ ਜੋ ਪ੍ਰਕ੍ਰਿਤੀ ਵਿਚੋਂ ਪੈਦਾ ਹੁੰਦੀ ਹੈ ਜਿਵੇਂ ਕਿ ਅਸੀਂ ਘੜਿਆਲ ਉਪਰ ਹਥੌੜਾ ਮਾਰੀਏ ਤਾਂ ਸੁਣਦੀ ਹੈ। ਵਾਜਾ ਵਜਾਈਏ ਤਾਂ ਮਿੱਠੀਆਂ ਸੁਰਾਂ ਦੇ ਰੂਪ ਵਿਚ ਸੁਣਾਈ ਦਿੰਦੀ ਹੈ। ਹਵਾ ਦੇ ਵੇਗ ਨਾਲ ਬਾਂਸ ਵਿਚ ਮਾਰੀ ਹੋਈ ਫੂਕ ਬੰਸਰੀ ਰਾਹੀਂ ਸੁਰੀਲੀਆਂ ਸੁਰਾਂ ਵਿਚ ਮਨ ਨੂੰ ਮੋਂਹਦੀ ਹੈ, ਬੰਬ ਦਾ ਧਮਾਕਾ ਅਤੇ ਸਭ ਤੋਂ ਸ਼ਕਤੀਸ਼ਾਲੀ ਧਮਾਕਾ ਉਹ ਗਿਣਿਆ ਜਾਂਦਾ ਹੈ ਜਿਸ ਦੇ ਰਾਹੀਂ ਪ੍ਰਕ੍ਰਿਤੀ ਦੇ ਰਜੋ ਗੁਣ, ਤਮੋ ਗੁਣ, ਸਤੋ ਗੁਣ ਤੱਤਾਂ ਵਿਚ ਹਿਲਜੁਲ ਹੋ ਕੇ ਪ੍ਰਕ੍ਰਿਤਕ ਸ੍ਰਿਸ਼ਟੀ ਰੂਪਮਾਨ ਹੋਈ, ਇਨ੍ਹਾਂ ਸਾਰੀਆਂ ਬਾਣੀਆਂ ਦੇ ਉਪਰ ਉਹ ਸ੍ਰੇਸ਼ਟ ਬਾਣੀ ਹੈ ਜਿਥੋਂ ਸਾਰੇ ਖੰਡ-ਬ੍ਰਹਿਮੰਡ ਪ੍ਰਗਟ ਹੋਏ। ਇਸ ਬਾਣੀ ਵਿਚ ਪੂਰਨ ਗਿਆਨ, ਪੂਰਨ ਸੋਝੀ, ਸਰਬ ਸ਼ਕਤੀਮਾਨਤਾ ਅਤੇ ਵਿਉਂਤ ਹੈ, ਇਸ ਵਿਚ ਪਿਆਰ, ਸਤਿਤਾ, ਚੇਤਨਤਾ ਅਤੇ ਮਹਾਨ ਅਨੰਦ ਹੈ, ਇਸ ਨੂੰ ਆਦਿ ਸ਼ਬਦ ਵੀ ਆਖਿਆ ਜਾਂਦਾ ਹੈ ਅਤੇ ਨਾਮ ਸ਼ਕਤੀ ਵੀ ਕਹਿ ਦਿਤਾ ਜਾਂਦਾ ਹੈ, ਇਹ ਉਹ ਬਾਣੀ ਹੈ ਜੋ ਏਕੰਕਾਰ ਜੀ ਨੇ ਅਨੰਤ ਖੰਡਾਂ-ਬ੍ਰਹਿਮੰਡਾਂ ਦੀ ਰਚਨਾ ਅਤੇ ਜੀਵ ਜੰਤੂਆਂ ਦੀ ਰਚਨਾ ਕਰਨ ਲਈ ਆਪਣੇ ਮੁਖਾਰਬਿੰਦ ਤੋਂ ਉਚਾਰੀ। ਇਥੇ ਇਹ ਭੁਲੇਖਾ ਲਗਦਾ ਹੈ ਕਿ ਜਿਵੇਂ ਅਸੀਂ ਮੂੰਹ ਨਾਲ ਬੋਲਦੇ ਹਾਂ ਇਸੇ ਤਰ੍ਹਾਂ ਨਾਲ ਏਕੰਕਾਰ ਜੀ ਨੇ ਆਪਣੇ ਮੁਖ ਤੋਂ ਇਹ ਬਾਣੀ ਉਚਾਰਨ ਕਰਕੇ ਰਚਨਾ ਕੀਤੀ ਹੈ। ਇਹ ਗੱਲਾਂ ਸਾਡੀ ਸਮਝ ਵਿਚ ਸਮਝਗੋਚਰੇ ਕਰਨ ਲਈ ਮਨੁੱਖ ਦੀ ਸੂਝ ਵਿਚ ਆਉਣ ਵਾਲੀ ਗੱਲਬਾਤ ਵਾਂਗੂੰ ਹੀ ਪ੍ਰਤੀਕ ਬਣਾ ਕੇ ਅਸਾਡੀ ਸਮਝਗੋਚਰੇ ਕਰਾਈ। ਭਾਈ ਗੁਰਦਾਸ ਜੀ ਨੇ ਸਪਸ਼ਟ ਕਰਦਿਆਂ ਫੁਰਮਾਇਆ ਹੈ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਗੁਰੂ ਦਸ਼ਮੇਸ਼ ਪਿਤਾ ਜੀ ਨੇ ਵੀ ਐਸਾ ਫੁਰਮਾਨ ਕੀਤਾ ਹੈ -

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋਹ ਰਹਾ।***

ਇਸੇ ਧੁਨ ਨੂੰ ਸ਼ਬਦ ਆਖਿਆ ਜਾਂਦਾ ਹੈ, ਨਿਸ਼ਚੇ ਨਾਲ ਅਸੀਂ ਬਿਲਕੁਲ ਨਹੀਂ ਕਹਿ ਸਕਦੇ ਕਿ ਇਹ ਅਵਾਜ਼ ਪ੍ਰਕ੍ਰਿਤਕ ਅਵਾਜ਼ ਵਰਗੀ ਹੈ ਜਾਂ ਕਿਸੇ ਹੋਰ ਵਰਗੀ ਹੈ ਕਿਉਂਕਿ ਇਹ ਖੇਲ੍ਹ ਅਗੰਮ ਅਗੋਚਰ ਦਾ ਹੈ ਜਿਥੇ ਆਦਮੀ ਦੀ ਸੋਚ ਕੋਈ ਟੋਹ ਲਾਉਣ ਤੋਂ ਅਸਮਰਥ ਹੈ। ਇਸੇ ਓਅੰਕਾਰ ਧੁਨ ਨੂੰ ਸ਼ਬਦ ਬ੍ਰਹਮ ਆਖਿਆ ਜਾਂਦਾ ਹੈ, ਇਹ ਇਕ ਸੂਝ ਹੈ ਜਿਸ ਵਿਚ ਪ੍ਰਭੂ ਦੀ ਪਰੀਪੂਰਨਤਾ ਪ੍ਰਤੱਖ ਰੂਪ ਵਿਚ ਅਨੁਭਵ ਹੁੰਦੀ ਹੈ; ਇਹੋ ਹੀ ਨਾਮ ਮੰਡਲ ਹੈ, ਇਥੇ ਹੀ ਨਾਮ ਤੇ ਨਾਮੀ ਅਭੇਦ ਹਨ। ਸੋ ਇਹ ਬਚਨ ਕਰਨੇ ਅਕਥ ਹਨ, ਇਸ ਨੂੰ ਵੀ ਅਕਥ ਕਥਾ ਆਖਿਆ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਥੋਂ ਤਕ ਅਸਾਡਾ ਸਬੰਧ ਹੈ, ਉਹ ਚਾਰ ਬਾਣੀਆਂ ਨਾਲ ਹੈ ਜਿਨ੍ਹਾਂ ਨੂੰ ਕਰਮਵਾਰ ਪਰਾ, ਪਸੰਤੀ, ਮਧਮਾ, ਅਤੇ ਬੈਖਰੀ ਆਖਿਆ ਜਾਂਦਾ ਹੈ।

84 ਲੱਖ ਜੂਨੀਆਂ ਜੋ ਅਸਾਡੇ ਦ੍ਰਿਸ਼ਟੀਗੋਚਰੇ ਹੋ ਰਹੀਆਂ ਹਨ, ਉਨ੍ਹਾਂ ਬਾਰੇ ਮਹਾਂਪੁਰਸ਼ਾਂ ਦੇ ਵੱਖਰੇ-ਵੱਖਰੇ ਮਤ ਹਨ ਪਰ ਇਸ ਗੱਲ ਉਪਰ ਸਹਿਮਤੀ ਹੈ ਕਿ ਜੂਨਾਂ 84 ਲੱਖ ਹੀ ਇਸ ਧਰਤੀ ਉਪਰ ਹਨ ਜਿਵੇਂ ਕਿ -

***ਬੀਸ ਲਾਖ ਸੁ ਸਥਾਵਰ ਜਾਨੋ,***
***ਨੌ ਲਾਖ ਸਭ ਜਲਚਰ ਮਾਨੋ।***
***ਗਿਆਰਹ ਲਾਖ ਕੂਰਮ ਕਵੀ ਗਾਏ,***
***ਪੰਖ ਵੀ ਗੁਣ ਲਾਖ ਬਤਾਏ।***
***ਤੀਸ ਲਾਖ ਪਸ਼ੂ ਜਾਨੋ ਭਾਈ,***
***ਚਾਰ ਲਾਖ ਬਾਨਰ ਦੁਖਦਾਈ।***
***ਜਬ ਯਹ ਚੌਰਾਸੀ ਮਿਟ ਜਾਵੇ,***
***ਤਬ ਮਾਨੁਖ ਕੇ ਤਨ ਕੋ ਪਾਵੇ।***

ਜੈਨੀ ਮਹਾਤਮਾ ਦੀ ਗਿਣਤੀ ਦੇ ਮੁਤਾਬਿਕ 84 ਲੱਖ ਜੂਨਾਂ ਦੀ ਵੰਡ ਇਸ ਤਰ੍ਹਾਂ ਹੈ -

9 ਲੱਖ - ਜਲ ਵਾਸੀ

10 ਲੱਖ - ਪੌਣ ਵਿਚ ਉਡਣ ਵਾਲੇ ਪੰਛੀ

20 ਲੱਖ - ਬ੍ਰਿਛ ਆਦਿ

11 ਲੱਖ - ਸਰਪ, ਰੀਂਗਣ ਵਾਲੇ ਜਾਨਵਰ

30 ਲੱਖ - ਚੌਪਾਏ ਪਸ਼ੂ

4 ਲੱਖ - ਮਨੁੱਖ ਜਾਤ ਬਾਂਦਰ, ਬਣਮਾਣੂ

84

**ਹੋਰ ਕਈ ਮਹਾਂਪੁਰਸ਼ਾਂ ਦੇ ਅਨੁਸਾਰ ਇਹ ਗਿਣਤੀ ਇਸ ਪ੍ਰਕਾਰ ਹੈ -**

7 ਲੱਖ - ਪ੍ਰਿਥਵੀ ਵਿਚ

7 ਲੱਖ - ਜਲ ਵਿਚ

7 ਲੱਖ - ਪਉਣ ਵਿਚ

7 ਲੱਖ - ਅਗਨ ਵਿਚ

10 ਲੱਖ - ਕੰਦ, ਗਾਜਰ ਆਦਿ

14 ਲੱਖ - ਝਾੜੀ ਬਿਰਛ ਆਦਿ

2 ਲੱਖ - ਤੁਚਾ ਦੋ ਇੰਦਰੀਆਂ ਵਾਲੇ

2 ਲੱਖ - ਤਿੰਨ ਇੰਦਰੀਆਂ ਵਾਲੇ ਜੋ ਤੁਚਾ ਨੇਤਰ ਅਤੇ ਨਕ ਆਦਿ

2 ਲੱਖ - ਚਾਰ ਇੰਦਰੀਆਂ ਵਾਲੇ - ਤੁਚਾ, ਨੱਕ, ਨੇਤਰ, ਮੁੱਖ ਵਾਲੇ

4 ਲੱਖ - ਦੇਵਤਾ ਸਵਰਗ ਵਾਸੀ

4 ਲੱਖ - ਨਰਕ ਦੇ ਜੀਵ

14 ਲੱਖ - ਮਨੁੱਖ ਜਾਤੀ ਇਕ ਟੰਗੇ, 2 ਟੰਗੇ

4 ਲੱਖ - ਚੌਪਾਏ

84

ਗੁਰੂ ਮਹਾਰਾਜ ਜੀ ਨੇ ਇਸ ਤਰ੍ਹਾਂ ਵੇਰਵੇ ਸਾਹਿਤ ਕੋਈ ਵਿਵਰਣ ਤਾਂ ਨਹੀਂ ਪ੍ਰਗਟ ਕੀਤਾ ਪਰ ਆਪ ਸਮੁੱਚਤਾ ਦੇ ਤੌਰ ਤੇ ਫੁਰਮਾਨ ਕਰ ਦਿੰਦੇ ਹਨ ਕਿ -

***ਕਈ ਜਨਮ ਸਾਖ ਕਰਿ ਉਪਾਇਆ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ॥*** *ਪੰਨਾ - 176*

ਇਨ੍ਹਾਂ 84 ਲੱਖ ਜੂਨੀਆਂ ਵਿਚ ਸਭ ਤੋਂ ਸ੍ਰੇਸ਼ਟ ਜੂਨੀ ਇਸਤ੍ਰੀ ਅਤੇ ਪੁਰਖ ਨੂੰ ਜੋ ਸਰੀਰ ਮਿਲਿਆ ਹੈ ਇਹੋ ਹੈ। ਇਸ ਸਰੀਰ ਵਿਚ ਬਹੁਤ ਹੀ ਵੱਡੀ ਵਚਿਤਰਤਾ ਹੈ ਕਿ ਇਸ ਵਿਚ ਯੋਗੀਆਂ ਦੇ ਮਤ ਅਨੁਸਾਰ 72 ਕਰੋੜ, 72 ਲੱਖ, 72 ਹਜ਼ਾਰ 200 ਦ੍ਰਿਸ਼ ਅਤੇ ਅਦ੍ਰਿਸ਼ ਅਤਿ ਸੂਖਸ਼ਮ ਨਾੜੀਆਂ ਹਨ ਜਿਨ੍ਹਾਂ ਦੇ ਰਾਹੀਂ ਖੂਨ ਦੀ ਹਰਕਤ ਸਾਰੇ ਸਰੀਰ ਵਿਚ ਹਰ ਸਮੇਂ ਹੁੰਦੀ ਰਹਿੰਦੀ ਹੈ। ਜਿਨ੍ਹਾਂ ਵਿਚੋਂ 20 ਨਾੜੀਆਂ ਮੁਖ ਮੰਨੀਆਂ ਹਨ ਅਤੇ ਉਨ੍ਹਾਂ ਵਿਚੋਂ ਤਿੰਨ ਨਾੜੀਆਂ ਦਾ ਜ਼ਿਕਰ ਸਾਰੇ ਧਰਮ ਗ੍ਰੰਥਾਂ ਵਿਚ ਆਉਂਦਾ ਹੈ ਜਿਨ੍ਹਾਂ ਦੇ ਨਾਮ ਇੜਾ, ਪਿੰਗਲਾ ਅਤੇ ਸੁਖਮਨਾ ਹਨ। ਸੁਖਮਨਾ ਨਾੜੀ ਰੀੜ੍ਹ ਦੀ ਹੱਡੀ ਵਿਚ ਅਤਿ ਸੂਖਸ਼ਮ ਹੈ, ਇਹ ਸਿਰ ਵਿਚੋਂ ਸ਼ੁਰੂ ਹੋ ਕੇ ਰੀੜ੍ਹ ਦੀ ਹੱਡੀ ਵਿਚੀਂ ਹੁੰਦੀ ਹੋਈ ਦੂਸਰੇ ਸਿਰੇ ਤਕ ਪਹੁੰਚਦੀ ਹੈ, ਇਸ ਨਾੜੀ ਦੇ ਹੇਠਲੇ ਸਿਰੇ ਉਪਰ ਇਕ ਹੋਰ ਸੂਖਸ਼ਮ ਨਾੜੀ ਹੈ ਜਿਸ ਨੂੰ ਭੁਜੰਗਾ ਨਾੜੀ ਆਖਿਆ ਜਾਂਦਾ ਹੈ। ਸੁਖਮਨਾ ਨਾੜੀ ਵਿਚ ਬਹੁਤ ਹੀ ਅਦਭੁੱਤ ਅਤਿ ਅਸਚਰਜ ਕਰਨ ਵਾਲੇ ਮੁਕਾਮ ਹਨ। ਆਦਮੀ ਦੇ ਸਰੀਰ ਅੰਦਰ ਪੰਜ ਪ੍ਰਾਣ ਹਨ, ਜਿਨ੍ਹਾਂ ਦੇ ਕ੍ਰਮਵਾਰ ਨਾਮ - ਪ੍ਰਾਨ, ਉਪਾਨ, ਉਦਾਨ, ਬਿਆਨ, ਸਮਾਨ ਹਨ। ਇਹ ਆਪਣੇ-ਆਪਣੇ ਥਾਂ ਸਰੀਰ ਨੂੰ ਤੰਦਰੁਸਤ ਰਖਣ ਲਈ ਆਪਣਾ-ਆਪਣਾ ਕਾਰਜ ਸਦਾ ਹੀ ਕਰਦੇ ਰਹਿੰਦੇ ਹਨ। ਪ੍ਰਾਨ ਬਾਹਰਲੀ ਹਵਾ ਜਿਸ ਵਿਚ ਆਕਸੀਜਨ ਹੈ ਇਸ ਨੂੰ ਅੰਦਰ ਲੈ ਜਾਂਦੇ ਹਨ ਅਤੇ ਗੰਦੀ ਹਵਾ ਬਾਹਰ ਕੱਢਦੇ ਰਹਿੰਦੇ ਹਨ। ਇਸੇ ਤਰ੍ਹਾਂ ਨਾਲ ਬਾਕੀ ਪ੍ਰਾਣਾਂ ਦੀ ਵੀ ਵੱਖੋ-ਵੱਖਰੀ ਕ੍ਰਿਆ ਹੈ। ਇਕ ਸਰੀਰ ਦਾ ਤਾਪਮਾਨ ਸਾਢੇ ਅਠਾਨਵੇਂ ਦਰਜੇ ਉਪਰ ਕਾਇਮ ਰਖਦਾ ਹੈ। ਦੂਸਰਾ ਮੇਹਦੇ ਵਿਚੋਂ ਪਚਣ ਵਾਲੇ

ਵੱਖੋ-ਵੱਖਰੇ ਤੱਤਾਂ ਨੂੰ ਲੋੜੀਂਦੇ ਥਾਂ ਪਹੁੰਚਾਉਂਦਾ ਹੈ। ਚੌਥਾ ਦਿਲ ਨੂੰ ਸਦਾ ਹੀ ਚਲਾਉਂਦਾ ਰਹਿੰਦਾ ਹੈ ਅਤੇ ਖ਼ੂਨ ਦੀ ਹਰਕਤ ਜਾਰੀ ਰਖਦਾ ਹੈ। ਪੰਜਵਾਂ ਸਰੀਰ ਦੇ ਮਲਮੂਤਰ, ਪਸੀਨੇ ਆਦਿ ਦੇ ਜ਼ਹਿਰੀਲੇ ਤੱਤ ਸਦਾ ਹੀ ਸਰੀਰ ਵਿਚੋਂ ਬਾਹਰ ਕਢਦਾ ਰਹਿੰਦਾ ਹੈ। ਸੋ ਇਸ ਤਰ੍ਹਾਂ ਨਾਲ ਪ੍ਰਾਣ ਅਤੇ ਉਪਾਨ ਵਾਯੂ ਦੇ ਬਲ ਨਾਲ ਪ੍ਰਾਣਾਯਾਮ ਰਾਹੀਂ ਸਰੀਰ ਅੰਦਰ ਗਰਮੀ ਪੈਦਾ ਕਰਕੇ ਭੁਜੰਗਾ ਨਾੜੀ ਦਾ ਮੂੰਹ ਖੋਲ੍ਹ ਲਿਆ ਜਾਂਦਾ ਹੈ। ਉਹ ਇਕ ਨਾਗਨੀ ਦੀ ਤਰ੍ਹਾਂ ਰੀੜ੍ਹ ਦੀ ਹੱਡੀ ਦੇ ਆਖਰੀ ਸਿਰੇ ਸੁਖਮਨਾ ਨਾੜੀ ਦਾ ਮੂੰਹ ਰੋਕੀਂ ਸੁੱਤੀ ਪਈ ਹੈ, ਇਸ ਦਾ ਮੂੰਹ ਖੁਲ੍ਹਦੇ ਸਾਰ ਅਨੇਕ ਕਿਸਮ ਦੀਆਂ ਬਿਜਲਈ ਸ਼ਕਤੀਆਂ (Electronics) ਪ੍ਰਗਟ ਹੁੰਦੀਆਂ ਹਨ ਜਿਨ੍ਹਾਂ ਨੂੰ ਕੁੰਡਲਨੀ ਸ਼ਕਤੀ ਆਖਿਆ ਜਾਂਦਾ ਹੈ। ਇਸ ਦੀ ਮਦਦ ਨਾਲ ਪ੍ਰਾਣ, ਭੁਜੰਗਾ ਨਾੜੀ ਦਾ ਮੂੰਹ ਖੁਲ੍ਹਦੇ ਸਾਰ ਸੁਖਮਨਾ ਨਾੜੀ ਵਿਚ ਪ੍ਰਵੇਸ਼ ਕਰ ਜਾਂਦੇ ਹਨ ਅਤੇ ਆਪਣੀ ਗਰਮੀ ਨਾਲ ਪਹਿਲੀ ਰੁਕਾਵਟ ਦੂਰ ਕਰਨ ਤੋਂ ਇਕ ਸ਼ਕਤੀ ਦਾ ਸੈਂਟਰ (ਚੱਕਰ) ਖੁਲ੍ਹ ਜਾਂਦਾ ਹੈ ਜਿਸ ਦਾ ਨਾਮ ਮੂਲਧਾਰ ਚੱਕਰ ਰੱਖਿਆ ਗਿਆ ਹੈ। ਇਸ ਦਾ ਸਥਾਨ ਮੂਲ ਦੁਆਰ ਵਿਚ ਹੈ। ਲਾਲ ਰੰਗ ਦੇ ਪੰਜ ਪਤਿਆਂ ਵਾਲਾ ਫੁੱਲ ਅਤੇ ਪੁਰਾਤਨ ਰਿਸ਼ੀਆਂ ਦੇ ਮੁਤਾਬਿਕ ਇਥੇ ਗਣੇਸ਼ ਜੀ ਦੇ ਦਰਸ਼ਨ ਹੁੰਦੇ ਹਨ। ਦੂਸਰਾ ਇਸ ਥਾਂ ਤੋਂ ਸ੍ਵਾਸ ਪੂਰੀ ਗਰਮੀ ਲੈ ਕੇ ਕੁੰਡਲਨੀ ਸਹਿਤ ਦੂਸਰੀ ਰੁਕਾਵਟ ਤੇ ਆਉਂਦਾ ਹੈ, ਇਸ ਨੂੰ ਵੀ ਪ੍ਰਾਣਾਯਾਮ ਦੇ ਬਲ ਨਾਲ ਖੋਲ੍ਹ ਲਿਆ ਜਾਂਦਾ ਹੈ। ਇਸ ਦਾ ਨਿਵਾਸ ਕਾਮ ਕੁੰਡੇ ਵਿਚ ਹੋਇਆ ਕਰਦਾ ਹੈ। ਇਸ ਦੇ ਛੇ ਪੀਲੇ ਰੰਗ ਦੇ ਪਤਿਆਂ ਵਾਲਾ ਫੁੱਲ ਹੈ, ਇਥੇ ਬ੍ਰਹਮਾ ਜੀ ਦੇ ਦਰਸ਼ਨ ਹੁੰਦੇ ਹਨ, ਇਸ ਦਾ ਨਾਮ ਸਵਾਧਿਸ਼ਠਾਨ ਚਕਰ ਹੈ। ਇਸ ਤੋਂ ਅੱਗੇ ਪ੍ਰਾਣਾਯਾਮ ਦੇ ਬਲ ਨਾਲ ਹੋਰ ਚੜ੍ਹਾਈ ਕੀਤੀ ਜਾਂਦੀ ਹੈ, ਇਸ ਦਾ ਨਾਮ ਮਣੀਪੂਰਕ ਚੱਕਰ ਹੈ। ਇਸ ਵਿਚ ਨੀਲੇ ਰੰਗ ਦਾ ਚਾਰ ਪੱਤਿਆਂ ਵਾਲਾ ਫੁਲ ਹੁੰਦਾ ਹੈ ਅਤੇ ਇਸ ਥਾਂ ਦੇ ਉਪਰ ਵਿਸ਼ਨੂੰ ਜੀ ਦੇ ਦਰਸ਼ਨ ਹੁੰਦੇ ਹਨ। ਇਸ ਤੋਂ ਅੱਗੇ ਹਿਰਦੇ ਦੇ ਬਰਾਬਰ ਰੀੜ੍ਹ ਦੀ ਹੱਡੀ ਵਿਚ ਇਕ ਹੋਰ ਰੁਕਾਵਟ ਹੈ ਜਿਸ ਨੂੰ ਉਪਰੋਕਤ ਸਾਧਨ ਰਾਹੀਂ ਹੀ ਖੋਲ੍ਹਿਆ ਜਾਂਦਾ ਹੈ ਜਿਸ ਨੂੰ ਅਨਾਹਤ ਚੱਕਰ ਕਹਿੰਦੇ ਹਨ। ਇਸ ਵਿਚ 12 ਪੱਤਿਆਂ ਵਾਲਾ ਚਿੱਟੇ ਰੰਗ ਦਾ ਫੁੱਲ ਹੋਇਆ ਕਰਦਾ ਹੈ ਅਤੇ ਸ਼ਿਵ ਜੀ ਮਹਾਰਾਜ ਦੇ ਦਰਸ਼ਨ ਦਾ ਝਲਕਾਰਾ ਵਜਦਾ ਹੈ। ਇਸ ਤੋਂ ਅੱਗੇ ਕੰਠ ਦੇ ਨੇੜੇ ਵਿਸ਼ੁਧ ਚੱਕਰ ਹੋਇਆ ਕਰਦਾ ਹੈ, 16 ਸਾਹਵੇਂ ਰੰਗ ਦੇ ਪੱਤਰਾਂ ਵਾਲਾ ਫੁੱਲ ਹੋਇਆ ਕਰਦਾ ਹੈ ਜਿਸ ਥਾਂ ਦੇ ਉਤੇ ਜੀਵ ਦਾ ਨਿਵਾਸ ਹੁੰਦਾ ਹੈ। ਇਸ ਤੋਂ ਅੱਗੇ ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਇਸ ਦੀ ਸੇਧ ਵਿਚ ਸੁਖਮਨਾ ਨਾੜੀ ਆਗਿਆ ਚੱਕਰ ਵਿਚ ਹੁੰਦੀ ਹੈ ਜਿਸ ਦਾ ਨਿਵਾਸ ਤ੍ਰਿਕੁਟੀ ਵਿਚ ਹੈ। ਲਾਲ ਰੰਗ ਦੇ ਦੋ ਪੱਤਿਆਂ ਵਾਲਾ ਫੁੱਲ ਇਥੇ ਹੋਇਆ ਕਰਦਾ ਹੈ ਅਤੇ ਇਸ ਥਾਂ ਉਪਰ ਗੁਰੂ ਦਾ ਨਿਵਾਸ ਹੈ। ਇਹ ਸੂਖਸ਼ਮ ਰੂਪ ਵਿਚ ਗੁਰੂ, ਉਪਰ ਚੜ੍ਹਾਈ ਕਰਾ ਕੇ ਸਹੰਸਰਾਰ ਦਲ ਕਮਲ ਵਿਚੋਂ ਲੰਘਾਉਂਦਾ ਹੈ। ਜਿਸ ਦਾ ਪ੍ਰਕਾਸ਼ਮਾਈ ਹਜ਼ਾਰ ਪੱਤਿਆਂ ਵਾਲਾ ਫੁੱਲ ਹੁੰਦਾ ਹੈ। ਇਸ ਥਾਂ ਉਪਰ ਅਥਾਹ ਸ਼ਕਤੀਆਂ ਦਾ ਨਿਵਾਸ ਹੋਇਆ ਕਰਦਾ ਹੈ, ਰਿੱਧੀਆਂ ਸਿੱਧੀਆਂ, ਨੌ ਸ਼ਕਤੀਆਂ ਇਥੇ ਹੁਲਾਰੇ ਮਾਰਦੀਆਂ ਹਨ, ਇਹ ਕਦੇ ਜਗਿਆਸੂ ਨੂੰ ਬੰਦਿਆਂ ਦੀ ਬੋਲੀ ਵਿਚ ਬੋਲ ਕੇ ਆਪਣੀ ਸਮਰਥਾ ਦਸਦੀਆਂ ਹਨ, ਕਿਤੇ ਉਹ ਸੁੰਦਰ ਇਸਤ੍ਰੀਆਂ ਦੇ ਰੂਪ ਵਿਚ ਰੂਪਮਾਨ ਹੋ ਕੇ ਜਗਿਆਸੂ ਨੂੰ ਲੁਭਾਏਮਾਨ ਕਰਕੇ ਆਪਣੇ ਵਸ ਵਿਚ ਕਰ ਲੈਣ ਦਾ ਜਤਨ ਕਰਦੀਆਂ ਹਨ ਪਰ ਜਿਸ ਸਾਧਕ ਦਾ ਧਿਆਨ ਆਪਣੇ ਗੁਰੂ ਵਿਚ ਪੂਰੀ ਤਰ੍ਹਾਂ ਲੀਨ ਹੈ, ਉਹ ਨਾ ਹੀ ਇਨ੍ਹਾਂ ਦੀਆਂ ਅਵਾਜ਼ਾਂ ਸੁਣਦੇ ਹਨ ਅਤੇ ਨਾ ਹੀ ਨੇਤਰ ਚੁਕ ਕੇ ਇਨ੍ਹਾਂ ਦੇ ਮੁੱਖ ਵਲ ਦੇਖਦੇ ਹਨ। ਇਹ ਮੋਹਣੀਆਂ ਹਨ ਅਤੇ ਜਗਿਆਸੂ ਨੂੰ ਬਿਨਾਂ ਦੰਦਾਂ ਤੋਂ ਇਹ ਖਾ ਜਾਂਦੀਆਂ ਹਨ ਪਰ ਇਥੇ ਪੂਰਾ ਸਤਿਗੁਰੂ ਮਦਦ ਕਰਦਾ ਹੈ। ਇਨ੍ਹਾਂ ਰਿੱਧੀਆਂ-ਸਿੱਧੀਆਂ, ਰੂਪ ਠੱਗਣੀਆਂ ਤੋਂ ਬਚਾ ਕੇ ਦਸਵੇਂ ਦੁਆਰ ਵਿਚ ਪ੍ਰਵੇਸ਼ ਕਰਾ ਦਿਆ ਕਰਦਾ ਹੈ। ਇਹ ਮਾਰਗ ਜੋ ਉਪਰ ਕਥਨ ਕੀਤਾ ਹੈ ਇਹ ਉਨ੍ਹਾਂ ਸਮਿਆਂ ਵਿਚ ਪ੍ਰਚਲਤ ਸੀ ਜਦੋਂ ਆਦਮੀ ਬ੍ਰਹਮਚਰੀਯ ਦਾ ਵਰਤ ਪੂਰੀ ਤਰ੍ਹਾਂ ਪਾਲਨ ਕਰਿਆ ਕਰਦੇ ਸਨ। ਉਹ ਸਾਧਕ ਅੰਦਰ ਪੈਦਾ ਹੋਈ ਗਰਮੀ ਨੂੰ ਬ੍ਰਹਮਚਰੀਯ ਦੀ ਸ਼ਕਤੀ ਨਾਲ ਸਹਿਨ ਕਰ ਜਾਇਆ ਕਰਦਾ ਸੀ ਪਰ ਅੱਜ ਦਾ ਮਨੁੱਖ ਜੋ ਚਰਿੱਤਰਹੀਣਾ ਹੈ, ਜਿਸ ਦਾ ਅਚਾਰ, ਵਿਹਾਰ ਮਰਿਆਦਾ ਤੋਂ ਹੀਣਾ ਹੈ, ਉਹ ਜੇ ਇਸ ਮਾਰਗ ਉਪਰ ਚਲ ਪਵੇ ਤਾਂ ਉਸ ਦਾ ਪ੍ਰਿਅ ਸਥਾਨ ਪਾਗਲਖਾਨਾ ਹੀ ਹੋਇਆ ਕਰਦਾ ਹੈ। ਇਸ ਕਰਕੇ ਗੁਰੂ ਮਹਾਰਾਜ ਜੀ ਨੇ ਅਸਾਨੂੰ ਬਹੁਤ ਹੀ ਸੁਖਾਲਾ ਰਾਹ ਜਿਸ ਨੂੰ 'ਕਲਜੁੱਗ ਨਾਨਕ ਨਾਮ ਸੁਖਾਲਾ' ਕਹਿ ਕੇ ਵਡਿਆਈ ਦਿਤੀ ਹੈ, ਉਹ ਸ਼ਬਦ ਸੁਰਤ ਦਾ ਮਾਰਗ ਹੈ ਜਿਸ ਦੇ ਅਨੁਸਾਰ ਆਪਣੇ ਗੁਰੂ ਦੇ ਦਿਤੇ ਮੰਤਰ ਨਾਲ ਸ੍ਵਾਸ ਦੀ ਥਾਂ ਸੁਰਤ ਨੂੰ ਜੋੜੀਦਾ ਹੈ। ਇਹ ਸੁਰਤ ਫੁਰਨਿਆਂ ਤੋਂ ਰਹਿਤ ਹੋ ਕੇ ਪਾਰਬ੍ਰਹਮ ਮੰਡਲ ਤਕ ਚੜ੍ਹਾਈ ਕਰ ਸਕਦੀ ਹੈ। ਇਸ ਨੂੰ ਸੁਖਮਨਾ ਨਾੜੀ ਵਿਚ ਦਾਖਲ ਹੋਣ ਦੀ ਲੋੜ ਨਹੀਂ ਅਤੇ ਨਾ ਹੀ ਕੋਈ ਚੱਕਰ ਗਰਮੀ ਦੇ ਦੇ ਕੇ ਖੋਲ੍ਹਣ ਦੀ ਲੋੜ ਹੈ। ਇਹ ਸਹਿਜ ਨਾਲ ਹੀ ਦਸਮ ਦੁਆਰ ਦੀ ਰਹਿਤ ਪ੍ਰਾਪਤ ਕਰ ਲੈਂਦਾ ਹੈ ਪਰ ਇਸ ਲਈ ਜੋ ਸਾਧਨ ਕੀਤਾ ਜਾਂਦਾ ਹੈ ਉਸ ਨੂੰ 'ਭਗਤ ਅਸ਼ਟਾਂਗ ਯੋਗ' ਦਾ ਨਾਮ ਦਿਤਾ ਜਾਂਦਾ ਹੈ।

ਆਪ ਨੇ ਵਿਸਥਾਰ ਨਾਲ ਸਰਵਣ ਕਰ ਲਿਆ ਹੈ ਕਿ ਇਹ ਜੀਵ ਮਰਨ ਨਾਲ ਮਰਦਾ ਨਹੀਂ ਹੈ, ਇਹ ਸਦਾ ਹੀ ਜਿਉਂਦਾ ਰਹਿੰਦਾ ਹੈ ਪਰ ਇਹ ਆਪਣੇ ਕਰਮਾਂ ਦੇ ਹਿਸਾਬ ਨਾਲ ਚਾਰੇ ਖਾਣੀਆਂ ਦੇ ਵਿਚੋਂ ਸਰੀਰ ਧਾਰਨ ਕਰਦਾ ਹੌਲੀ-ਹੌਲੀ ਸਹਿਜ ਨਾਲ ਮਨੁੱਖ ਦੇਹ ਪ੍ਰਾਪਤ ਕਰ ਲੈਂਦਾ ਹੈ। ਕਈਆਂ ਦਾ ਖਿਆਲ ਹੈ ਕਿ ਕੁੱਤੇ ਨੂੰ ਕਦੇ ਮਨੁੱਖ ਦੇਹ ਨਹੀਂ ਮਿਲਦੀ, ਗਊ ਨੂੰ ਕਦੇ ਇਸਤ੍ਰੀ ਦੇਹ ਨਹੀਂ ਮਿਲਦੀ, ਜੇ ਆਦਮੀ ਮਰਦਾ ਹੈ ਤਾਂ ਉਹ ਮਰ ਕੇ ਕਰਮਾਂ ਦੇ ਹਿਸਾਬ ਨਾਲ ਨਰਕ ਤੇ ਸੁਰਗ ਭੋਗਦਾ ਹੈ ਅਤੇ ਨਰਕਾਂ ਵਿਚ ਸੁੱਟਿਆ ਹੋਇਆ ਜੀਵ ਨਰਕ ਦੀ ਸਮਾਪਤੀ ਉਪਰੰਤ ਮੁੜ ਕੇ ਫੇਰ ਮਨੁੱਖ ਦੇਹ ਪ੍ਰਾਪਤ ਕਰ ਲੈਂਦਾ ਹੈ ਪਰ ਇਹ ਸਿਧਾਂਤ ਮਨਮਤਿ ਅਤੇ ਨਾਸਤਕਤਾ ਤੇ ਅਧਾਰਿਤ ਹਨ, ਗੁਰੂ ਸਿਧਾਂਤ ਨਾਲ ਇਸ ਦਾ ਕੋਈ ਵੀ ਸਬੰਧ ਨਹੀਂ ਹੈ। ਗੁਰੂ ਮਹਾਰਾਜ ਜੀ ਬਾਣੀ ਰਾਹੀਂ ਫੁਰਮਾਨ ਕਰਦੇ ਹਨ ਕਿ ਇਹ ਜੀਵ ਆਪਣੇ ਕਰਮਾਂ ਅਨੁਸਾਰ ਮਨੁੱਖਾ ਦੇਹ ਦੀ ਅਤਿ ਉਤਮ ਵਡਿਆਈ ਤੋਂ ਪਤਿਤ ਹੋ ਕੇ ਕੁੱਤੇ ਬਿੱਲੇ ਬਣਦਾ ਹੈ, ਭੂਤ ਪ੍ਰੇਤ ਬਣਦਾ ਹੈ, ਸੂਰ ਬਣਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਜਿਸ

ਦੇ ਮਨ ਵਿਚ ਆਪਣੀ ਅਮੀਰੀ ਦਾ, ਆਪਣੀ ਉਚੀ ਪਦਵੀ ਦਾ ਅਭਿਮਾਨ ਹੋ ਗਿਆ ਉਸ ਨੂੰ ਮਰਨ ਤੋਂ ਬਾਦ ਮਨੁੱਖਾ ਦੇਹ ਬਿਲਕੁਲ ਹੀ ਨਹੀਂ ਮਿਲਦੀ। ਜਿਵੇਂ ਕਿ ਫੁਰਮਾਨ ਹੈ –

*ਜਿਸ ਕੈ ਅੰਤਰਿ ਰਾਜ ਅਭਿਮਾਨੁ॥*
*ਸੋ ਨਰਕਪਾਤੀ ਹੋਵਤ ਸੁਆਨੁ॥* *ਪੰਨਾ - 278*

ਨਰਕਾਂ ਵਿਚ ਦੁਖ ਸਹਿਣ ਉਪਰੰਤ ਜਦੋਂ ਨਰਕ ਦੀ ਸਜ਼ਾ ਦਾ ਖਾਤਮਾ ਹੋ ਜਾਂਦਾ ਹੈ ਤਾਂ ਉਸ ਦਾ ਜੋ ਜੀਵ ਆਤਮਾ ਹੈ ਉਹ ਕੁੱਤੇ ਦੇ ਸਰੀਰ ਵਿਚ ਆ ਕੇ ਪ੍ਰਵੇਸ਼ ਕਰਦਾ ਹੈ।

ਭਗਤ ਤ੍ਰਿਲੋਚਨ ਜੀ ਤੋਂ ਪੁਛਿਆ ਕਿ ਮਹਾਰਾਜ! ਆਪ ਇਹ ਤਾਂ ਦੱਸੋ ਕਿ ਇਹ ਜੀਵ ਮਰ ਕੇ ਕਿਥੇ ਜਾਂਦਾ ਹੈ? ਭਾਵੇਂ ਇਹ ਪ੍ਰਸ਼ਨ ਬੇਅੰਤ-ਬੇਅੰਤ ਹੈ ਪਰ ਫੇਰ ਵੀ ਆਪ ਜੀ ਨੇ ਥੋੜ੍ਹਾ ਜਿਹਾ ਵਰਨਣ ਕੀਤਾ ਹੈ ਜੋ ਗੁਰੂ ਮਹਾਰਾਜ ਜੀ ਨੇ ਫੁਰਮਾਨ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਤਿਗੁਰੂ ਦੀ ਬਾਣੀ ਦਾ ਦਰਜਾ ਦੇ ਕੇ ਅੰਕਤ ਕੀਤਾ ਹੈ। ਜਿਵੇਂ ਕਿ ਜੋ ਮਰਨ ਸਮੇਂ ਮਾਇਆ ਵਿਚ ਧਿਆਨ ਰਖਦਾ ਹੋਇਆ ਪੈਸੇ ਟਕੇ ਦੀਆਂ ਗਿਣਤੀਆਂ ਵਿਚ ਪਿਆ ਹੋਇਆ ਸਰੀਰ ਛੱਡ ਜਾਂਦਾ ਹੈ, ਉਸ ਨੂੰ ਸੱਪ ਦੀ ਜੂਨੀ ਪ੍ਰਾਪਤ ਹੋਇਆ ਕਰਦੀ ਹੈ। ਜੋ ਪੁੱਤਰ ਵਾਸ਼ਨਾ ਵਿਚ ਗੁਲਤਾਨ ਹੋਇਆ ਹੋਇਆ ਸਰੀਰ ਛੱਡ ਜਾਂਦਾ ਹੈ ਉਸ ਨੂੰ ਬਹੁਤੀ ਉਲਾਦ ਪੈਦਾ ਕਰਨ ਵਾਲੇ ਸੂਰਾਂ ਦਾ ਸਰੀਰ ਪ੍ਰਾਪਤ ਹੋਇਆ ਕਰਦਾ ਹੈ। ਕਈ ਪ੍ਰੇਮੀ ਅੰਤ ਸਮੇਂ ਪਰਇਸਤ੍ਰੀ ਦੇ ਧਿਆਨ ਵਿਚ ਜਾਂ ਪਰਇਸਤ੍ਰੀ ਪਰਪੁਰਸ਼ ਦੇ ਧਿਆਨ ਵਿਚ ਸਰੀਰ ਛੱਡ ਦੇਵੇ ਤਾਂ ਉਸ ਨੂੰ ਅਗਲਾ ਜਨਮ ਸਰੀਰ ਅਤੇ ਸੁੰਦਰਤਾ ਵੇਚਣ ਵਾਲੀਆਂ ਵੇਸ਼ਵਾਵਾਂ ਦਾ ਮਿਲਿਆ ਕਰਦਾ ਹੈ। ਇਹ ਕਾਮ ਭੁੱਖ ਦੇ ਅਧੀਨ ਆਪਣਾ ਸਰੀਰ ਵੇਚਦੀਆਂ ਹਨ ਅਤੇ ਵਿਕਾਰੀ ਪੁਰਸ਼ਾਂ ਤੋਂ ਪੈਸੇ ਲੈਂਦੀਆਂ ਹਨ। ਇਸੇ ਤਰ੍ਹਾਂ ਨਾਲ ਜੇ ਅੰਤ ਦਾ ਸਮਾਂ ਆਇਆ ਹੋਵੇ, ਉਸ ਸਮੇਂ ਜ਼ਮੀਨ, ਜਾਇਦਾਦ, ਇੰਡਸਰੀਆਂ ਆਦਿ ਦੀ ਵਾਸ਼ਨਾ ਸੁਰਤ ਵਿਚ ਰਹਿ ਜਾਂਦੀ ਹੈ ਤਾਂ ਮਰਨ ਤੋਂ ਪਿਛੋਂ ਉਸ ਨੂੰ ਭੂਤਾਂ, ਪ੍ਰੇਤਾਂ ਦਾ ਅਵਿਅਕਤ ਸਰੀਰ ਪ੍ਰਾਪਤ ਹੋਇਆ ਕਰਦਾ ਹੈ ਜਿਸ ਨਾਲ ਇਸਨੂੰ ਮਹਾਨ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜੇ ਅੰਤ ਦਾ ਸਮਾਂ ਆ ਗਿਆ, ਉਸ ਦਾ ਧਿਆਨ ਵਾਹਿਗੁਰੂ ਜੀ ਦੀ ਪਰੀਪੂਰਨਤਾ ਦੀ ਵਿਚਾਰ ਕਰਦਾ ਹੋਇਆ ਸਰੀਰ ਛੱਡ ਦਿੰਦਾ ਹੈ ਤਾਂ ਉਹ ਪ੍ਰਭੂ ਵਾਸ਼ਨਾ ਕਰਕੇ ਪ੍ਰਭੂ ਦੇ ਧਾਮ ਵਿਚ ਜਾ ਕੇ ਨਿਵਾਸ ਕਰਦਾ ਹੈ, ਪੂਰਾ ਸ਼ਬਦ ਇਸ ਤਰ੍ਹਾਂ ਹੈ –

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥*
*ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸੂਕਰ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ॥* *ਪੰਨਾ - 526*

ਸੋ ਇਸ ਤਰ੍ਹਾਂ ਜਿਨ੍ਹਾਂ ਲੋਕਾਂ ਦਾ ਇਹ ਖਿਆਲ ਹੈ ਕਿ ਜੇ ਮਨੁੱਖ ਮਰਦਾ ਹੈ ਤਾਂ ਉਸ ਨੂੰ ਮਨੁੱਖ ਦਾ ਸਰੀਰ ਪ੍ਰਾਪਤ ਹੁੰਦਾ ਹੈ ਇਹ ਸਤਿ ਤੇ ਅਧਾਰਿਤ ਨਹੀਂ ਹੈ, ਇਹ ਕੇਵਲ ਕਪੋਲ ਕਲਪਨਾ ਆਪਣੇ ਔਗੁਣ ਛੁਪਾਉਣ ਦੀ ਹੈ। ਜਦੋਂ ਅਸੀਂ ਗੁਰੂ ਸਿਧਾਂਤ ਦੀ ਵਿਚਾਰ ਕਰਦੇ ਹਾਂ ਤਾਂ ਬਹੁਤ ਸਾਰੀਆਂ ਸਾਖੀਆਂ ਤੋਂ ਗੁਰੂ ਸਿਧਾਂਤ ਦਾ ਨਿਰਣਾ ਸਪਸ਼ਟ ਹੁੰਦਾ ਹੈ।

ਗੁਰੂ ਦਸ਼ਮੇਸ਼ ਪਿਤਾ ਕਿਸ਼ੋਰ ਅਵਸਥਾ ਵਿਚ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਗੁਰਗੱਦੀ ਤੇ ਬਿਰਾਜਮਾਨ ਹੋ ਗਏ। ਪੂਜਾ ਦੇ ਧਾਨ ਨਾਲ ਮਤ ਮਾਰੇ ਮਸੰਦ ਗੁਰੂ ਮਹਾਰਾਜ ਜੀ ਦੀ ਸ਼ਰਧਾ ਤੋਂ ਹੀਣੇ ਹੋ ਗਏ ਕਿਉਂਕਿ ਇਕ ਤਾਂ ਉਹ ਇਹ ਦੇਖਦੇ ਸਨ ਕਿ ਗੁਰੂ ਨੌਂਵੇਂ ਪਾਤਸ਼ਾਹ ਉਸੇ ਤਰ੍ਹਾਂ ਸ਼ਹੀਦ ਹੋ ਗਏ ਜਿਸ ਤਰ੍ਹਾਂ ਇਕ ਆਮ ਆਦਮੀ ਨੂੰ ਮਾਰਿਆ ਜਾਂਦਾ ਹੈ। ਉਨ੍ਹਾਂ ਨੇ ਕੋਈ ਸ਼ਕਤੀ ਨਾ ਦਿਖਾਈ ਅਤੇ ਇਹ ਮਸੰਦ ਉਹ ਸਾਰੀਆਂ ਮਹਾਨਤਾ ਦੀਆਂ ਗੱਲਾਂ ਭੁੱਲ ਗਏ। ਇਸ ਨਿਰਣੇ ਦੇ ਉਤੇ ਆ ਕੇ ਠਹਿਰੇ ਕਿ ਸ਼ਕਤੀਆਂ ਬਾਰੇ ਲੋਕ ਐਵੇਂ ਹੀ ਕਪੋਲ ਕਹਾਣੀਆਂ ਬਣਾ ਕੇ ਝੂਠ ਬੋਲ-ਬੋਲ ਕੇ ਦਸਦੇ ਹਨ, ਦਰਅਸਲ ਗੁਰੂ ਵੀ ਆਮ ਬੰਦੇ ਵਰਗੇ ਹੁੰਦੇ ਹਨ ਅਤੇ ਉਨ੍ਹਾਂ ਵਿਚ ਕੋਈ ਸ਼ਕਤੀ ਨਹੀਂ ਹੁੰਦੀ। ਜੇ ਗੁਰੂ ਜੀ ਵਿਚ ਸ਼ਕਤੀ ਹੁੰਦੀ ਤਾਂ ਉਹ ਆਪਣੇ ਸਾਥੀਆਂ ਨੂੰ ਆਰਿਆਂ ਨਾਲ ਚੀਰ ਦੇਣ ਦੀ, ਦੇਗਾਂ ਵਿਚ ਉਬਾਲੇ ਦੇਣ ਦੀ ਅਤੇ ਜਿਉਂਦਿਆਂ ਨੂੰ ਅੱਗ ਲਾ ਕੇ ਮਾਰਨ ਦੀ ਸਜ਼ਾ ਨਾ ਦੇਣ ਦਿੰਦੇ। ਸਗੋਂ ਆਪਣੀ ਇਕੋ ਦ੍ਰਿਸ਼ਟੀ ਕਰਕੇ ਉਨ੍ਹਾਂ ਨੂੰ ਉਥੇ ਹੀ ਸੁਆਹ ਬਣਾ ਦਿੰਦੇ। ਜਰਵਾਣਿਆਂ ਨੂੰ ਪਤਾ ਲਗ ਜਾਂਦਾ ਕਿ ਗੁਰੂ ਤੇ ਸਿੱਖਾਂ ਨੂੰ ਛੇੜ ਕੇ ਕੀ ਫਲ ਮਿਲਦਾ ਹੈ। ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਤਕ ਵੀ ਗੱਲਾਂ ਕਰਦੇ ਸਨ ਕਿ ਉਨ੍ਹਾਂ ਨੇ ਤਵੀ ਉਪਰ ਬੈਠ ਕੇ ਤਵੀ ਠੰਢੀ ਨਾ ਕੀਤੀ, ਪਾਣੀ ਵਿਚ ਉਬਾਲੇ ਖਾਂਦਿਆਂ ਨੇ ਪਾਣੀ ਠੰਢਾ ਨਾ ਕੀਤਾ ਅਤੇ ਆਮ ਮਨੁੱਖ ਵਾਂਗੂੰ ਹੀ ਸਰੀਰ ਛੱਡ ਦਿਤਾ। ਉਹ ਹੁਕਮ ਦੇ ਉਚੇ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਨਾਸਤਕ ਹੋ ਚੁਕੇ ਸਨ ਅਤੇ ਗੁਰੂ ਦੀ ਵਡੱਤਣ ਨੂੰ ਆਮ ਮਨੁੱਖ ਨਾਲ ਰਲਾ ਕੇ ਚਤੁਰਾਈਆਂ ਕਰਦੇ ਸਨ। ਗੁਰੂ ਮਹਾਰਾਜ ਜੀ ਆਪਣਾ ਫਰਜ਼ ਸਮਝਦੇ ਸਨ ਕਿ ਗੁਰਸਿਖਾਂ ਦੇ ਅੰਦਰ ਪੁੰਗਰ ਰਹੀ ਨਾਸਤਕ ਭਾਵਨਾ ਖਤਮ ਕੀਤੀ ਜਾਵੇ।

ਆਪ ਜੀ ਨੇ ਦੇਖਿਆ ਕਿ ਇਕ ਮਦਾਰੀ ਰਿੱਛ ਲਈ ਜਾ ਰਿਹਾ ਹੈ ਦੀਵਾਨ ਲੱਗਿਆ ਹੋਇਆ ਸੀ, ਕੀਰਤਨ ਹੋ ਰਿਹਾ ਸੀ, ਅਨੇਕਾਂ ਸੰਗਤਾਂ ਦੂਰ-ਦਰਾਜ਼ ਤੋਂ ਗੁਰੂ ਦਰਬਾਰ ਵਿਚ ਸਸ਼ੋਭਤ ਸਨ। ਗੁਰੂ ਮਹਾਰਾਜ ਜੀ ਨੇ ਚੋਬਦਾਰ ਨੂੰ ਕਿਹਾ ਕਿ ਉਹ ਜਿਹੜਾ ਮਦਾਰੀ ਰਿੱਛ ਲਈ ਜਾ ਰਿਹਾ ਹੈ, ਉਸ ਨੂੰ ਸਾਡੇ ਪੇਸ਼ ਕਰੋ। ਇਹ ਗੱਲ ਦੇਖ ਕੇ ਵੱਡੇ-ਵੱਡੇ ਮਸੰਦਾਂ ਦੇ ਦਿਲ ਵਿਚ ਆਇਆ ਕਿ ਗੁਰੂ ਅਜੇ ਬੱਚਾ ਹੈ, ਨਾਟਕ-ਚੇਟਕ

ਦੇਖਣ ਦੀ ਰੁਚੀ ਨੂੰ ਲੰਘ ਨਹੀਂ ਸਕਿਆ। ਦੀਵਾਨ ਵਿਚ ਕੀਰਤਨ ਹੋ ਰਿਹਾ ਹੈ, ਗੁਰੂ ਦਾ ਕੀ ਕੰਮ ਹੈ, ਹਰੀ ਜਸ ਸੁਣਦੇ ਤਮਾਸ਼ਾ ਦੇਖਣਾ। ਗੁਰੂ ਮਹਾਰਾਜ ਜੀ ਘਟ-ਘਟ ਦੇ ਜਾਨਣਹਾਰ ਉਨ੍ਹਾਂ ਦੀਆਂ ਨਾਸਤਕ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਜਾਣਦੇ ਸਨ। ਰਿੱਛ ਵਾਲਾ ਆ ਗਿਆ। ਮਹਾਰਾਜ ਜੀ ਨੇ ਕਿਹਾ ਕਿ ਭਾਈ ਪ੍ਰੇਮੀਆ! ਕੋਈ ਤਮਾਸ਼ਾ ਦਿਖਾ। ਉਹ ਰਿੱਛ ਨੂੰ ਨਚਾਉਣ ਲਗ ਗਿਆ ਅਤੇ ਉਸ ਨਾਲ ਘੁਲਣ ਲਗ ਗਿਆ। ਉਸ ਦੇ ਹੱਥਾਂ ਉਪਰ ਚਮੜੇ ਦੇ ਦਸਤਾਨੇ ਪਾਏ ਹੋਏ ਸਨ ਅਤੇ ਇਕ ਖੱਲ ਦਾ ਕੋਟ ਪਹਿਨਿਆ ਹੋਇਆ ਸੀ। ਇਹ ਇਸ ਕਰਕੇ ਪਹਿਨੇ ਹੋਏ ਸਨ ਕਿ ਜਦੋਂ ਰਿੱਛ ਨਾਲ ਉਸ ਨੇ ਘੁਲਣਾ ਹੈ ਤਾਂ ਉਹ ਤਿੱਖੇ ਪੰਜੇ ਮਾਰ ਕੇ ਜ਼ਖਮ ਨਾ ਕਰ ਦੇਵੇ। ਇਹ ਰਿੱਛ ਨਾਲ ਘੁਲਦਾ ਰਿਹਾ, ਕਦੇ ਇਹ ਰਿੱਛ ਨੂੰ ਦੱਬ ਲਵੇ ਅਤੇ ਕਦੇ ਰਿੱਛ ਇਹਦੇ ਉਪਰ ਆ ਜਾਂਦਾ ਸੀ। ਸਾਰੀ ਸੰਗਤ ਇਹ ਦ੍ਰਿਸ਼ ਦੇਖ ਕੇ ਤਾਲੀਆਂ ਮਾਰ-ਮਾਰ ਕੇ ਹਸ ਰਹੀ ਸੀ। ਇਸੇ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਚੌਰ ਬਰਦਾਰ ਭਾਈ ਕੀਰਤੀਆ ਉਹ ਕੁਝ ਵਿਸ਼ੇਸ਼ ਤੌਰ ਤੇ ਜ਼ੋਰ-ਜ਼ੋਰ ਨਾਲ ਹੱਸ ਰਿਹਾ ਸੀ। ਗੁਰੂ ਮਹਾਰਾਜ ਜੀ ਨੇ ਉਸ ਨੂੰ ਕਿਹਾ ਕਿ ਭਾਈ ਕੀਰਤੀਆ! ਤੂੰ ਨਾ ਹਸ। ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਹਾਸਾ ਤਾਂ ਕੁਦਰਤੀ ਹੀ ਆ ਰਿਹਾ ਹੈ, ਸਾਰੇ ਹੱਸ ਰਹੇ ਹਨ ਮੈਨੂੰ ਵੀ ਹੱਸ ਲੈਣ ਦਿਓ। ਹਸਣਾ ਅੰਦਰਲੇ ਦੀ ਇਕ ਖੁਰਾਕ ਹੋਇਆ ਕਰਦਾ ਹੈ, ਇਸ ਦੇ ਵਿਪਰੀਤ ਹਉਕੇ ਆਉਣੇ ਇਕ ਬਿਮਾਰੀ ਹੋਇਆ ਕਰਦੀ ਹੈ ਜੋ ਆਦਮੀ ਨੂੰ ਗੰਭੀਰ ਦਸ਼ਾ ਵਿਚ ਲਿਜਾ ਕੇ ਰੋਗ ਲਾ ਦਿੰਦੀ ਹੈ।

ਗੁਰੂ ਮਹਾਰਾਜ ਜੀ ਨੇ ਉਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਕੀਰਤੀਆ! ਅਸੀਂ ਤੈਨੂੰ ਇਸ ਲਈ ਕਹਿੰਦੇ ਹਾਂ ਕਿਉਂਕਿ ਇਹ ਤੇਰਾ ਬਾਪੂ ਹੈ। ਉਹ ਹੈਰਾਨ ਹੋ ਗਿਆ ਕਿ ਮੇਰਾ ਪਿਤਾ ਤਾਂ ਗੁਰੂ ਅੱਠਵੇਂ ਪਾਤਸ਼ਾਹ, ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ। ਚੌਰ ਦੀ ਸੇਵਾ ਤੋਂ ਵਿਹਲਾ ਹੋ ਕੇ ਹੋਰ ਅਨੇਕ ਕਿਸਮ ਦੀਆਂ ਸੇਵਾਵਾਂ ਕਰਿਆ ਕਰਦਾ ਸੀ। ਪਾਤਸ਼ਾਹ! ਮੇਰਾ ਪਿਤਾ ਤਾਂ ਗੁਰੂ ਲੋਕ ਵਿਚ ਪੁਜਣਾ ਚਾਹੀਦਾ ਸੀ ਜੋ ਗੁਰਸਿਖਾਂ ਦਾ ਥਾਂ ਹੈ ਕਿਉਂਕਿ ਆਪ ਨੇ ਹੀ ਫੁਰਮਾਇਆ ਹੈ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥***

*ਪੰਨਾ - 517*

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਕੀਰਤੀਆ! ਗੁੱਸੇ ਨਾ ਹੋ। ਕਿਉਂਕਿ ਉਸ ਨੇ ਗੁੱਸੇ ਵਿਚ ਆ ਕੇ ਆਪਣਾ ਚੌਰ ਗੁਰੂ ਮਹਾਰਾਜ ਜੀ ਸਾਮ੍ਹਣੇ ਰਖਦਿਆਂ ਕਿਹਾ ਕਿ ਮੇਰਾ ਪਿਤਾ ਐਨੀ ਸੇਵਾ ਕਰਕੇ ਰਿੱਛ ਬਣ ਗਿਆ, ਮੈਂ ਤਾਂ ਸ਼ਾਇਦ ਫੇਰ ਬਾਂਦਰ ਹੀ ਬਣਾਂ। ਗੁਰੂ ਮਹਾਰਾਜ ਜੀ ਦੇ ਆਦਰ ਤੋਂ ਹੀਣਾ ਹੋ ਗਿਆ। ਗੁਰੂ ਮਹਾਰਾਜ ਜੀ ਨੂੰ ਉਸ ਨੇ ਇਕ ਹਸਮੁਖ ਬੱਚਾ ਹੀ ਜਾਣਿਆ, ਉਨ੍ਹਾਂ ਦੀ ਲੀਲਾ ਨੂੰ ਸਮਝ ਨਹੀਂ ਸਕਿਆ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਕੀਰਤੀਆ! ਤੇਰਾ ਪਿਤਾ ਤੈਨੂੰ ਆਪੇ ਹੀ ਦਸ ਦੇਵੇਗਾ, ਸਾਡੇ ਨਾਲ ਕਾਹਦਾ ਗੁੱਸਾ ਕਰਦਾ ਹੈਂ, ਉਸ ਨੇ ਅਜਿਹਾ ਕਰਮ ਕਰ ਦਿਤਾ ਸੀ ਜਿਸ ਕਰਕੇ ਉਸ ਨੂੰ ਰਿੱਛ ਦੀ ਜੂਨੀ ਵਿਚ ਜਾਣਾ ਪਿਆ।

ਸੱਚੇ ਪਾਤਸ਼ਾਹ! ਤੁਹਾਡੇ ਹੁੰਦਿਆਂ ਮੇਰਾ ਪਿਤਾ ਰਿੱਛ ਦੀ ਜੂਨੀ ਵਿਚ ਪਵੇ, ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਭਾਈ ਕੀਰਤੀਆ! ਤੇਰਾ ਪਿਤਾ ਸੇਵਾ ਜ਼ਰੂਰ ਕਰਦਾ ਸੀ ਪਰ ਗੁਰੂ ਦੇ ਨਿਕਟ ਰਹਿ ਕੇ ਚੰਦਨ ਬਣਨ ਦੀ ਥਾਂ ਉਹ ਬਾਂਸ ਹੀ ਬਣਿਆ ਰਿਹਾ ਤੇ ਉਸ ਵਿਚ ਗੁਰਸਿਖਾਂ ਵਾਲੀ ਸੁਗੰਧੀ ਨਾ ਆ ਸਕੀ ਜਿਵੇਂ ਕਿ ਫੁਰਮਾਨ ਹੈ -

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥***

*ਪੰਨਾ - 1365*

ਚਾਹੀਦਾ ਤਾਂ ਇਹ ਸੀ ਕਿ ਗੁਰੂ ਮਹਾਰਾਜ ਦੇ ਰੋਜ਼ ਉਪਦੇਸ਼ ਸੁਣ ਕੇ ਉਸ ਉਤੇ ਵੀ ਕੋਈ ਖੁਸ਼ਬੂ ਦੀ ਮਹਿਕ ਚੜ੍ਹਦੀ ਪਰ ਉਸ ਨੇ ਆਪਣੀ ਸ਼ਰਧਾ ਵਾਲਾ ਦਰਵਾਜ਼ਾ ਹੀ ਬੰਦ ਕੀਤਾ ਹੋਇਆ ਸੀ। ਕੇਵਲ ਦੇਖੋ ਦੇਖੀ ਚੌਰ ਦੀ ਸੇਵਾ ਕਰਦਾ ਸੀ, ਉਸ ਦੀ ਸੇਵਾ ਵਿਚ ਹਉਮੈ ਦੀ ਅੰਸ ਸੀ। ਹਉਮੈ ਦੇ ਅਧੀਨ ਕੀਤੀ ਹੋਈ ਸੇਵਾ ਕਦੇ ਵੀ ਸਫਲ ਨਹੀਂ ਹੋਇਆ ਕਰਦੀ, ਸੇਵਾ ਓਹੀ ਪ੍ਰਵਾਨ ਹੁੰਦੀ ਹੈ ਜੋ ਹਉਮੈ ਰਹਿਤ ਹੋ ਕੇ ਗੁਰੂ ਦੀ ਮਿਹਰ ਵਿਚ ਰਹਿ ਕੇ ਕੀਤੀ ਜਾਵੇ -

***ਸਾ ਸੇਵਾ ਕੀਤੀ ਸਫਲ ਹੈ***
***ਜਿਤੁ ਸਤਿਗੁਰ ਕਾ ਮਨੁ ਮੰਨੇ॥***
***ਜਾ ਸਤਿਗੁਰ ਕਾ ਮਨੁ ਮੰਨਿਆ***
***ਤਾ ਪਾਪ ਕਸੰਮਲ ਭੰਨੇ॥*** *ਪੰਨਾ - 314*

***ਵਿਚਿ ਹਉਮੈ ਸੇਵਾ ਥਾਇ ਨ ਪਾਏ॥***
***ਜਨਮਿ ਮਰੈ ਫਿਰਿ ਆਵੈ ਜਾਏ॥***
***ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ॥***

*ਪੰਨਾ - 1070*

ਸੇਵਕ ਓਹੀਓ ਹੋਇਆ ਕਰਦਾ ਹੈ ਜੋ ਆਪਣਾ ਤਨ, ਮਨ ਗੁਰੂ ਨੂੰ ਸੌਂਪ ਦੇਵੇ। ਹੰਗਤਾ ਤੇ ਮਮਤਾ ਤੋਂ ਉਚਾ ਹੋ ਕੇ ਸੇਵਾ ਕਰੇ ਅਤੇ ਸ਼ਬਦ ਨੂੰ ਹਰ ਸਮੇਂ ਹਿਰਦੇ ਵਿਚ ਧਾਰਨ ਕਰਕੇ ਰੱਖੇ ਜਿਵੇਂ ਕਿ ਫੁਰਮਾਨ ਹੈ -

***ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥***
***ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥***
***ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ॥***

*ਪੰਨਾ - 28*

ਸੇਵਾ ਕਰਨ ਲਈ ਜ਼ਰੂਰੀ ਹੈ ਕਿ ਗੁਰੂ ਦੀ ਆਗਿਆ ਪੂਰੀ ਤਰ੍ਹਾਂ ਹਿਰਦੇ ਵਿਚ ਕਮਾ ਕੇ ਵਸਾਵੇ ਅਤੇ ਆਪਣੇ ਆਪ ਨੂੰ ਕੁਝ ਵੀ ਨਾ ਜਣਾਵੇ ਅਤੇ ਸਦਾ ਹੀ ਗੁਰੂ ਦਾ ਧਿਆਨ ਹਿਰਦੇ ਵਿਚ ਰੱਖੇ। ਮਨ ਤਨ ਗੁਰੂ ਦੇ ਅਰਪਣ ਕਰਕੇ ਜਦੋਂ ਸੇਵਾ ਕਰਦਾ ਹੈ ਤਾਂ ਸੇਵਾ ਥਾਂ ਪਿਆ ਕਰਦੀ ਹੈ ਅਤੇ ਸੇਵਾ ਕਰਨ ਵਾਲੇ ਦੇ ਸਾਰੇ ਕਾਰਜ ਰਾਸ ਹੋ ਜਾਇਆ ਕਰਦੇ ਹਨ। ਜੇ ਸੇਵਾ ਕਰਦਾ ਨਿਹਕਾਮੀ ਹੋ ਜਾਵੇ ਤਾਂ ਗੁਰੂ ਦੀ ਕ੍ਰਿਪਾ ਨਾਲ ਉਸਨੂੰ ਪ੍ਰਭੂ ਮਿਲਾਪ ਪ੍ਰਾਪਤ ਹੋ ਜਾਂਦਾ ਹੈ -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥ ਪੰਨਾ - 286*

ਜੋ ਪੂਰੀ ਵਿਧੀ ਨਾਲ ਸੇਵਾ ਕਰਦਾ ਹੈ, ਉਹ ਗੁਰੂ ਵਰਗਾ ਹੀ ਹੋ ਜਾਇਆ ਕਰਦਾ ਹੈ ਜਿਵੇਂ ਪਾਣੀ ਵਿਚੋਂ ਤਰੰਗ ਉਠਦੀ ਹੈ, ਉਹ ਪਾਣੀ ਵਿਚ ਰਲ ਜਾਂਦੀ ਹੈ। ਫੁਰਮਾਨ ਹੈ-

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥ ਪੰਨਾ - 1076*

ਸੇਵਕ ਦਾ ਫਰਜ਼ ਹੈ ਕਿ ਸੇਵਾ ਕਰਦਾ ਨਿਮਰਤਾ ਵਿਚ ਰਹੇ ਅਤੇ ਸੇਵਾ ਨੂੰ ਗੁਰੂ ਦੀ ਦਾਤ ਜਾਣ ਕੇ ਸੇਵਾ ਕਰਦਾ ਰਹੇ। ਭਾਈ ਕੀਰਤੀਆ! ਤੇਰੇ ਪਿਤਾ ਦੀ ਸੇਵਾ ਹਉਮੈ ਦੀ ਅੰਸ ਦੇ ਅਧੀਨ ਹੋਣ ਕਰਕੇ ਥਾਂ ਨਹੀਂ ਪਈ ਪਰ ਗੁਰੂ ਆਪਣਾ ਬਿਰਦ ਪਛਾਣਦਾ ਹੈ ਅਤੇ ਸੇਵਕ ਨੂੰ ਨਰਕਾਂ ਵਿਚੋਂ ਧੂਹ ਕੇ ਕੱਢ ਲੈਂਦਾ ਹੈ। ਭਾਈ ਕੀਰਤੀਏ ਨੇ ਬੇਨਤੀ ਕੀਤੀ ਕਿ ਮਹਾਰਾਜ! ਮੇਰੇ ਪਿਤਾ ਤੋਂ ਕਿਹੜੀ ਅਵੱਗਿਆ ਹੋ ਗਈ ਜਿਸ ਦੇ ਕਾਰਨ ਉਹ ਯੋਗ ਭ੍ਰਿਸ਼ਟ ਹੋ ਕੇ ਇਸ ਜੂਨ ਵਿਚ ਚਲਿਆ ਗਿਆ।

ਮਹਾਰਾਜ ਜੀ ਨੇ ਕਿਹਾ ਕਿ ਤੇਰਾ ਪਿਤਾ ਪ੍ਰਸ਼ਾਦ ਵਰਤਾ ਰਿਹਾ ਸੀ। ਇਕ ਅਭੇਦ ਅਵਸਥਾ ਦਾ ਗੁਰਸਿੱਖ ਗੱਡੇ ਭਰ ਕੇ, ਦਸਵੰਧ ਲੈ ਕੇ ਗੁਰੂ ਘਰ ਵਲ ਨੂੰ ਆ ਰਿਹਾ ਸੀ। ਉਸ ਨੇ ਦੇਖਿਆ ਕਿ ਕੀਰਤਨ ਦੀ ਸਮਾਪਤੀ ਹੋ ਚੁਕੀ ਹੈ ਅਤੇ ਗੁਰੂ ਕਾ ਸ਼ੀਤ ਪ੍ਰਸ਼ਾਦ ਵਰਤਾਇਆ ਜਾ ਰਿਹਾ ਹੈ ਜਿਸ ਦੀ ਮਹਿਮਾ ਅਪਰ ਅਪਾਰ ਹੈ, ਜਿਸ ਵਿਚ ਬਜਰ ਕਪਾਟ ਖੋਲ੍ਹਣ ਦੀ ਸਮਰੱਥਾ ਹੈ। ਐਸੇ ਪ੍ਰਸ਼ਾਦ ਨੂੰ ਪ੍ਰਾਪਤ ਕਰਨ ਲਈ ਉਸ ਨੇ ਆਪਣਾ ਗੱਡਾ ਰਸਤੇ ਵਿਚ ਰੋਕ ਕੇ ਅਤੇ ਬਲਦਾਂ ਨੂੰ ਹੱਕਣ ਵਾਲੀ ਪਰਾਣੀ ਕੱਛ ਵਿਚ ਦੇ ਕੇ ਦੋਵੇਂ ਹੱਥਾਂ ਦਾ ਉਂਜਲ ਬਣਾ ਕੇ ਭਾਈ ਸੋਭਾ ਰਾਮ ਦੇ ਅੱਗੇ ਪ੍ਰਸ਼ਾਦ ਲਈ ਬੇਨਤੀ ਕੀਤੀ ਕਿ ਭਾਈ ਸਾਹਿਬ! ਮੇਰਾ ਗੱਡਾ ਖੜ੍ਹਾ ਹੈ, ਅਗੇ ਨਾ ਤੁਰ ਪਵੇ ਤੇ ਕਿਤੇ ਕੋਈ ਘਟਨਾ ਨਾ ਵਾਪਰ ਜਾਵੇ, ਮੈਨੂੰ ਪ੍ਰਸ਼ਾਦ ਦੇ ਦੇਵੋ। ਤੇਰੇ ਪਿਤਾ ਨੇ ਉਸ ਦੇ ਚਿਹਰੇ ਵਲ ਦੇਖਿਆ ਉਸ ਦਾ ਦਾਹੜਾ ਧੂੜ ਨਾਲ ਲੱਥਪੱਥ ਹੋਇਆ ਪਿਆ ਸੀ। ਅਕਾਰਨ ਹੀ ਭਾਈ ਸੋਭਾ ਰਾਮ ਦੂਜੇ ਪਾਸੇ ਜਾ ਕੇ ਪ੍ਰਸ਼ਾਦ ਵੰਡਣ ਲਗ ਗਿਆ। ਭਾਈ ਧੰਨੇ ਨੇ ਦੂਜੇ ਪਾਸੇ ਜਾ ਕੇ ਪ੍ਰਸ਼ਾਦ ਲੈਣਾ ਚਾਹਿਆ। ਤਾਂ ਤੇਰੇ ਪਿਤਾ ਨੇ ਕੜਕ ਕੇ ਕਿਹਾ ਕਿ ਕਿਉਂ ਰਿੱਛ ਵਾਂਗੂੰ ਟਪਦਾ ਹੈਂ, ਟਿਕ ਕੇ ਬੈਠ ਜਾ। ਐਨੇ ਨੂੰ ਭਾਈ ਧੰਨੇ ਦਾ ਗੱਡਾ ਬਲਦ ਲੈ ਕੇ ਚਲ ਪਿਆ। ਉਸ ਨੇ ਧਰਤੀ ਤੇ ਗਿਰਿਆ ਪ੍ਰਸ਼ਾਦ ਦਾ ਕਿਣਕਾ ਮੂੰਹ ਵਿਚ ਪਾਇਆ ਤੇ ਗੁਰੂ ਮਹਾਰਾਜ ਦਾ ਸ਼ੁਕਰ ਕੀਤਾ। ਕਹਿਣ ਲੱਗਿਆ, "ਮੈਂ ਤਾਂ ਰਿੱਛ ਨਹੀਂ ਹਾਂ ਪਰ ਤੂੰ ਜ਼ਰੂਰ ਰਿੱਛ ਬਣੇਗਾ। ਤੂੰ ਗੁਰੂ ਦੇ ਕੋਲ ਰਹਿ ਕੇ ਬਾਂਸ ਦਾ ਬਾਂਸ ਹੀ ਰਹਿ ਗਿਆ, ਪਿਆਰਿਆ! ਚੰਦਨ ਦੇ ਪਾਸ ਰਹਿ ਕੇ ਤਾਂ ਆਦਮੀ ਚੰਦਨ ਬਣ ਜਾਂਦਾ ਹੈ।"

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥*
*ਪੰਨਾ - 1365*

ਤੈਨੂੰ ਗੁਰਬਾਣੀ ਦੀ ਸੋਝੀ ਨਾ ਆਈ ਕਿ ਗੁਰਬਾਣੀ ਫਿਕਾ ਬੋਲਣ ਵਾਲੇ ਨੂੰ ਕੀ ਫੁਰਮਾਉਂਦੀ ਹੈ। ਫਿੱਕਾ ਬੋਲਣ ਵਾਲਾ ਮੂਰਖ ਹੁੰਦਾ ਹੈ ਅਤੇ ਉਸ ਦਾ ਇਲਾਜ ਜੁੱਤੀਆਂ ਨਾਲ ਉਸ ਨੂੰ ਕੁੱਟਣ ਵਿਚ ਹੀ ਹੈ। ਫਿੱਕਾ ਬੋਲਣ ਨਾਲ ਤਨ ਤੇ ਮਨ ਫਿੱਕੇ ਹੋ ਜਾਂਦੇ ਹਨ। ਨਾਮ ਰਸ ਦੀ ਲਿਵਤਾਰ ਟੁੱਟ ਜਾਂਦੀ ਹੈ ਅਤੇ ਉਸ ਦੀ ਥਾਂ ਕ੍ਰੋਧ ਆ ਕੇ ਨਿਵਾਸ ਕਰ ਲੈਂਦਾ ਹੈ। ਫਿੱਕਾ ਬੋਲਣ ਵਾਲੇ ਦੀ ਛੋਹ ਫਿੱਕੀ ਹੁੰਦੀ ਹੈ, ਫਿੱਕਾ ਬੋਲਣ ਵਾਲੇ ਨੂੰ ਦਰਗਾਹ ਵਿਚੋਂ ਧੱਕੇ ਮਾਰ ਕੇ ਕੱਢ ਦਿਤਾ ਜਾਂਦਾ ਹੈ। ਉਸ ਦੇ ਮੂੰਹ ਤੇ ਥੁੱਕਾ ਪੈਂਦੀਆਂ ਹਨ, ਕੋਈ ਵੀ ਉਸ ਨੂੰ ਚੰਗਾ ਨਹੀਂ ਸਮਝਦਾ, ਹਰ ਬੰਦਾ ਉਸ ਤੋਂ ਦੂਰ ਰਹਿਣ ਦਾ ਯਤਨ ਕਰਦਾ ਹੈ।

ਦਰੋਪਤੀ ਨੇ ਦੁਰਯੋਧਨ ਨੂੰ ਨਵੇਂ ਘਰ ਵਿਚ ਨਿਮੰਤਰਣ ਦੇ ਕੇ ਉਸਦੇ ਪਾਣੀ ਵਿਚ ਗਿਰ ਜਾਣ ਉਪਰੰਤ ਫਿੱਕਾ ਬੋਲ ਕੇ ਕਿਹਾ ਕਿ ਅੰਨੇ ਦਾ ਅੰਨਾ ਹੀ ਰਿਹਾ ਜਿਸ ਨੂੰ ਇਹ ਵੀ ਨਹੀਂ ਪਤਾ ਰਿਹਾ ਕਿ ਸੁੱਕੀ ਜ਼ਮੀਨ ਕਿਥੇ ਹੈ ਤੇ ਪਾਣੀ ਵਾਲਾ ਕੁੰਡ ਕਿਥੇ ਹੈ ਅਤੇ ਇਹ ਵੀ ਨਹੀਂ ਪਤਾ ਲਗ ਸਕਿਆ ਕਿ ਕਿਹੜਾ ਦਰਵਾਜ਼ਾ ਬੰਦ ਹੈ ਅਤੇ ਕਿਹੜਾ ਖੁਲ੍ਹਾ ਹੈ। ਉਹ ਬਹੁਤ ਹੀ ਖਿੜਖਿੜਾ ਕੇ ਹੱਸੀ ਅਤੇ ਨਾਲ ਹੀ ਉਚੀ ਅਵਾਜ਼ ਵਿਚ ਬੋਲ ਕੇ ਕਹਿਣ ਲੱਗੀ ਕਿ ਅੰਨੇ ਦਾ ਪੁੱਤਰ ਅੰਨਾ ਹੀ ਹੈ। ਇਸ ਬੋਲ ਨੇ ਦੁਰਯੋਧਨ ਨੂੰ ਅਤਿ ਕ੍ਰੋਧਿਤ ਕਰ ਦਿਤਾ ਜਿਸ ਦੇ ਫਲਸਰੂਪ ਜਦੋਂ ਪਾਂਡਵ ਦਰੋਪਤੀ ਨੂੰ ਜੂਏ ਵਿਚ ਹਾਰ ਗਏ ਤਾਂ ਬਦਲਾ ਲੈਣ ਲਈ ਦੁਰਯੋਧਨ ਨੇ ਦਰੋਪਤੀ ਨੂੰ ਸਭਾ ਵਿਚ ਨਗਨ ਕਰ ਦੇਣ ਦਾ ਹੁਕਮ ਦੁਸ਼ਾਸਨ ਨੂੰ ਦੇ ਦਿਤਾ ਅਤੇ ਨਾਲ ਹੀ ਕਿਹਾ ਕਿ ਤੂੰ ਤਾਂ ਮੈਨੂੰ ਅੰਨਾ ਕਹਿੰਦੀ ਹੈਂ ਫੇਰ ਨਗਨ ਹੁੰਦੀ ਕਿਉਂ ਡਰਦੀ ਹੈਂ? ਮੈਂ ਇਸ ਦਾ ਬਦਲਾ ਜ਼ਰੂਰ ਲਵਾਂਗਾ। ਇਸ ਦਾ ਨਤੀਜਾ ਮਹਾਂਭਾਰਤ ਦੇ ਮਹਾਨ ਯੁੱਧ ਵਿਚ ਪ੍ਰਗਟ ਹੋਇਆ ਜਿਸ ਵਿਚ 45 ਲੱਖ ਭਾਰਤੀ ਮਾਰੇ ਗਏ ਅਤੇ ਸਿਰਫ 10 ਪ੍ਰਾਣੀ ਹੀ ਬਚੇ ਸਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*
*ਪੰਨਾ - 473*

ਗੁਰੂ ਮਹਾਰਾਜ ਜੀ ਮਨ੍ਹਾ ਕਰਦੇ ਹਨ ਕਿ ਪਿਆਰਿਆ! ਫਿੱਕਾ ਬੋਲ ਕੇ ਕਿਸੇ ਦਾ ਦਿਲ ਨਾ ਤੋੜ, ਗੁਰਬਾਣੀ ਵਿਚ ਫੁਰਮਾਨ ਹੈ –

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥*
*ਪੰਨਾ - 1384*

ਬੋਲਿਆ ਉਹੀ ਪ੍ਰਵਾਨ ਹੁੰਦਾ ਹੈ ਜਿਸ ਬੋਲ ਨਾਲ ਆਦਮੀ ਦੀ ਪਤਿ ਉਚੀ ਹੋਵੇ –

*ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥*
*ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥*
*ਪੰਨਾ - 15*

ਗੁਰਮੁਖ ਦੇ ਅੰਦਰ ਦਿਬਯ ਨੈਣ ਖੁਲ੍ਹੇ ਹੁੰਦੇ ਹਨ ਅਤੇ ਉਸ ਨੂੰ ਦਿਬਯ ਨੈਣ ਪ੍ਰਾਪਤ ਹੋਣ ਕਰਕੇ ਸਾਰਾ ਸੰਸਾਰ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਉਹ ਇਕੋ ਆਤਮਾ ਦਾ ਪਸਾਰਾ ਹਰ ਥਾਂ ਤੇ ਤਕਦਾ ਹੈ। ਉਹ ਆਪਣੇ ਆਪ ਨੂੰ ਸਾਰੇ ਸੰਸਾਰ ਵਿਚ ਪਸਰਿਆ ਜਾਣ ਕੇ ਕਿਸੇ ਨੂੰ ਫਿਕਾ ਨਹੀਂ ਬੋਲਦਾ–

***ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ॥***
*ਪੰਨਾ - 69*

ਸੋ ਮਹਾਰਾਜ ਜੀ ਕਹਿਣ ਲੱਗੇ, "ਭਾਈ ਕੀਰਤੀਆ! ਤੇਰੇ ਪਿਤਾ ਨੇ ਫਿੱਕਾ ਬੋਲ ਕੇ ਸਰਾਪ ਲੈ ਲਿਆ ਅਤੇ ਉਸ ਨੂੰ ਰਿੱਛ ਦੀ ਜੂਨੀ ਵਿਚ ਜਾਣਾ ਪਿਆ।" ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਫੇਰ ਗੁਰੂ ਸਾਹਿਬ ਨੇ ਉਸ ਦੀ ਕੋਈ ਮਦਦ ਨਾ ਕੀਤੀ, ਉਹ ਤਾਂ ਸਮਰੱਥ ਸਨ? ਸਿੱਖ ਦਾ ਸਰਾਪ ਹਟਾਉਣ ਦੀ ਸਮਰਥਾ ਰਖਦੇ ਸਨ। ਸਿੱਖ ਦੀ ਕੀ ਹਸਤੀ ਹੈ ਅਤੇ ਕੀ ਤੁਲਨਾ ਹੈ ਕਿ ਗੁਰੂ ਤੋਂ ਸਰਾਪ ਨਾ ਮਿਟਾ ਹੋਵੇ।" ਗੁਰੂ ਮਹਾਰਾਜ ਜੀ ਕਹਿਣ ਲੱਗੇ, "ਕੀਰਤੀਆ! ਤੂੰ ਗੁਰਬਾਣੀ ਦਾ ਅਧਿਐਨ ਨਹੀਂ ਕੀਤਾ, ਜਾਪਦਾ ਹੈ ਤੈਨੂੰ ਗੁਰੂ ਦੇ ਸਿਧਾਂਤ ਦੀ ਸੋਝੀ ਨਹੀਂ ਹੈ ਪਿਆਰਿਆ! ਗੁਰੂ ਕਦੇ ਵੀ ਆਪਣੇ ਸਿੱਖ ਦਾ ਬਚਨ ਨਿਹਫਲ ਨਹੀਂ ਹੋਣ ਦਿੰਦਾ। ਗੁਰੂ ਦਾ ਕੀਤਾ ਹੋਇਆ ਬਚਨ ਸਿੱਖ ਬਦਲ ਦਿੰਦਾ ਹੈ ਜਿਵੇਂ ਕਿ ਫੁਰਮਾਨ ਹੈ –

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
*ਪੰਨਾ - 1252*

ਦੇਖ, ਭਾਈ ਲੱਖੂ ਨੇ ਜਦੋਂ ਸੰਗਤ ਅਰਦਾਸ ਕਰ ਰਹੀ ਸੀ ਕਿ ਬੁੱਧੂ ਦਾ ਆਵਾ ਪੱਕਾ ਨਿਕਲੇ ਤਾਂ ਉਸ ਨੇ ਤਿੰਨ ਵਾਰੀ ਕਿਹਾ ਕਿ ਬੁੱਧੂ ਦਾ ਆਵਾ ਕੱਚਾ ਰਹੇਗਾ–ਕੱਚਾ ਰਹੇਗਾ–ਕੱਚਾ ਰਹੇਗਾ। ਜਦੋਂ ਗੁਰੂ ਪੰਜਵੇਂ ਪਾਤਸ਼ਾਹ ਦੇ ਦਰਬਾਰ ਵਿਚ ਇਹ ਗੱਲ ਆਈ ਤਾਂ ਉਸ ਵੇਲੇ ਆਪ ਨੇ ਫੁਰਮਾਇਆ ਕਿ ਭਾਈ! ਅਸੀਂ ਸਿੱਖ ਦਾ ਬਚਨ ਅਫਲ ਨਹੀਂ ਜਾਣ ਦੇ ਸਕਦੇ। ਸਿੱਖ ਦਾ ਬਚਨ ਤਾਂ ਉਵੇਂ ਹੀ ਰਹੇਗਾ ਪਰ ਪਿਆਰਿਆ! ਤੂੰ ਸੰਗਤਾਂ ਦੀ ਸੇਵਾ ਕੀਤੀ ਹੈ ਇਸ ਲਈ ਤੇਰੀਆਂ ਇੱਟਾਂ ਪੱਕੀਆਂ ਦੇ ਭਾਅ ਵਿਕਣਗੀਆਂ ਪਰ ਭੱਠਾ ਕੱਚਾ ਹੀ ਰਹੇਗਾ।

ਸੋ ਇਸ ਦੇ ਫਲਸਰੂਪ ਤੇਰੇ ਪਿਤਾ ਨੂੰ ਮਰਨ ਉਪਰੰਤ ਰਿੱਛ ਦੀ ਜੂਨੀ ਮਿਲੀ। ਹੁਣ ਤੂੰ ਦੇਖਦਾ ਰਹਿ ਕਿ ਗੁਰੂ ਆਪਣੇ ਸਿੱਖ ਦੀ ਕਿਵੇਂ ਰਕਸ਼ਾ ਕਰਿਆ ਕਰਦਾ ਹੈ।" ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਾਫੀ ਕੀਮਤ ਦੇ ਕੇ ਰਿੱਛ ਮੁੱਲ ਲੈ ਲਿਆ ਅਤੇ ਆਪਣਾ ਸ਼ੀਤ ਪ੍ਰਸ਼ਾਦ ਉਸ ਦੇ ਅੱਗੇ ਪਾਇਆ ਜਿਸ ਨੂੰ ਖਾਂਦਿਆਂ ਸਾਰ ਰਿੱਛ ਸਰੀਰ ਛੱਡ ਗਿਆ ਅਤੇ ਉਸ ਦੇ ਵਿਚੋਂ ਇਕ ਚਮਕਦਾਰ ਜੋਤ ਨਿਕਲੀ ਜਿਸ ਨੂੰ ਪੁਛਣ ਤੇ ਉਸ ਨੇ ਦਸਿਆ ਕਿ ਭਾਈ ਕੀਰਤੀਆ! ਮੈਂ ਤੇਰਾ ਪਿਤਾ ਹਾਂ, ਮੈਨੂੰ ਫਿਕਾ ਬੋਲਣ ਤੇ ਇਹ ਸਜ਼ਾ ਮਿਲੀ ਹੈ ਪਰ ਮੇਰੇ ਸਰਾਪ ਦਾ ਅੰਤ ਹੋ ਗਿਆ ਹੈ, ਹੁਣ ਮੈਂ ਗੁਰੂ ਲੋਕ ਵਿਚ ਜਾ ਰਿਹਾ ਹਾਂ।

ਇਸ ਤੋਂ ਸਿੱਧ ਹੁੰਦਾ ਹੈ ਕਿ ਮਨੁੱਖ ਨੂੰ ਮਰ ਕੇ ਦੁਬਾਰਾ ਮਨੁੱਖ ਦੀ ਜੂਨੀ ਪ੍ਰਾਪਤ ਨਹੀਂ ਹੁੰਦੀ ਇਸ ਦੇ ਵਿਪਰੀਤ ਕਰਮਾਂ ਦਾ ਬੰਨ੍ਹਿਆ ਹੋਇਆ ਕੁੱਤਿਆਂ ਬਿੱਲਿਆਂ ਦੀ ਜੂਨੀ ਵਿਚ ਪੈਂਦਾ ਹੈ।

ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਜੋ ਰਾੜੇ ਸਾਹਿਬ ਦੀ ਸੰਪਰਦਾ ਵਿਚ ਉਪਰਲੇ ਨੰਬਰ ਤੇ ਆਉਂਦੇ ਹਨ। ਆਪ ਨੇ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਦੀ ਸੰਪਰਦਾ ਤੋਂ ਪਿਛੋਂ ਹੋਣ ਵਾਲੇ ਬਾਬਾ ਸੋਭਾ ਸਿੰਘ ਜੀ ਦੀ ਸੰਗਤ ਪ੍ਰਾਪਤ ਕਰਕੇ ਸਿੱਖੀ ਵਿਚ ਪ੍ਰਵੇਸ਼ ਕੀਤਾ। ਆਪ ਜੀ ਸਰਬ ਸ਼ਕਤੀ ਸੰਪੰਨ ਸਨ।

ਇਕ ਵਾਰੀ ਆਪ ਦੌਰਾ ਕਰਦੇ ਹੋਏ ਸੰਗਤਾਂ ਦੇ ਸਮੂੰਹ ਨਾਲ ਸਾਹਨੇਵਾਲ ਗਏ। ਉਥੇ ਦੇ ਰਾਜੇ ਸੁਧ ਸਿੰਘ ਨੂੰ ਪਿਛਲੇ ਕਰਮਾਂ ਕਰਕੇ ਹਾਥੀ ਨੇ ਮਾਰ ਦਿਤਾ ਸੀ। ਇਹ ਹਾਥੀ ਉਸ ਦਾ ਪਿਛਲੇ ਜਨਮ ਵਿਚ ਨੌਕਰ ਸੀ ਜਿਸ ਨੂੰ ਭਾਈ ਸੁੱਧ ਸਿੰਘ ਨੇ ਮਾਰਿਆ ਸੀ।

ਸੋ ਇਸ ਤਰ੍ਹਾਂ ਸਾਧਸੰਗਤ ਜੀ ਅਗਲਾ ਜਨਮ ਤਾਂ ਕਰਮਾਂ ਦੇ ਅਨੁਸਾਰ ਹੀ ਮਿਲਿਆ ਕਰਦਾ ਹੈ। ਸੋ ਇਹ ਕਹਿਣਾ ਨਿਰਮੂਲ ਹੈ ਕਿ ਮਰ ਕੇ ਆਦਮੀ, ਆਦਮੀ ਦੀ ਜੂਨ ਵਿਚ ਪੈਂਦਾ ਹੈ ਅਤੇ ਘੋੜਾ ਘੋੜੇ ਦੀ ਜੂਨ ਵਿਚ, ਇਸਤ੍ਰੀ ਇਸਤ੍ਰੀ ਦੀ ਜੂਨ ਵਿਚ ਹੀ ਪੈਂਦੀ ਹੈ। ਐਸਾ ਗੁਰਮਤਿ ਸਿਧਾਂਤ ਵਿਚ ਕਿਤੇ ਵੀ ਨਹੀਂ ਆਉਂਦਾ ਜਿਵੇਂ ਕਿ ਫੁਰਮਾਨ ਹੈ –

***ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥***
*ਪੰਨਾ - 278*

ਇਸ ਸਾਰੀ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਆਪਾਂ ਨੂੰ ਬਹੁਤ ਮੁਸ਼ਕਲ ਨਾਲ ਵੱਡੇ ਭਾਗ ਹੋਣ ਕਰਕੇ ਮਾਨਸ ਜਨਮ ਦੀ ਪ੍ਰਾਪਤੀ ਹੋਈ ਹੈ। ਸਾਡੇ ਲਈ ਗੁਰੂ ਮਹਾਰਾਜ ਜੀ ਨੇ ਜੋ ਕਰਤੱਬ ਦਸਿਆ ਹੈ, ਉਹ ਹੈ ਕਿ –

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥*** *ਪੰਨਾ - 1159*

ਨਾਮ ਦੀ ਕਮਾਈ ਕਰਨ ਵਾਸਤੇ ਹੀ ਇਹ ਦੇਹੀ ਪ੍ਰਾਪਤ ਹੋਈ, ਆਪ ਰੋਜ਼ ਹੀ ਪੜ੍ਹਦੇ ਹੋ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*** *ਪੰਨਾ - 12*

ਸੋ ਅਸਾਡੇ ਲਈ ਜੋ ਮੁਖ ਕਰਮ ਹੈ, ਉਸ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥*** *ਪੰਨਾ - 283*

ਵਾਹਿਗੁਰੂ ਨੂੰ ਮਿਲਾਉਣ ਦੀ ਸਮਰਥਾ ਕੇਵਲ ਉਸ ਦੇ ਪਿਆਰਿਆਂ ਵਿਚ ਹੀ ਹੋਇਆ ਕਰਦੀ ਹੈ ਅਤੇ ਉਨ੍ਹਾਂ ਤੋਂ ਮਾਰਗ ਦੀ ਸੇਧ ਲੈਣ ਵਾਸਤੇ ਪੂਰਨ ਬੈਰਾਗ ਵਿਚ, ਪੂਰਨ ਸ਼ਰਧਾ ਵਿਚ ਆਉਣਾ ਪੈਂਦਾ ਹੈ ਜੋ ਸ਼ਰਧਾ ਤੋਂ ਹੀਣੇ ਹਨ ਉਨ੍ਹਾਂ ਦਾ ਕਾਰਜ ਕਦੇ ਵੀ ਸਿੱਧ ਨਹੀਂ ਹੋਇਆ ਕਰਦਾ। ਬਾਣੀ ਵਿਚ ਫੁਰਮਾਨ ਆਉਂਦਾ ਹੈ –

***ਕੋਊ ਹੈ ਮੇਰੋ ਸਾਜਨੁ ਮੀਤੁ॥ ਹਰਿ ਨਾਮੁ ਸੁਨਾਵੈ ਨੀਤ॥***
***ਬਿਨਸੈ ਦੁਖੁ ਬਿਪਰੀਤਿ॥ ਸਭੁ ਅਰਪਉ ਮਨੁ ਤਨੁ ਚੀਤੁ॥***
*ਪੰਨਾ - 980*

ਤਨ, ਮਨ, ਧਨ ਉਨ੍ਹਾਂ ਦੇ ਚਰਨਾਂ ਵਿਚ ਭੇਟ ਕਰਨਾ ਪੈਂਦਾ ਹੈ, ਇਥੇ ਤਕ ਵੀ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਹੈ ਕੋਊ ਐਸੋ ਹਮਰਾ ਮੀਤੁ॥***

*ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ॥*
*ਪੰਨਾ - 674*

ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਸੇਧ ਦਿੰਦੇ ਹਨ ਕਿ ਇਥੇ ਸਾਰੇ ਸੰਸਾਰ ਵਿਚ ਇਕੋ ਵਾਹਿਗੁਰੂ ਆਪਣੇ ਅਨੇਕ ਰੂਪ ਧਾਰਨ ਕਰਕੇ ਖੇਲ੍ਹ ਰਿਹਾ ਹੈ। ਇਥੇ ਕੋਈ ਦੂਜਾ ਨਹੀਂ ਹੈ, ਉਹ ਆਪ ਹੀ ਹਸਦਾ ਹੈ, ਆਪ ਹੀ ਚਿਤਵਦਾ ਹੈ, ਆਪੇ ਹੀ ਜਲ ਹੈ, ਆਪੇ ਹੀ ਘਟ-ਘਟ ਵਿਚ ਵਸਦਾ ਹੈ, ਆਪੇ ਹੀ ਨਰ ਹੈ ਆਪੇ ਹੀ ਨਾਰੀ ਹੈ, ਆਪੇ ਹੀ ਪਾਸਾ ਖੇਲ੍ਹਣ ਵਾਲੀ ਨਰਦ ਹੈ, ਆਪੇ ਹੀ ਪਾਸਾ ਹੈ ਮਹਾਰਾਜ ਜੀ ਕਹਿੰਦੇ ਨੇ ਗੁਰਮੁਖ ਪਿਆਰਿਓ! ਸੰਗਤ ਵਿਚ ਜਾ ਕੇ ਵਿਚਾਰ ਕਰੋ, ਇਹ ਸਾਰਾ ਤਮਾਸ਼ਾ ਉਸ ਨੇ ਆਪ ਹੀ ਰਚਿਆ ਹੈ।

*ਵਾਹੁ ਵਾਹੁ ਕਾ ਬਡਾ ਤਮਾਸਾ॥*
*ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ॥*
*ਆਪੇ ਜਲੁ ਆਪੇ ਥਲੁ ਥੰਮਨੁ ਆਪੇ ਕੀਆ ਘਟਿ ਘਟਿ ਬਾਸਾ॥*
*ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ॥*
*ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ॥*
*ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥*
*ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ*
*ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ॥*
*ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ॥*
*ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥*
*ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ॥*
*ਪੰਨਾ - 1404*

ਆਪੇ ਇਕ ਹੈ ਆਪੇ ਅਨੇਕ ਹੈ, ਫੁਰਮਾਨ ਹੈ -

*ਜੈਸੀ ਦ੍ਰਿਸਟਿ ਕਰੇ ਤੈਸਾ ਹੋਇ॥*
*ਆਪੇ ਆਪਿ ਆਪਿ ਪ੍ਰਭੁ ਸੋਇ॥*
*ਜੋ ਕਿਛੁ ਕੀਨੋ ਸੁ ਅਪਨੈ ਰੰਗਿ॥*
*ਸਭ ਤੇ ਦੂਰਿ ਸਭਹੂ ਕੈ ਸੰਗਿ॥*
*ਬੂਝੈ ਦੇਖੈ ਕਰੈ ਬਿਬੇਕ॥*
*ਆਪਹਿ ਏਕ ਆਪਹਿ ਅਨੇਕ॥*
*ਮਰੈ ਨ ਬਿਨਸੈ ਆਵੈ ਨ ਜਾਇ॥*
*ਨਾਨਕ ਸਦ ਹੀ ਰਹਿਆ ਸਮਾਇ॥* *ਪੰਨਾ - 278*

ਸੋ ਵਾਹਿਗੁਰੂ ਜੀ, ਜਿਸ ਨੂੰ ਅਸੀਂ ਮਿਲਣ ਵਾਸਤੇ ਮਾਨਸ ਦੇਹ ਧਾਰਨ ਕੀਤੀ ਹੈ ਉਹ ਘਟ-ਘਟ ਵਿਚ ਵਿਆਪਕ ਹੋ ਗਿਆ ਹੈ ਪਰ ਹਉਮੈ ਦਾ ਪੜਦਾ ਪੈਣ ਕਰਕੇ ਉਸ ਦਾ ਦਰਸ਼ਨ ਨਹੀਂ ਹੋ ਰਿਹਾ, ਹਉਮੈ ਦੇ ਅਧੀਨ ਹੋਈ ਹੋਈ ਸੁਰਤ ਦਾ ਸਮੂੰਹ 'ਜੀਵ' ਕਹਾਉਂਦਾ ਹੈ ਪਰ ਸਤਿ ਅਵਸਥਾ ਇਹ ਹੈ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥*
*ਪੰਨਾ - 290*

*ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥*
*ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ॥*
*ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ॥*
*ਪੰਨਾ - 1313*

ਦੇਖੋ ਸਮੁੰਦਰ ਦੇ ਕੰਢੇ ਖੜ੍ਹੇ ਹੋ ਜਾਓ, ਵੱਡੀਆਂ ਲਹਿਰਾਂ ਉਠਦੀਆਂ ਹਨ, ਉਹ ਪੱਥਰਾਂ ਨਾਲ ਟਕਰਾਉਂਦੀਆਂ ਹਨ ਤੇ ਫੇਰ ਉਹ ਕਿਥੇ ਚਲੀਆਂ ਜਾਂਦੀਆਂ ਹਨ, ਉਨ੍ਹਾਂ ਦਾ ਅਸਿਤਤ੍ਵ ਕੀ ਸੀ? ਫੇਰ ਵਿਚਾਰ ਕਰੋ, ਕੁਝ ਸੋਝੀ ਲਗਣ ਦੀ ਆਸ ਬਣ ਜਾਂਦੀ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸਮੁੰਦਰ ਆਪਣੀ ਮੌਜ ਵਿਚ ਹਵਾ ਦੇ ਵੇਗ ਨਾਲ ਇਕ ਖੇਲ੍ਹ ਖੇਲ੍ਹ ਰਿਹਾ ਹੈ। ਆਪ ਹੀ ਤਰੰਗ ਬਣ ਜਾਂਦਾ ਹੈ, ਆਪ ਹੀ tarnado (ਪਾਣੀ ਦਾ ਵਰੋਲਾ) ਬਣ ਜਾਂਦਾ ਹੈ। ਜਦੋਂ ਉਹ ਲਹਿਰ ਕੰਢੇ ਨਾਲ ਆ ਕੇ ਟਕਰਾਉਂਦੀ ਹੈ ਤਾਂ ਉਸ ਵਿਚੋਂ ਲਹਿਰ ਉਪਾਧੀ ਖ਼ਤਮ ਹੋ ਜਾਂਦੀ ਹੈ ਉਹ ਫਿਰ ਪਾਣੀ ਦਾ ਪਾਣੀ ਰਹਿੰਦਾ ਹੈ ਅਤੇ ਸਮੁੰਦਰ ਹੀ ਰਹਿੰਦਾ ਹੈ। ਕਹਿਣ ਵਾਸਤੇ ਦੋ ਗੱਲਾਂ ਹਨ ਕਿ ਇਹ ਸਮੁੰਦਰ ਹੈ ਅਤੇ ਇਹ ਲਹਿਰਾਂ ਹਨ ਪਰ ਫਰਕ ਕੋਈ ਨਹੀਂ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਬਦਹੁ ਕੀ ਨ ਹੋਡ ਮਾਧਉ ਮੋ ਸਿਉ॥*
*ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ॥*
*ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ॥*
*ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥*
*ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ॥*
*ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂੰ ਪੂਰਾ॥*
*ਪੰਨਾ - 1252*

ਕੇਵਲ ਮਾਇਆ ਉਪਾਧੀ ਕਰਕੇ, ਚੇਤਨਤਾ ਦਾ ਹਉਮੈ ਦੇ ਘੇਰੇ ਵਿਚ ਆਉਣ ਕਰਕੇ, ਵਖਰਾ ਨਾਮ ਪੈ ਗਿਆ ਜਿਸ ਨੂੰ ਜੀਵ ਆਖਿਆ ਜਾਂਦਾ ਹੈ । ਉਹ ਸੀ ਤਾਂ ਪ੍ਰਭੂ ਹੀ ਪਰ ਹੰਗਤਾ ਤੇ ਮਮਤਾ ਦੇ ਅੰਧਕਾਰ ਨੇ ਉਸ ਨੂੰ ਪ੍ਰਭੂ ਤੋਂ ਵਖਰਾ ਦਿਖਾ ਦਿਤਾ। ਹਉਮੈ ਦਾ ਨਾਸ਼ ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਨਹੀਂ ਹੋਇਆ ਕਰਦਾ। ਸਤਿਗੁਰੂ ਪਾਸ ਨਾਮ ਦਾ ਖਜ਼ਾਨਾ ਹੈ, ਨਾਮ ਦਾ ਹਉਮੈ ਨਾਲ ਸਦਾ ਹੀ ਵਿਰੋਧ ਰਹਿੰਦਾ ਹੈ। ਜਦੋਂ ਅੰਦਰ ਨਾਮ ਪ੍ਰਗਟ ਹੋ ਗਿਆ ਉਸ ਵੇਲੇ ਸਰੀਰ ਵਿਚ ਵਸਣ ਵਾਲਾ ਮਨ ਅਤੇ ਆਤਮਾ ਆਪਸ ਵਿਚ ਮਿਲ ਕੇ ਇਕ ਹੀ ਹੋ ਗਏ ਅਤੇ ਇਸ ਜੀਵ ਨੂੰ ਆਤਮਾ ਦੇ ਰੂਪ ਵਿਚ ਹੀ ਤਕਿਆ। ਭਰਮ ਦੇ ਬਜਰ ਕਪਾਟ, ਜਿਨ੍ਹਾਂ ਨੇ ਭੁਲੇਖੇ ਵਿਚ ਪਾ ਕੇ ਉਸ ਚੇਤਨ ਜੋਤ ਨੂੰ ਜੀਵ ਦੇ ਰੂਪ ਵਿਚ ਸਮਝਣ ਲਾ ਦਿਤਾ, ਉਹ ਜਿਸ ਵਕਤ ਇਹ ਮਨ ਉਨਮਨ ਮਨ ਵਿਚ ਸਮਾਅ ਜਾਂਦਾ ਹੈ, ਇਹ ਚੇਤਨ ਜੀਵ ਸਾਖੀ ਜੀਵ ਦੇ ਵਿਚ ਸਮਾਅ ਜਾਂਦਾ ਹੈ ਤਾਂ ਇਕੋ ਹੀ ਰੂਪ ਹੋ ਜਾਂਦਾ ਹੈ। ਦੋ ਨਹੀਂ ਰਿਹਾ ਕਰਦੇ ਜਿਵੇਂ ਕਿ -

*ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥*
*ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥*
*ਪੰਨਾ - 346*

ਇਸ ਤਰ੍ਹਾਂ ਵੀ ਆਉਂਦਾ ਹੈ -

*ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ॥*
*ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ॥*
*ਪੰਨਾ - 333*

ਸੋ ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਪਿਆਰਿਆ! ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਜੋ ਵੇਲਾ ਤੇਰੇ ਹੱਥ ਵਿਚ ਹੈ ਉਸ ਦਾ ਲਾਭ ਤੂੰ ਪੂਰੀ ਤਰ੍ਹਾਂ ਲੈ। ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥*
*ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥*

*ਪੰਨਾ - 20*

ਆਪਣਾ ਤਨ, ਮਨ, ਧਨ ਗੁਰੂ ਦੇ ਚਰਨਾਂ ਵਿਚ ਅਰਪਣ ਕਰ ਦੇ, ਉਸੇ ਵੇਲੇ ਸਤਿਗੁਰੂ ਤੇਰੀ ਹੰਗਤਾ ਤੇ ਮਮਤਾ ਨੂੰ ਮੇਟ ਦੇਵੇਗਾ, ਤੂੰ ਆਪਣੇ ਸਰੂਪ ਨੂੰ ਪਛਾਣ ਜਾਵੇਂਗਾ। ਫੁਰਮਾਨ ਹੈ –

*ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ॥*
*ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ॥*
*ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ॥*

*ਪੰਨਾ - 20*

ਜਦੋਂ ਗੁਰਮਤਿ ਦਾ ਸਾਰ ਬੁਝ ਜਾਵੇਗਾ, ਇਥੇ ਗੁਰੂ ਮਹਾਰਾਜ ਜੀ ਨੇ 'ਬੁੱਝਣ' ਦਾ ਸ਼ਬਦ ਵਰਤਿਆ ਹੈ। ਬੁੱਝਣ ਤੇ ਜਾਨਣ ਵਿਚ ਫਰਕ ਹੋਇਆ ਕਰਦਾ ਹੈ, ਜਾਨਣਾ ਉਹ ਅਵਸਥਾ ਹੈ ਜਿਥੇ ਅਨੁਮਾਨ ਦੇ ਅੱਟੇ ਸੱਟੇ ਲਾ ਕੇ ਅਸੀਂ ਚੀਜ਼ ਜਾਣ ਜਾਇਆ ਕਰਦੇ ਹਾਂ ਪਰ ਗਿਆਨ ਇਸ ਨੂੰ ਨਹੀਂ ਹੋਇਆ ਕਰਦਾ। ਬੁਝਣਾ ਉਹ ਹੋਇਆ ਕਰਦਾ ਹੈ ਜਿਸ ਵਿਚ ਪ੍ਰਤੱਖ ਰੂਪ ਵਿਚ ਅਸਾਨੂੰ ਗਿਆਨ ਪ੍ਰਾਪਤ ਹੋ ਜਾਵੇ। ਜਿਸ ਤਰ੍ਹਾਂ ਕੁਝ ਵਿਗਿਆਨੀ ਅੰਬਾਂ ਦੇ ਦਰਖਤ ਤੋਂ ਅੰਬ ਤੋੜ ਕੇ ਗਿਣ ਰਹੇ ਹਨ ਕਿ ਇਸ ਵਿਚ ਐਨੀ ਕੈਲਰੀ ਹੈ, ਐਨਾ ਐਸਿਡ ਹੈ, ਐਨੀ ਸ਼ੂਗਰ ਹੈ, ਇਸ ਦਾ ਸੁਆਦ ਫਲਾਣੀ ਚੀਜ਼ ਵਰਗਾ ਹੈ। ਪਰ ਜਿਸ ਨੇ ਅੰਬ ਤੋੜ ਕੇ ਚੂਪ ਲਿਆ ਉਸ ਨੇ ਅਸਲੀ ਅਵਸਥਾ ਪ੍ਰਾਪਤ ਕਰ ਲਈ, ਉਹ ਬੁੱਝ ਗਿਆ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਸਾਨੂੰ ਜਾਨਣ ਨਾਲ ਕੋਈ ਫਰਕ ਨਹੀਂ ਪੈਣਾ, ਬੁਝਣ ਨਾਲ ਪੈਣਾ ਹੈ ਜਿਵੇਂ ਕਿ ਫੁਰਮਾਨ ਹੈ –

*ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ॥*
*ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ॥*
*ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ॥*

*ਪੰਨਾ - 20*

ਹਉਮੈ ਦੀ ਮੈਲ ਪੁਸਤਕਾਂ ਪੜ੍ਹਨ ਨਾਲ ਨਹੀਂ ਧੋਪਿਆ ਕਰਦੀ। ਪੁਸਤਕਾਂ ਪੜ੍ਹ ਕੇ ਉਸ ਦੇ ਗਿਆਨ ਵਿਚ ਵਾਧਾ ਹੋ ਜਾਂਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਸੰਸਾਰ ਨੇ ਹਉਮੈ ਦੀ ਮੈਲ ਕਰਕੇ ਦੁਖਾਂ ਵਿਚ ਪ੍ਰਵੇਸ਼ ਕੀਤਾ ਹੋਇਆ ਹੈ। ਸਾਰੇ ਸੁਖਾਂ ਦੇ ਦੇਣ ਵਾਲੇ ਨਾਮ ਤੋਂ ਇਸ ਦੀ ਸੁਰਤ ਟੁੱਟੀ ਹੋਈ ਹੈ ਅਤੇ ਮਾਇਆ ਦੇ ਦੂਜੇ ਭਾਗ ਵਿਚ ਇਸ ਦੀ ਸੁਰਤ ਖਚਿਤ ਹੋ ਰਹੀ ਹੈ। ਇਹ ਸੋਝੀ ਪੜ੍ਹਨ ਨਾਲ ਦੂਰ ਨਹੀਂ ਹੁੰਦੀ, ਨਾ ਹੀ ਇਹ ਤੀਰਥਾਂ ਤੇ ਇਸ਼ਨਾਨ ਨਾਲ ਦੂਰ ਹੁੰਦੀ ਹੈ। ਗੱਲ ਆ ਜਾਂਦੀ ਹੈ ਕਿ ਮੈਂ ਇਸ ਧਰਮ ਅਸਥਾਨ ਦੇ ਬਣਾਉਣ ਵਾਸਤੇ ਬੇਅੰਤ ਮਾਇਆ ਭੇਟ ਕੀਤੀ ਹੈ, ਮੈਂ ਸਕੂਲ ਬਣਵਾਏ ਹਨ, ਮੈਂ ਹਸਪਤਾਲ ਬਣਾ ਰਿਹਾ ਹਾਂ, ਮੈਂ ਜਨਤਾ ਦੇ ਲੰਘਣ ਵਾਸਤੇ ਸੜਕਾਂ ਬਣਵਾ ਰਿਹਾ ਹਾਂ। ਜਦੋਂ ਤਕ ਇਹ 'ਮੈਂ' ਭਾਵਨਾ ਖਤਮ ਨਹੀਂ ਹੁੰਦੀ, ਇਹ ਮੈਲ ਵਧਦੀ ਹੀ ਜਾਂਦੀ ਹੈ। ਪਰ ਹਉਮੈ ਦੀ ਮੈਲ ਨੂੰ ਦੂਰ ਕਰਨ ਦਾ ਹੋਰ ਰਸਤਾ ਹੈ। ਫੁਰਮਾਨ ਹੈ –

*ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥*
*ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥*
*ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥*
*ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥*

*ਪੰਨਾ - 39*

ਸੱਚ ਦੀ ਪ੍ਰਾਪਤੀ ਮੈਂ-ਮੈਂ ਕਰਕੇ ਨਹੀਂ ਹੁੰਦੀ। ਜਦੋਂ ਤਕ ਹੰਗਤਾ ਤੇ ਮਮਤਾ ਦੀ ਮੈਲ ਦੂਰ ਨਹੀਂ ਹੁੰਦੀ ਉਨੀਂ ਦੇਰ ਤਕ ਸੱਚ ਦੀ ਪਛਾਣ ਨਹੀਂ ਹੁੰਦੀ। ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ॥*
*ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ॥ ਪੰਨਾ - 367*

ਸੋ ਹਉਮੈ ਦਾ ਜੋ ਇਲਾਜ ਹੈ ਉਹ ਹੁਕਮ ਦੇ ਬੁੱਝਣ ਵਿਚ ਹੈ –

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥*

*ਪੰਨਾ - 1*

ਹੁਕਮ ਦੀ ਪਛਾਣ ਹੋਵੇ ਤਾਂ ਸੱਚ ਦੀ ਪ੍ਰਾਪਤੀ ਹੋਇਆ ਕਰਦੀ ਹੈ ਜਿਥੇ ਪ੍ਰਭੂ ਦਾ ਪ੍ਰਬਲ ਹੁਕਮ ਵਰਤ ਰਿਹਾ ਹੈ, ਉਹ ਜੋ ਕੁਝ ਕਰ ਰਿਹਾ ਹੈ, ਓਹੀ ਹੋ ਰਿਹਾ ਹੈ ਇਹ ਜੀਵ ਖਾਹਮਖਾਹ ਇਸ ਚਲ ਰਹੀ ਖੇਡ ਵਿਚ ਆਪਣੇ ਆਪ ਨੂੰ ਦਾਖਲ ਕਰਕੇ ਜਨਮ ਮਰਨ ਦੇ ਚੱਕਰ ਵਿਚ ਘੁੰਮ ਰਿਹਾ ਹੈ ਕਿਉਂਕਿ ਰਚਣਹਾਰੇ ਨੇ ਹਉਮੈ ਦਾ ਤੱਤ ਖੇਲ੍ਹ ਲਈ ਹੀ ਬਣਾਇਆ ਹੈ ਜਿਸ ਨੂੰ ਅਪਣਾਅ ਕੇ ਇਹ ਪ੍ਰਮ ਸੁਖ ਦੀ ਥਾਂ ਦੁਖਾਂ ਵਿਚ ਜੀਵਨ ਬਤੀਤ ਕਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥*

*ਪੰਨਾ - 999*

ਨਿਸ਼ਚੇ ਵਿਚ ਲਿਆਓ ਕਿ ਇਥੇ ਇਕੋ ਪ੍ਰਭੂ ਆਪਣੀ ਖੇਲ੍ਹ ਕਰ ਰਿਹਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਆਉਂਦਾ ਹੈ –

*ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ॥*
*ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ॥*

*ਪੰਨਾ - 999*

ਸੋ ਆਪ ਸਾਰੇ ਪ੍ਰੇਮੀ ਅੰਮ੍ਰਿਤ ਵੇਲੇ ਉਠ ਕੇ ਸੰਗਤ ਵਿਚ ਆਉਂਦੇ ਹੋ, ਚਿਤ ਬਿਰਤੀਆਂ ਇਕਾਗਰ ਕਰਕੇ ਸੁਣਨ ਦਾ ਯਤਨ ਕਰਦੇ ਹੋਂ ਪਰ ਇਕ ਸਿਧਾਂਤ ਮਨ ਵਿਚ ਵਿਚਾਰ ਕੇ ਬੁਝ ਲਵੋ, ਉਹ ਹੈ ਹੁਕਮ ਦਾ। ਪ੍ਰਸ਼ਨ ਹੈ ਕਿ –

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*

*ਪੰਨਾ - 1*

ਉਤਰ ਹੈ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

*ਪੰਨਾ - 1*

ਸਮਾਂ ਬਹੁਤ ਹੋ ਗਿਆ ਹੈ ਇਸ ਕਰਕੇ ਮੈਂ ਇਥੇ ਹੀ ਸਮਾਪਤੀ ਕਰਦਾ ਹਾਂ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAG VAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ – 45 )*

26. ਤਥਾ ਗਿਆਨੀ ਪੁਰਸ਼ ਨੂੰ ਚਾਹੀਦਾ ਹੈ ਕਿ ਕਰਮ ਵਿਚ ਆਸ਼ਕਤ ਵਾਲੇ ਅਗਿਆਨੀਆਂ ਦੀ ਬੁੱਧੀ ਵਿਚ ਭਰਮ ਅਰਥਾਤ ਕਰਮਾਂ ਵਿਚ ਅਸ਼ਰਧਾ ਉਤਪੰਨ ਨਾ ਕਰੇ ਕਿੰਤੂ ਆਪ ਪ੍ਰਮਾਤਮਾ ਦੇ ਸਰੂਪ ਵਿਚ ਸਥਿਤ ਹੋਇਆ ਅਤੇ ਸਾਰੇ ਕਰਮਾਂ ਨੂੰ ਅੱਛੀ ਪ੍ਰਕਾਰ ਕਰਦਾ ਹੋਇਆ ਉਨ੍ਹਾਂ ਤੋਂ ਭੀ ਕਰਮ ਕਰਾਵੇ।

ਆਮ ਲੋਕੀ ਆਪਣੇ ਕਰਮਾਂ ਨਾਲ ਮੋਹ ਪਾ ਲੈਂਦੇ ਹਨ ਤੇ ਕਰਮਾਂ ਦੇ ਫਲਾਂ ਨਾਲ ਮੋਹ ਪਾ ਲੈਂਦੇ ਹਨ, ਪਰ ਗਿਆਨੀ ਉਹ ਹੀ ਹੈ ਜਿਹੜਾ ਆਪਣੇ ਕਰਮ ਤੇ ਡਿਊਟੀ ਨਿਸ਼ਕਾਮ ਹੋ ਕੇ ਸਮਾਜ ਦੀ ਭਲਾਈ ਲਈ ਕਰਦਾ ਹੈ। ਮੋਹ ਵਿਚ ਗ੍ਰਸਿਆ ਆਮ ਬੰਦੇ ਨੂੰ ਉਸ ਅਸੀਮ ਬਾਰੇ ਕੁਝ ਪਤਾ ਹੀ ਨਹੀਂ, ਉਹ ਆਪਣੀਆਂ ਸੀਮਾਂ ਕਰਕੇ ਹੀ ਦੁਖ ਭੋਗ ਰਿਹਾ ਹੈ ਉਸ ਨੂੰ ਸਦਾ ਇਹ ਹੀ ਡਰ ਲੱਗਾ ਰਹਿੰਦਾ ਹੈ ਕਿ ਜੋ ਉਸ ਕੋਲ ਹੈ ਉਹ ਕਿਸ ਤਰ੍ਹਾਂ ਛੱਡੇ, ਛੱਡੇ ਬਿਨਾਂ ਕੁਝ ਪ੍ਰਾਪਤ ਨਹੀਂ ਹੋ ਸਕਦਾ। ਦੇਣਾ ਤੇ ਤਿਆਗ ਇਕ ਹੀ ਗੱਲ ਹੈ, ਮਹਾਂਪੁਰਖ ਕੇਵਲ ਦਇਆ ਹੀ ਕਰਦੇ ਹਨ ਜੋ ਉਨ੍ਹਾਂ ਨੂੰ ਕਰਮ ਕਰਨ ਲਈ ਪ੍ਰੇਰਨਾ ਦਿੰਦੇ ਹਨ, ਉਹ ਕਰਮ ਜਿਹੜੇ ਸਮਾਜ ਲਈ ਲਾਭਕਾਰੀ ਹੋਣ।

ਸੰਸਾਰ ਦੇ ਸਾਰੇ ਸਮਾਜ ਵਰਗਾਂ ਵਿਚ ਆਮ ਲੋਕੀ ਹੀ ਮਹਾਨ ਲੋਕਾਂ ਦੇ ਪਿਛੇ ਚਲਦੇ ਹਨ, ਇਸ ਕਰਕੇ ਮਹਾਨ ਬੰਦਿਆਂ ਨੂੰ ਆਮ ਬੰਦੇ ਜਿਹੜੇ ਕਰਮ ਕਰ ਰਹੇ ਹਨ ਉਨ੍ਹਾਂ ਦੇ ਮਨ ਬਦਲਣ ਦੀ ਥਾਂ ਉਨ੍ਹਾਂ ਨੂੰ ਸੁਚੱਜੀ ਤਰ੍ਹਾਂ ਕਰਮ ਕਰਨ ਦੀ ਜਾਂਚ ਦਸਣੀ ਚਾਹੀਦੀ ਹੈ, ਉਸ ਨੂੰ ਚਾਹੀਦਾ ਹੈ ਉਨ੍ਹਾਂ ਨੂੰ ਚੇਤਨਤਾ ਦੇ ਪੱਧਰ ਤੇ ਪਹੁੰਚਾ ਦੇਵੇ, ਜਿਸ ਵਿਚ ਨਿਸ਼ਕਾਮ ਕਰਮ ਸ਼ਕਤੀ ਦਾ ਸਾਧਨ ਬਣ ਜਾਂਦੇ ਹਨ।

ਵਿਦਿਆਰਥੀ ਤੇ ਗਾਹਕ ਸ਼ਿਕਾਇਤ ਕਰਦੇ ਹਨ ਮੇਰੀਆਂ ਡਿਊਟੀਆਂ ਮੇਰਾ ਬੰਧਨ ਬਣ ਗਈਆਂ ਹਨ, ਮੈਂ ਇਸ ਬੰਧਨ ਤੋਂ ਕਿਵੇਂ ਛੁਟ ਸਕਦਾ ਹਾਂ? ਕੀ ਮੈਂ ਇਨ੍ਹਾਂ ਹਾਲਾਤਾਂ ਵਿਚ ਹੀ ਰਹਾਂ ਜਾਂ ਮੈਂ ਬਦਲ ਸਕਦਾ ਹਾਂ?" ਮਿਸਾਲ ਵਜੋਂ ਇਕ ਬੀਬੀ ਕਹਿੰਦੀ ਹੈ, ਮੇਰੀ ਡਿਊਟੀ ਜੋ ਬੱਚਿਆਂ ਪ੍ਰਤੀ ਤੇ ਪਤੀ ਪ੍ਰਤੀ ਹੈ, ਨੇ ਮੈਨੂੰ ਇਨ੍ਹਾਂ ਦਾ ਗੁਲਾਮ ਬਣਾ ਦਿਤਾ ਹੈ। ਉਤਰ ਹੈ ਆਪਣੇ ਕਰਮ ਡਿਊਟੀਆਂ ਕਰਨੀਆਂ ਅਵਸ਼ਕ ਹਨ ਪਰ ਜੇ ਉਸ ਡਿਊਟੀ ਨਾਲ ਪਿਆਰ ਨਹੀਂ ਅਸੀਂ ਆਪਣੇ ਕੰਮ ਪਿਆਰ ਨਾਲ ਨਹੀਂ ਕਰਦੇ ਤਾਂ ਅਸੀਂ ਇਕ ਮਸ਼ੀਨ ਦੀ ਤਰ੍ਹਾਂ ਕੰਮ ਕਰ ਰਹੇ ਹਾਂ, ਅਸੀਂ ਖੁਸ਼ੀ ਦਾ ਅਨੁਭਵ ਕਰਦੇ ਹੀ ਨਹੀਂ ਜਿਹੜੇ ਆਪਣੀ ਡੀਊਟੀ ਪਿਆਰ ਨਾਲ ਕਰਦੇ ਹਨ ਉਨ੍ਹਾਂ ਲਈ ਉਹ ਹੀ ਡੀਊਟੀਆਂ ਜਿਹੜੀਆਂ ਬੰਧਨ ਹੁੰਦੀਆਂ ਹਨ ਉਹ ਹੀ ਖੁਸ਼ੀ ਦਾ ਸਾਧਨ ਬਣ ਜਾਂਦੀਆਂ ਹਨ। ਦੇਣ ਨਾਲ ਪਿਆਰ ਵਧਦਾ ਹੈ, ਆਸ ਰੱਖਣ ਨਾਲ ਘਟਦਾ ਹੈ। ਡੀਊਟੀ ਕਰਦਿਆਂ ਦਿਓ, ਕੇਵਲ ਦਿਓ ਤੁਹਾਨੂੰ ਖੁਸ਼ੀ ਹੀ ਮਿਲੇਗੀ ਪਰ ਜੇ ਖੁਸ਼ੀ ਪ੍ਰਾਪਤ ਕਰਨ ਦੀ ਆਸ ਰਖਦੇ ਹੋ, ਦੂਸਰਾ ਵੀ ਤੁਹਾਡੇ ਤੋਂ ਆਸ ਰਖਦਾ ਹੈ। ਇਸ ਤਰ੍ਹੋਂ ਆਸ਼ਾਵਾਂ ਦਾ ਟਕਰਾਅ ਹੋ ਜਾਏਗਾ, ਦੋਨਾਂ ਨੂੰ ਦੁਖ ਹੋਵੇਗਾ। ਆਸ ਪਿਆਰ ਨਹੀਂ, ਸੰਤਾਪ ਹੈ, ਜੇ ਨਿਸੁਆਰਥੀ ਦੇਣ ਆਪਸ ਦੇ ਰਿਸ਼ਤਿਆਂ ਵਿਚ ਨਹੀਂ, ਪਤੀ ਪਤਨੀ ਪਰਿਵਾਰ ਖੇਰੂੰ ਖੇਰੂੰ ਹੋ ਜਾਵੇਗਾ ਕਿਉਂਕਿ ਪਰਿਵਾਰ ਤੋਂ ਭਾਵ ਹੈ ਨਿਸੁਆਰਥ ਹੋ ਕੇ ਪਿਆਰ ਦੇਣਾ ਕਿਉਂਕਿ ਜੇ ਨਿਸੁਆਰਥ ਨਹੀਂ ਤਾਂ ਸਾਨੂੰ ਸਾਰੀ ਜਗ੍ਹਾ ਸੰਤਾਪ ਹੀ ਦਿਸਦਾ ਹੈ, ਘਰ ਬਾਹਰ ਸਭ ਜਗ੍ਹਾ।

ਗਿਆਨੀ ਕਦੀ ਵੀ ਕਾਹਲ ਨਹੀਂ ਕਰਦੇ, ਕਦੀ ਵੀ ਕੋਈ ਵਿਚਾਰ ਕਾਹਲੀ ਨਾਲ ਨਹੀਂ ਦਿੰਦੇ ਕਿਉਂਕਿ ਆਮ ਲੋਕੀ ਉਸ ਨੂੰ ਸਮਝ ਨਹੀਂ ਸਕਦੇ ਪਰ ਉਹ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, ਉਨ੍ਹਾਂ ਨੂੰ ਦੁਖ ਵੀ ਨਾ ਲੱਗੇ ਤੇ ਉਹ ਪਿਆਰ ਨਾਲ ਮੰਨ ਵੀ ਜਾਣ। ਸਾਰਾ ਡੂੰਘਾ ਗਿਆਨ, ਪਿਆਰ ਤੇ ਕੁਲੀਨਤਾ ਨਾਲ ਦਿਤਾ ਜਾਂਦਾ ਹੈ ਜ਼ਬਰਦਸਤੀ ਦਿਤੀ ਗਈ ਸਿਖਿਆ, ਕਾਹਲੀ ਨਾਲ ਦਿਤੇ ਗਿਆਨ ਦਾ ਕੋਈ ਅਸਰ ਨਹੀਂ ਤੇ ਉਲਟਾ ਮਨ ਮੁੜ ਜਾਂਦਾ ਹੈ। ਅਸੀਂ ਇਹ ਬੱਚਿਆਂ ਨਾਲ ਤੇ ਮਾਤਾ ਪਿਤਾ ਨਾਲ ਰੋਜ਼ ਹੁੰਦਾ ਦੇਖਦੇ ਹਾਂ। ਜਦੋਂ ਵੀ ਮਾਤਾ ਪਿਤਾ ਅਬੜਵਾਹੇ ਕੋਈ ਵੀ ਗੱਲ ਕਹਿਣਗੇ, ਭਾਵੇਂ ਉਹ ਠੀਕ ਹੀ ਹੋਣ ਉਹ ਬੱਚਿਆਂ ਨੂੰ ਬਾਗੀ ਬਣਾ ਲੈਣਗੇ, ਫੇਰ ਇਸ ਨਾਲ ਮਾਤਾ ਪਿਤਾ ਤੇ ਬੱਚਿਆਂ ਵਿਚ ਇਕ ਦਰਾੜ ਪੈ ਜਾਂਦੀ ਹੈ ਕੋਈ ਗੱਲਬਾਤ ਨਹੀਂ ਹੋ ਸਕਦੀ। ਡੂੰਘਾ ਗਿਆਨ, ਬੁੱਧੀ ਦੇ ਪੱਧਰ ਦਾ ਗਿਆਨ ਕੋਈ ਵੀ ਗ੍ਰੰਥ ਪੜ੍ਹ ਕੇ ਦੇ ਸਕਦਾ ਹੈ ਪਰ ਇਹ ਗਿਆਨ ਮਨ ਵਿਚ ਨਹੀਂ ਉਤਰਦਾ, ਨਾ ਹੀ ਤੁਹਾਡੇ ਖ਼ੂਨ ਵਿਚ ਰਚਦਾ ਹੈ ਕਿਉਂਕਿ ਇਹ ਪਿਆਰ ਤੋਂ ਵਾਂਝਾ ਹੁੰਦਾ ਹੈ, ਕੁਲੀਨਤਾ ਤੋਂ ਪਰ੍ਹੇ ਹੁੰਦਾ ਹੈ, ਚੰਗਾ ਅਧਿਆਪਕ ਪਿਆਰ ਨਾਲ, ਕੁਲੀਨਤਾ ਨਾਲ ਆਪਣੇ ਹੀ ਤਰੀਕੇ ਨਾਲ ਪੜ੍ਹਾਉਂਦਾ ਹੈ, ਇਹ ਬਹੁਤ ਘੱਟ ਹੀ ਦੇਖਣ ਵਿਚ ਆਉਂਦਾ ਹੈ। ਜਿਹੜੇ ਧੀਰਜ ਵਾਲੇ ਹਨ, ਸਹਿਨਸ਼ੀਲ ਹਨ, ਨਿਸੁਆਰਥੀ ਹਨ, ਪਿਆਰ ਵਾਲੇ ਹਨ, ਕੁਲੀਨ ਹਨ, ਮਨੋਬਲ ਵਾਲੇ ਹਨ ਉਹ ਕਦੀ ਵੀ ਅਬੜਵਾਹੇ ਕੋਈ ਕਰਮ ਨਹੀਂ ਕਰਦੇ, ਕਦੀ ਵੀ ਆਪਣੇ ਵਿਚਾਰ ਦੂਸਰਿਆਂ ਤੇ ਨਹੀਂ ਥੋਪਦੇ, ਇਹ ਕਿਤਾਬਾਂ ਤੋਂ ਨਹੀਂ ਸਿਖਿਆ ਜਾਂਦਾ, ਇਹ ਕੇਵਲ ਅਨੁਭਵ ਨਾਲ ਹੀ ਆਉਂਦਾ ਹੈ। ਸਾਨੂੰ ਕਿੰਨੇ ਹੀ ਬੁੱਧੀਜੀਵ ਮਿਲ ਜਾਣਗੇ, ਵਿਦਵਾਨ ਮਿਲ ਜਾਣਗੇ ਜਿਹੜੇ ਗ੍ਰੰਥ ਜ਼ੁਬਾਨੀ ਸੁਣਾ ਸਕਦੇ ਹਨ ਪਰ ਪਿਆਰ ਨਾਲ ਗਿਆਨ ਦੇਣ ਵਾਲੇ ਕਿੰਨੇ ਮਿਲਦੇ ਹਨ? ਸ੍ਰੀ ਕ੍ਰਿਸ਼ਨ ਜੀ ਆਪ ਆਪਣੀ ਮਿਸਾਲ ਬਣ ਕੇ ਸਿਖਿਆ ਦੇ ਰਹੇ ਹਨ ਤੇ ਅਰਜਨ ਨੂੰ ਕਹਿ ਰਹੇ ਹਨ ਕਿ ਉਹ ਕਰਮ ਕਰੇ, ਨਿਸ਼ਕਾਮ ਕਰਮ ਕਰੇ ਤੇ ਦੂਸਰਿਆਂ ਲਈ ਮਿਸਾਲ ਬਣੇ।

27. ਪ੍ਰਾਕ੍ਰਿਤੀ ਦੇ ਗੁਣਾਂ ਨਾਲ ਹੀ ਸਾਰੇ ਕਰਮ ਹੋ ਰਹੇ ਹਨ ਪਰ ਹਉਮੈ ਵਿਚ ਆਇਆ ਬੰਦਾ ਸੋਚਦਾ ਹੈ ਮੈਂ ਹੀ ਸਭ ਕੁਝ ਕਰ ਰਿਹਾ ਹਾਂ।

28. ਹੇ ਮਹਾਂਬਾਹੋ! ਜਿਹੜਾ ਗੁਣ ਤੇ ਕਰਮ ਦਾ ਭੇਦ ਜਾਣਦਾ ਹੈ, ਵਿਭਾਗਾਂ ਦੇ ਤੱਤ ਨੂੰ ਜਾਨਣ ਵਾਲਾ ਜਾਣਦਾ ਹੈ ਕਿ ਗੁਣ ਹੀ ਆਪਣੇ ਗੁਣਾਂ ਵਿਚ ਵਰਤਦੇ ਹਨ, ਇਹ ਜਾਣ ਕੇ ਨਿਰਲੇਪ ਰਹਿੰਦਾ ਹੈ।

(ਤ੍ਰਿਗੁਣਾਤਮਕ ਮਾਇਆ ਦੇ ਕਾਰਯ ਰੂਪ ਪੰਜ ਮਹਾਂਭੂਤ ਮਨ, ਬੁਧ ਅਤੇ ਅਹੰਭਾਵ ਤਥਾ ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ ਅਤੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਪੰਜ ਵਿਸ਼ੇ ਇਨ੍ਹਾਂ ਸਾਰਿਆਂ ਦੇ ਸਾਮੁਦਾਇ ਨੂੰ ਗੁਣ ਵਿਭਾਗ ਕਿਹਾ ਜਾਂਦਾ ਹੈ ਇਨ੍ਹਾਂ ਦੀ ਪਰਸਪਰ ਚੇਸ਼ਟਾ ਦਾ ਨਾਮ ਕਰਮ ਵਿਭਾਗ ਹੈ।

ਅਸੀਂ ਦੇਖੀਏ ਤਾਂ ਸਹੀ ਕਿ ਕੀ ਮਨੁੱਖ ਹੀ ਕੇਵਲ ਆਪਣੇ ਕਰਮ ਤੇ ਉਨ੍ਹਾਂ ਦੇ ਫਲਾਂ ਲਈ ਜਿੰਮੇਵਾਰ ਹੁੰਦਾ ਹੈ। ਮਨੁੱਖ ਆਪਣੇ ਆਪ ਵਿਚ ਕਰਮ ਕਰਨ ਲਈ ਕਿਤੇ ਵਧ ਸੁਤੰਤਰ ਹੈ ਜਾਨਵਰਾਂ ਨਾਲੋਂ, ਫੁਲ ਪੌਦਿਆਂ ਨਾਲੋਂ, ਬੇਜਾਨ ਵਸਤੂਆਂ ਨਾਲੋਂ, ਮਨੁੱਖ ਆਮ ਕਰਮ ਕਰ ਸਕਦਾ ਹੈ ਜਦੋਂ ਕਿ ਜਾਨਵਰ ਪੂਰੀ ਤਰ੍ਹਾਂ ਪ੍ਰਕ੍ਰਿਤੀ ਦੇ ਅਧੀਨ ਹਨ, ਜਾਨਵਰਾਂ ਦੀ ਕੋਈ ਆਪਣੀ ਮਰਜ਼ੀ ਨਹੀਂ ਹੈ, ਮਨੁੱਖ ਦੀ ਮਰਜ਼ੀ ਵੀ ਹੈ, ਬੁੱਧੀ ਵੀ ਹੈ ਜਿਹੜੀ ਇਸ ਨੂੰ ਇਕ ਵਖਰਾ ਰੂਪ ਦਿੰਦੀ ਹੈ, ਖਾਣਾ, ਪੀਣਾ, ਸੌਣਾ ਬੱਚੇ ਪੈਦਾ ਕਰਨੇ ਹੋਰ ਆਪਣੀ ਸੁਰਖਿਆ ਲਈ ਕੁਝ ਵੀ ਕਰਨਾ ਇਹ ਮਨੁੱਖਾਂ ਵਿਚ ਤੇ ਜਾਨਵਰਾਂ ਵਿਚ ਦੋਨਾਂ ਵਿਚ ਹੀ ਹਨ, ਪਰ ਇਹ ਕ੍ਰਿਆਵਾਂ ਕੁਦਰਤ ਦੇ ਅਧੀਨ ਹਨ, ਮਨੁੱਖ ਹੀ ਕੇਵਲ ਇਕ ਇਹੋ ਜਿਹਾ ਜੀਵ ਹੈ ਜਿਸ ਵਿਚ ਇਹ ਜਮਾਂਦਰੂ ਸਮਰਥਾ ਹੈ ਕਿ ਉਹ ਮੁਢਲੀਆਂ ਇੱਛਾਵਾਂ ਦੇ ਵਸ ਹੋ ਕੇ ਕਰਮ ਨਾ ਕਰੇ। ਇਸ ਦੀ ਇੱਛਾ ਸ਼ਕਤੀ, ਬੁੱਧੀ ਨਾਲ ਇਹ ਸਮਝ ਸਕਦਾ ਹੈ ਵਿਸ਼ਲੇਸ਼ਨ ਕਰ ਸਕਦਾ ਹੈ, ਪਰੇਰਨਾ ਨੂੰ ਕਾਬੂ ਕਰ ਸਕਦਾ ਹੈ, ਇੱਛਾ, ਵਿਚਾਰ ਅਤੇ ਭਾਵਨਾਵਾਂ ਨੂੰ ਜਾਣ ਕੇ ਉਨ੍ਹਾਂ ਅਨੁਸਾਰ ਕਰਮ ਕਰ ਸਕਦਾ ਹੈ। ਇਸ ਕੋਲ ਐਨੀ ਤਾਕਤ ਹੈ ਕਿ ਇਹ ਕਰਮ ਦੀ ਸਾਰੀ ਲੜੀ ਹੀ ਬਦਲ ਸਕਦਾ ਹੈ, ਭਾਵ ਪ੍ਰੇਰਨਾ ਤੋਂ ਲੈ ਕੇ ਕਰਮ ਕਰਨ ਤਕ, ਇਹ ਹਰ ਚੀਜ਼ ਹਰ ਪੱਧਰ ਜੋ ਇਸ ਨੂੰ ਕਰਮ ਕਰਨ ਲਈ ਪ੍ਰੇਰਦਾ ਉਸ ਬਾਰੇ ਜਾਣੂੰ ਹੋ ਸਕਦਾ ਹੈ, ਠੀਕ ਸਿਖਿਆ ਨਾਲ ਇਹ ਕਿਸੇ ਵੀ ਪੱਧਰ ਨੂੰ ਸੁਧਾਰ ਸਕਦਾ ਹੈ।

ਭਾਵੇਂ ਇਹ ਜਮਾਂਦਰੂ ਸਮਰਥਾ ਨਾਲ ਕਰਮਾਂ ਨੂੰ ਨਿਯਮਤ ਕਰਦਾ ਹੈ, ਸੁਧਾਰਦਾ ਹੈ ਪਰ ਫੇਰ ਵੀ ਇਹ ਕਰਤਾ ਨਹੀਂ ਹੈ। ਸਾਰੇ ਕਰਮ ਪ੍ਰਾਕ੍ਰਿਤੀ ਹੀ ਕਰਦੀ ਹੈ ਜਿਹੜੀ ਵਿਸ਼ਵ ਨੂੰ ਚਲਾ ਰਹੀ ਹੈ। ਆਤਮਾ ਨਿਰਲਿਪਤ ਹੋਈ, ਪ੍ਰਭਾਵਿਤ ਹੋਏ ਬਿਨਾਂ ਅੰਦਰ ਸਥਿਤ ਹੈ, ਸਦਾ ਹੀ ਸ਼ਾਂਤ ਰਹਿੰਦੀ ਹੈ, ਆਪਣੀ ਸੋਭਾ ਸ਼ਾਨ ਬਣਾਈ ਰਖਦੀ ਹੈ। ਇਹ ਕੇਵਲ ਹਉਮੈ ਹੀ ਹੈ ਜਿਹੜੀ ਮਨੁੱਖ ਨੂੰ ਭਰਮਾਉਂਦੀ ਹੈ ਤੇ ਕਹਿੰਦੀ ਹੈ ਤੂੰ ਕਰਤਾ ਹੈਂ ਤੈਨੂੰ ਹੀ ਫਲ ਲੈਣ ਦਾ ਅਧਿਕਾਰ ਹੈ। ਇਥੇ ਇਕ ਬੜੀ ਬਾਰੀਕੀ ਦੀ ਗੱਲ ਇਹ ਹੈ ਕਿ ਜਿਹੜਾ ਕਰਤਾ ਬਣਦਾ ਹੈ ਉਹ ਫਲ ਦਾ ਅਧਿਕਾਰੀ ਵੀ ਬਣ ਜਾਂਦਾ ਹੈ, ਉਹ ਝੂਠਾ ਭਰਮ, ਮੈਂ ਕਰਦਾ ਹਾਂ, ਫੇਰ ਮੈਨੂੰ ਇਸ ਦਾ ਫਲ ਮਿਲਣਾ ਚਾਹੀਦਾ ਹੈ ਇਹ ਇਕ ਸੰਤਾਪ ਪੈਦਾ ਕਰ ਦਿੰਦਾ ਹੈ ਤੇ ਮਨੁੱਖ ਇਸ ਵਿਚ ਹੀ ਗੇੜੇ ਖਾਂਦਾ ਰਹਿੰਦਾ ਹੈ। ਹਉਮੈ ਨੂੰ ਸੋਧਣ ਦੀ ਲੋੜ ਹੈ ਸਿਖਾਉਣ ਦੀ ਲੋੜ ਹੈ ਕਿ ਉਹ ਕਰਤਾ ਨਾ ਬਣੇ, ਕਰਤੇ ਨੂੰ ਸੁਚੇਤ ਹੋ ਕੇ ਦੇਖੇ, ਆਤਮਾ ਨੂੰ ਪਛਾਣੇ ਜੋ ਅਮਰ ਹੈ।

ਹਉਮੈ ਸਾਡੇ ਅੰਦਰ ਦੇ ਚਾਰ ਕਰਮਾਂ ਵਿਚੋਂ ਇਕ ਹੈ, ਸਾਡਾ ਅੰਦਰ ਇਕ ਕਾਰਖਾਨੇ ਦੀ ਤਰ੍ਹਾਂ ਹੈ ਤੇ ਹਉਮੈ ਆਤਮਾ ਦਾ ਦੂਤ ਹੈ, ਜਦੋਂ ਹਉਮੈ ਆਤਮਾ ਨੂੰ ਭੁੱਲ ਜਾਂਦੀ ਹੈ, ਜਦੋਂ ਇਹ ਭੁੱਲ ਜਾਂਦਾ ਹੈ ਕਿ ਇਹ ਤਾਂ ਕੇਵਲ ਇਕ ਦੂਤ ਹੀ ਹੈ ਫੇਰ ਅੰਦਰ ਬਹੁਤ ਹੀ ਰੌਲਾ ਮਚ ਜਾਂਦਾ ਹੈ, ਬਹੁਤ ਭਰਮ ਪੈ ਜਾਂਦੇ ਹਨ ਘਬਰਾਹਟ ਪੈਦਾ ਹੋ ਜਾਂਦੀ ਹੈ, ਫੇਰ ਇਹ ਹੋਰ ਪੱਧਰਾਂ ਤੇ ਹੋਰ ਪੱਖਾਂ ਦੀ ਵੀ ਸਲਾਹ ਨਹੀਂ ਲੈਂਦਾ ਤੇ ਮਨ ਤੇ ਕਾਬੂ ਖੋ ਬੈਠਦਾ ਹੈ, ਮਨ ਜੋ ਅੰਦਰ ਬਾਹਰ ਦੋਨੋਂ ਪਾਸੇ ਕੰਮ ਕਰਦਾ ਹੈ ਜੋ ਕਿ ਪ੍ਰਤੱਖ ਗਿਆਨ ਤੇ ਸੰਕਲਪ ਦੋਨਾਂ ਦਾ ਹੀ ਯੰਤਰ ਹੈ ਜਦੋਂ ਹਉਮੈ ਨੂੰ ਆਪਣਾ ਅਸਲੀ ਰੋਲ ਯਾਦ ਆਉਂਦਾ ਹੈ, ਫੇਰ ਉਹ ਬੰਧਨ ਨਹੀਂ ਬਣਦਾ ਫੇਰ ਉਹ ਰੁਕਾਵਟ ਨਹੀਂ ਬਣਦਾ, ਉਹ ਰੁਕਾਵਟ ਜਿਹੜੀ ਜਗਿਆਸੂ ਨੂੰ ਆਤਮਾ ਤਕ ਨਹੀਂ ਪਹੁੰਚਣ ਦਿੰਦੀ, ਉਹ ਆਤਮਾ ਜਿਹੜੀ ਗਿਆਨ ਦਾ ਸਰੋਤ ਹੈ ਚੇਤਨਤਾ ਦਾ ਕੇਂਦਰ ਹੈ।

ਹਉਮੈ ਸਾਰੇ ਦੁਖਾਂ ਦਾ ਕਾਰਨ ਹੈ ਪਰ ਬ੍ਰਹਮਗਿਆਨੀ ਇਸ ਨੂੰ ਔਕੜ ਬਣਨ ਨਹੀਂ ਦਿੰਦੇ, ਬ੍ਰਹਮਗਿਆਨੀ ਜਾਣਦਾ ਹੈ ਕਿ ਪ੍ਰਕ੍ਰਿਤੀ ਕਰਮ ਕਰ ਰਹੀ ਹੈ, ਵਿਸ਼ਵ ਦਾ, ਬ੍ਰਹਿਮੰਡ ਦਾ ਸੁਭਾਅ ਹੈ, ਕਰਮ ਕਰਨਾ। ਸੋ ਉਹ ਸਾਰੇ ਭਰਮਾਂ ਤੋਂ ਮੁਕਤ ਰਹਿੰਦਾ ਹੈ, ਸਾਰੇ ਸੰਕਲਪਾਂ ਤੋਂ ਮੁਕਤ ਰਹਿੰਦਾ ਹੈ ਜਿਵੇਂ ਕਿ ਮੇਰੀ ਇੱਛਾ ਹੈ, ਇਹ ਕਰਾਂ, ਮੈਂ ਇਹ ਕਰਨਾ ਚਾਹੁੰਦਾ ਹਾਂ, ਮੈਂ ਇਹ ਕਰਨ ਲੱਗਾ ਹਾਂ ਜਾਂ ਮੈਂ ਇਹ ਕਰ ਲਿਆ ਹੈ।

ਪ੍ਰਕ੍ਰਿਤੀ ਦੇ ਤਿੰਨ ਗੁਣ ਹਨ - ਸਤੋ, ਰਜੋ, ਤਮੋ ਤਿੰਨੋ ਬਹੁਤ ਫਰਕ ਰਖਦੇ ਹਨ ਪਰ ਫੇਰ ਵੀ ਇਕੱਠੇ ਹੀ ਕੰਮ ਕਰਦੇ ਹਨ। ਅਸਲ ਵਿਚ ਪ੍ਰਕ੍ਰਿਤੀ ਦਾ ਕੋਈ ਵੀ ਕਰਮ ਇਨ੍ਹਾਂ ਤਿੰਨਾਂ ਗੁਣਾਂ ਤੋਂ ਹੀ ਹੁੰਦਾ ਹੈ, ਇਨ੍ਹਾਂ ਤਿੰਨਾਂ ਤੱਤਾਂ ਤੇ ਗੁਣ ਵੱਖ-ਵੱਖ ਹਨ, ਜਦੋਂ ਦੋ ਤੱਤ ਸਾਮ੍ਹਣੇ ਆਉਂਦੇ ਹਨ ਟਕਰਾਅ ਹੁੰਦਾ ਹੈ, ਨਤੀਜਾ ਜਾਂ ਤਾਂ ਉਹ ਇਕੱਠੇ ਹੋ ਕੇ ਕੁਝ ਨਵਾਂ ਰੂਪ ਧਾਰਨ ਕਰ ਲੈਂਦੇ ਹਨ ਜਾਂ ਫੇਰ ਦਵੰਦ ਪੈਦਾ ਹੋ ਜਾਂਦਾ ਹੈ, ਇਸ ਪ੍ਰਕਾਰ ਗੁਣ ਕਰਮ ਦਾ ਸ੍ਰੋਤ ਹਨ, ਇਹ ਤਿੰਨ ਗੁਣ ਮਨੁੱਖ ਵਿਚ ਇਕੱਠੇ ਹੀ ਹਨ, ਪ੍ਰਕਿਰਤੀ ਵਿਚ ਵੀ ਹਨ ਪਰ ਜਦੋਂ ਕੋਈ ਇਕ ਵੀ ਵੱਧ ਹੋ ਜਾਂਦਾ ਹੈ ਤਾਂ ਕਰਮ ਵੀ ਉਸ ਅਨੁਸਾਰ ਹੀ ਹੋ ਜਾਂਦੇ ਹਨ, ਸ਼ਾਂਤੀ ਨਾਲ ਕੀਤਾ ਕਰਮ ਸਤੋ ਗੁਣ ਕਰਕੇ ਹੈ, ਰਾਜਸਿਕ ਗੁਣ ਨਾਲ ਕੀਤਾ ਕਰਮ, ਫਲ ਦੀ ਪ੍ਰਤੀਕਸ਼ਾ ਕਰੇਗਾ, ਤਾਮਸਿਕ ਗੁਣ ਸੁਸਤੀ ਤੇ ਕਰਮ ਨਾ ਕਰਨ ਲਈ ਪ੍ਰੇਰੇਗਾ। ਕਰਮ ਕੀਤੇ ਬਿਨਾਂ ਕੋਈ ਰਹਿ ਨਹੀਂ ਸਕਦਾ ਪਰ ਜਦੋਂ ਤੁਸੀਂ ਸਥਿਲ ਹੋ ਕੇ ਕਰਮ ਕਰਦੇ ਹੋ ਤਾਂ ਤੁਸੀਂ ਇਕਾਗਰ ਨਹੀਂ ਹੁੰਦੇ, ਨਤੀਜਾ ਪੂਰੀ ਤਰ੍ਹਾਂ ਵਿਘਟਨ ਤੇ ਬੇਤਰਤੀਬੀ ਹੋ ਜਾਂਦਾ ਹੈ।

ਇਨ੍ਹਾਂ ਸ਼ਲੋਕਾਂ ਨੂੰ ਪੜ੍ਹ ਕੇ ਸਮਝ ਕੇ ਇਹ ਜਾਣ ਸਕਦੇ ਹਾਂ ਕਿ ਕਿਵੇਂ ਅਸੀਂ ਹਉਮੈ ਅੰਦਰ ਭੁੱਲੇ ਰਹਿੰਦੇ ਹਾਂ, ਭਰਮੇ ਰਹਿੰਦੇ ਹਾਂ, ਅਸੀਂ ਇਹ ਕਰਦੇ ਹਾਂ, ਮੈਂ ਦੇਸ਼ ਸੇਵਕ

ਹਾਂ, ਮੈਂ ਮਾਨਵਤਾ ਲਈ ਬਹੁਤ ਕੰਮ ਕਰ ਰਿਹਾ ਹਾਂ। ਇਕ ਬੱਚਾ ਬਹੁਤ ਸੋਹਣਾ ਫੁੱਲ ਤੋੜਦਾ ਹੈ ਤੇ ਆਪਣੀ ਮਾਂ ਨੂੰ ਫੜਾ ਦਿੰਦਾ ਹੈ ਤੇ ਕਹਿੰਦਾ ਹੈ, ਮਾਂ ਇਹ ਮੈਂ ਤੈਨੂੰ ਦਿੰਦਾ ਹਾਂ। ਜਿਵੇਂ ਉਹ ਆਪਣੇ ਕੋਲੋਂ ਕੁਝ ਦੇ ਰਿਹਾ ਹੋਵੇ ਪਰ ਫੁਲ ਦਾ ਤੋਹਫਾ ਤਾਂ ਪ੍ਰਕ੍ਰਿਤੀ ਦੇ ਗੁਣਾਂ ਦੀ ਉਪਜ ਹੈ, ਬੱਚਾ ਗੁਣਾਂ ਦਾ ਹੀ ਪਰੇਰਿਆ ਹੋਇਆ ਇਕ ਪਾਸੇ ਤੋਂ ਦੂਸਰੇ ਪਾਸੇ ਦੇ ਰਿਹਾ ਹੈ, ਤੇ ਕਹਿ ਰਿਹਾ ਹੈ ਮੇਰਾ ਹੈ। ਹਉਮੈ ਸਭ ਤੋਂ ਵੱਧ ਅੰਦਰ ਹੋਣ ਕਰਕੇ, ਹਉਮੈ ਨੇ ਆਪਣੇ ਆਪ ਨੂੰ ਆਤਮਾ ਦੇ ਸਮਾਨ ਬਣਾ ਲਿਆ, ਸ਼ਕਤੀਸ਼ਾਲੀ ਬਣਾ ਲਿਆ ਹੈ, ਸਰਬ ਸ਼ਕਤੀਮਾਨ ਤੇ ਸਰਬ ਗਿਆਤਾ ਹੋ ਕੇ ਬੰਧਨ ਬਣਾ ਲੈਂਦਾ ਹੈ ਪਰ ਜਦੋਂ ਆਤਮ ਗਿਆਨ ਹੁੰਦਾ ਹੈ ਸਭ ਖਤਮ ਹੋ ਜਾਂਦਾ ਹੈ ਤੇ ਸੁਤੰਤਰ ਹੋ ਜਾਂਦਾ ਹੈ।

ਅੱਜ ਦੇ ਮਨੋਵਿਗਿਆਨਕ ਵੀ ਕਹਿੰਦੇ ਹਨ ਕਿ ਮਨੁੱਖ ਆਪ ਕਰਮ ਨਹੀਂ ਕਰਦਾ ਉਹ ਤਾਂ ਪ੍ਰਕ੍ਰਿਤੀ ਦਾ ਬੱਧਾ ਕਰਮ ਕਰਦਾ ਹੈ। ਅਸਲ ਵਿਚ ਇਹ ਅਜੋਕੇ ਮਨੋਵਿਗਿਆਨ ਦੀ ਵੱਡੀ ਅੰਤਰ ਦ੍ਰਿਸ਼ਟੀ ਹੈ ਜਿਹੜੀ ਕਿ ਆਮ ਫਿਲੋਸਫੀ, ਵਿਵੇਕੀ ਦਰਸ਼ਨ ਸਾਸਤ੍ਰ ਵਿਰੁੱਧ ਖੜ੍ਹੀ ਹੋਈ। ਇਸ ਫਿਲੋਸਫੀ ਦਾ ਕਹਿਣਾ ਸੀ ਕਿ ਮਨੁੱਖ ਜੋ ਚਾਹੇ ਉਹ ਹੀ ਕਰਦਾ ਹੈ, ਵਿਵਹਾਰੀ (Behaviourists) ਮੰਨਦੇ ਹਨ ਕਿ ਮਨੁੱਖ ਆਦਤਾਂ ਦਾ ਬਧਾ ਕੰਮ ਕਰਦਾ ਹੈ, ਆਦਤਾਂ ਇਨਾਮ ਤੇ ਸਜ਼ਾ ਨਾਲ ਪਕਦੀਆਂ ਤੇ ਛੁਟਦੀਆਂ ਹਨ, ਫਰਾਇਡ (Freud) ਨੇ ਕਿਹਾ ਸੀ ਕਿ ਸੁਚੇਤ ਮਨ ਪੂਰੇ ਮਨ ਦਾ ਇਕ ਥੋੜ੍ਹਾ ਜਿਹਾ ਹਿੱਸਾ ਹੈ ਤੇ ਮਨੁੱਖ ਵਧੇਰੇ ਅਚੇਤ ਮਨ ਦੇ ਪਰੇਰੇ ਹੋਏ ਹੀ ਕਰਮ ਕਰਦੇ ਹਨ, ਜੁੰਗ (Jung) ਦੂਸਰਾ ਮਨੋਵਿਗਿਆਨਕ ਜਿਹੜਾ ਇਕ ਮੁਢਲੇ ਰੂਪ ਵਾਲਾ ਮਨੋਵਿਗਿਆਨੀ ਸੀ ਤੇ ਉਸ ਦੇ ਹੋਰ ਸਾਥੀ ਇਕ ਪਉੜੀ ਹੋਰ ਉਪਰ ਚੜ੍ਹਦੇ ਹਨ ਤੇ ਕਹਿੰਦੇ ਹਨ ਮਨੁੱਖ ਕਰਤਾ ਨਹੀਂ ਹੈ, ਉਨ੍ਹਾਂ ਦਾ ਵਿਚਾਰ ਬਿਲਕੁਲ ਇਨ੍ਹਾਂ ਸ਼ਲੋਕਾਂ ਵਾਲਾ ਵਿਚਾਰ ਹੀ ਹੈ ਜਿਹੜਾ ਪਹਿਲਾਂ ਸਮਝਣੇ ਔਖੇ ਹਨ ਕਿਉਂਕਿ ਅਸੀਂ ਆਪਣੇ ਆਪ ਨੂੰ ਹੀ ਕਰਤਾ ਮੰਨਦੇ ਹਾਂ ਭਾਵੇਂ ਅਸੀਂ ਆਪਣੇ ਆਲੇ ਦੁਆਲੇ ਦੂਸਰੇ ਜੀਵਾਂ ਨੂੰ ਆਪਣੇ ਆਪ ਪ੍ਰਕ੍ਰਿਤੀ ਵਸ ਹੋਏ ਕਰਮ ਕਰਦਿਆਂ ਦੇਖਦੇ ਹਾਂ, ਜੁੰਗ ਤੇ ਹੋਰ ਉਹੋ ਜਿਹੇ ਮੁਢਲੇ ਰੂਪ ਵਾਲੇ ਮਨੋਵਿਗਿਆਨਕ ਇਹ ਦਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮੁਢਲੇ ਰੂਪ ਸਾਡੇ ਅਚੇਤ ਮਨ ਵਿਚ ਵਸੇ ਹੋਏ ਕਰਮ ਕਾਂਡ ਕਰ ਰਹੇ ਹਨ, ਇਹ ਸਾਰੇ ਵਿਸ਼ਵ ਵਿਚ ਹੋ ਰਿਹਾ ਹੈ ਤੇ ਬਾਰ-ਬਾਰ ਹੋਈ ਜਾ ਰਿਹਾ ਹੈ। ਪੁਸ਼ਤ ਦਰ ਪੁਸ਼ਤ ਚਲਿਆ ਆ ਰਿਹਾ ਹੈ, ਚੇਤਨ ਮਨੁੱਖ ਕੇਵਲ ਇਹ ਨਾਟਕ ਦੇਖ ਰਿਹਾ ਹੈ, ਇਕ ਦਰਸ਼ਕ ਹੈ ਇਸ ਸਾਰੇ, ਸ਼ਾਨਦਾਰ ਸ਼ੋਭਨੀਅ ਡਰਾਮੇ ਦਾ ਕਰਤਾ ਨਹੀਂ ਹੈ, ਪਾਤਰ ਨਹੀਂ ਹੈ।

29. ਅਤੇ ਪ੍ਰਕ੍ਰਿਤੀ ਦੇ ਗੁਣਾਂ ਤੋਂ ਮੋਹਿਤ ਹੋਏ ਪੁਰਸ਼ ਗੁਣ ਅਤੇ ਕਰਮਾਂ ਵਿਚ ਆਸ਼ਕਤ ਹੁੰਦੇ ਹਨ, ਉਨ੍ਹਾਂ ਨੂੰ ਅੱਛੀ ਪ੍ਰਕਾਰ ਨਾ ਸਮਝਣ ਵਾਲੇ ਮੂਰਖਾਂ ਨੂੰ ਅੱਛੀ ਪ੍ਰਕਾਰ ਜਾਨਣ ਵਾਲਾ ਗਿਆਨੀ ਪੁਰਸ਼ ਚਲਾਏਮਾਨ ਨਾ ਕਰੇ।

ਆਮ ਮਨੁੱਖ ਜਿਹੜੇ ਭਰਮੇ ਹੋਏ ਆਪਣੇ ਆਪ ਨੂੰ ਪ੍ਰਕ੍ਰਿਤੀ ਦੇ ਸਮਾਨ ਸਮਝ ਕੇ ਆਪਣੇ ਆਪ ਨੂੰ ਕਰਤਾ ਜਾਣ ਬੈਠਦੇ ਹਨ, ਉਹ ਅਗਿਆਨੀ ਫੇਰ ਆਪਣੇ ਆਪ ਨੂੰ ਫਲ ਦਾ ਅਧਿਕਾਰੀ ਸਮਝਣ ਲਗ ਪੈਂਦੇ ਹਨ, ਜੋ ਜਾਣਦਾ ਹੈ ਜੋ ਅਗਿਆਨ ਦੇ ਬੱਦਲ ਦੂਰ ਕਰ ਸਕਦਾ ਹੈ, ਉਸ ਨੂੰ ਚਾਹੀਦਾ ਹੈ ਉਹ ਇਹੋ ਜਿਹਾ ਕੁਝ ਨਾ ਕਰੇ ਜਿਸ ਨਾਲ ਆਮ ਬੰਦੇ ਦੇ ਮਨ ਵਿਚ ਦਵੰਦ ਪੈਦਾ ਹੋਣ। ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਸਲਾਹ ਦਿੰਦੇ ਹਨ ਉਹ ਇਕ ਗਲਤ ਮਿਸਾਲ ਨਾ ਬਣੇ, ਹਉਮੈ ਵਿਚ ਨਾ ਆਵੇ ਤੇ ਲੋਕਾਂ ਨੂੰ ਗੁੰਮਰਾਹ ਨਾ ਕਰੇ, ਉਹ ਆਗੂ ਜਿਸ ਨੇ ਆਪਣੇ ਆਪ ਤੇ ਸੰਜਮ ਨਹੀਂ ਲਿਆਂਦਾ ਅਨੁਸ਼ਾਸ਼ਨ ਨਹੀਂ ਲਿਆਂਦਾ, ਉਹ ਲੋਕਾਂ ਨੂੰ ਸੇਧ ਦੇਣ ਦੇ ਯੋਗ ਨਹੀਂ, ਆਗੂ ਨੂੰ ਆਪਣੇ ਆਪ ਤੇ ਪੂਰਾ ਸੰਜਮ, ਅਨੁਸ਼ਾਸ਼ਨ ਹੋਣਾ ਚਾਹੀਦਾ ਹੈ, ਨਹੀਂ ਤਾਂ ਉਹ ਲੋਕਾਂ ਨੂੰ ਸੇਧ ਦੇਣ ਦੀ ਥਾਂ ਕੁਰਾਹੇ ਪਾ ਸਕਦਾ ਹੈ।

30. ਮਨ ਨੂੰ ਆਤਮਾ ਤੇ ਇਕਾਗਰ ਕਰਕੇ, ਸਾਰੇ ਕਰਮ 'ਮੈਨੂੰ' ਸਮਰਪਣ ਕਰਕੇ ਫਲ ਦੀ ਇੱਛਾ ਤੋਂ ਮੁਕਤ ਹੋ ਕੇ, ਮੈਂ ਤੇ ਮੇਰੀ ਛੱਡ ਕੇ, ਚਿੰਤਾ, ਛੱਡ ਕੇ, ਨਿਰਭੈ ਹੋ ਕੇ ਯੁੱਧ ਕਰ।

ਕੇਵਲ ਉਹ ਜਿਸ ਨੇ ਆਪਣੀ ਸ਼ਕਤੀ ਜ਼ੋਰ, ਸੋਚ, ਭਾਵ, ਇੱਛਾ ਨੂੰ ਮੋੜ ਲਿਆ ਹੈ, ਸੋਧ ਲਿਆ ਹੈ, ਆਤਮ ਗਿਆਨ ਦੀ ਇੱਛਾ ਰਖਦਾ ਹੈ ਉਹ ਹੀ ਸੁਤੰਤਰ ਹੋ ਜਾਂਦਾ ਹੈ। ਸਾਧਾਰਣ ਲੋਕ ਸੰਸਾਰਕ ਪਦਾਰਥਾਂ ਦੇ ਲਈ ਹੀ ਸੁਚੇਤ ਰਹਿੰਦੇ ਹਨ ਪਰ ਜਿਹੜੇ ਉਸ ਇਕ ਸਤਿ ਬਾਰੇ ਸੁਚੇਤ ਹਨ ਉਹ ਆਪਣੀਆਂ ਸਾਰੀਆਂ ਸ਼ਕਤੀਆਂ ਅੰਤਰਮੁਖੀ ਕਰਕੇ ਇਕੋ ਦੀ ਪ੍ਰਾਪਤੀ ਦੀ ਇੱਛਾ ਰਖਦੇ ਹਨ। ਸੰਸਾਰਕ ਪਦਾਰਥ ਨਿਰੰਤਰ ਮਨੁੱਖ ਨੂੰ ਬਦਲਦੀਆਂ ਘਟਨਾਵਾਂ ਨਾਲ ਸਮਾਨ ਕਰਕੇ, ਆਤਮਾ ਨੂੰ ਭੁਲਾ ਦਿੰਦਾ ਹੈ, ਆਤਮਾ ਜੋ ਅਜਰ ਹੈ ਅਮਰ ਹੈ।

ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ, 'ਹੇ ਅਰਜਨ! ਸਾਰੇ ਕਰਮ ਆਤਮਾ ਤੇ ਇਕਾਗਰ ਕਰਕੇ ਕਰ, ਕਿਸੇ ਭੀ ਫਲ ਦੀ ਇਛਾ ਨਾ ਕਰ, ਮੋਹ ਨਾ ਕਰ, ਬਿਨਾਂ ਚਿੰਤਾ ਦੇ ਬਿਨਾਂ ਡਰ ਦੇ ਜੀਵਨ ਯੁੱਧ ਕਰ। ਇਸ ਸ਼ਲੋਕ ਵਿਚ ਨਿਸ਼ਕਾਮ ਕਰਮਾਂ ਬਾਰੇ ਦਸਿਆ ਹੈ ਜੋ ਵਾਸਤਵ ਵਿਚ ਕਰਮ ਕਰਦਿਆਂ ਅਰਦਾਸ ਹੈ, ਜਦੋਂ ਅਸੀਂ ਅਰਦਾਸ ਕਰਦੇ ਹਾਂ ਪਰ ਕਰਮ ਸਮਰਪਣ ਨਹੀਂ ਕਰਦੇ ਉਸ ਅਰਦਾਸ ਦਾ ਕੋਈ ਲਾਭ ਨਹੀਂ। ਨਿਸ਼ਕਾਮ ਕਰਮ ਕਰਕੇ ਫਲ ਅਰਪਿਤ ਕਰ ਦੇਣੇ ਸਭ ਤੋਂ ਸ੍ਰੇਸ਼ਟ ਪੂਜਾ, ਭਗਤੀ ਹੈ, ਮੁੱਖ ਨਾਲ ਕੀਤੀ ਗਈ ਭਗਤੀ ਤੋਂ ਕਿਤੇ ਉਚੀ ਹੈ, ਕਵਿਤਾ, ਮੰਤਰ ਐਨੇ ਡੂੰਘੇ ਭਾਵ ਨਹੀਂ ਪ੍ਰਗਟ ਕਰ ਸਕਦੇ ਜਿੰਨੇ ਕਿ ਨਿਸ਼ਕਾਮ ਕਰਮ ਤੇ ਕਰਮਾਂ ਦੇ ਫਲ। ਦੋ ਤਰ੍ਹਾਂ ਦੇ ਲੋਕ ਹਨ ਇਕ ਜਿਹੜੇ ਵਾਹਿਗੁਰੂ ਦੇ ਗੁਣ ਹਰ ਸਮੇਂ ਗਾਉਂਦੇ ਹਨ, ਦੂਸਰੇ ਚੁੱਪ ਰਹਿੰਦੇ ਹਨ, ਕਰਮ ਕਰਦੇ ਹਨ, ਕਰਮ ਤੇ ਫਲ ਉਸ ਵਾਹਿਗੁਰੂ ਨੂੰ ਸਮਰਪਿਤ ਕਰਦੇ ਹਨ, ਇਹ ਸਪਸ਼ਟ ਹੈ ਕਿ ਦੂਸਰੀ ਕਿਸਮ ਦੀ ਭਗਤੀ ਕਿਤੇ ਉਚੀ ਤੇ ਸੁਚੀ ਹੈ।

31. ਉਹ ਮਾਨਵ ਜਿਹੜੇ ਇਸ ਸਿਖਿਆ ਨੂੰ ਦ੍ਰਿੜ੍ਹ ਹੋ ਕੇ ਮੰਨਦੇ ਹਨ, ਵਿਸ਼ਵਾਸ਼ ਰਖਦੇ ਹਨ, ਈਰਖਾ ਦ੍ਵੈਖ ਤੋਂ ਪਰ੍ਹੇ ਰਹਿੰਦੇ ਹਨ, ਨਿਸ਼ਕਾਮ ਕਰਮ ਕਰਦੇ ਹੋਏ ਸੁਤੰਤਰ ਹੋ ਜਾਂਦੇ ਹਨ।

# ਵਾਹਿਗੁਰੂ ਮੰਤਰ ਦੀ ਮਹਿਮਾ ਅਤੇ ਸਵਾਮੀ ਨਿਤਿਆਨੰਦ ਜੀ

ਗੁਰਬਾਣੀ ਵਿਚ ਪ੍ਰਮੇਸ਼ਰ ਨੂੰ ਅਨੇਕਾਂ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ। ਪ੍ਰੇਮ ਭਾਵ ਨਾਲ ਪ੍ਰਮਾਤਮਾ ਨੂੰ ਕਿਸੇ ਵੀ ਨਾਮ ਨਾਲ ਸਿਮਰਿਆ ਜਾ ਸਕਦਾ ਹੈ। ਭਾਰਤੀ ਪਰੰਪਰਾ ਅਨੁਸਾਰ ਪ੍ਰਮਾਤਮਾ ਦੇ ਸਿਮਰਨ ਲਈ ਗੁਰੂ ਧਾਰਨ ਕਰਕੇ ਉਸ ਤੋਂ 'ਗੁਰੂ ਮੰਤਰ' ਪ੍ਰਾਪਤ ਕਰਕੇ ਸਿਮਰਨ ਕਰਦੇ ਹਨ। ਗੁਰੂ ਜੀ ਦੀ ਬਾਣੀ ਵਿਚ ਗੁਰੂ ਮੰਤਰ ਦਾ ਜ਼ਿਕਰ ਨਹੀਂ ਹੈ ਪਰ ਇਸ ਵਲ ਮੁੜ ਮੁੜ ਕੇ ਧਿਆਨ ਦਵਾਇਆ ਗਿਆ ਹੈ।

*ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ..........॥ ਪੰਨਾ - 516*

*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥*
*ਪੰਨਾ - 1429*

ਭੱਟਾਂ ਨੇ ਆਪਣੀ ਰਚਨਾ ਵਿਚ ਵਾਹਿਗੁਰੂ ਵਾਹਿਗੁਰੂ ਵਾਹ ਜੀਓ ਗੁਰਮੰਤਰ ਲਿਖਿਆ ਹੈ। ਭਾਈ ਗੁਰਦਾਸ ਅਨੁਸਾਰ-

*ਵਾਹਿਗੁਰੂ ਗੁਰਮੰਤਰ ਹੈ ਜਪ ਹਉਮੈ ਖੋਈ।*

ਪਰ ਇਹ ਮੰਤਰ ਕਿਸੇ ਵੀ ਖਾਸ ਮਨੁੱਖ ਲਈ ਮਹਾਰਾਜ ਜੀ ਨੇ ਨਹੀਂ ਦਿਤਾ। ਇਹ ਤਾਂ ਸਾਰਿਆਂ ਲਈ ਹੀ ਹੈ। ਜਦੋਂ ਉਹ ਚਰਨਾਮ੍ਰਿਤ ਦਿੰਦੇ, ਨਾਲ ਇਸ ਦਾ ਜਾਪ ਕਰਾਉਂਦੇ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਤੇ ਨਾਲ ਇਹ ਕਿਹਾ ਕਿ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਗੁਰਮੰਤਰ ਦੇ ਸਕਦੇ ਹਨ, ਕੋਈ ਇਕ ਸਿੱਖ ਗੁਰੂ ਬਣ ਕੇ ਗੁਰਮੰਤਰ ਦੇਣ ਦਾ ਅਧਿਕਾਰੀ ਨਹੀਂ ਹੈ। ਗੁਰੂ ਮਰਿਆਦਾ ਅਨੁਸਾਰ ਗੁਰਮੰਤਰ ਦੇਣ ਦੀ ਇਹ ਹੀ ਵਿਧੀ ਹੈ। ਪਰ ਕੋਈ ਗੁਰਬਾਣੀ ਪੜ੍ਹਨ ਦੇ ਨਾਲ ਗੁਰੂ ਮੰਤਰ ਦਾ ਜਾਪ ਕਰ ਸਕਦਾ ਹੈ।

ਭਾਈ ਗੁਰਦਾਸ ਜੀ ਅਨੁਸਾਰ ਗੁਰੂ ਜੀ ਨੇ ਚਾਰੋਂ ਯੁਗਾਂ ਦੇ ਮੰਤਰਾਂ ਦੇ ਪਹਿਲੇ ਚਾਰ ਅੱਖਰ ਜੋੜ ਕੇ ਵਾਹਿਗੁਰੂ ਮੰਤਰ ਦੀ ਰਚਨਾ ਕੀਤੀ ਹੈ।

*ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮ ਜਪਾਵੈ।*
*ਦੁਆਪਰਿ ਸਤਿਗੁਰ ਹਰੀ ਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ।*
*ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੈ ਸੁਖੁ ਪਾਵੈ॥*
*ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਵਿੰਦ ਨਾਮੁ ਅਲਾਵੈ।*
*ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।*
*ਚਾਰੇ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ।*
*ਜਹਾਂ ਤੇ ਉਪਜਿਆ ਫਿਰਿ ਤਹਾਂ ਸਮਾਵੈ॥*
*ਭਾਈ ਗੁਰਦਾਸ ਜੀ, ਵਾਰ 1/49*

ਸਵਾਮੀ ਨਿਤਿਆਨੰਦ ਜੀ - ਗੁਰਬਾਣੀ ਅਤੇ ਗੁਰੂ ਮੰਤਰ ਦੀ ਮਹਿਮਾ ਰਿਸ਼ੀਕੇਸ਼ ਦੇ ਯੋਗੀ ਸਵਾਮੀ ਨਿਤਿਆਨੰਦ ਜੀ ਨੇ ਆਪਣੇ ਅਨੁਭਵ ਤੋਂ ਬਾਦ 'ਗੁਰੂ ਗਿਆਨ' ਪੁਸਤਕ ਵਿਚ ਲਿਖੀ ਹੈ ਇਸੇ ਸਬੰਧ ਵਿਚ ਉਨ੍ਹਾਂ ਦਾ ਇਕ ਲੇਖ 1937 ਵਿਚ ਅੰਮ੍ਰਿਤਸਰ ਦੇ 'ਗੁਰੂ ਸੇਵਕ' ਅਖਬਾਰ ਵਿਚ 'ਅਪਨੀ ਬਾਤ' ਸਿਰਲੇਖ ਹੇਠ ਛਪਿਆ ਸੀ ਜੋ ਇਸ ਪ੍ਰਕਾਰ ਸੀ -

ਅਪਨੀ ਬਾਤ - ਮੇਰਾ ਜਨਮ ਬੰਗਾਲ ਦਾ ਹੈ, ਉਸ ਸਮੇਂ ਦੇ ਇਕ ਯੋਗੀ ਬ੍ਰਹਮਾ ਨੰਦ ਜੀ ਕਦੀ ਕਦੀ ਸਾਡੇ ਨਗਰ ਆਇਆ ਕਰਦੇ ਸੀ। ਉਨ੍ਹਾਂ ਦਾ ਜੀਵਨ ਬੜਾ ਰਹੱਸਮਈ ਸੀ, ਉਹ ਕਿ ਸਤਿਪੁਰਸ਼ ਸਨ ਬਚਨ ਦੇ ਬਲੀ ਸੀ।

ਮੇਰੀ ਆਯੂ ਅੱਜ 135 ਸਾਲ ਤੋਂ ਉਪਰ ਹੈ। ਭਾਰਤ ਵਿਚ ਬ੍ਰਹਮਾਨੰਦ ਵਰਗੇ ਯੋਗੀ ਘੱਟ ਹੀ ਦੇਖਣ ਵਿਚ ਆਉਂਦੇ ਹਨ, ਮੇਰੇ ਪਿਤਾ ਜੀ ਦੀ ਇਨ੍ਹਾਂ ਉਪਰ ਬਹੁਤ ਸ਼ਰਧਾ ਸੀ, ਇਕ ਦਿਨ ਉਹ ਆ ਕੇ ਸਾਡੇ ਬੂਹੇ ਤੇ ਖੜ੍ਹੇ ਹੋ ਗਏ ਤੇ ਉਚੀ ਅਵਾਜ਼ ਨਾਲ ਕਹਿਣ ਲੱਗੇ, "ਮੇਰੀ ਅਮਾਨਤ ਮੈਨੂੰ ਦਿਓ" ਇਸ ਤੋਂ ਪਹਿਲਾਂ ਆਪ ਕਦੀ ਨਗਰ ਨਹੀਂ ਆਏ ਸਨ। ਉਨ੍ਹਾਂ ਨੂੰ ਦੇਖ ਕੇ ਸਾਰਾ ਪਰਿਵਾਰ ਹੈਰਾਨ ਰਹਿ ਗਿਆ। ਜੋ ਕੁਝ ਉਨ੍ਹਾਂ ਨੇ ਕਿਹਾ ਉਸ ਨਾਲ ਸਾਰੇ ਹੋਰ ਵੀ ਹੈਰਾਨ ਹੋ ਗਏ। ਸਮਝਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਪਿਤਾ ਜੀ ਇਹ ਸਮਝਣ ਤੋਂ ਅਸਮਰਥ ਸਨ ਕਿ ਉਹ ਕਿਸ ਅਮਾਨਤ ਦੀ ਗੱਲ ਕਰ ਰਹੇ ਹਨ। ਪਿਤਾ ਜੀ ਨੇ ਉਨ੍ਹਾਂ ਦੇ ਚਰਨ ਪਕੜ ਲਏ ਤੇ ਪੁਛਿਆ, "ਆਪ ਜੀ ਕਿਹੜੀ ਅਮਾਨਤ ਮੰਗ ਰਹੇ ਹੋ?" ਯੋਗੀ ਜੀ ਘਰ ਦੇ ਅੰਦਰ ਆ ਗਏ, ਆਉਂਦੇ ਹੀ ਮੇਰੇ ਮੋਢੇ ਤੇ ਹੱਥ ਰੱਖ ਕੇ ਕਹਿਣ ਲੱਗੇ, "ਇਹ ਬੱਚਾ ਮੇਰੀ ਅਮਾਨਤ ਹੈ, ਇਹ ਤੁਹਾਡੇ ਘਰ ਰਹਿਣ ਲਈ ਨਹੀਂ, ਇਹਨੂੰ ਤੁਸੀਂ ਮੈਨੂੰ ਦੇ ਦਿਓ, ਅਸੀਂ ਚਾਰ ਭਰਾ ਸੀ। ਪਰ ਪੁੱਤਰ ਦੇਣਾ ਕੋਈ ਸੌਖੀ ਗੱਲ ਤਾਂ ਹੈ ਨਹੀਂ, ਯੋਗੀ ਜੀ ਦੀ ਗੱਲ ਨੂੰ ਮੰਨਣਾ ਵੀ ਔਖਾ ਸੀ, ਘਰ ਦੇ ਬੰਦੇ ਇਕ ਦੂਸਰੇ ਵਲ ਦੇਖਣ ਲਗ ਪਏ, ਸਭ ਦੇ ਮੂੰਹ ਬੰਦ ਹੋ ਗਏ, ਯੋਗੀ ਜੀ ਇਹ ਕਹਿ ਕੇ, "ਮੇਰੀ ਅਮਾਨਤ ਮੇਰੇ ਕੋਲ ਪਹੁੰਚਾ ਦਿਓ, ਆਪਣੀ ਕੁਟੀਆਂ ਵਿਚ ਚਲੇ ਗਏ, ਮੇਰੇ ਮਾਤਾ ਪਿਤਾ ਯੋਗੀ ਕੋਲ ਗਏ, ਉਥੇ ਕੀ ਗੱਲਬਾਤ ਹੋਈ ਉਹ ਮੈਨੂੰ ਨਹੀਂ ਦਸਿਆ ਗਿਆ, ਐਨਾ ਜ਼ਰੂਰ ਹੈ ਕਿ ਦੂਸਰੇ ਦਿਨ ਸਵੇਰ ਹੁੰਦਿਆਂ ਹੀ ਮੈਨੂੰ ਯੋਗੀ ਜੀ ਦੀ ਕੁਟੀਆ ਵਿਚ ਪਹੁੰਚਾ ਦਿਤਾ ਗਿਆ। ਛੇ ਮਹੀਨੇ ਉਥੇ ਰਹਿਣ ਤੋਂ ਬਾਅਦ ਯੋਗੀ ਜੀ ਮੈਨੂੰ ਨਾਲ ਲੈ ਕੇ ਉਥੋਂ ਚਲੇ ਗਏ।

ਯੋਗੀ ਜੀ ਸੰਸਕ੍ਰਿਤ ਦੇ ਬੜੇ ਹੀ ਉਚ ਕੋਟੀ ਦੇ ਵਿਦਵਾਨ ਸਨ, ਆਪਣਾ ਨਾਮ ਉਚਾ ਕਰਨ ਵਾਲੇ ਯੋਗੀ ਸਨ, ਜਿਹੜੀਆਂ ਸਮਝਾਉਣ ਦੀਆਂ ਗੱਲਾਂ ਸੀ ਉਨ੍ਹਾਂ ਨੇ ਮੈਨੂੰ ਸਮਝਾਈਆਂ ਤੇ ਸਿਖਾਉਣ ਦੀਆਂ ਗੱਲਾਂ ਉਨ੍ਹਾਂ ਨੇ ਮੈਨੂੰ ਸਿਖਾਈਆਂ। ਜਿਥੇ ਕੋਈ ਸਿੱਧ ਯੋਗੀ ਦੇਖਿਆ ਉਥੇ ਹੀ ਮੈਨੂੰ ਬਿਠਾ ਦਿਤਾ ਤੇ ਮੈਨੂੰ ਉਨ੍ਹਾਂ ਪਾਸੋਂ ਸਿਖਣ ਦਾ ਆਦੇਸ਼ ਦਿਤਾ। ਮਦਰਾਸ, ਬਿਹਾਰ, ਉੜੀਸਾ, ਬੰਬਈ, ਕਾਨ੍ਹਪੁਰ, ਆਗਰਾ ਤੇ ਪਰਿਆਗ ਰਾਜ ਤੋਂ ਹੁੰਦੇ ਹੋਏ ਤੇ ਹੋਰ ਤੀਰਥਾਂ ਤੋਂ ਹੁੰਦੇ ਹੋਏ ਅਸੀਂ ਪੰਜਾਬ ਪਹੁੰਚੇ। ਇਥੇ ਇਕ ਉਦਾਸੀ ਮਹਾਤਮਾ ਦੇ ਦਰਸ਼ਨ ਹੋਏ, ਵਿਚਾਰ ਵਟਾਂਦਰੇ ਵਿਚ ਦਿਨ ਬੀਤਣ ਲੱਗੇ, ਉਨ੍ਹਾਂ ਮਹਾਤਮਾ ਦਾ ਨਾਮ ਸਤਿਆਨੰਦ ਸੀ। ਇਨ੍ਹਾਂ ਨੇ ਗੁਰੂ ਘਰ ਦੀ ਰੀਤ ਤੇ ਪਰੰਪਰਾ ਇਹੋ ਜਿਹੇ ਢੰਗ ਨਾਲ ਸੁਣਾਈ ਕਿ ਸਵਾਮੀ ਬ੍ਰਹਮਾ ਨੰਦ ਜੀ ਪੂਰੀ ਤਰ੍ਹਾਂ ਮੁਗਧ ਹੋ ਗਏ। ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਉਨ੍ਹਾਂ ਦੀ ਆਤਮਾ ਤੇ ਕੁਛ ਇਸ ਤਰ੍ਹਾਂ ਦਾ ਪ੍ਰਭਾਵ ਪਿਆ ਕਿ ਉਹ ਗੁਰੂ ਘਰ ਦੇ ਹੀ ਹੋ ਕੇ ਰਹਿ ਗਏ। ਕੁਝ ਚਿਰ ਪੰਜਾਬ ਹੀ ਟਿਕੇ ਰਹੇ। ਫੇਰ ਹਰਿਦਵਾਰ ਚਲੇ ਗਏ। ਉਥੇ ਇਕ ਦਿਨ ਚੰਗੇ ਭਲੇ ਬੈਠੇ ਸਨ ਉਨ੍ਹਾਂ ਦੇ ਨੇਤਰ ਛਲਕੇ, ਦੇਖ ਕੇ ਮੈਂ ਕਾਰਨ ਪੁਛਿਆ। ਉਨ੍ਹਾਂ ਨੇ ਉਤਰ ਦਿਤਾ ਸਾਰੀ ਉਮਰ ਵੇਦ ਛਾਣੇ ਪਰ ਸਤਿ ਵਸਤੂ ਤਾਂ ਗੁਰੂ ਘਰ ਵਿਚ ਪਈ ਹੈ ਹੁਣ ਇਕ ਜਨਮ ਗੁਰੂ ਘਰ ਵਿਚ ਲੈਣਾ ਪਵੇਗਾ ਤਾਂ ਕਲਿਆਣ ਹੋਵੇਗਾ,

(ਬਾਕੀ ਪੰਨਾ 64 ਤੇ)

# ਪ੍ਰਚਾਰ ਫੇਰੀ

***ਸੰਤ ਵਰਿਆਮ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 24 )*

ਭਾਈ ਭਗਤ ਸਿੰਘ ਜੀ ਦਾ ਪ੍ਰਸ਼ਨ ਸਾਰਿਆਂ ਨੇ ਧਿਆਨ ਨਾਲ ਸੁਣਿਆ ਉਸ ਨੇ ਕਿਹਾ ਕਿ ਇਹ ਅਖੰਡਪਾਠ ਕਰਾਉਣ ਦੀ ਕੀ ਮਹੱਤਤਾ ਹੁੰਦੀ ਹੈ? ਜਪੁਜੀ ਸਾਹਿਬ ਦੇ ਪਾਠ ਬਾਰ-ਬਾਰ ਕਰਾਏ ਜਾਂਦੇ ਹਨ, ਉਸ ਦੀ ਕੀ ਮਹੱਤਤਾ ਹੁੰਦੀ ਹੈ?

ਸੰਗਤ ਕਾਫੀ ਬੈਠੀ ਸੀ, ਬੈਠਣ ਵਾਲੀ ਥਾਂ ਕਾਫੀ ਖੁਲ੍ਹੀ ਸੀ। ਸਿੰਘ ਅਤੇ ਬੀਬੀਆਂ ਬਹੁਤ ਆਏ ਹੋਏ ਸਨ, ਸਾਰਿਆਂ ਦੇ ਮਨਾਂ ਵਿਚ ਇਸ ਪ੍ਰਸ਼ਨ ਦਾ ਉਤਰ ਸੁਣਨ ਦੀ ਲੋਚਾ ਸੀ।

ਮੈਂ ਉਨ੍ਹਾਂ ਨੂੰ ਦਸਿਆ ਕਿ ਬਾਣੀ ਦੇ ਦੋ ਜ਼ਬਰਦਸਤ ਅਸਰ ਹਨ ਪਹਿਲਾ ਤਾਂ ਇਹ ਹੈ ਕਿ ਸਾਡਾ ਵਾਹ ਬਹੁਤ ਹੀ ਭਿਆਨਕ ਸ਼ਤਰੂਆਂ ਨਾਲ ਪਿਆ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਨਾਲ ਵੀ ਜਿੱਤੇ ਨਹੀਂ ਜਾ ਸਕਦੇ। ਇਹ ਬਲਵਾਨ ਸ਼ਤ੍ਰੂ ਬਹੁਤ ਹੀ ਭਿਆਨਕ ਹਨ, ਇਹ ਵੱਡਿਆਂ-ਵੱਡਿਆਂ ਨੂੰ ਲੁੱਟ ਲੈਂਦੇ ਹਨ, ਵੱਡੇ-ਵੱਡੇ ਸਾਧੂਆਂ ਨੂੰ ਆਤਮ ਮਾਰਗ ਤੋਂ ਗਿਰਾ ਕੇ ਪਤਿਤ ਅਵਸਥਾ ਵਿਚ ਪਹੁੰਚਾ ਦਿੰਦੇ ਹਨ, ਇਹ ਕਿਸੇ ਤਰੀਕੇ ਨਾਲ ਵਸ ਵਿਚ ਨਹੀਂ ਆਉਂਦੇ। ਜੇ ਕੋਈ ਤੀਰਥ ਯਾਤਰਾ ਕਰਦਾ ਹੈ, ਕੋਈ ਜਪ ਤਪ ਕਰਦਾ ਹੈ ਇਹ ਉਸ ਦੇ ਸਾਰੇ ਫਲਾਂ ਨੂੰ ਨਸ਼ਟ ਕਰ ਦਿੰਦੇ ਹਨ। ਇਨ੍ਹਾਂ ਸ਼ਤਰੂਆਂ ਦੇ ਨਾਮ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਦ੍ਵੈਤ, ਅਗਿਆਨ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ, ਆਸਾ ਅੰਦੇਸਾ ਆਦਿ ਹਨ। ਉਨ੍ਹਾਂ ਨੂੰ ਮੈਂ ਕਿਹਾ ਕਿ ਤੁਸੀਂ ਸਾਰੇ ਆਤਮ ਮਾਰਗ ਪੜ੍ਹਦੇ ਹੋ? ਬਹੁਤਿਆਂ ਪੁਛਿਆ ਕਿ ਕੀ ਅਸੀਂ ਤਾਂ ਬਹੁਤ ਪ੍ਰੇਮ ਨਾਲ ਉਸ ਦਾ ਸਹੀ ਤਰੀਕਾਂ ਉਪਰ ਇੰਤਜ਼ਾਰ ਕਰਦੇ ਹਾਂ। ਉਹ ਠੀਕ ਅੰਗਰੇਜ਼ੀ ਮਹੀਨੇ ਦੀ ਪਹਿਲੀ ਤਰੀਕ ਨੂੰ ਪਹੁੰਚ ਜਾਂਦਾ ਹੈ। ਸੋ ਸਦਾ ਪੜ੍ਹਦੇ ਰਹਿੰਦੇ ਹਾਂ। ਮੈਂ ਕਿਹਾ ਉਸ ਵਿਚ ਇਕ ਵਾਰੀ 'ਮਨ ਮਵਾਸੀ ਰਾਜਾ' ਦਾ ਬਹੁਤ ਹੀ ਵਿਸਥਾਰਪੂਰਵਕ ਲੇਖ ਛਪਿਆ ਸੀ ਜਿਸ ਵਿਚ ਮੈਂ 63 ਵੱਡੇ-ਵੱਡੇ ਜਰਨੈਲਾਂ ਦਾ ਜ਼ਿਕਰ ਕੀਤਾ ਸੀ ਜਿਹੜੇ ਮਹਾਂ ਦੁੰਦਰ ਹਨ ਜੋ ਕਿਸੇ ਤੋਂ ਵੀ ਨਹੀਂ ਜਿੱਤੇ ਜਾਣ ਵਾਲੇ ਉਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਦਾ।

ਇਕ ਰਾਜਾ ਪਾਰਸਨਾਥ ਹੋਇਆ ਹੈ ਜੋ ਬਹੁਤ ਹੀ ਬਲੀ ਸੀ ਜਿਸ ਨੇ ਦੁਨੀਆਂ ਦੇ ਸਾਰੇ ਰਾਜਿਆਂ ਨੂੰ ਜਿੱਤ ਲਿਆ ਸੀ ਅਤੇ ਇਕ ਲੱਖ ਰਾਜਾ ਕੈਦ ਵਿਚ ਪਾ ਲਿਆ ਸੀ ਉਸ ਦੀ ਪਹੁੰਚ ਸਵਰਗ ਲੋਕ ਵਿਚ ਵੀ ਸੀ। ਸਵਰਗ ਲੋਕ ਵਿਚ ਇੰਦਰ ਆਦਿ ਸਭ ਉਸ ਨੇ ਜਿੱਤ ਲਏ ਸਨ ਇਥੋਂ ਤਕ ਉਹ ਵਧਿਆ ਕਿ ਉਹ ਸ਼ਿਵ ਲੋਕ ਵਿਚ ਪਹੁੰਚ ਗਿਆ। ਸ਼ਿਵ ਜੀ ਵੀ ਉਸ ਦਾ ਮੁਕਾਬਲਾ ਨਾ ਕਰ ਸਕੇ। ਉਸ ਵੇਲੇ ਉਸ ਨੇ ਆਪਣੇ ਵਜ਼ੀਰ ਨੂੰ ਕਿਹਾ ਕਿ ਮੈਂ ਰਾਜਮੇਧ ਯੱਗ ਕਰਨਾ ਚਾਹੁੰਦਾ ਹਾਂ ਕਿਉਂਕਿ ਮੈਂ ਇਕ ਲੱਖ ਰਾਜਾ ਕੈਦ ਕਰ ਲਿਆ ਹੈ। ਇਸ ਯੱਗ ਵਿਚ ਜੋ ਜੋਤ ਜਗਾਈ ਜਾਂਦੀ ਹੈ ਉਹ ਰਾਜਿਆਂ ਦੀ ਚਰਬੀ ਨਾਲ ਜੋਤ ਜਗਦੀ ਹੈ। ਬਹੁਤ ਰਾਜੇ ਮਾਰੇ ਜਾਂਦੇ ਹਨ ਤਾਂ ਰਾਜਮੇਧ ਯੱਗ ਹੋਇਆ ਕਰਦਾ ਹੈ। ਉਸ ਦਾ ਵਜ਼ੀਰ ਬਹੁਤ ਸਿਆਣਾ ਸੀ, ਉਸ ਨੇ ਕਿਹਾ ਕਿ ਮਹਾਰਾਜ! ਅਜੇ ਤੁਸੀਂ ਇਕ ਰਾਜਾ ਨਹੀਂ ਜਿਤਿਆ। ਜੇ ਉਸ ਰਾਜੇ ਨੂੰ ਜਿੱਤ ਲਵੋਂ ਤਾਂ ਤੁਸੀਂ ਰਾਜਮੇਧ ਯੱਗ ਕਰਨ ਦੇ ਅਧਿਕਾਰੀ ਹੋ ਸਕਦੇ ਹੋਂ। ਪਾਰਸਨਾਥ ਰਾਜਾ ਬਹੁਤ ਨਰਾਜ਼ ਹੋਇਆ ਕਿ ਤੁਸੀਂ ਮੈਨੂੰ ਪਹਿਲਾਂ ਕਿਉਂ ਨਾ ਉਸ ਰਾਜੇ ਬਾਰੇ ਦਸਿਆ ਜੋ ਅਜੇ ਜਿਤਿਆ ਨਹੀਂ ਗਿਆ, ਉਹ ਕਿਹੋ ਜਿਹਾ ਹੈ, ਕਿਥੇ ਰਹਿੰਦਾ ਹੈ, ਉਸ ਦੇ ਸੂਰਮਿਆਂ ਦੇ ਸਸ਼ਤਰ ਕਿਹੋ ਜਿਹੇ ਹਨ? ਵਜ਼ੀਰ ਨੇ ਕਿਹਾ ਕਿ ਉਹ ਹਰ ਬੰਦੇ ਦੇ ਅੰਦਰ ਰਹਿੰਦਾ ਹੈ। ਉਸ ਨੇ ਹਰ ਬੰਦੇ ਦੇ ਨੱਥ ਪਾਈ ਹੋਈ ਹੈ ਉਹ ਕਿਸੇ ਬੰਦੇ ਨੂੰ ਪ੍ਰਮੇਸ਼ਰ ਦੇ ਨਾਲ ਮਿਲਣ ਨਹੀਂ ਦਿੰਦਾ, ਉਹ ਸੁਤੰਤਰ ਰੂਪ ਵਿਚ ਆਪਣੀਆਂ ਉਡਾਰੀਆਂ ਮਾਰਦਾ ਹੈ, ਕਰਮ ਕਰਦਾ ਹੈ ਪਰ ਉਸ ਦੇ ਕੀਤੇ ਕਰਮ ਉਸ ਨੂੰ ਦੁਖੀ ਨਹੀਂ ਕਰਦੇ। ਜਿਸ ਵਿਚ ਰਹਿੰਦਾ ਹੈ ਜਾਂ ਜਿਸ ਸਰੀਰ ਦੇ ਅੰਤਸ਼ਕਰਣ ਨਾਲ ਉਸ ਦਾ ਸਬੰਧੀ ਹੈ ਉਸ ਨੂੰ ਦੁਖੀ ਕਰਦਾ ਹੈ। ਉਸ ਰਾਜੇ ਦੇ ਕੀਤੇ ਹੋਏ ਕਰਮਾਂ ਦਾ ਫਲ ਭੋਗਦਾ ਜੀਵ ਆਤਮਾ ਹੈ ਉਹ ਆਪ ਕਿਸੇ ਦੇ ਕਾਬੂ ਨਹੀਂ ਆਉਂਦਾ, ਛਿਨ ਭਰ ਕਿਤੇ ਨਹੀਂ ਠਹਿਰਦਾ ਹਰ ਵਕਤ ਲੱਖਾਂ ਮੀਲ ਦੌੜਨਾ, ਭੱਜਣਾ ਉਸ ਦਾ ਕੰਮ ਹੈ, ਉਸ ਦੇ ਜਰਨੈਲ ਅਜਿਤ ਹਨ ਉਸ ਦਾ ਨਾਮ 'ਮਨ' ਰਾਜਾ ਹੈ। ਉਹ ਮਾਇਆ ਦੇ ਅਜਿੱਤ ਕਿਲੇ ਵਿਚ ਰਹਿੰਦਾ ਹੈ। ਅਗਿਆਨ ਉਸ ਦਾ ਬਹੁਤ ਵੱਡਾ ਪਹਿਰੇਦਾਰ ਹੈ, ਮੋਹ ਵੱਡਾ ਜਰਨੈਲ ਹੈ ਅਤੇ ਉਸ ਦੇ ਅਧੀਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਬਹੁਤ ਸ਼ਕਤੀਸ਼ਾਲੀ ਜਰਨੈਲ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜ ਉਸਦੀਆਂ ਤੋਪਾਂ ਹਨ ਜਦੋਂ ਚਲਦੀਆਂ ਹਨ ਸਭ ਨੂੰ ਬੇਹੋਸ਼ ਕਰ ਦਿੰਦੀਆਂ ਹਨ। ਇਸ ਤਰ੍ਹਾਂ ਉਸ ਦੇ ਅਜਿੱਤ ਸੂਰਮੇ ਹਰੇਕ ਦੇ ਅੰਦਰ ਖੌਰੂ ਪਾ ਰਹੇ ਹਨ। ਬੰਦਾ ਚਾਹੁੰਦਾ ਹੋਇਆ ਵੀ ਕਿ ਮੈਂ ਭਜਨ ਕਰਾਂ ਭਜਨ ਨਹੀਂ ਕਰਦਾ, ਉਸ ਦਾ ਅੰਤਸ਼ਕਰਣ ਇਨ੍ਹਾਂ ਮਹਾਂ ਦੁਰਗੰਧ ਭਰੇ ਜਰਨੈਲਾਂ ਕਰਕੇ ਮਹਾਂ ਅਪਵਿੱਤਰ ਹੋਇਆ ਰਹਿੰਦਾ ਹੈ। ਕਿਸੇ ਜੀਵ ਕੋਲ ਕੋਈ ਸ਼ਕਤੀ ਨਹੀਂ ਹੈ ਕਿ ਉਹ ਇਸ ਮਨ ਰਾਜੇ ਨੂੰ ਵਸ ਕਰ ਲਵੇ, ਇਸ ਦੇ ਜਰਨੈਲਾਂ ਦੇ ਸਾਮ੍ਹਣੇ ਕੁਝ ਦੇਰ ਖੜ੍ਹ ਸਕੇ।

ਐਨੀ ਗੱਲ ਸੁਣਦਿਆਂ ਹੀ ਪਾਰਸਨਾਥ ਬਹੁਤ ਗੰਭੀਰ ਹੋ ਗਿਆ ਅਤੇ ਕਹਿਣ ਲੱਗਿਆ ਕਿ ਮੈਂ ਇਸ ਮਨ ਰਾਜੇ ਨੂੰ ਫਤਹਿ ਕਰਕੇ ਹੀ ਛਡਾਂਗਾ, ਛੇ ਮਹੀਨੇ ਵਿਚ ਜੇ ਮੈਂ ਇਸ ਨੂੰ ਨਾ ਜਿਤਿਆ ਤਾਂ ਮੈਂ ਚਿਖਾ ਚਿਣ ਕੇ ਜਿਉਂਦਾ ਜਲ ਜਾਵਾਂਗਾ। ਉਸ ਨੇ ਰਾਜ ਭਾਗ ਦੇ ਸਾਰੇ ਕੰਮ ਛਡ ਦਿਤੇ ਅਤੇ ਯੋਗ ਸਾਧਨ ਕਰਨ ਲੱਗਿਆ ਪਰ ਮਨ ਰਾਜਾ ਕਿਸੇ ਤਰ੍ਹਾਂ ਵੀ ਕਾਬੂ ਨਾ ਆਇਆ, ਉਸ ਦੇ ਸੂਰਮੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੀ ਕਿਸੇ ਤਰ੍ਹਾਂ ਕਾਬੂ ਨਾ ਆਏ। ਪਾਰਸਨਾਥ ਬਹੁਤ ਈਮਾਨਦਾਰ ਰਾਜਾ ਸੀ, ਬਚਨ ਦਾ ਧਨੀ ਸੀ ਉਸ ਨੇ ਦੇਖ ਲਿਆ ਕਿ ਨਾ ਤਾਂ ਮਨ ਹੀ ਟਿਕਦਾ ਹੈ, ਇਕ ਛਿਨ ਵਾਸਤੇ ਵੀ ਇਹ ਟਿਕਣ ਨਹੀਂ ਜਾਣਦਾ, ਹਰ ਵਕਤ ਆਦਮੀ

ਨੂੰ ਮੋਂਹਦਾ ਹੈ, ਇਸ ਨੇ ਵੱਡੇ-ਵੱਡੇ ਜਿੱਤ ਲਏ ਹਨ, ਪੂਰੀ ਤਰ੍ਹਾਂ ਨਾਲ ਕਾਬੂ ਕੀਤੇ ਹੋਏ ਹਨ। ਸੋ ਉਸ ਨੇ ਆਪਣਾ ਸਰੀਰ ਚਿਖਾ ਉਪਰ ਰੱਖ ਕੇ ਦਗਧ ਕਰ ਲਿਆ।

ਪ੍ਰਸ਼ਨ ਉਠਦਾ ਹੈ ਕਿ ਫੇਰ ਅਜਿਹੇ ਸਰੀਰ ਰੂਪੀ ਘਰ ਵਿਚ ਮਹਾਂ ਭਿਆਨਕ ਸ਼ਤਰੂ ਦਾ ਕਿਵੇਂ ਮੁਕਾਬਲਾ ਕੀਤਾ ਜਾਵੇ। ਅਸੀਂ ਜਦੋਂ ਰਹਿਰਾਸ ਸਾਹਿਬ ਪੜ੍ਹਦੇ ਹਾਂ ਤਾਂ ਪੂਰੇ ਦਿਲ ਨਾਲ ਬੇਨਤੀਆਂ ਕਰਦੇ ਹਾਂ -

*ਹਮਰੀ ਕਰੋ ਹਾਥ ਦੈ ਰੱਛਾ॥*
*ਪੂਰਨ ਹੋਇ ਚਿਤ ਕੀ ਇੱਛਾ॥*
*ਤਵ ਚਰਨਨ ਮਨ ਰਹੈ ਹਮਾਰਾ॥*
*ਅਪਨਾ ਜਾਨ ਕਰੋ ਪ੍ਰਤਿਪਾਰਾ॥*
*ਹਮਰੇ ਦੁਸਟ ਸਭੈ ਤੁਮ ਘਾਵਹੁ॥*
*ਆਪੁ ਹਾਥ ਦੈ ਮੋਹਿ ਬਚਾਵਹੁ॥*
*ਸੁਖੀ ਬਸੈ ਮੋਰੋ ਪਰਿਵਾਰਾ॥*
*ਸੇਵਕ ਸਿਖ੍ਯ ਸਭੈ ਕਰਤਾਰਾ॥*
*ਮੋ ਰੱਛਾ ਨਿਜੁ ਕਰ ਦੈ ਕਰਿਐ॥*
*ਸਭ ਬੈਰਨ ਕੌ ਆਜ ਸੰਘਰਿਯੈ॥*
*ਪੂਰਨ ਹੋਇ ਹਮਾਰੀ ਆਸਾ॥*
*ਤੋਰਿ ਭਜਨ ਕੀ ਰਹੈ ਪਯਾਸਾ॥*

*ਕਬਯੋ ਵਾਚ ਬੇਨਤੀ ਚੌਪਈ*

ਇਸ ਸਾਰੀ ਚੌਪਈ ਵਿਚ ਅਸੀਂ ਮਨ ਰੂਪੀ ਰਾਜੇ ਦੇ ਵੱਡੇ-ਵੱਡੇ ਜਰਨੈਲਾਂ ਨੂੰ ਧਿਆਨ ਵਿਚ ਰਖਦੇ ਹੋਏ ਅਕਾਲ ਪੁਰਖ ਅੱਗੇ ਬੇਨਤੀਆਂ ਕਰਦੇ ਹਾਂ ਕਿ ਹੇ ਪ੍ਰਭੂ! ਇਹ ਅੰਦਰਲੇ ਦੁਸ਼ਮਣ ਮੈਨੂੰ ਬਾਰ-ਬਾਰ ਨਰਕਾਂ ਵਿਚ ਸੁੱਟ ਰਹੇ ਹਨ, ਤੂੰ ਕ੍ਰਿਪਾ ਕਰ ਮੈਨੂੰ ਬਲ ਬਖਸ਼, ਮੈਨੂੰ ਸੋਝੀ ਦੇਹ ਕਿ ਮੈਂ ਕਿਸੇ ਤਰ੍ਹਾਂ ਦੇ ਨਾਲ ਇਨ੍ਹਾਂ ਦੁਸ਼ਟਾਂ ਦਾ ਮੁਕਾਬਲਾ ਕਰਾਂ ਅਤੇ ਆਪਣੇ ਜੀਵਨ ਮਨੋਰਥ ਨੂੰ ਸਫਲਤਾ ਸਹਿਤ ਪ੍ਰਾਪਤ ਕਰਾਂ। ਇਸ ਦੁਸ਼ਟ ਜੁੰਡਲੀ ਵਿਚ ਸਭ ਤੋਂ ਭਿਆਨਕ ਖਤਰਨਾਕ ਨਾਗਨੀ ਹਉਮੈ ਦੀ ਹੈ, ਜਿਸ ਨੇ ਇਸ ਨੂੰ ਪ੍ਰਭੂ ਦੇ ਨਾਲੋਂ ਤੋੜ ਕੇ ਜੀਵ ਬਣਾ ਦਿਤਾ ਹੈ ਅਤੇ ਇਸ ਦਾ ਐਨਾ ਪਤਨ ਕਰ ਦਿਤਾ ਕਿ ਇਹ ਜੀਵ ਭਾਵ ਤੋਂ ਵੀ ਹੇਠਾਂ ਉਤਰ ਕੇ ਆਪਣੇ ਆਪ ਨੂੰ ਮਹਾਂ ਅਪਵਿੱਤਰ ਦੇਹੀ ਪੰਜਾਂ ਤੱਤਾਂ ਤੋਂ ਬਣੀ ਹੋਈ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਧੀਨ ਹਲੋਰੇ ਖਾਂਦੀ ਹੋਈ ਮਲਮੂਤਰ ਦੀ ਦੁਰਗੰਧ ਵਾਲੀ ਦੇਹੀ ਸਮਝਦਾ ਹੈ। ਜਦੋਂ ਵਿਚਾਰ ਕਰੀਦੀ ਹੈ ਤਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਪੁਤਰੀ ਤੇਰੀ ਬਿਧਿ ਕਰਿ ਥਾਟੀ॥*
*ਜਾਨੁ ਸਤਿ ਕਰਿ ਹੋਇਗੀ ਮਾਟੀ॥*
*ਮੂਲੁ ਸਮਾਲਹੁ ਅਚੇਤ ਗਵਾਰਾ॥*
*ਇਤਨੇ ਕਉ ਤੁਮ ਕਿਆ ਗਰਬੇ॥*
*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥*
*ਅਵਰ ਵਸਤੁ ਤੁਝ ਪਾਹਿ ਅਮਾਨ॥*
*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥* ਪੰਨਾ - 374

ਗੁਰੂ ਮਹਾਰਾਜ ਨੇ ਇਨ੍ਹਾਂ ਦੁਸ਼ਟਾਂ ਦਾ ਮੁਕਾਬਲਾ ਕਰਨ ਵਾਸਤੇ ਗੁਰਬਾਣੀ ਦਾ ਹਥਿਆਰ ਅਸਾਡੇ ਹੱਥ ਵਿਚ ਦਿਤਾ। ਗੁਰਬਾਣੀ ਅਜਿਹੀ ਸ਼ੇਰਨੀ ਹੈ ਜੋ ਇਸ ਮਾਇਆ ਰੂਪ ਹੱਥਣੀ ਨੂੰ ਜਾਨ ਤੋਂ ਮਾਰ ਦਿੰਦੀ ਹੈ। ਵਿਚਾਰ ਕੇ ਬਾਣੀ ਦਾ ਅਭਿਆਸ ਕਰਨ ਨਾਲ, ਮੂਲਮੰਤਰ ਦਾ ਪਾਠ ਕਰਨ ਨਾਲ, ਵਾਹਿਗੁਰੂ ਮੰਤਰ ਦਾ ਜਾਪ ਕਰਨ ਨਾਲ ਇਨ੍ਹਾਂ ਦੁਸ਼ਟਾਂ ਉਤੇ ਜੀਵ ਦੀ ਵਿਜੈ ਹੋ ਜਾਂਦੀ ਹੈ। ਇਸ ਕਰਕੇ ਅਸੀਂ ਹਰ ਰੋਜ਼ ਨਿਤਨੇਮ ਨਾਲ ਬਾਣੀ ਪੜ੍ਹਦੇ ਹਾਂ ਅਤੇ ਗੁਰੂ ਦੇ ਪਿਆਰ ਵਿਚ ਰਹਿ ਕੇ ਹਰ ਵਕਤ ਇਨ੍ਹਾਂ ਦੁਸ਼ਮਣਾਂ ਨਾਲ ਜੂਝਦੇ ਰਹਿੰਦੇ ਹਾਂ ਜਿਸ ਦੇ ਬਾਰੇ ਅਜਿਹਾ ਆਉਂਦਾ ਹੈ -

*ਖਾਲਸਾ ਸੋ ਜੋ ਚੜ੍ਹੈ ਤਰੰਗ॥*
*ਖਾਲਸਾ ਸੋ ਜੋ ਕਰੇ ਨਿਤ ਜੰਗ॥*

ਖਾਲਸੇ ਦਾ ਲਕਸ਼ਣ ਹਰ ਵਕਤ ਨਾਮ ਤਰੰਗਾਂ ਦੇ ਉਪਰ ਝੂਟਦੇ ਰਹਿਣਾ ਹੈ। ਇਨ੍ਹਾਂ ਦੁਸ਼ਟ ਫੌਜਾਂ ਦੇ ਨਾਲ ਬਾਣੀ ਅਤੇ ਵਿਚਾਰ ਦੇ ਸ਼ਸ਼ਤਰ ਹੱਥ ਵਿਚ ਲੈ ਕੇ ਲੜਦੇ ਰਹਿਣਾ ਹੈ, ਇਕ ਮਿੰਟ ਵੀ ਜੇ ਅਸੀਂ ਅਵੇਸਲੇ ਹੋ ਜਾਈਏ ਅਤੇ ਇਨ੍ਹਾਂ ਦਾ ਦਾਅ ਲਗ ਜਾਂਦਾ ਹੈ ਅਤੇ ਜੀਵ ਨੂੰ ਦਬੋਚ ਲੈਂਦੇ ਹਨ। ਇਸ ਕਰਕੇ ਇਹ ਲਗਾਤਾਰੀ ਯੁੱਧ ਵਿਚ ਜੂਝਣ ਲਈ ਅਤੇ ਇਸ ਉਪਰ ਫਤਹਿ ਪ੍ਰਾਪਤ ਕਰਨ ਲਈ ਅਸੀਂ ਬਾਣੀ ਦੇ ਪਾਠ ਕਰਦੇ ਹਾਂ। ਹਉਮੈ ਦੇ ਮਹਾਂ ਭਿਆਨਕ ਜਾਲ ਨੂੰ ਕੱਟਣ ਲਈ ਬਾਣੀ ਦਾ ਜੋ ਸਾਰ ਤੱਤ ਵਾਹਿਗੁਰੂ ਮੰਤਰ ਹੈ ਉਸ ਦਾ ਜਾਪ ਕਰਦੇ ਰਹਿੰਦੇ ਹਾਂ। ਸੋ ਬਾਣੀ ਅਤੇ ਨਾਮ ਦੀ ਖੜਗ ਅਤੇ ਸੰਜੋਅ ਪਹਿਨ ਕੇ ਅਸੀਂ ਸ਼ਤਰੂਆਂ ਨਾਲ ਯੁੱਧ ਕਰ ਸਕਦੇ ਹਾਂ ਅਤੇ ਨਿਸ਼ਚੇ ਕਰ ਅਪਨੀ ਜਿਤ ਵੀ ਪ੍ਰਾਪਤ ਕਰ ਸਕਦੇ ਹਾਂ ਪਰ ਅਸੀਂ ਇਕੱਲੇ ਡਾਵਾਂਡੋਲ ਹੋ ਜਾਂਦੇ ਹਾਂ। ਇਸ ਕਰਕੇ ਉਹ ਪੁਰਸ਼ ਜਿਨ੍ਹਾਂ ਨੇ ਮਾਇਆ ਉਤੇ ਫਤਹਿ ਪਾ ਲਈ ਹੈ ਉਨ੍ਹਾਂ ਦੀ ਮਿਹਰ ਦੀ ਲੋੜ ਹੈ, ਮਦਦ ਦੀ ਲੋੜ ਹੈ ਉਹ ਪੁਰਸ਼ ਉਹ ਹੋਇਆ ਕਰਦੇ ਹਨ ਜਿਹੜੇ ਆਪ ਮਾਇਆ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਸਦਾ ਹੀ ਗਿਆਨ ਦੇ ਪ੍ਰਕਾਸ਼ ਵਿਚ ਵਸਦੇ ਹਨ ਅਤੇ ਜਿਹੜੇ ਨਾਮ ਮੰਡਲ ਵਿਚ ਪ੍ਰਵੇਸ਼ ਰਖਦੇ ਹਨ ਇਨ੍ਹਾਂ ਨੂੰ ਗੁਰਬਾਣੀ ਅਨੁਸਾਰ ਜੋ ਪਦਵੀ ਮਿਲਦੀ ਹੈ ਉਹ ਇਸ ਤਰ੍ਹਾਂ ਹੈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥* ਪੰਨਾ - 319

*ਜਿਨਾ ਨਾ ਵਿਸਰੈ ਨਾਮ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਈ ਜੇਹਿਆ॥* ਪੰਨਾ - 397

ਹੁਣ ਦੂਜਾ ਪੱਖ ਜਿਸ ਬਾਰੇ ਭਾਈ ਭਗਤ ਸਿੰਘ ਜੀ ਨੇ ਪ੍ਰਸ਼ਨ ਕੀਤਾ ਹੈ ਕਿ ਅਖੰਡਪਾਠ, ਸੰਪਟਪਾਠ ਕਰਨ ਦਾ ਕੀ ਲਾਭ ਹੁੰਦਾ ਹੈ? ਪਹਿਲਾ ਤਾਂ ਮੈਂ ਤੁਹਾਨੂੰ ਦਸ ਹੀ ਚੁਕਿਆ ਹਾਂ ਕਿ ਬਾਣੀ ਪੜ੍ਹ ਕੇ ਵਿਚਾਰ ਕੇ ਅਸੀਂ ਅਗਿਆਨ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਗਿਆਨ ਦੇ ਪ੍ਰਕਾਸ਼ ਵਿਚ ਆ ਕੇ ਆਪਣਾ ਜਨਮ ਮਰਨ ਕੱਟ ਸਕਦੇ ਹਾਂ। ਪਰਮ ਪਦ ਦੀ ਪ੍ਰਾਪਤੀ ਕਰਕੇ ਅਸੀਂ ਸਦਾ ਲਈ ਦੁਖਾਂ ਤੋਂ ਬਰੀ ਹੋ ਸਕਦੇ ਹਾਂ। ਦੂਜੇ ਪੱਖ ਬਾਰੇ ਇਹ ਹੈ ਕਿ ਅਸੀਂ ਦੁਨੀਆਂ ਵਿਚ ਇਕ ਲੰਮਾ ਸਫਰ ਕਰ ਰਹੇ ਹਾਂ ਅਸਾਨੂੰ ਇਹ ਕੋਈ ਪਤਾ ਨਹੀਂ ਹੈ ਕਿ ਕਦੋਂ ਦੇ ਸਫਰ ਕਰ ਰਹੇ ਹਾਂ, ਅਰਬ ਸਾਲ ਲੰਘ ਗਏ ਜਾਂ ਬੇਅੰਤ-ਬੇਅੰਤ ਸਮਾਂ ਲੰਘ ਗਿਆ ਹੈ ਜੇ ਪਤਾ ਲੱਗਿਆ ਹੈ ਤਾਂ ਗੁਰੂ ਮਹਾਰਾਜ ਤੋਂ ਪਤਾ ਲੱਗਿਆ ਹੈ, ਗੁਰਬਾਣੀ ਰਾਹੀਂ ਕਿ ਐ

ਜੀਵ! ਇਹ ਮਤ ਸਮਝ ਕਿ ਜਦੋਂ ਤੂੰ ਮਾਤਾ ਦੇ ਪੇਟ ਵਿਚ ਸੀ ਉਦੋਂ ਤੇਰਾ ਆਦਿ ਸੀ, ਤੇਰੀ ਹੋਂਦ ਅਨੰਤ ਕਾਲ ਤੋਂ ਹੈ ਅਤੇ ਲੰਮੇ ਸਮੇਂ ਤੋਂ ਚੱਕਰ ਵਿਚ ਘੁੰਮ ਰਿਹਾ ਹੈਂ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਪੰਨਾ - 176*

ਸੋ 84 ਲੱਖ ਜੂਨਾਂ ਵਿਚ ਘੁੰਮਦਿਆਂ, ਕਦੇ ਨਰਕਾਂ ਵਿਚ ਕਦੇ ਸਵਰਗਾਂ ਵਿਚ ਵਸਦਿਆਂ ਅਨੰਤ ਕਾਲ ਬੀਤ ਗਿਆ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਪੰਨਾ - 631*

ਆਪ ਪ੍ਰਸ਼ਨ ਵੀ ਕਰਦੇ ਹਨ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥*
*ਪੰਨਾ - 999*

ਜੀਵਨ ਲਈ ਸਾਨੂੰ ਬਹੁਤ ਚੀਜ਼ਾਂ ਦੀ ਲੋੜ ਹੈ ਜਦੋਂ ਅਸੀਂ ਵੱਡੇ-ਵੱਡੇ ਮਹਾਂਪੁਰਸ਼ਾਂ ਬਾਰੇ ਪੜ੍ਹਦੇ ਹਾਂ ਤਾਂ ਕਬੀਰ ਸਾਹਿਬ ਜੀ ਫੁਰਮਾਨ ਕਰਦੇ ਹਨ -

*ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥*
*ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥*
*ਮਾਧੋ ਕੈਸੀ ਬਨੈ ਤੁਮ ਸੰਗੇ॥ ਆਪਿ ਨ ਦੇਹੁ ਤ ਲੇਵਉ ਮੰਗੇ॥*
*ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥*
*ਅਧ ਸੇਰੁ ਮਾਂਗਉ ਦਾਲੇ॥ ਮੋ ਕਉ ਦੋਨਉ ਵਖਤ ਜਿਵਾਲੇ॥*
*ਖਾਟ ਮਾਂਗਉ ਚਉਪਾਈ॥ ਸਿਰਹਾਨਾ ਅਵਰ ਤੁਲਾਈ॥*
*ਊਪਰ ਕਉ ਮਾਂਗਉ ਖੀਂਧਾ॥ ਤੇਰੀ ਭਗਤਿ ਕਰੈ ਜਨੁ ਥੀਧਾ॥*
*ਮੈ ਨਾਹੀ ਕੀਤਾ ਲਬੋ॥ ਇਕੁ ਨਾਉ ਤੇਰਾ ਮੈ ਫਬੋ॥*
*ਕਹਿ ਕਬੀਰ ਮਨੁ ਮਾਨਿਆ॥ ਮਨੁ ਮਾਨਿਆ ਤਉ ਹਰਿ ਜਾਨਿਆ॥*
*ਪੰਨਾ - 656*

ਧੰਨਾ ਭਗਤ ਜੀ ਕਹਿੰਦੇ ਹਨ -

*ਗੋਪਾਲ ਤੇਰਾ ਆਰਤਾ॥*
*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥*
*ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥*
*ਪਨੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥*
*ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥*
*ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥*
*ਪੰਨਾ - 696*

ਜੀਵਨ ਦੇ ਨਿਰਵਾਹ ਵਾਸਤੇ ਉਹ ਜੀਵਨ ਨਈਆ ਨੂੰ ਚਲਦੀ ਰੱਖਣ ਵਾਸਤੇ ਉਹ ਕੁਝ ਚੀਜ਼ਾਂ ਮੰਗਦੇ ਹਨ ਕਿਉਂਕਿ ਜੇ ਜੀਵਨ ਵਿਚ ਉਲਝਣਾਂ ਹੀ ਉਲਝਣਾਂ ਰਹੀਆਂ ਅਤੇ ਫਿਕਰਾਂ ਦੇ ਵਿਚ ਜੀਵ ਘਿਰ ਗਿਆ, ਲਾਚਾਰੀਆਂ ਨੇ ਇਸ ਦੇ ਰਸਤੇ ਰੋਕ ਲਏ ਤਾਂ ਇਸ ਨੂੰ ਨਾਮ ਜਪਣਾ ਔਖਾ ਹੋ ਜਾਵੇ ਕਿਉਂਕਿ ਮਨ ਦਾ ਸੁਭਾਅ ਹੈ ਕਿ ਜਿਸ ਚੀਜ਼ ਵਲ ਇਸ ਦੀ ਰੁਚੀ ਜ਼ਿਆਦਾ ਰਹੇ, ਉਸ ਵਲ ਬਾਰ-ਬਾਰ ਉਡਾਰੀਆਂ ਮਾਰਦਾ ਹੈ। ਜੇ ਮਜ਼ਬੂਰੀਆਂ ਦੇ ਵਿਚ ਘਿਰਿਆ ਹੋਇਆ ਹੈ ਤਾਂ ਨਾਮ ਜਪਣਾ ਬੜਾ ਔਖਾ ਹੈ। ਇਸ ਤੋਂ ਬਿਨਾਂ ਸਾਨੂੰ ਕਿਸੇ ਅਜਿਹੀ ਮਦਦ ਦੀ ਲੋੜ ਹੈ ਜੋ ਸਾਡੇ ਕਾਰਜ ਸਿੱਧ ਕਰੇ, ਬਿਮਾਰੀਆਂ ਦੂਰ ਕਰੇ, ਵਿਘਨਾਂ ਦਾ ਨਾਸ਼ ਕਰੇ, ਅਵਿਅਕਤ ਬਦਰੂਹਾਂ ਦੇ ਆਕਰਮਣਾਂ ਤੋਂ ਰਖਿਆ ਕਰੇ। ਉਸ ਵੇਲੇ ਅਸੀਂ ਇਸੇ ਕਲਿਆਣਕਾਰੀ ਬਾਣੀ ਦਾ ਆਸਰਾ ਲੈਂਦੇ ਹਾਂ ਅਤੇ ਪ੍ਰਭੂ ਨਾਲ ਜੁੜ ਕੇ ਬਾਣੀ ਪੜ੍ਹ ਕੇ ਅਸੀਂ ਆਪਣੀਆਂ ਸਮਸਿਆਵਾਂ ਦਾ ਹੱਲ ਚਾਹੁੰਦੇ ਹਾਂ।

ਸਾਧਸੰਗਤ ਜੀ! ਬਾਣੀ ਨਿਰੇ ਅੱਖਰ ਹੀ ਨਹੀਂ ਹੈ ਇਨ੍ਹਾਂ ਵਿਚ ਅਥਾਹ ਸ਼ਕਤੀ ਹੈ। ਵੈਸੇ ਤਾਂ ਹਰ ਅੱਖਰ ਵਿਚ ਹੀ ਸ਼ਕਤੀ ਹੈ ਮੈਂ ਆਪ ਨੂੰ ਮਿਸਾਲ ਦੇ ਤੌਰ ਤੇ ਦਸਦਾ ਹਾਂ ਕਿ ਜੇ ਕੋਈ ਮਿੱਠੇ ਬੋਲ ਬੋਲੇ ਤਾਂ ਚਿੱਤ ਖਿੜ ਜਾਂਦਾ ਹੈ, ਮਨ ਵਿਚ ਖੁਸ਼ੀ ਹੁੰਦੀ ਹੈ, ਜੀਅ ਕਰਦਾ ਹੈ ਕਿ ਅਸੀਂ ਇਸ ਨੂੰ ਕੁਝ ਦੇ ਦੇਈਏ ਜੇ ਕੋਈ ਫਿੱਕੇ, ਰੁਖੇ, ਤ੍ਹਾਨੇ, ਮੇਹਣਿਆਂ ਭਰੇ ਗੰਦੇ ਸੜਦੇ ਬਲਦੇ ਕੌੜੇ ਬਚਨ ਬੋਲੇ ਤਾਂ ਫੇਰ ਸਾਡਾ ਖੂਨ ਖੋਲ੍ਹ ਜਾਂਦਾ ਹੈ, ਅਸੀਂ ਲੜਾਈ ਕਰ ਲੈਂਦੇ ਹਾਂ। ਇਥੋਂ ਤਕ ਵੀ ਦੇਖਿਆ ਹੈ ਕਿ ਫਿਕੇ ਬੋਲਾਂ ਨੇ ਗੋਲੀਆਂ ਚਲਵਾ ਦਿਤੀਆਂ ਅਤੇ ਬੰਦੇ ਮਰ ਗਏ। ਇਹ ਬੋਲ ਵਿਚ ਹੀ ਤਾਕਤ ਹੋਈ ਨਾ ਪਰ ਜੇ ਪਿਆਰੇ ਮਿੱਠੇ ਬੋਲ ਬੋਲੇ ਜਾਣ ਫੇਰ ਮਨ ਨੂੰ ਸ਼ਾਂਤੀ ਆਉਂਦੀ ਹੈ। ਇਸੇ ਤਰ੍ਹਾਂ ਜਦੋਂ ਅਸੀਂ ਬਾਣੀ ਪੜ੍ਹਦੇ ਹਾਂ ਤਾਂ ਮਨ ਸ਼ਾਂਤ ਹੋ ਜਾਂਦਾ ਹੈ। ਟੁੱਟਿਆਂ ਢੱਠਿਆ ਜੀਵ ਹੌਂਕਲੇ ਵਿਚ ਆ ਜਾਂਦਾ ਹੈ। ਬਾਣੀ ਵਿਚ ਅਥਾਹ ਸ਼ਕਤੀ ਹੈ ਜਿਥੇ ਇਹ ਜਨਮ ਮਰਨ ਦੇ ਚੱਕਰ ਕਟਦੀ ਹੈ ਉਥੇ ਅਨੇਕ-ਅਨੇਕ ਵਿਘਨਾਂ ਦਾ ਨਾਸ਼ ਕਰਦੀ ਹੈ -

*ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖਾਦੰ॥*
*ਮਿਟੰਤ ਸਗਲ ਸਿਮਰੰਤ ਹਰਿ ਨਾਮ*
*ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥*
*ਪੰਨਾ - 1355*

ਬਾਣੀ ਨਾਮ ਰੂਪ ਹੈ, ਬਾਣੀ ਧਰਤੀ ਹੈ ਜਿਸ ਵਿਚ ਨਾਮ ਦੇ ਕੋਂਪਲ ਨਿਕਲ ਕੇ ਪਾਰਜਾਤ ਰੁਖ ਦਾ ਰੂਪ ਧਾਰਦਾ ਹੈ। ਸੋ ਜੇ ਕਿਸੇ ਨਮਿਤ ਨੂੰ ਸਾਮ੍ਹਣੇ ਰੱਖ ਕੇ ਬਾਣੀ ਪੜ੍ਹੀ ਜਾਵੇ ਤਾਂ ਇਹ ਬਾਣੀ ਕਲਿਆਣਕਾਰੀ ਹੁੰਦੀ ਹੋਈ ਸਭ ਇਛਿਆ ਪੂਰੀ ਕਰਦੀ ਹੈ।

ਗੁਰੂ ਛੇਵੇਂ ਪਾਤਸ਼ਾਹ ਦੇ ਜੀਵਨ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਅੰਮ੍ਰਿਤਸਰ ਦਾ ਯੁੱਧ ਕਰਨ ਉਪਰੰਤ ਚੌਮਾਸਾ ਕੱਟਣ ਲਈ ਸ੍ਰੀ ਹਰਗੋਬਿੰਦਪੁਰ ਚਲੇ ਗਏ ਪਰ ਇਥੇ ਜਲੰਧਰ ਵਾਲੇ ਸੂਬੇ ਨਾਲ ਮਿਲ ਕੇ ਭਗਵਾਨ ਦਾਸ ਘੇਰੜ ਪਹਿਲਾਂ ਹੀ ਗੁਰੂ ਕੀ ਭੂਮੀ ਉਪਰ ਕਬਜ਼ਾ ਕਰੀ ਬੈਠਾ ਸੀ ਜਦੋਂ ਉਸ ਨੇ ਦੇਖਿਆ ਕਿ ਗੁਰੂ ਦੇ ਸਿੱਖ ਕੈਂਪ ਲਾ ਰਹੇ ਹਨ ਅਤੇ ਤੰਬੂ ਲਗਾ ਰਹੇ ਹਨ ਤਾਂ ਉਸ ਨੇ ਆ ਕੇ ਇਕ ਦਮ ਰੋਕਿਆ ਕਿ ਇਹ ਥਾਂ ਤਾਂ ਮੇਰਾ

ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਆ! ਧਰਤੀ ਤਾਂ ਪ੍ਰਭੂ ਦੀ ਹੈ ਇਥੇ ਵੱਡੇ-ਵੱਡਿਆਂ ਨੇ ਆ ਕੇ ਧਰਤੀਆਂ ਰੋਕੀਆਂ ਪਰ ਅੰਤ ਪਛਤਾਉਂਦੇ ਸੰਸਾਰ ਤੋਂ ਚਲੇ ਗਏ। ਚਲ ਜੇ ਤੂੰ ਕਹਿੰਦਾ ਹੈਂ ਜ਼ਮੀਨ ਤੇਰੀ ਹੈ ਤਾਂ ਭੀ ਅਸੀਂ ਚੌਮਾਸਾ ਕਟ ਕੇ ਚਲੇ ਹੀ ਜਾਣਾ ਹੈ। ਅਸੀਂ ਇਸ ਥਾਂ ਨੂੰ ਰੋਕਣ ਨਹੀਂ ਆਏ ਅਸੀਂ ਤਾਂ ਚੌਮਾਸਾ ਕਟਣਾ ਹੈ, ਭੀੜ ਭੜੱਕੇ ਤੋਂ ਦੂਰ ਰੱਖ ਕੇ ਬੰਦਗੀ ਕਰਾਉਣੀ ਹੈ, ਗੁਰਸਿੱਖਾਂ ਨੇ ਆਉਣਾ ਹੈ। ਅੰਮ੍ਰਿਤਸਰ ਦੀ ਥਾਂ ਅਸੀਂ ਕੁਝ ਦਿਨ ਇਥੇ ਕੱਟ ਕੇ ਚਲੇ ਜਾਵਾਂਗੇ। ਤਾਂ ਭਗਵਾਨ ਦਾਸ ਬਹੁਤ ਖੋਟੇ ਅਤੇ ਫਿੱਕੇ ਬੋਲ ਬੋਲਣ ਲੱਗਿਆ। ਆਪ ਨੇ ਕਿਹਾ ਕਿ ਧਰਤੀ ਤਾਂ ਇਥੇ ਹੀ ਪਈ ਰਹਿਣੀ ਹੈ ਅਸੀਂ ਤਾਂ ਵਿਸ਼ਰਾਮ ਕਰਕੇ ਚਲੇ ਜਾਵਾਂਗੇ। ਤੂੰ ਆਪਣੀ ਮਾਲਕੀ ਸਦਾ ਹੀ ਰੱਖ ਸੂਰਜ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਨੇ ਛੇਵੀਂ ਰਾਸ ਵਿਚ ਲਿਖਿਆ ਹੈ -

*ਪਰੀ ਰਹਹਿ ਭੂਮੀ ਸਭਿ ਇਹਾਂ।*
*ਗਏ ਤਿਆਗ ਸੇ ਗਿਨੀਅਹਿ ਕਹਾਂ।*
*ਤੁਵ ਛਿਤਿ ਤੁਵ ਢਿਗ ਰਹੈ ਸਦਾਊ।*
*ਕਰਹਿਂ ਕਿਤਿਕ ਦਿਨ ਹਮ ਬਿਸਰਾਮੂ।*
*ਰਾਖਿ ਮਾਲਕੀ ਆਪਨਿ ਸਦਾ।*
*ਹੁਇ ਆਗਵਨ ਹਮਾਰੋ ਕਦਾ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2908***

ਇਹ ਸੁਣ ਕੇ ਹੋਰ ਬਕਵਾਸ ਕਰਨ ਲੱਗਿਆ ਸਿੱਖ ਉਸ ਨੂੰ ਲਾਂਭੇ ਲੈ ਗਏ। ਕੁਝ ਚਾਹਟਾ ਛਕਾਇਆ ਪਰ ਗੁਰੂ ਮਹਾਰਾਜ ਜੀ ਨੂੰ ਬਹੁਤ ਗੰਦੀਆਂ ਗਾਲੀਆਂ ਦਿੰਦਾ ਰਿਹਾ। ਕਿਸੇ ਸਿੱਖ ਨੇ ਅਜਿਹੇ ਫਿੱਕੇ ਵਾਕ ਆਪਣੇ ਸਮਰੱਥ ਮੁਰਸ਼ਦ ਪ੍ਰਤੀ ਨਾ ਸਹਾਰਦਿਆਂ ਉਸ ਨੂੰ ਦਰਿਆ ਬਿਆਸ ਵਿਚ ਸੁੱਟ ਦਿਤਾ ਜਿਥੇਂ ਉਹ ਡੁੱਬ ਮੋਇਆ। ਰਤਨ ਚੰਦ, ਅਬਦੁਲ ਖਾਨ ਫੌਜਾਂ ਲੈ ਕੇ ਆ ਗਏ ਸਿੰਘਾਂ ਨੇ ਉਹ ਵੀ ਮਾਰ ਦਿਤੇ। ਬਹੁਤ ਸਾਰੇ ਮੁਸਲਮਾਨਾਂ ਦੀਆਂ ਲਾਸਾਂ ਇਕੱਠੀਆਂ ਕਰਕੇ ਦਬਾ ਦਿਤੀਆਂ। ਇਥੇ ਵੱਡਾ ਚੌਂਤਰਾ ਬਣਾ ਦਿਤਾ। ਇਨ੍ਹਾਂ ਅਵਗਤ ਰੂਹਾਂ ਦੇ ਕਲਿਆਣ ਕਰਨ ਵਾਸਤੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਇਥੇ ਅਵਗਤ ਰੂਹਾਂ ਘੁੰਮ ਰਹੀਆਂ ਹਨ ਉਨ੍ਹਾਂਦੀ ਕਲਿਆਣ ਅਸੀਂ ਚਾਹੁੰਦੇ ਹਾਂ ਕੋਈ ਸਿੱਖ 'ਜਪੁਜੀ ਸਾਹਿਬ' ਦਾ ਪਾਠ ਇਕ ਮਨ ਇਕ ਚਿਤ ਹੋ ਕੇ ਸੁਣਾਵੇ ਤਾਂ ਇਨ੍ਹਾਂ ਦੀ ਕਲਿਆਣ ਹੋ ਜਾਵੇਗੀ। ਇਤਿਹਾਸ ਵਿਚ ਆਉਂਦਾ ਹੈ -

*ਇਕ ਦਿਨ ਬੈਠਿ ਦਿਵਾਨ ਮਝਾਰਾ॥*
*ਸੁਭਟ ਸਿੱਖ ਤਹਿਂ ਸ਼ੁਭਤਿ ਹਜ਼ਾਰਾ॥੧੯॥*
*ਸਭਿਨਿ ਸੁਨਾਇ ਮੁਕੰਦ ਬਖਾਨੀ॥*
*ਕੋ ਸਿਖ ਸੁਧ ਪਠਹਿ ਗੁਰੁ ਬਾਨੀ॥*
*ਜਥਾ ਜੋਗ ਮਾਤ੍ਰਾ ਅਰੁ ਬਰਣ॥*
*ਪਠਹਿ ਸੰਭਾਰਿ ਸੁਨਾਵਹਿ ਕਰਣ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਉਸ ਵੇਲੇ ਸਾਰੀ ਸੰਗਤ ਦੇ ਵਿਚੋਂ ਇਕ ਗੁਰਸਿੱਖ ਉਠਿਆ ਜੋ ਹਾਫਜ਼ਾਬਾਦ ਦੇ ਰਹਿਣ ਵਾਲਾ ਸੀ। ਉਸ ਦਾ ਨਾਮ ਭਾਈ ਗੋਪਾਲਾ ਸੀ। ਉਸ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਬਾਣੀ ਤਾਂ ਅਸੀਂ ਰੋਜ਼ ਪੜ੍ਹਦੇ ਹਾਂ ਪਰ ਆਪ ਦੀ ਕ੍ਰਿਪਾ ਹੋਵੇ ਤਾਂ ਜਿਸ ਤਰ੍ਹਾਂ ਆਪ ਚਾਹੁੰਦੇ ਹੋ ਜਪੁਜੀ ਸਾਹਿਬ ਪੜ੍ਹਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਗੁਰੂ ਮਹਾਰਾਜ ਜੀ ਨੇ ਆਪਣੇ ਤੋਂ ਉਚਾ ਆਸਣ ਉਸ ਦਾ ਲਵਾ ਦਿਤਾ। 'ਨਾਨਕ ਨਦਰੀ ਨਿਹਾਲ' ਤਕ ਉਸ ਨੇ ਕੋਈ ਫੁਰਨਾ ਨਾ ਕੀਤਾ ਪਰ ਜਦੋਂ ਸ਼ਲੋਕ ਪੜ੍ਹਨ ਲੱਗੇ ਤਾਂ ਗੁਰੂ ਮਹਾਰਾਜ ਜੀ ਵਿਚਾਰਨ ਲੱਗੇ ਕਿ ਇਸ ਨੂੰ ਜਪੁਜੀ ਸਾਹਿਬ ਦਾ ਕੀ ਫਲ ਦਿਤਾ ਜਾਵੇ। ਉਸ ਵੇਲੇ ਆਪ ਨੇ ਵਿਚਾਰ ਕੇ ਆਪਣੇ ਆਸਣ ਤੋਂ ਉਤਰਨ ਲਈ ਇਕ ਪੈਰ ਧਰਤੀ ਉਪਰ ਰੱਖਿਆ। ਇਹ ਵੀ ਪਾਠ ਕਰਦੇ 'ਜਿਨੀ ਨਾਮ ਧਿਆਇਆ' ਤਕ ਪਹੁੰਚ ਗਿਆ। ਇਸ ਨੇ ਫੁਰਨਾ ਕੀਤਾ ਕਿ ਮਹਾਰਾਜ ਆਪਣਾ ਸਵਾ ਲੱਖੀ ਘੋੜਾ ਮੈਨੂੰ ਦੇ ਦੇਣ। ਇਹ ਦੇਖ ਕੇ ਮਹਾਰਾਜ ਫੇਰ ਤਖਤ ਤੇ ਬੈਠ ਗਏ। ਆਪ ਨੇ ਫੁਰਮਾਇਆ ਕਿ ਬਹੁਤ ਮੇਹਨਤ ਨਾਲ ਬਾਣੀ ਤੂੰ ਪੜ੍ਹੀ ਹੈ ਅਤੇ ਹੁਕਮ ਕੀਤਾ ਕਿ ਜੋ ਸਵਾ-ਸਵਾ ਲੱਖੀ ਘੋੜੇ ਹਨ ਉਨ੍ਹਾਂ ਵਿਚੋਂ ਇਕ ਘੋੜਾ ਸੁਨਹਿਰੀ ਕਾਠੀਆਂ ਸਮੇਤ ਪਾ ਕੇ ਹਾਜ਼ਰ ਕੀਤਾ ਜਾਵੇ। ਕਹਿਣ ਲੱਗੇ ਪਿਆਰਿਆ! ਅਸੀਂ ਤਾਂ ਤੈਨੂੰ ਗੁਰਗੱਦੀ ਦੇਣ ਲਈ ਸੋਚ ਰਹੇ ਸੀ ਅਤੇ ਤਿਲਕ ਲਾਉਣ ਲਈ ਉਠ ਰਹੇ ਸੀ ਪਰ ਤੇਰੇ ਮਨ ਵਿਚ ਫੁਰਨਾ ਆਉਣ ਕਰਕੇ ਤੂੰ ਛੋਟੀ ਮੰਗ ਮੰਗੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬਾਣੀ ਦਾ ਕਿੰਨਾ ਮਹਾਤਮਾ ਹੈ। ਜੇ ਜਪੁਜੀ ਸਾਹਿਬ ਦਾ ਪਾਠ ਅਵਗਤ ਰੂਹਾਂ ਦੀ ਕਲਿਆਣ ਕਰ ਸਕਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠ ਦਾ ਫਲ ਤਾਂ ਕਿੰਨਾ ਕੁ ਹੋਵੇਗਾ।

ਭਾਈ ਭਗਤ ਸਿੰਘ ਜੀ! ਤੁਸੀਂ ਸੰਪਟ ਪਾਠ ਦੀ ਗੱਲ ਕੀਤੀ ਹੈ। ਸੰਪਟ ਕਿਸੇ ਨਾ ਕਿਸੇ ਸ਼ਬਦ ਦਾ ਲਾਇਆ ਜਾਂਦਾ ਹੈ, ਉਸ ਦੇ ਅਨੇਕ ਤਰੀਕੇ ਹਨ। ਕਈ ਵਾਰੀ ਸੰਪਟ ਹਰ ਤੁਕ ਨਾਲ ਲਗਦਾ ਹੈ, ਕਈ ਵਾਰੀ ਸੰਪਟ ਹਰ ਸ਼ਬਦ ਨਾਲ ਲਗਦਾ ਹੈ। ਇਹ ਪਾਠ ਬਹੁਤ ਹੀ ਸਾਵਧਾਨੀ ਨਾਲ ਕਰਨਾ ਪੈਂਦਾ ਹੈ। ਇਸ ਪਾਠ ਨੂੰ ਕਰਨ ਦੀ ਵਿਧੀ ਬਹੁਤ ਹੀ ਔਖੀ ਹੈ। ਮਹਾਤਮਾ ਇਹ ਪਾਠ ਘੱਟ ਹੀ ਕਰਦੇ ਹਨ ਕਿਉਂਕਿ ਪਾਠ ਕਰਨ ਵਾਲੇ ਨਹੀਂ ਮਿਲਦੇ। ਸੰਪਟ ਪਾਠ ਵਿਚ ਪਾਠੀਆਂ ਨੂੰ ਮੋਨ ਵਰਤ ਧਾਰਨਾ ਪੈਂਦਾ ਹੈ ਅਤੇ ਪਾਠ ਕਰਨ ਉਪਰੰਤ ਜੋ ਸਮਾਂ ਉਨ੍ਹਾਂ ਪਾਸ ਬਚਦਾ ਹੈ ਉਸ ਵਿਚ ਵਾਹਿਗੁਰੂ ਮੰਤਰ ਦਾ ਜਾਪ ਲਗਾਤਾਰ ਕਰਨਾ ਪੈਂਦਾ ਹੈ, ਛਕ ਛਕਾ ਕੇ ਇਸ਼ਨਾਨ ਵਗੈਰਾ ਕਰਕੇ ਕਿਸੇ ਨਾਲ ਬੋਲਣਾ ਨਹੀਂ, ਅਖੰਡ ਪਾਠ ਵਾਲੇ ਮੰਡਲ ਤੋਂ ਬਾਹਰ ਨਹੀਂ ਆਉਣਾ, ਖੁਰਾਕ ਬਹੁਤ ਘੱਟ ਰੱਖੀ ਜਾਂਦੀ ਹੈ, ਫਲ, ਗਊ ਦਾ ਦੁੱਧ ਘੀ ਵਗੈਰਾ ਖਾਣ ਲਈ ਦਿਤੇ ਜਾਂਦੇ ਹਨ, ਗਊ ਦੇ ਘੀ ਦੀ ਜੋਤ ਜਗਾਈ ਜਾਂਦੀ ਹੈ, ਪ੍ਰਸ਼ਾਦਾ ਵਰਤਾਉਣ ਵਾਲੇ ਸਿੰਘ ਵੀ ਮੌਨ ਵਰਤ ਵਿਚ ਹੁੰਦੇ ਹਨ। ਪੰਜ ਸੇਵਾਦਾਰ ਵੀ ਮੋਨ ਵਰਤ ਹੀ ਰਖਦੇ ਹਨ ਅਤੇ ਜਦੋਂ ਤਕ ਪਾਠ ਪੂਰਾ ਨਹੀਂ ਹੁੰਦਾ ਪਾਠ ਮੰਡਲ ਤੋਂ ਬਾਹਰ ਨਹੀਂ ਆਉਣਾ, ਇਹ ਵਿਧਾਨ ਹੁੰਦਾ ਹੈ। ਤਕਰੀਬਨ 15 ਦਿਨ ਅਜਿਹੇ ਪਾਠਾਂ ਨੂੰ ਲਗ ਜਾਂਦੇ ਹਨ। ਜੇ ਪਾਠੀਆਂ ਵਿਚੋਂ ਕੋਈ ਵਿਘਨ ਨਾ ਪੈਣ ਦੇਵੇ ਤਾਂ ਇਸ ਦਾ ਫਲ ਅਵੱਸ਼ ਹੀ ਮਿਲਦਾ ਹੈ। ਸਭ ਤੋਂ ਪਹਿਲਾਂ ਮਹਾਂਪੁਰਸ਼ ਪਰਖਦੇ ਹਨ ਕਿ ਇਹ ਸੰਪਟ ਪਾਠ ਜ਼ਰੂਰੀ ਵੀ ਹੈ। ਐਵੇਂ ਤਾਂ ਨਹੀਂ ਕਰ ਰਹੇ, ਕਿਸੇ ਨੂੰ ਮਾਰਨ ਦੇ ਲਈ, ਕਿਸੇ ਨੂੰ ਨੁਕਸਾਨ ਪਹੁੰਚਾਉਣ, ਕਿਸੇ ਨੂੰ ਦੁਖ ਦੇਣ, ਕਿਸੇ ਦਾ ਕੰਮ ਖਰਾਬ ਕਰਨ ਦੀ ਵਾਸ਼ਨਾ ਤਾਂ ਮਨ ਵਿਚ ਨਹੀਂ ਹੈ। ਕੀ ਇਹ ਸਚਮੁੱਚ ਹੀ ਸੰਕਟ ਵਿਚ ਆਇਆ

ਹੋਇਆ ਹੈ ਉਸ ਵੇਲੇ ਮਹਾਂਪੁਰਸ਼ ਵਿਚਾਰ ਕਰਕੇ ਨਿਰਣਾ ਲੈਂਦੇ ਹਨ। ਸਾਰੇ ਪੱਖ ਵਿਚਾਰਨ ਉਪਰੰਤ ਪਾਠ ਸ਼ੁਰੂ ਕਰਾਉਂਦੇ ਹਨ।

ਸੰਤ ਮਹਾਰਾਜ ਜੀ ਨੇ ਪਟਿਆਲੇ ਅਖੰਡ ਪਾਠ ਕਰਾਇਆ ਸੀ ਜੋ ਉਪਰ ਦਿਤੀ ਵਿਧੀ ਅਨੁਸਾਰ ਸੀ। ਇਕ ਵੱਡਾ ਸਰਦਾਰ ਗੱਠੀਏ ਨਾਲ ਬੀਮਾਰੀ ਹੋ ਕੇ ਬਹੁਤ ਪੀੜਾ ਸਹਿ ਰਿਹਾ ਸੀ। ਉਸ ਦੀਆਂ ਬੇਨਤੀਆਂ ਬਾਰ-ਬਾਰ ਸੰਤ ਮਹਾਰਾਜ ਜੀ ਪਾਸ ਪਹੁੰਚ ਰਹੀਆਂ ਸਨ ਕਿ ਕ੍ਰਿਪਾ ਕਰੋ, ਮੇਰੇ ਰੋਗ ਦਾ ਨਾਸ਼ ਕਰੋ। ਆਪ ਨੇ ਵਿਧੀ ਪੂਰਵਕ ਪਾਠ ਕਰਾਇਆ, ਅਰਦਾਸ ਸਮੇਂ ਉਸ ਨੂੰ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਲਿਟਾ ਦਿਤਾ। ਜਦੋਂ ਅਰਦਾਸ ਹੋ ਗਈ, ਸੰਗਤ ਨੇ ਜੈਕਾਰਾ ਬੁਲਾਇਆ ਤਾਂ ਮਹਾਂਪੁਰਸ਼ਾਂ ਨੇ ਕਿਹਾ ਤੂੰ ਵੀ ਖੜ੍ਹਾ ਹੋ ਜਾ, ਉਹ ਐਸ ਤਰ੍ਹਾਂ ਖੜ੍ਹਾ ਹੋ ਗਿਆ ਜਿਵੇਂ ਕਦੇ ਬਿਮਾਰ ਹੋਇਆ ਹੀ ਨਹੀਂ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸੇ ਤਰ੍ਹਾਂ ਨਾਲ ਇਕ ਪਾਠ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਬਿਮਾਰ ਨੂੰ ਸਾਰਾ ਪਾਠ ਸੁਣਾਇਆ ਅਤੇ ਅਰਦਾਸ ਕਰਨ ਵੇਲੇ ਉਹ ਨਵਾਂ ਨਰੋਆ ਹੋ ਕੇ ਖੜ੍ਹਾ ਹੋ ਗਿਆ। ਇਸੇ ਤਰ੍ਹਾਂ ਨਾਲ ਕਈ ਘਟਨਾਵਾਂ ਮੇਰੇ ਨਾਲ ਵੀ ਬੀਤੀਆਂ ਉਨ੍ਹਾਂ ਦਾ ਵੇਰਵਾ ਤਾਂ ਬਹੁਤ ਲੰਮਾ ਹੈ ਪਰ ਮੈਂ ਸੰਖੇਪ ਵਿਚ ਦਸਦਾ ਹਾਂ ਕਿ ਰੋਪੜ ਜ਼ਿਲੇ ਵਿਚ ਇਕ ਪਿੰਡ ਬੁਰਜ ਹੈ, ਇਹ 1982-83 ਦੀ ਗੱਲ ਹੈ ਜਦੋਂ ਮੈਂ ਇਸ ਇਲਾਕੇ ਵਿਚ ਦਿਨ ਰਾਤ ਦੀਵਾਨ ਲਾ ਕੇ ਅੰਮ੍ਰਿਤ ਛਕਾ ਰਿਹਾ ਸੀ। ਅਸਾਡੇ ਦੀਵਾਨ ਅਕਾਲਗੜ੍ਹ ਲੱਗੇ ਹੋਏ ਸਨ। ਉਥੇ ਬੁਰਜ ਪਿੰਡ ਤੋਂ ਕੁਝ ਪੜ੍ਹੇ ਲਿਖੇ ਪ੍ਰੇਮੀ ਆਏ। ਉਨ੍ਹਾਂ ਨੇ ਕਿਹਾ ਕਿ ਸਾਡੇ ਪਿੰਡ ਵਿਚ ਹਰ ਸ਼ਨਿਚਰਵਾਰ ਨੂੰ ਇਕ ਪੜ੍ਹਿਆ ਲਿਖਿਆ ਬੰਦਾ ਚੜ੍ਹਾਈ ਕਰ ਜਾਂਦਾ ਹੈ, ਹੁਣ ਤਕ ਸੱਤ ਬੰਦੇ ਮਰ ਚੁੱਕੇ ਹਨ, ਸਭ ਤੋਂ ਵੱਧ ਪੜ੍ਹੇ ਲਿਖੇ ਬੰਦਿਆਂ ਦੀ ਵਾਰੀ ਆ ਰਹੀ ਹੈ। ਉਹ ਬੇਨਤੀ ਕਰਨ ਵਾਲੇ ਪ੍ਰੇਮੀ ਦਾ ਨਾਮ ਤਾਂ ਮੈਂ ਨਹੀਂ ਜਾਣਦਾ, ਪੂਰੀ ਤਰ੍ਹਾਂ ਨਾਲ ਨਹੀਂ ਯਾਦ। ਪਰ ਕਿਸੇ ਸਕੂਲ ਵਿਚ ਹੈਡ ਮਾਸਟਰ ਸੀ। ਉਨ੍ਹਾਂ ਨੂੰ ਮੈਂ ਕਿਹਾ ਕਿ ਸਾਡੇ ਕੋਲ ਇਕੋ ਹੀ ਆਸਰਾ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਪਾਠ ਦਾ ਹੁੰਦਾ ਹੈ ਤੁਸੀਂ ਸਾਰਾ ਪਿੰਡ ਗੁਰਦੁਆਰੇ ਜਾਓ, ਪਾਠ ਕਰਾਓ, ਆਉਣ ਵਾਲੇ ਸ਼ਨਿਚਰਵਾਰ ਕੋਈ ਬੰਦਾ ਨਹੀਂ ਮਰੇਗਾ, ਗੁਰੂ ਤੁਹਾਡੀ ਰਾਖੀ ਕਰਨਗੇ। ਉਨ੍ਹਾਂ ਨੇ ਪਾਠ ਸ਼ੁਰੂ ਕਰ ਲਿਆ ਕੋਈ ਬੰਦਾ ਨਾ ਫੇਰ ਮਰਿਆ। ਫੇਰ ਉਥੇ ਦੀਵਾਨ ਲੱਗੇ, ਜੋ ਬਹੁਤ ਕਰੜੇ ਸਨ ਕਿਉਂਕਿ ਐਨੀ ਤੇਜ਼ੀ ਨਾਲ ਹਨ੍ਹੇਰੀ ਥੋੜ੍ਹੇ ਜਿਹੇ ਥਾਂ ਵਿਚ ਚਲਦੀ ਸੀ ਕਿ ਵੱਡੇ-ਵੱਡੇ ਦਰਖਤ ਤੋੜ ਦਿੰਦੀ ਸੀ, ਸ਼ਾਮਿਆਨੇ ਪਾੜ ਦਿੰਦੀ ਸੀ, ਗੁਰਬਾਣੀ ਨੇ ਉਨ੍ਹਾਂ ਨੂੰ ਬਚਾ ਲਿਆ। ਇਹ ਆਮ ਸੁਭਾਵ ਹੈ ਜਦੋਂ ਔਕੜ ਵਿਚ ਫਸਿਆ ਕੋਈ ਉਸ ਵਿਚੋਂ ਨਿਕਲ ਜਾਵੇ ਫੇਰ ਤਾਂ 'ਨੈਂ ਲੰਘੀ ਖੁਆਜਾ ਵਿਸਰਿਆ' ਵਾਲੀ ਗੱਲ ਹੁੰਦੀ ਹੈ ਉਸ ਪਿੰਡ ਦੇ ਪ੍ਰੇਮੀ ਫੇਰ ਮੁੜ ਕੇ ਕਦੇ ਵੇਖੇ ਹੀ ਨਹੀਂ ਹਨ।

ਇਸੇ ਤਰ੍ਹਾਂ ਨਾਲ ਮੇਰੇ ਦੀਵਾਨ ਕਿਸ਼ਨਪੁਰੇ ਲਗੇ ਹੋਏ ਸਨ, ਚਿੰਤਪੁਰੇ ਦਾ ਸਰਪੰਚ ਪ੍ਰੇਮੀਆਂ ਨੂੰ ਲੈ ਕੇ ਆਇਆ ਉਨ੍ਹਾਂ ਨੇ ਕਿਹਾ ਕਿ ਸਾਡੇ ਪਿੰਡ ਬਹੁਤ ਵੱਡੀ ਬਿਪਤਾ ਆ ਗਈ ਹੈ। ਹਰ ਸ਼ੁਕਰਵਾਰ ਨੂੰ ਸਾਡੇ ਪਿੰਡ 18 ਤੋਂ 24 ਸਾਲ ਦੀ ਉਮਰ ਵਿਚ ਦੇ ਬੰਦੇ ਮਰ ਜਾਂਦੇ ਹਨ। 8 ਸਿੰਘ ਮਰ ਚੁਕੇ ਹਨ ਬਹੁਤ ਉਪਾਅ ਕੀਤੇ ਹਨ ਕੁਝ ਨਹੀਂ ਬਣ ਰਿਹਾ। ਪਿੰਡ ਵਿਚ ਦਹਿਸ਼ਤ ਫੈਲੀ ਪਈ ਹੈ। ਉਥੇ ਵੀ ਪਾਠ ਕਰਾਇਆ ਅਤੇ ਉਹ ਅਕਾਰਨ ਮੌਤਾਂ ਬੰਦ ਹੋ ਗਈਆਂ।

ਇਸੇ ਤਰ੍ਹਾਂ ਨਾਲ ਥੋੜ੍ਹਾ ਸਮਾਂ ਹੋਇਆ ਚੰਡੀਗੜ੍ਹ ਵਿਚ ਪਿੰਡ ਬਟੇਲਾ ਹੈ ਉਥੇ ਦੇ ਪ੍ਰੇਮੀ ਇਕੱਠੇ ਹੋ ਕੇ ਆਏ ਉਨ੍ਹਾਂ ਨੇ ਕਿਹਾ ਕਿ ਅਸਾਡੇ ਪਿੰਡ ਵਿਚ 11-12 ਉਹ ਲੜਕੇ ਮਰ ਚੁੱਕੇ ਹਨ ਜਿਨ੍ਹਾਂ ਦਾ ਮੰਗਣਾ ਹੋਇਆ ਹੈ। ਮੰਗਣਾ ਹੋਣ ਤੋਂ ਥੋੜ੍ਹੇ ਦਿਨ ਪਿਛੋਂ ਲੜਕਾ ਮਰ ਜਾਂਦਾ ਹੈ ਹੁਣ ਕੋਈ ਵੀ ਮੰਗਣਾ ਨਹੀਂ ਕਰਾ ਰਿਹਾ। ਪਿੰਡ ਉਪਰ ਵੱਡਾ ਭਾਰੀ ਸੰਕਟ ਆ ਗਿਆ। ਮੇਰੇ ਮੂੰਹੋਂ ਨਿਕਲਿਆ ਕਿ ਤੁਸੀਂ ਸਾਰਾ ਪਿੰਡ ਇਕੱਠਾ ਹੋ ਕੇ ਆਓ। ਦੂਜੇ ਦਿਨ ਸਾਰਾ ਪਿੰਡ ਆ ਗਿਆ ਉਸ ਪਿੰਡ ਦੇ ਗੁਰਦੁਆਰੇ ਵਿਚ ਅਸਾਡੇ ਰਹਿਤ ਬਹਿਤ ਵਿਚ ਪੱਕੇ 25 ਸਿੰਘਾਂ ਨੇ ਵਿਧੀਪੂਰਵਕ ਤਿੰਨ ਦਿਨ ਅਖੰਡਪਾਠ, ਜਪੁਜੀ ਸਾਹਿਬ ਅਤੇ ਸ਼ਬਦ ਦਾ ਪਾਠ ਮੋਨ ਵਰਤ ਧਾਰ ਕੇ ਕੀਤਾ, ਪੰਜ ਸੇਵਾਦਾਰ ਅੰਦਰ ਹੀ ਰਹੇ ਅਤੇ ਦੋ ਲਾਂਗਰੀ ਅੰਦਰ ਹੀ ਰਹੇ। ਬਾਕੀ ਪਿੰਡ ਵਾਲਿਆਂ ਨੇ ਦਰਵਾਜ਼ੇ ਉਪਰ ਪਹਿਰਾ ਦਿਤਾ ਤਾਂ ਕਿ ਕੋਈ ਬੰਦਾ ਬਿਨਾਂ ਇਸ਼ਨਾਨ ਕੀਤੇ ਅੰਦਰ ਨਾ ਚਲਿਆ ਜਾਵੇ। ਪਿੰਡ ਵਾਲਿਆਂ ਨੇ ਅਖੰਡਪਾਠ ਦੇ ਭੋਗ ਸਮੇਂ ਬੈਂਡ ਵਾਜੇ ਬਜਾਏ, ਕੀਰਤਨ ਹੋਇਆ। ਮਹਾਰਾਜ ਜੀ ਦਾ ਹੁਕਮਨਾਮਾ ਆਇਆ, ਉਸ ਵਿਚ ਆਇਆ ਕਿ ਤੁਸੀਂ ਜੀਅ ਭਰ ਕੇ ਮੰਗਣੇ ਕਰੋ, ਹੁਣ ਤੁਹਾਡੀ ਰਾਖੀ ਬਾਣੀ ਨੇ ਕਰਨੀ ਹੈ।

ਇਹ ਮੈਂ ਤੁਹਾਨੂੰ ਥੋੜ੍ਹੀਆਂ ਜਿਹੀਆਂ ਗੱਲਾਂ ਦਸੀਆਂ ਹਨ ਜੇ ਇਹ ਬਚਨ ਕਰਨ ਲੱਗੀਏ ਤਾਂ ਇਥੇ ਹੀ ਸ਼ਾਮ ਪੈ ਜਾਵੇਗੀ। ਪ੍ਰੇਮੀਆਂ ਨੇ ਹੋਰ ਵੀ ਘਰਾਂ ਵਿਚ ਜਾਣ ਲਈ ਪ੍ਰੋਗਰਾਮ ਰੱਖੇ ਹਨ, ਇਸ ਕਰਕੇ ਥੋੜ੍ਹੀ ਜਿਹੀ ਵਿਚਾਰ ਨੂੰ ਬਹੁਤੀ ਜਾਣ ਲੈਣਾ। ਬਾਕੀ ਤੁਸੀਂ ਵਿਸ਼ਵਾਸ਼ ਰੱਖੋ ਕਿ ਪ੍ਰਮਾਰਥ ਅਤੇ ਵਿਵਹਾਰ ਦੋਹਾਂ ਵਿਚ ਗੁਰਬਾਣੀ ਦਾ ਪਾਠ ਸਹਾਇਤਾ ਕਰਦਾ ਹੈ। ਇੰਨੇ ਬਚਨ ਕਹਿ ਕੇ ਸੰਗਤ ਸਮੇਤ ਅਸੀਂ ਭਾਈ ਸੁਰਿੰਦਰ ਸਿੰਘ ਦੇ ਗ੍ਰਹਿ ਵਿਖੇ ਚਲੇ ਗਏ, ਇਹ ਸਨਹੋਜ਼ੇ ਦਾ ਜ਼ਿਕਰ ਹੈ।

ਭਾਈ ਸੁਰਿੰਦਰ ਸਿੰਘ ਜੀ ਨੇ ਵੀ ਯੂ.ਪੀ. ਵਿਚ ਮੁਰਾਦਾਬਾਦ ਜ਼ਿਲੇ ਵਿਚ ਵਸਣ ਵਾਲੇ ਪੁਰਾਣੇ ਸਿੱਖਾਂ ਬਾਰੇ ਪ੍ਰਸ਼ਨ ਪੁਛ ਲਿਆ ਉਥੇ ਉਨ੍ਹਾਂ ਨੂੰ ਮੈਂ ਦਸਿਆ ਕਿ ਜਦੋਂ ਜੰਗਾਂ ਯੁੱਧਾਂ ਦੇ ਸਮੇਂ ਸ. ਬਘੇਲ ਸਿੰਘ ਜੀ ਨਜੀਬਾਦਬਾਦ ਦੇ ਸੂਬੇ ਨਜੀਬਦੌਲਾ ਜੀ ਦੇ ਪਾਸ ਗਏ ਤਾਂ ਨਜੀਬਦੌਲਾਂ ਨੇ ਸਿੰਘਾਂ ਨਾਲ ਮਿਤਰਤਾ ਪਾ ਲਈ। ਉਸ ਵੇਲੇ ਬਘੇਲ ਸਿੰਘ ਜੀ ਨੇ ਕਿਹਾ ਕਿ ਪੰਜਾਬ ਵਿਚ ਹਰ ਰੋਜ਼ ਪੱਛਮ ਵਿਚੋਂ ਦਰਰ ਖੈਬਰ ਵਲੋਂ ਨਵੇਂ ਤੋਂ ਨਵੇਂ ਆਕਰਮਣਕਾਰੀ ਆਉਂਦੇ ਹੀ ਰਹਿੰਦੇ ਹਨ। ਅਸੀਂ ਇਸ ਇਲਾਕੇ ਵਿਚ ਸਿੰਘਾਂ ਨੂੰ ਵਸਾਉਣਾ ਚਾਹੁੰਦੇ ਹਾਂ, ਉਸ ਨੇ ਗਜਰੌਲੇ ਦੇ ਨੇੜੇ ਜ਼ਿਲਾ ਮੁਰਾਦਾਬਾਦ ਵਿਚ ਸਿੰਘਾਂ ਨੂੰ ਵਸਣ ਵਾਸਤੇ ਆਗਿਆ ਦੇ ਦਿਤੀ। ਉਸ ਵੇਲੇ ਬਹੁਤ ਸਾਰੇ ਸਿੰਘ ਸ. ਬਘੇਲ ਸਿੰਘ ਜੀ ਦੇ ਨਾਲ ਉਚੇ ਉਡਾਰ ਦੇ ਟਿੱਬਿਆਂ ਵਿਚ ਜਿਥੇ ਬਹੁਤ ਸਰਕੜੇ ਸਨ, ਮਾਰੂ ਇਲਾਕਾ ਸੀ ਉਥੇ ਆਬਾਦ ਹੋ ਗਏ ਬਹੁਤ ਮਿਹਨਤ ਕਰਕੇ ਉਨ੍ਹਾਂ ਨੇ ਆਪਣੇ ਇਲਾਕੇ ਨੂੰ ਆਬਾਦ ਕਰ ਲਿਆ। ਇਨ੍ਹਾਂ ਨੂੰ ਪਿਛਾਦੀਏ ਜਾਟ

ਆਖਿਆ ਜਾਂਦਾ ਹੈ। ਦੂਜਾ ਯੂ.ਪੀ. ਵਿਚ ਥਾਰੂ, ਜਾਟਵ, ਧੀਮਰ, ਕੁਰਮੀ, ਗੁੱਜਰ ਇਹ ਸਾਰੇ ਅਤੇ ਮਹਾਤਮਾ ਲਾਲ ਜੀ ਦੇ ਚੇਲੇ ਕਰੋੜਾਂ ਦੀ ਤਦਾਦ ਵਿਚ ਨਾਨਕ ਪੰਥੀ ਕਰਕੇ ਸੱਦੇ ਜਾਂਦੇ ਸਹਿਜਧਾਰੀ ਰਹਿੰਦੇ ਹਨ। ਨਾਨਕ ਮਤੇ ਉਨ੍ਹਾਂ ਦਾ ਦੀਵਾਲੀ ਸਮੇਂ ਬਹੁਤ ਭਾਰੀ ਇਕੱਠ ਹੋਇਆ ਕਰਦਾ ਹੈ। ਯੂ.ਪੀ. ਵਿਚ ਅਜੇ ਵੀ ਇਹ ਪਿੰਡ ਉਦਾਸੀ ਸਾਧੂਆਂ ਨੇ ਵੰਡੇ ਹੋਏ ਹਨ। ਜਾਟਵਾਂ ਧੀਮਰਾਂ ਵਿਚ ਮਸੰਦ ਹਨ ਉਨ੍ਹਾਂ ਦਾ ਕੰਮ ਇਨ੍ਹਾਂ ਨੂੰ ਨਾਨਕ ਮਤੇ ਲਿਆਉਣਾ ਹੁੰਦਾ ਹੈ ਉਂਝ ਉਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਗੁਰੂ ਨਾਨਕ ਦਾ ਕੀ ਉਪਦੇਸ਼ ਹੈ ਉਹ ਲੋਕ ਇਨ੍ਹਾਂ ਨੂੰ ਗੁਰੂ ਆਖਦੇ ਹਨ।

ਜਦੋਂ ਮੈਂ 1966-78 ਵਿਚ ਯੂ.ਪੀ. ਫਾਰਮਿੰਗ ਕਰਦਾ ਸੀ ਤਾਂ ਮੇਰੇ ਫਾਰਮ ਵਿਚ ਇਕ ਗੁਰੂ ਆ ਗਏ। ਤੁਹਾਡੇ ਬੀਜੀ ਨੇ ਨੌਕਰਾਂ ਨੂੰ ਬੁਲਾਇਆ ਅਤੇ ਇਕ ਵੱਡੀ ਬਾਲਟੀ ਦੁੱਧ ਦੀ ਦੇ ਦਿਤੀ, ਘੀ ਦੇ ਦਿਤਾ, ਸ਼ੱਕਰ ਦੇ ਦਿਤੀ ਅਤੇ ਕਿਹਾ ਕਿ ਆਪਣੇ ਗੁਰੂ ਦੀ ਸੇਵਾ ਕਰੋ। ਜਦੋਂ ਮੈਂ ਸ਼ਹਿਰ ਤੋਂ ਵਾਪਸ ਘਰ ਪਹੁੰਚਿਆ ਤਾਂ ਮੈਨੂੰ ਦਸਿਆ ਗਿਆ ਕਿ ਆਪਣੇ ਨੌਕਰਾਂ ਦੇ ਗੁਰੂ ਆਏ ਹੋਏ ਹਨ। ਮੈਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਚੰਗੇ ਥਾਂ ਪੱਕੇ ਥਾਂ ਨਿਵਾਸ ਦੇ ਦੇਣਾ ਸੀ। ਇਹ ਕਹਿੰਦੇ ਹੀ ਮੈਂ ਕੋਠੀ ਦੇ ਪਿਛਲੇ ਪਾਸੇ ਚਲਿਆ ਗਿਆ ਉਥੇ ਵੀ ਖਪਰੈਲਾਂ ਪਾਈਆਂ ਹੋਈਆਂ ਸਨ ਜਦੋਂ ਮੈਨੂੰ ਗੁਰੂ ਨੇ ਦੇਖਿਆ ਇਕ ਦਮ ਉਠ ਕੇ ਖੜ੍ਹਾ ਹੋ ਗਿਆ। ਉਸ ਨੇ ਮੈਨੂੰ ਦਸਿਆ ਕਿ ਮੈਂ ਇਨ੍ਹਾਂ ਦਾ ਗੁਰੂ ਹਾਂ। ਮੈਂ ਕਿਹਾ ਕਿ ਤੂੰ ਇਨ੍ਹਾਂ ਨੂੰ ਕਿਹੜਾ ਪਾਠ ਦਿੰਦਾ ਹੈਂ। ਉਹ ਕਹਿਣ ਲੱਗਿਆ ਕਿ ਪਾਠ ਦਾ ਤਾਂ ਮੈਨੂੰ ਵੀ ਨਹੀਂ ਪਤਾ ਪਰ ਮੈਂ ਸਾਲ ਪਿਛੋਂ ਇਨ੍ਹਾਂ ਨੂੰ ਨਾਨਕ ਮਤੇ ਲੈ ਜਾਂਦਾ ਹਾਂ, ਸੁਣ ਕੇ ਮੈਂ ਬਹੁਤ ਹੈਰਾਨ ਹੋਇਆ ਕਿ ਇਹ ਲੋਕ ਅਜੇ ਤਕ ਗੁਰੂ ਨਾਨਕ ਪਾਤਸ਼ਾਹ ਨਾਲ ਜੁੜੇ ਹੋਏ ਹਨ ਪਰ ਇਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਗੁਰਮਤਿ ਸਿਧਾਂਤ ਕੀ ਹੁੰਦਾ ਹੈ। ਮੈਂ ਦਸਿਆ ਕਿ ਯੂ.ਪੀ. ਵਿਚ ਬੜੀ ਵੱਡੀ ਗਿਣਤੀ ਵਿਚ ਨਾਨਕ ਪੰਥੀ ਹਨ।

ਹੋਰ ਬਹੁਤ ਸਾਰੇ ਘਰਾਂ ਵਿਚ ਚਰਨ ਪਾਏ। ਬੀਬੀ ਹਰਿੰਦਰ ਕੌਰ ਦੇ ਘਰ ਕੈਸਟੋ ਵੈਲੀ ਵਿਚ ਵੀ ਗਏ। ਦੁਪਹਿਰ ਦਾ ਪ੍ਰਸ਼ਾਦਾ ਸ. ਸਤਨਾਮ ਸਿੰਘ ਜੀ ਦੇ ਗ੍ਰਹਿ ਵਿਚ ਛਕਿਆ। ਉਥੇ ਬਹੁਤ ਸਾਰੀਆਂ ਸੰਗਤਾਂ ਇਕੱਠੀਆਂ ਹੋਈਆਂ ਸਨ, ਸਾਰਿਆਂ ਨੂੰ ਮਿਲੇ। ਅੱਜ ਦਾ ਦੀਵਾਨ ਐਲਸਬਰਾਂਟਾਂ ਵਿਖੇ 6.30 ਤੋਂ 10.00 ਵਜੇ ਤਕ ਢਾਈ ਘੰਟੇ ਕੀਰਤਨ ਕੀਤਾ। ਜਿਸ ਵਿਚ ਗੁਰੂ ਉਤੇ ਪ੍ਰਤੀਤ, ਨਾਮ ਦੀ ਕਮਾਈ, ਭਾਣਾ ਮੰਨਣਾ, ਗੁਰੂ ਨਾਲ ਪਿਆਰ, ਗੁਰਮੰਤਰ ਤੇ ਭਰੋਸਾ, ਮੁਰਦਾ ਹੋਇ ਮੁਰੀਦ ਦੇ ਸਿਧਾਂਤ ਭਾਈ ਮੰਝ ਦੀ ਸਾਖੀ ਨੂੰ ਪ੍ਰਤੀਕ ਬਣਾ ਕੇ ਕੀਤਾ। ਸੰਗਤ ਹੁੰਮ-ਹੁੰਮਾ ਕੇ ਆਈ ਹੋਈ ਸੀ। ਤਿਲ ਸੁੱਟਣ ਨੂੰ ਕਿਤੇ ਥਾਂ ਨਹੀਂ ਸੀ ਇਕ ਗੱਲ ਤੇ ਮੈਂ ਹੈਰਾਨ ਸੀ ਕਿ ਸਿਧੀਆਂ ਧਾਰਨਾ ਦਾ ਕੀਰਤਨ ਜਿਥੇ ਵੀ ਹੁੰਦਾ ਸੀ ਉਥੇ ਬੀਬੀਆਂ ਗਜ ਵਜ ਕੇ ਬੋਲਦੀਆਂ ਸਨ ਐਉਂ ਹੀ ਲਗਦਾ ਸੀ ਜਿਵੇਂ ਅਸੀਂ ਪੰਜਾਬ ਵਿਚ ਹੁੰਦੇ ਹਾਂ। ਸਰੋਤੇ ਡੇਢ ਸੌ-ਦੋ ਸੌ ਮੀਲ ਤੋਂ ਆਏ ਹੋਏ ਹੁੰਦੇ ਸਨ ਅਤੇ ਇਕ ਚਿਤ ਹੋ ਕੇ ਬਾਣੀ ਸੁਣਦੇ ਸਨ। ਮੈਂ ਮਹਿਸੂਸ ਕੀਤਾ ਕਿ ਇਥੇ ਬਹੁਤ ਹੀ ਜ਼ਰੂਰਤ ਹੈ ਕਿ ਗੁਰਮਤਿ ਸਿਧਾਂਤਾਂ ਨੂੰ ਖੋਲ੍ਹ ਕੇ ਵਰਣਨ ਕੀਤਾ ਜਾਵੇ। ਸੰਗਤ ਵਿਚ ਭਾਵੇਂ ਸਰੋਤੇ ਕੇਸਧਾਰੀ ਸਨ ਜਾਂ ਸਹਿਜਧਾਰੀ ਸਨ ਉਹ ਇਕ ਟਿਕ ਹੋ ਕੇ ਬਚਨ ਸੁਣਦੇ ਸਨ। ਕੀਰਤਨ ਦੀ ਅਰਦਾਸ ਤਕ ਕੋਈ ਵੀ ਨਹੀਂ ਸੀ ਹਿਲਿਆ ਕਰਦਾ। ਸ਼ਬਦ ਭੇਟ ਮੈਂ ਪੂਰੀ ਤਰ੍ਹਾਂ ਨਾਲ ਬੰਦ ਕਰ ਦਿਤੀ ਸੀ ਮੈਂ ਲਈ ਹੀ ਨਹੀਂ ਸੀ ਕਿਉਂਕਿ ਮੈਂ ਬਾਣੀ ਵੇਚਣ ਨਹੀਂ ਸੀ ਗਿਆ। ਮੈਂ ਤਾਂ ਗੁਰੂ ਸਿਧਾਂਤ ਬਾਰੇ ਪ੍ਰਸਪਰ ਵਿਚਾਰ ਕਰਨ ਗਿਆ ਸੀ। ਗੁਰਦੁਆਰੇ ਤੋਂ ਸਰੋਪਾ ਨਹੀਂ ਸੀ ਲਿਆ ਕਿਉਂਕਿ ਗੁਰਦੁਆਰੇ ਸਾਰੇ ਇਕੋ ਹੀ ਹੁੰਦੇ ਹਨ। ਰਤਵਾੜਾ ਸਾਹਿਬ ਦਾ ਹੋਇਆ ਕਿ ਉਹ ਹੋਇਆ, ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ। ਸੋ ਦੀਵਾਨ ਉਪਰੰਤ ਬਹੁਤ ਲੰਮਾ ਸਫਰ ਕਰਕੇ ਮੈਂ ਤਾਂ ਟਰਲੋਕ ਆ ਜਾਂਦਾ ਸੀ, ਜਥਾ ਭਾਈ ਸਤਿਨਾਮ ਸਿੰਘ ਅਟਵਾਲ ਉਨ੍ਹਾਂ ਪਾਸ ਸਨਹੋਜ਼ੇ ਠਹਿਰ ਜਾਂਦਾ ਸੀ ਜੋ ਨਜ਼ਦੀਕ ਹੀ ਹੁੰਦਾ ਸੀ ਮੈਨੂੰ 150 ਮੀਲ ਦੇ ਕਰੀਬ ਸਫਰ ਕਰਕੇ ਮੈਂ ਹਰ ਰੋਜ਼ ਟਰਲੋਕ ਮਹਿੰਦਰ ਸਿੰਘ ਗਿੱਲ ਦੀ ਕੋਠੀ ਆਰਾਮ ਕਰਿਆ ਕਰਦਾ ਸਾਂ, ਜੋ ਨਜ਼ਦੀਕ ਹੀ ਹੁੰਦਾ ਸੀ।

15 ਮਾਰਚ ਨੂੰ ਭਾਈ ਸਤਿਨਾਮ ਸਿੰਘ ਸਨਹੋਜ਼ੇ ਜਥੇ ਵਲੋਂ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਸੰਗਤ ਬਹੁਤ ਆਈ ਹੋਈ ਸੀ ਅੱਜ ਵੀ ਕੀਰਤਨ 11.30 ਤੋਂ 1.00 ਵਜੇ ਤਕ ਗੁਰਦੁਆਰਾ ਐਲਸਬਰਾਂਟਾਂ ਵਿਚ ਹੋਇਆ। ਜਿਸ ਵਿਚ ਨਾਮ ਦੀ ਬਰਕਤ ਦਾ ਜ਼ਿਕਰ ਕੀਤਾ ਗਿਆ। ਭਾਈ ਮਹਿੰਦਰ ਸਿੰਘ ਜੀ ਗਿੱਲ ਸਮੇਤ ਦੋ ਘਰਾਂ ਵਿਚ ਚਰਨ ਪਾਏ। ਅੱਜ ਰਾਤ ਦਾ ਦੀਵਾਨ ਗੁਰਦੁਆਰਾ ਸਿਖ ਟੈਂਪਲ ਸਟਾਕਟਨ ਵਿਚ ਲੱਗਿਆ। ਇਹ ਗੁਰਦੁਆਰਾ ਭਾਰਤ ਦੇ ਇਤਿਹਾਸ ਵਿਚ ਮਹੱਤਤਾ ਰਖਦਾ ਹੈ। ਇਸ ਗੁਰਦੁਆਰੇ ਵਿਚੋਂ ਹੀ ਭਾਰਤ ਦੀ ਅਜ਼ਾਦੀ ਨੇ ਜਨਮ ਲਿਆ। ਇਥੇ ਹੀ ਸੰਤ ਵਿਸਾਖਾ ਸਿੰਘ ਜੀ, ਬਾਬਾ ਜੈਮਲ ਸਿੰਘ ਜੀ ਵਰਗੇ ਮਹਾਂਪੁਰਸ਼ ਕਿਰਤ ਕਰ ਰਹੇ ਸਨ। ਇਨ੍ਹਾਂ ਨੇ ਆਪਣੇ ਦੇਸ਼ ਦੀ ਗੁਲਾਮੀ ਨੂੰ ਦੇਖ ਕੇ ਸਾਰੇ ਸੁਖ ਛੱਡ ਦਿਤੇ ਅਤੇ ਇਥੋਂ ਹੀ ਗਦਰੀ ਬਾਬਿਆਂ ਦੀ ਲਹਿਰ ਚਲੀ ਇਥੋਂ ਹੀ ਗਦਰ ਦੀ ਗੂੰਜ ਅਖਬਾਰ ਨਿਕਲਿਆ। ਇਸੇ ਸ਼ਹਿਰ ਵਿਚ ਲਾਲਾ ਹਰਦਿਆਲ ਜੀ ਵਰਗੇ ਦੇਸ਼ ਭਗਤ ਰਹਿੰਦੇ ਸਨ ਜਿਨ੍ਹਾਂ ਨੇ ਆਪਣੇ ਕਾਰੋਬਾਰ ਛੱਡ ਕੇ ਦੇਸ਼ ਨੂੰ ਅਜ਼ਾਦ ਕਰਾਉਣ ਵਾਸਤੇ ਵਾਪਸ ਭਾਰਤ ਵਿਚ ਆਏ ਅਤੇ ਇਕ ਲਹਿਰ ਤੋਰ ਦਿਤੀ। ਬਹੁਤ ਵੱਡੀਆਂ-ਵੱਡੀਆਂ ਕੁਰਬਾਨੀਆਂ ਦਿਤੀਆਂ। ਬਾਬਾ ਵਸਾਖਾ ਸਿੰਘ ਜੀ ਵਰਗਿਆਂ ਨੂੰ ਕਾਲੇ ਪਾਣੀਆਂ ਦੇ ਵਿਚ ਜੇਲ੍ਹ ਵਿਚ ਭੇਜ ਦਿਤਾ ਗਿਆ। ਜਿਥੇ ਆਟੇ ਵਿਚ ਸ਼ੀਸ਼ਾ ਪੀਹ ਕੇ ਉਨ੍ਹਾਂ ਦੇ ਸਰੀਰਾਂ ਨੂੰ ਰੋਗੀ ਕਰ ਦਿਤਾ ਗਿਆ ਅਤੇ ਟੀ.ਬੀ. ਵਰਗੇ ਭਿਆਨਕ ਰੋਗ ਦੇ ਕਸ਼ਟ ਸਹਾਰਦੇ ਹੋਏ ਭੀ ਦੁਖ ਸੁਖ ਵਿਚ ਸਮਾਨ ਰਹੇ। ਇਸ ਗੁਰਦੁਆਰੇ ਦੀ ਸੰਭਾਲ ਕਰਨ ਵਾਲੀ ਕਮੇਟੀ ਦੇ ਮੈਂਬਰ ਮੈਨੂੰ ਮਿਲੇ ਉਹ ਮੈਨੂੰ ਲਾਇਬ੍ਰੇਰੀ ਵਿਚ ਲੈ ਗਏ ਜਿਥੇ ਸਾਰੇ ਦੇਸ਼ ਭਗਤਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ ਉਹ ਕਾਫੀ ਵੱਡਾ ਕਮਰਾ ਸੀ ਪਰ ਮਿੰਟਾਂ ਵਿਚ ਹੀ ਭਰ ਗਿਆ। ਉਥੇ ਦੇਸ਼ ਭਗਤਾਂ ਦੀਆਂ ਗੱਲਾਂ ਚਲਦੀਆਂ ਰਹੀਆਂ ਉਨ੍ਹਾਂ ਨੇ ਉਥੋਂ ਗਏ ਗਦਰੀ ਬਾਬਿਆਂ ਦਾ ਕਾਰੋਬਾਰ ਅਤੇ ਉਨ੍ਹਾਂ ਦੀਆਂ

(ਬਾਕੀ ਪੰਨਾ 64 ਤੇ)

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

## (ਪਾਰਸ-ਭਾਗ ਗ੍ਰੰਥ ਵਿਚੋਂ ਸਰਲ ਪੰਜਾਬੀ ਵਿਚ ਲੜੀਵਾਰ ਲੇਖ)

*(ਲੜੀ ਜੋੜਨ ਲਈ ਦੇਖੋ, ਅਗਸਤ 1997 ਅੰਕ, ਪੰਨਾ – 60)*

**ਇਕਾਂਤ ਦਾ ਵਰਣਨ** - ਅਤੇ ਇਕ ਹੋਰ ਸੰਤ ਜਨ ਨੇ ਕਿਹਾ ਹੈ, 'ਜੋ ਜਿਸ ਪੁਰਸ਼ ਨੂੰ ਕਿਸੇ ਮਨੁੱਖ ਨੂੰ ਮਿਲਣ ਅਤੇ ਵੇਖਣ ਦੀ ਅਭਿਲਾਸ਼ਾ ਉਪਜਦੀ ਹੈ ਤਾਂ ਸਮਝਿਆ ਜਾਂਦਾ ਹੈ ਕਿ ਉਸ ਦੇ ਹਿਰਦੇ ਵਿਚ ਆਤਮਾ ਦਾ ਰਹੱਸ ਨਹੀਂ ਹੈ ਅਤੇ ਸਥੂਲ ਪਦਾਰਥਾਂ ਦੀ ਸਹਾਇਤਾ ਚਾਹੁੰਦਾ ਹੈ ਅਤੇ ਇਹ ਵੀ ਕਿਹਾ ਹੈ ਕਿ ਲੋਕਾਂ ਦੇ ਮਿਲਣ ਵਿਚ ਜਿਸ ਮਨੁੱਖ ਦੀ ਪ੍ਰੀਤ ਹੈ, ਉਹ ਹਿਰਦੇ ਕਰਕੇ ਅੰਦਰੋਂ ਨਿਰਧਨ ਹੈ।'

ਇਸ ਲਈ ਸਿੱਧ ਹੋਇਆ ਕਿ ਉਤਮ ਭਜਨ ਹਿਰਦੇ ਦਾ ਅਭਿਆਸ ਹੈ ਅਤੇ ਅਭਿਆਸ ਕਰਕੇ ਹੀ ਭਜਨ ਦਾ ਰਹੱਸ ਪੈਦਾ ਹੁੰਦਾ ਹੈ ਅਤੇ ਵੀਚਾਰ ਅਤੇ ਗਿਆਨ ਦੀ ਪ੍ਰਾਪਤੀ ਵੀ ਅਭਿਆਸ ਕਰਕੇ ਹੀ ਸਿੱਧ ਹੁੰਦੀ ਹੈ। ਇਹ ਸਾਰਾ ਸਾਧਨਾ ਦਾ ਫਲ ਹੈ, ਕਿਉਂਕਿ ਇਸ ਜੀਵ ਨੇ ਪਰਲੋਕ ਵਿਖੇ ਅਵੱਸ਼ ਜਾਣਾ ਹੈ। ਜਦੋਂ ਇਹ ਮਨੁੱਖ ਮਹਾਰਾਜ ਜੀ ਦੇ ਭਜਨ ਨੂੰ ਇੱਕਠਾ ਕਰਕੇ ਓਥੇ ਜਾਂਦਾ ਹੈ, ਤਾਂ ਇਸ ਨੂੰ ਉਤਮ ਪੁਰਸ਼ (ਭਗਵਾਨ) ਕਿਹਾ ਜਾਂਦਾ ਹੈ। ਪਰ ਭਜਨ ਦਾ ਰਹੱਸ ਅਤੇ ਵੀਚਾਰ ਦਾ ਅਭਿਆਸ ਇਕਾਂਤ ਬਿਨਾਂ ਨਹੀਂ ਹੋ ਸਕਦਾ।

ਅਤੇ ਦੂਜਾ ਗੁਣ ਇਹ ਹੈ ਕਿ ਇਕਾਂਤ ਕਰਕੇ ਕਿੰਨੇ ਹੀ ਪਾਪਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਕਿਉਂਕਿ ਸੰਸਾਰ ਵਿਚ ਚਾਰ ਪਾਪ ਤਾਂ ਅਵੱਸ਼ ਪੈਦਾ ਹੁੰਦੇ ਹਨ ਅਤੇ ਇਨ੍ਹਾਂ ਪਾਪਾਂ ਤੋਂ ਕੋਈ ਵਿਰਲਾ ਹੀ ਬਚਦਾ ਹੈ। ਪਹਿਲਾ ਪਾਪ ਨਿੰਦਿਆ ਹੈ, ਨਿੰਦਾ ਕਰਕੇ ਧਰਮ ਨਸ਼ਟ ਹੋ ਜਾਂਦਾ ਹੈ ਅਤੇ ਦੂਜਾ ਪਾਪ ਇਹ ਹੈ ਕਿ ਜਦੋਂ ਕੋਈ ਕਿਸੇ ਮਨੁੱਖ ਦਾ ਬੁਰਾ ਕਰਮ ਵੇਖ ਕੇ ਉਸ ਨੂੰ ਉਪਦੇਸ਼ ਨਾ ਕਰੇ ਤਾਂ ਸ਼ਾਸਤਰਾਂ ਦੀ ਮਰਿਆਦਾ ਤੋਂ ਬੇਮੁਖ ਹੁੰਦਾ ਹੈ ਅਤੇ ਜਦੋਂ ਉਪਦੇਸ਼ ਕਰਕੇ ਉਸ ਨੂੰ ਪਾਪ ਤੋਂ ਵਰਜਣਾ ਚਾਹੇ ਅਤੇ ਉਸ ਦੀ ਰੁਚੀ ਨਾ ਹੋਵੇ ਤਾਂ ਉਸ ਮਨੁੱਖ ਨਾਲ ਵਿਰੋਧ ਪੈਦਾ ਹੁੰਦਾ ਹੈ ਅਤੇ ਤੀਜਾ ਪਾਪ ਦੰਭ ਅਤੇ ਕਪਟ ਹੈ। ਦੰਭ ਤੋਂ ਮੁਕਤ ਹੋਣਾ ਵੀ ਬਹੁਤ ਕਠਨ ਹੈ ਕਿਉਂਕਿ ਜਦੋਂ ਕਿਸੇ ਦੀ ਖੁਸ਼ੀ ਅਤੇ ਉਸ ਦੇ ਪਿਆਰ ਵਿਚ ਦ੍ਰਿੜ੍ਹ ਹੋਵੇ ਤਾਂ ਵੀ ਉਸ ਨੂੰ ਅਫਸੋਸ ਹੁੰਦਾ ਹੈ ਅਤੇ ਜਦੋਂ ਅਜਿਹਾ ਨਹੀਂ ਕਰਦਾ ਤਾਂ ਵੀ ਉਨ੍ਹਾਂ ਦੇ ਵਿਰੋਧ ਤੋਂ ਬਚ ਨਹੀਂ ਸਕਦਾ ਅਤੇ ਥੋੜ੍ਹਾ ਜਿਹਾ ਪਾਪ ਤਾਂ ਇਹ ਵੀ ਹੈ ਕਿ ਜਦੋਂ ਅਚਾਨਕ ਹੀ ਕਿਸੇ ਨੂੰ ਮਿਲਦਾ ਹੈ ਤਾਂ ਇੰਜ ਕਹਿੰਦਾ ਹੈ ਕਿ ਮੈਨੂੰ ਤੁਹਾਡੇ ਦਰਸ਼ਨਾਂ ਦੀ ਬਹੁਤ ਅਭਿਲਾਸ਼ਾ ਸੀ। ਸੋ ਜਦੋਂ ਉਸ ਦੇ ਹਿਰਦੇ ਵਿਚ ਉਸ ਦੀ ਪ੍ਰੀਤ ਹੀ ਨਾ ਹੋਵੇ ਤਾਂ ਅਜਿਹਾ ਕਹਿਣਾ ਝੂਠ ਹੁੰਦਾ ਹੈ ਅਤੇ ਜਦੋਂ ਇਸ ਤਰ੍ਹਾਂ ਨਾ ਕਹੇ, ਤਾਂ ਉਸ ਦੀ ਖੁਸ਼ੀ ਨਹੀਂ ਹੁੰਦੀ। ਇਸ ਲਈ ਉਸ ਦੀ ਖੁਸ਼ੀ ਵਾਸਤੇ ਉਸ ਨੂੰ ਪੁੱਛਣ ਲਗਦਾ ਹੈ ਕਿ ਤੇਰਾ ਕੀ ਹਾਲ ਹੈ ਅਤੇ ਤੇਰੇ ਸਨਬੰਧੀਆਂ ਦਾ ਕੀ ਹਾਲ ਹੈ। ਪਰ ਹਿਰਦੇ ਵਿਚ ਉਸ ਲਈ ਕੋਈ ਪ੍ਰੀਤ ਨਹੀਂ ਹੁੰਦੀ। ਤਾਂ ਇਹ ਕੇਵਲ ਪਾਖੰਡ ਹੀ ਹੁੰਦਾ ਹੈ।

ਇਸ ਸਬੰਧੀ ਇਕ ਸੰਤ ਜਨ ਨੇ ਕਿਹਾ ਹੈ ਕਿ ਜਦੋਂ ਇਸ ਦਾ ਕਿਸੇ ਨਾਲ ਮਤਲਬ ਹੁੰਦਾ ਹੈ ਤਾਂ ਆਪਣੇ ਮਨੋਰਥ ਨਮਿਤ ਐਨੀ ਉਸ ਦੀ ਉਸਤਤ ਕਰਦਾ ਹੈ ਕਿ ਆਪਣੇ ਧਰਮ ਤੋਂ ਵੀ ਭ੍ਰਿਸ਼ਟ ਹੋ ਜਾਂਦਾ ਹੈ ਅਤੇ ਜਦੋਂ ਉਹ ਮਤਲਬ ਸਿੱਧ ਨਹੀਂ ਹੁੰਦਾ ਤਾਂ ਉਹ ਕਪਟ ਕਾਰਨ ਪ੍ਰਮਾਤਮਾ ਤੋਂ ਬੇਮੁਖਤਾ ਦਾ ਭਾਗੀ ਹੁੰਦਾ ਹੈ। ਇਸ ਉਪਰ ਇਕ ਵਾਰਤਾ ਹੈ –

ਇਕ ਪ੍ਰਾਣੀ ਕਿਸੇ ਸੰਤ ਜਨ ਦੇ ਨਿਕਟ ਆਇਆ ਤੇ ਸੰਤ ਜਨ ਨੇ ਉਸ ਨੂੰ ਪੁਛਿਆ, 'ਜੋ ਤੂੰ ਕਿਸ ਨਮਿਤ ਆਇਆ ਹੈਂ?' ਮੁੜ ਉਸ ਪ੍ਰਾਣੀ ਨੇ ਕਿਹਾ ਕਿ ਉਹ ਉਨ੍ਹਾਂ ਦੇ ਦਰਸ਼ਨਾਂ ਦੀ ਪ੍ਰੀਤ ਕਾਰਨ ਆਇਆ ਹੈ ਤਾਂ ਸੰਤਾਂ ਨੇ ਕਿਹਾ ਕਿ ਤੂੰ ਤਾਂ ਪ੍ਰੀਤ ਨੂੰ ਦੂਰ ਕਰਨ ਲਈ ਆਇਆ ਹੈਂ ਕਿਉਂਕਿ ਤੂੰ ਸੱਚੀ ਝੂਠੀ ਮੇਰੀ ਉਸਤਤ ਕਰੇਂਗਾ ਅਤੇ ਮੈਂ ਤੇਰੀ ਵਡਿਆਈ ਕਰਾਂਗਾ। ਸੋ, ਇਹ ਸਭ ਝੂਠ ਅਤੇ ਪਾਖੰਡ ਹੈ।

ਇਸ ਲਈ ਜੋ ਪ੍ਰਾਣੀ ਸੰਸਾਰ ਦੇ ਮਿਲਾਪ ਸਮੇਂ ਵੀ ਆਪਣੇ ਆਪ ਨੂੰ ਬਚਾਈ ਰਖਦਾ ਹੈ ਤਾਂ ਉਸ ਮਿਲਾਪ ਕਰਕੇ ਵੀ ਕੋਈ ਵਿਘਨ ਨਹੀਂ ਹੁੰਦਾ ਪਰ ਇਹ ਅਵਸਥਾ ਬਹੁਤ ਦੁਰਲੱਭ ਹੈ। ਇਸੇ ਲਈ ਜੋ ਪਹਿਲਾਂ ਪ੍ਰੀਤਵਾਨ ਹੋਏ ਹਨ ਉਹ ਇਕ ਦੂਜੇ ਦੇ ਹਾਲ ਚਾਲ ਵਿਵਹਾਰ ਦੀ ਗੱਲ ਨਹੀਂ ਪੁਛਦੇ ਸਨ। ਇਸ ਸਬੰਧੀ ਇਕ ਵਾਰਤਾ ਹੈ –

ਜੋ ਇਕ ਪ੍ਰੀਤਵਾਨ ਨੇ ਦੂਜੇ ਪ੍ਰੀਤਵਾਨ ਤੋਂ ਪੁਛਿਆ ਸੀ ਕਿ ਤੇਰੀ ਕੀ ਅਵਸਥਾ ਹੈ? ਤਾਂ ਉਸ ਨੇ ਕਿਹਾ, 'ਜੋ ਸੁਖ ਅਨੰਦ ਹੈ।' ਫਿਰ ਉਸ ਦੂਜੇ ਨੇ ਕਿਹਾ, 'ਜੋ ਸੁਖ ਅਨੰਦ ਤਾਂ ਤਦੋਂ ਹੀ ਹੁੰਦਾ ਹੈ ਜਦੋਂ ਆਤਮ ਸੁੱਖ ਨੂੰ ਪ੍ਰਾਪਤ ਹੋ ਜਾਈਏ।' ਅਤੇ ਇਕ ਹੋਰ ਸੰਤ ਜਨ ਤੋਂ ਵੀ ਕਿਸੇ ਨੇ ਪੁਛਿਆ ਸੀ ਕਿ ਤੁਹਾਡੀ ਕੀ ਅਵਸਥਾ ਹੈ? ਤਾਂ ਉਨ੍ਹਾਂ ਨੇ ਕਿਹਾ, 'ਜਿਸ ਪਦ ਕਾਰਨ ਸੁੱਖ ਪ੍ਰਾਪਤ ਹੁੰਦਾ ਹੈ, ਉਹ ਪਦ ਮੈਨੂੰ ਪ੍ਰਾਪਤ ਨਹੀਂ ਹੈ ਅਤੇ ਜਿਨ੍ਹਾਂ ਕਰਮਾਂ ਕਰਕੇ ਦੁੱਖ ਪ੍ਰਾਪਤ ਹੁੰਦਾ ਹੈ ਉਨ੍ਹਾਂ ਦੀ ਨਵਿਰਤੀ ਵੀ ਮੇਰੇ ਪਾਸੋਂ ਨਹੀਂ ਹੋ ਸਕਦੀ ਅਤੇ ਮੈਂ ਇਨ੍ਹਾਂ ਦਾ ਆਪਣੀ ਸੋਚਣੀ ਵਿਚ ਬੰਧੀਵਾਨ ਹਾਂ ਅਤੇ ਮੇਰਾ ਕਾਰਜ ਤਾਂ ਮਹਾਰਾਜ ਜੀ ਦੇ ਹੱਥ ਵਿਚ ਹੈ। ਇਸ ਲਈ ਮੇਰੇ ਜੈਸਾ ਦੁੱਖੀ ਤੇ ਅਨਾਥ ਹੋਰ ਕੋਈ ਨਹੀਂ। ਅਤੇ ਇਕ ਹੋਰ ਸੰਤ ਜਨ ਤੋਂ ਕਿਸੇ ਨੇ ਪੁਛਿਆ ਸੀ ਕਿ ਤੇਰੀ ਕੀ ਅਵਸਥਾ ਹੈ? ਤਾਂ ਉਨ੍ਹਾਂ ਨੇ ਕਿਹਾ, 'ਕਿ ਮੈਂ ਮਹਾਂਪਾਪੀ ਅਤੇ ਨਿਰਬਲ ਹਾਂ। ਇਸ ਲਈ ਆਪਣੇ ਪ੍ਰਾਲਬਧਾਂ ਨੂੰ ਭੋਗ ਰਿਹਾ ਹਾਂ ਅਤੇ ਸਭਨਾਂ ਦੇ ਕਾਲ ਵਲ ਨੀਝ ਲਾਈ ਵੇਖ ਰਿਹਾ ਹਾਂ ਅਤੇ ਇਕ ਹੋਰ ਸੰਤ ਜਨ ਤੋਂ ਕਿਸੇ ਨੇ ਪੁਛਿਆ ਸੀ ਕਿ ਤੇਰੀ ਕੀ ਅਵਸਥਾ ਹੈ? ਤਾਂ ਉਨ੍ਹਾਂ ਨੇ ਕਿਹਾ, 'ਜੋ ਸੁਖ ਹੈ ਪਰ ਜਦੋਂ ਨਰਕਾਂ ਦੇ ਦੁਖ ਤੋਂ ਨਿਰਭੈ ਹੋ ਜਾਈਏ' ਅਤੇ ਇਕ ਹੋਰ ਸੰਤ ਜਨ ਤੋਂ ਕਿਸੀ ਨੇ ਪੁਛਿਆ ਸੀ ਜੋ ਤੇਰੀ ਕੀ ਅਵਸਥਾ ਹੈ? ਤਾਂ ਉਨ੍ਹਾਂ ਨੇ ਕਿਹਾ, 'ਜਿਹੜਾ ਮਨੁੱਖ ਅੰਮ੍ਰਿਤ ਵੇਲੇ ਉਠੇ ਅਤੇ ਇਤਨਾ ਵੀ ਨਾ ਜਾਣ ਸਕੇ ਕਿ ਰਾਤ ਤੋਂ ਬਾਦ ਮੈਂ ਜੀਉਂਦਾ ਵੀ ਰਹਾਂਗਾ ਜਾਂ ਨਹੀਂ ਰਹਾਂਗਾ ਤਾਂ ਉਸ ਦੀ ਕੀ ਅਵਸਥਾ ਵਰਨਣ ਕੀਤੀ ਜਾ ਸਕਦੀ ਹੈ।' ਅਤੇ ਇਕ ਹੋਰ ਸੰਤ ਜਨ ਤੋਂ ਕਿਸੇ ਨੇ ਪੁਛਿਆ ਸੀ, ਜੋ ਤੇਰੀ ਕੀ ਅਵਸਥਾ ਹੈ? ਤਾਂ ਉਨ੍ਹਾਂ ਨੇ ਕਿਹਾ, 'ਜਿਸ ਮਨੁੱਖ ਦੀ ਉਮਰ ਘਟਦੀ ਜਾਵੇ ਅਤੇ

ਪਾਪ ਵਧਦੇ ਜਾਣ ਤਾਂ ਉਸਦੀ ਕੀ ਅਵਸਥਾ ਵਰਨਣ ਕਰੀਏ ਅਤੇ ਇਕ ਹੋਰ ਬੁੱਧੀਵਾਨ ਤੋਂ ਕਿਸੇ ਨੇ ਪੁਛਿਆ ਸੀ ਜੋ ਤੇਰੀ ਕੀ ਅਵਸਥਾ ਹੈ? ਤਾਂ ਉਨਹਾਂ ਨੇ ਕਿਹਾ, 'ਜੋ ਦਾਨ ਮਹਾਰਾਜ ਜੀ ਦਾ ਖਾਂਦਾ ਹਾਂ ਅਤੇ ਹੁਕਮ ਮਨ ਦਾ ਮੰਨਦਾ ਹਾਂ। ਅਤੇ ਇਕ ਹੋਰ ਸੰਤ ਜਨ ਤੋਂ ਕਿਸੇ ਨੇ ਪੁਛਿਆ ਸੀ ਕਿ ਤੇਰੀ ਕੀ ਅਵਸਥਾ ਹੈ? ਤਾਂ ਉਨਹਾਂ ਨੇ ਕਿਹਾ, 'ਜਿਸ ਦੀ ਉਮਰ ਖਿਨ-ਖਿਨ ਘਟਦੀ ਜਾਵੇ ਅਤੇ ਉਹ ਸਮਝੇ ਕਿ ਮੈਂ ਵੱਡਾ ਹੋ ਰਿਹਾ ਹਾਂ ਤਾਂ ਉਸ ਦੀ ਕੀ ਅਵਸਥਾ ਵਰਨਨ ਕਰੀਏ।' ਇਕ ਹੋਰ ਸੰਤ ਜਨ ਨੂੰ ਕਿਸੇ ਨੇ ਪੁਛਿਆ ਸੀ ਕਿ ਤੇਰੀ ਕੀ ਅਵਸਥਾ ਹੈ? ਤਾਂ ਉਸ ਨੇ ਕਿਹਾ, 'ਜੋ ਜਿਸ ਪੁਰਸ਼ ਨੇ ਅਵਸ਼ ਮਰਣਾ ਹੋਵੇ ਅਤੇ ਪਰਲੋਕ ਵਿਚ ਦੰਡ ਦਾ ਅਧਿਕਾਰੀ ਹੋਵਣਾ ਹੋਵੇ, ਤਾਂ ਉਸ ਦੀ ਕੀ ਅਵਸਥਾ ਵਰਣਨ ਕਰੀਏ ਅਤੇ ਇਕ ਹੋਰ ਸੰਤ ਤੋਂ ਕਿਸੇ ਨੇ ਪੁਛਿਆ ਕਿ ਤੁਹਾਡੀ ਕੀ ਅਵਸਥਾ ਹੈ? ਤਾਂ ਉਨ੍ਹਾਂ ਨੇ ਕਿਹਾ, 'ਜਦੋਂ ਮੇਰਾ ਇਕ ਦਿਨ ਵੀ ਸੁਖ ਨਾਲ ਬਤੀਤ ਹੋਵੇ ਤਾਂ ਭਲਾ ਹੈ ਅਤੇ ਉਨ੍ਹਾਂ ਨੇ ਕਿਹਾ ਕਿ ਹੁਣ ਮੈਨੂੰ ਸੁੱਖ ਨਹੀਂ। ਤਦ ਉਨ੍ਹਾਂ ਨੇ ਕਿਹਾ ਕਿ ਜਿਸ ਦਿਨ ਵਿਚ ਮੇਰੇ ਤੋਂ ਕੋਈ ਪਾਪ ਨ ਹੋਵੇ ਤਾਂ ਮੈਂ ਸੁੱਖ ਦਾ ਦਿਨ ਓਹੀ ਸਮਝਦਾ ਹਾਂ, ਅਤੇ ਇਕ ਪ੍ਰੀਤਵਾਨ ਨੂੰ ਮੌਤ ਦੇ ਸਮੇਂ ਕਿਸੇ ਨੇ ਪੁਛਿਆ ਸੀ ਕਿ ਤੇਰੀ ਕੀ ਅਵਸਥਾ ਹੈ? ਤਾਂ ਉਸ ਨੇ ਕਿਹਾ, 'ਜਿਸ ਨੇ ਦੂਰ ਦੇਸ਼ ਵਿਚ ਜਾਣਾ ਹੋਵੇ ਅਤੇ ਉਸ ਦੇ ਪਾਸ ਤੋਸ਼ਾ (ਰਾਹ ਵਿਚ ਖਾਣ ਦਾ ਸਮਾਨ) ਕੁਝ ਨਾ ਹੋਵੇ ਅਤੇ ਮਹਾਂ ਅੰਧਕਾਰ ਵਿਚ ਜਮ ਦਾ ਰਸਤਾ ਹੋਵੇ, ਸੋ ਉਸ ਉਤੇ ਜਿਸ ਨੇ ਜਾਣਾ ਹੋਵੇ ਅਤੇ ਸੰਗੀ ਵੀ ਕੋਈ ਨਾ ਹੋਵੇ ਅਤੇ ਹਿਸਾਬ ਕਰਨ ਵਾਲੇ ਮਹਾਰਾਜ ਦੇ ਸਨਮੁਖ ਪਹੁੰਚਣਾ ਹੋਵੇ ਅਤੇ ਉਥੇ ਆਪਣੇ ਬਚਾਅ ਦਾ ਆਸਰਾ ਵੀ, ਕੋਈ ਨਾ ਹੋਵੇ ਤਾਂ ਉਸ ਦੀ ਅਵਸਥਾ ਕੀ ਵਰਨਣ ਕਰੀਏ? ਅਤੇ ਇਕ ਹੋਰ ਸੰਤ ਜਨ ਨੇ ਕਿਸੇ ਤੋਂ ਪੁਛਿਆ ਸੀ ਕਿ ਤੇਰੀ ਕੀ ਅਵਸਥਾ ਹੈ? ਤਾਂ ਉਸ ਨੇ ਕਿਹਾ, 'ਮੈਂ ਪੰਜ ਸੌ ਰੁਪਿਆ ਦੇਣਾ ਹੈ।' ਤਾਂ ਉਸ ਨੇ ਇਕ ਹਜ਼ਾਰ ਰੁਪਿਆ ਲਿਆ ਦਿਤਾ ਅਤੇ ਇਸ ਤਰ੍ਹਾਂ ਕਿਹਾ, 'ਜਿਹੜਾ ਤੁਸੀਂ ਪੰਜ ਸੌ ਰੁਪਿਆ ਦੇਣਾ ਹੈ, ਦੇ ਦਿਓ ਅਤੇ ਪੰਜ ਸੌ ਰੁਪਿਆਂ ਨਾਲ ਆਪਣੀ ਉਪਜੀਵਕਾ ਕਰੋ।

ਮੁੜ ਇੰਜ ਕਹਿਣ ਲੱਗੇ ਕਿ ਜਦੋਂ ਪ੍ਰੀਤ ਕਰਕੇ ਕਿਸੇ ਦੀ ਅਵਸਥਾ ਪੁਛੀਏ ਅਤੇ ਉਸ ਦਾ ਦੁਖ ਸੁਣ ਕੇ ਸਹਾਇਤਾ ਨਾ ਕਰੀਏ ਤਾਂ ਉਹ ਪੁਛਣਾ ਹੀ ਕਪਟ ਹੁੰਦਾ ਹੈ। ਤਾਂ ਤੇ ਇਸ ਤਰ੍ਹਾਂ ਚਾਹੀਦਾ ਹੈ ਕਿ ਜਦੋਂ ਕਿਸੇ ਤੋਂ ਕੁਝ ਪੁਛੀਏ ਤਾਂ ਉਸ ਤੇ ਅਮਲ ਵੀ ਕਰੀਏ ਜਾਂ ਫਿਰ ਪੁਛੀਏ ਹੀ ਨਹੀਂ। ਇਸ ਲਈ ਪਹਿਲੇ ਸਮਿਆਂ ਵਿਚ ਜੋ ਪ੍ਰੀਤਵਾਨ ਹੋਏ ਸਨ, ਉਨ੍ਹਾਂ ਦੀ ਐਸੀ ਹੀ ਅਵਸਥਾ ਸੀ ਕਿ ਦੂਜਿਆਂ ਨਾਲ ਵਿਹਾਰ ਸਮੇਂ ਉਨ੍ਹਾਂ ਨੂੰ ਆਪਣੀ ਪ੍ਰੀਤ ਦਾ ਪ੍ਰਗਟਾਵਾ ਨਹੀਂ ਹੋਣ ਦਿੰਦੇ ਸਨ, ਤਾਂ ਵੀ ਹਿਰਦੇ ਕਰਕੇ ਹਰੇਕ ਨਾਲ ਐਨੀ ਪ੍ਰੀਤ ਰਖਦੇ ਸਨ ਕਿ ਜਦੋਂ ਵੀ ਕਿਸੇ ਦੀ ਕੋਈ ਲੋੜ ਹੁੰਦੀ ਸੀ ਤਾਂ ਆਪਣੀ ਕੋਈ ਵਸਤੂ ਵੀ ਛੁਪਾ ਕੇ ਨਾ ਰਖਦੇ ਅਤੇ ਇਸ ਸਮੇਂ ਵਿਚ ਐਸੇ ਲੋਕ ਪ੍ਰਗਟ ਹੋਏ ਹਨ ਜੋ ਇਕ ਦੂਜੇ ਦੀ ਖੁਸ਼ੀ ਵਾਸਤੇ ਸਨਬੰਧੀਆਂ ਅਤੇ ਉਨ੍ਹਾਂ ਦੇ ਪਸ਼ੂਆਂ ਦਾ ਵੀ ਹਾਲ ਚਾਲ ਪੁਛਦੇ ਹਨ ਪਰ ਜਦੋਂ ਉਨ੍ਹਾਂ ਪਾਸੋਂ ਇਕ ਪੈਸੇ ਦੀ ਵੀ ਲੋੜ ਪੈ ਜਾਵੇ ਤਾਂ ਵੀ ਉਹ ਬੇਮੁਖ ਹੋ ਜਾਂਦੇ ਹਨ। ਸੋ ਇਹ ਕਦੀ ਪ੍ਰੀਤ ਨਹੀਂ ਕਹੀਦੀ, ਇਸ ਦਾ ਨਾਮ ਕਪਟ ਦੀ ਪ੍ਰੀਤ ਹੈ।

ਇਸ ਲਈ ਇਸ ਜਗਤ ਦੇ ਮਿਲਾਪ ਦਾ ਐਸਾ ਹੀ ਸੁਭਾਵ ਹੈ ਕਿ ਹਿਰਦੇ ਕਰਕੇ ਕਿਸੇ ਨਾਲ ਪ੍ਰੀਤ ਕੀਤੀ ਜਾਵੇ ਤਾਂ ਮਾਨੋ ਕਪਟ ਅਤੇ ਪਾਖੰਡ ਦੇ ਸਮੁੰਦਰ ਵਿਚ ਡੁਬਣਾ ਹੁੰਦਾ ਹੈ ਅਤੇ ਜਦੋਂ ਉਨ੍ਹਾਂ ਨੂੰ ਮਿਲ ਕੇ ਐਸੀ ਪ੍ਰਸੰਨਤਾ ਨਾ ਜਤਾਈਏ ਤਾਂ ਇਹ ਲੋਕ ਹੀ ਵਿਰੋਧੀ ਹੋ ਜਾਂਦੇ ਹਨ ਅਤੇ ਇਸ ਵਿਚੋਂ ਨੁਕਸ ਢੂੰਢਣ ਲਗ ਪੈਂਦੇ ਹਨ। ਇਸ ਤਰ੍ਹਾਂ ਉਹ ਆਪਣਾ ਧਰਮ ਵੀ ਗਵਾ ਲੈਂਦੇ ਹਨ ਅਤੇ ਦੂਜਿਆਂ ਦਾ ਧਰਮ ਵੀ ਨਸ਼ਟ ਕਰਨਾ ਚਾਹੁੰਦੇ ਹਨ।

ਹੋਰ ਜਗਤ ਦੇ ਮਿਲਾਪ ਦਾ ਚੌਥਾ ਪਾਪ ਇਹ ਹੈ ਕਿ ਇਹ ਮਨੁੱਖ ਜਿਸ ਦੀ ਸੰਗਤ ਕਰਦਾ ਹੈ ਤਾਂ ਅਵੱਸ਼ ਹੀ ਉਸਦਾ ਸੁਭਾਵ ਇਸ ਦੇ ਹਿਰਦੇ ਵਿਚ ਪ੍ਰਵੇਸ਼ ਕਰਦਾ ਹੈ ਅਤੇ ਜਦੋਂ ਇਸ ਨੂੰ ਉਸ ਦੇ ਅਜਿਹੇ ਸੁਭਾਵ ਦੇ ਪ੍ਰਵੇਸ਼ ਦਾ ਪਤਾ ਹੀ ਨਹੀਂ ਹੁੰਦਾ ਤਾਂ ਵੀ ਨਿਰਸੰਦੇਹ ਉਹ ਸੁਭਾਵ ਉਸ ਅੰਦਰ ਵਧ ਜਾਂਦਾ ਹੈ ਅਤੇ ਉਸ ਸੁਭਾਵ ਕਰਕੇ ਹੀ ਕਿੰਨੇ ਪਾਪ ਪੈਦਾ ਹੁੰਦੇ ਹਨ ਅਤੇ ਅਚੇਤ ਪੁਰਖਾਂ ਦੀ ਸੰਗਤ ਵਿਚ ਇਹ ਵੀ ਅਚੇਤ ਹੀ ਹੁੰਦਾ ਰਹਿੰਦਾ ਹੈ ਅਤੇ ਜਦੋਂ ਮਾਇਆਧਾਰੀ ਮਨੁੱਖਾਂ ਦੀ ਸੰਗਤ ਕਰਦਾ ਹੈ ਤਾਂ ਇਸ ਵਿਚ ਵੀ ਮਾਇਆ ਦੀ ਤ੍ਰਿਸ਼ਨਾ ਪੈਦਾ ਹੋ ਜਾਂਦੀ ਹੈ ਅਤੇ ਜਦ ਕਿ ਇਹ ਪੁਰਸ਼ ਜਿਸ ਭੋਗ ਨੂੰ ਨਿੰਦਨੀਯ ਮੰਨਦਾ ਹੈ ਪਰ ਜਦੋਂ ਭੋਗੀ ਮਨੁੱਖਾਂ ਦੀ ਸੰਗਤ ਵਧੇਰੇ ਕਰਦਾ ਹੈ ਤਾਂ ਉਸ ਕਰਮ ਦੀ ਦੋਸ਼-ਦ੍ਰਿਸ਼ਟੀ ਨਸ਼ਟ ਹੋ ਜਾਂਦੀ ਹੈ ਅਤੇ ਜਦੋਂ ਕਿਸੇ ਭੈੜੇ ਕਰਮਾਂ ਦੀ ਵਾਰਤਾ ਸੁਣਦਾ ਹੈ ਤਾਂ ਇਸ ਦੇ ਹਿਰਦੇ ਵਿਚ ਵੀ ਉਸ ਦੀ ਮਲੀਨਤਾ ਦਾ ਪ੍ਰਵੇਸ਼ ਹੋ ਜਾਂਦਾ ਹੈ। ਜਿਵੇਂ ਮਹਾਂਪੁਰਸ਼ਾਂ ਦੀ ਵਾਰਤਾ ਸੁਣ ਕੇ ਇਸ ਦਾ ਹਿਰਦਾ ਕੋਮਲ ਹੋ ਜਾਂਦਾ ਹੈ ਤਿਵੇਂ ਹੀ ਭੋਗੀਆਂ ਅਤੇ ਪਾਪੀਆਂ ਦੀ ਵਾਰਤਾ ਸੁਣ ਕੇ ਉਸ ਵਿਚ ਵੀ ਐਸੀਆਂ ਰੁਚੀਆਂ ਪੈਦਾ ਹੋ ਜਾਂਦੀਆਂ ਹਨ।

ਇਸ ਤਰ੍ਹਾਂ ਸਿੱਧ ਹੋਇਆ ਕਿ ਮਹਾਂਪੁਰਸ਼ਾਂ ਦੀ ਵਾਰਤਾ ਸੁਣ ਕੇ ਇਸ ਦਾ ਹਿਰਦਾ ਸ਼ੁਧ ਹੁੰਦਾ ਹੈ, ਤਾਂ ਭੈੜੀ ਸੰਗਤ ਵਿਚ ਮਲੀਨਤਾ ਕਿਉਂ ਪੈਦਾ ਹੁੰਦੀ ਹੈ। ਇਸ ਸਬੰਧ ਵਿਚ ਮਹਾਂਪੁਰਸ਼ਾਂ ਨੇ ਕਿਹਾ ਹੈ, 'ਭੈੜੇ ਮਨੁੱਖਾਂ ਦੀ ਸੰਗਤ ਇਸ ਤਰ੍ਹਾਂ ਹੈ ਜਿਵੇਂ ਕੋਈ ਲੌਹਾਰ ਦੇ ਨੇੜੇ ਜਾ ਬੈਠੇ। ਭਾਵ ਇਹ ਕਿ ਜਦੋਂ ਉਹ ਆਪਣੇ ਕਪੜਿਆਂ ਨੂੰ ਸੜਨ ਤੋਂ ਬਚਾ ਵੀ ਲਵੇ ਤਾਂ ਵੀ ਤਪਸ਼ ਅਤੇ ਧੂਆਂ ਤਾਂ ਅਵੱਸ਼ ਹੀ ਪਹੁੰਚਦਾ ਹੈ ਅਤੇ ਜੋ ਸਾਤਵਿਕ ਮਨੁੱਖਾਂ ਦੀ ਸੰਗਤ ਹੈ ਉਹ ਗਾਂਧੀ (ਅਤਾਰ) ਦੀ ਤਰ੍ਹਾਂ ਹੈ। ਭਾਵ ਇਹ ਕਿ ਜਦੋਂ ਉਸ ਨਾਲ ਮਿਲਾਪ ਹੁੰਦਾ ਹੈ ਤਾਂ ਆਪ ਸੁਗੰਧੀ ਭਾਵੇਂ ਨਾ ਲਈ ਜਾਵੇ, ਤਾਂ ਵੀ ਉਸ ਦੀ ਸੁਗੰਧੀ ਤਾਂ ਅਵੱਸ਼ ਹੀ ਆਉਂਦੀ ਰਹਿੰਦੀ ਹੈ। ਨਿਰਣਾ ਇਹ ਹੈ ਕਿ ਮਨਮੁਖਾਂ ਦੀ ਸੰਗਤ ਕਰਨ ਨਾਲੋਂ ਇਕੱਲਾ ਰਹਿਣਾ ਹੀ ਚੰਗਾ ਹੈ ਅਤੇ ਇਕੱਲੇ ਰਹਿਣ ਨਾਲੋਂ ਸਾਤਵਿਕ ਪੁਰਸ਼ਾਂ ਦੀ ਸੰਗਤ ਚੰਗੀ ਹੈ।

ਇਸ ਸਬੰਧ ਵਿਚ ਇਕ ਸੰਤ ਜਨ ਨੇ ਕਿਹਾ ਹੈ ਕਿ ਜਿਸ ਪੁਰਖ ਦੀ ਸੰਗਤ ਵਿਚ ਮਾਇਆ ਦੀ ਪ੍ਰੀਤ ਦੂਰ ਹੋਵੇ ਅਤੇ ਭਗਵੰਤ ਦੀ ਪ੍ਰੀਤ ਉਤਪੰਨ ਹੋਵੇ, ਤਾਂ ਉਸ ਦੀ ਸੰਗਤ ਨੂੰ ਉਤਮ ਸਮਝੋ ਅਤੇ ਕਦੇ ਵੀ ਉਸ ਦਾ ਤਿਆਗ ਨਾ ਕਰੋ ਅਤੇ ਜਿਸ ਦੀ ਸੰਗਤ ਇਸ ਤੋਂ ਵਿਪਰੀਤ (ਉਲਟ) ਹੋਵੇ, ਉਸਦਾ ਤਿਆਗ ਕਰਨਾ ਹੀ ਉਚਿਤ ਹੈ। ਪਰ ਉਹ ਵਿਦਵਾਨ ਜੋ ਮਾਇਆ ਦਾ ਲੋਭੀ ਹੋਵੇ ਅਤੇ ਉਸ ਦੀ ਕਰਨੀ ਬਚਨਾਂ

ਅਨੁਸਾਰ ਨਾ ਹੋਵੇ ਤਾਂ ਉਸਦੀ ਸੰਗਤ ਦਾ ਤਿਆਗ ਕਰਨਾ ਅਵੱਸ਼ ਪ੍ਰਵਾਨ ਹੈ। ਕਿਉਂਕਿ ਉਸ ਦੀ ਸੰਗਤ ਕਰਕੇ ਜਗਿਆਸੂ ਦੀ ਪ੍ਰੀਤ ਹੀ ਨਸ਼ਟ ਹੋ ਜਾਂਦੀ ਹੈ।

ਇਸ ਕਰਕੇ ਕਿ ਜਗਿਆਸੂ ਦੀ ਬੁਧੀ ਤਾਂ ਪਹਿਲੀ ਅਵਸਥਾ ਵਿਚ ਪਰਪੱਕ ਨਹੀਂ ਹੁੰਦੀ। ਇਸ ਲਈ ਵਿਦਵਾਨਾਂ ਨੂੰ ਵੇਖ ਕੇ ਪ੍ਰੀਤਵਾਨ ਵੀ ਐਸਾ ਵਿਸ਼ਵਾਸ਼ ਬਣਾ ਲੈਂਦਾ ਹੈ ਕਿ ਮਾਇਆ ਦਾ ਤਿਆਗ ਜ਼ਰੂਰੀ ਹੁੰਦਾ ਤਾਂ ਇਹ ਵਿਦਵਾਨ ਮਾਇਆ ਦਾ ਤਿਆਗ ਕਿਉਂ ਨਾ ਕਰਦਾ? ਸੋ ਇਸ ਦਾ ਦ੍ਰਿਸ਼ਟਾਂਤ ਇਹ ਹੈ - ਜਿਵੇਂ ਕੋਈ ਮਨੁੱਖ ਪਿਆਰ ਸਹਿਤ ਮਠਿਆਈ ਨੂੰ ਖਾਈ ਜਾਵੇ ਅਤੇ ਮੂੰਹ ਤੋਂ ਇਹ ਕਹੇ ਕਿ ਮਠਿਆਈ ਸ਼ੁਧ ਜ਼ਹਿਰ ਹੈ, ਇਸ ਲਈ ਇਸ ਦੀ ਅਭਿਲਾਸ਼ਾ ਨਾ ਕਰੋ। ਤਾਂ ਉਸ ਦੇ ਬਚਨਾਂ ਤੇ ਕਿਸੇ ਨੂੰ ਵਿਸ਼ਵਾਸ਼ ਨਹੀਂ ਆਉਂਦਾ, ਕਿਉਂਕਿ ਉਸਦਾ ਪਿਆਰ ਸਹਿਤ ਮਠਿਆਈ ਖਾਣਾ ਹੀ ਤ੍ਰਿਸ਼ਨਾ ਪੈਦਾ ਕਰਨਾ ਹੈ ਅਤੇ ਇਸ ਵਿਚੋਂ ਇਹੀ ਸਿੱਧ ਹੁੰਦਾ ਹੈ ਕਿ ਇਹ ਮਨੁੱਖ ਆਪਣੇ ਭੋਗ ਲਈ ਮਠਿਆਈ ਨੂੰ ਜ਼ਹਿਰ ਕਹਿੰਦਾ ਹੈ ਤੇ ਇਸ ਤਰ੍ਹਾਂ ਕਈ ਮਨੁੱਖ ਤਾਂ ਅਜਿਹੇ ਹੁੰਦੇ ਹਨ ਜੋ ਅਸ਼ੁਧ ਆਹਾਰ ਅਤੇ ਹੋਰ ਪਾਪਾਂ ਪ੍ਰਤੀ ਭੈੜੀ ਦ੍ਰਿਸ਼ਟੀ ਰਖਦੇ ਹਨ ਪਰ ਜਦੋਂ ਵਿਦਵਾਨਾਂ ਨੂੰ ਬਿਨਾਂ ਸੰਕੋਚ ਅਜਿਹਾ ਕਰਦੇ ਵੇਖਦੇ ਹਾਂ ਤਾਂ ਉਨ੍ਹਾਂ ਦੀ ਪਾਪ ਦੇਖਣ ਦੀ ਦ੍ਰਿਸ਼ਟੀ ਵੀ ਨਸ਼ਟ ਹੋ ਗਈ ਹੁੰਦੀ ਹੈ ਅਤੇ ਉਹ ਨਿਡਰ ਹੋ ਕੇ ਅਜਿਹੇ ਕਰਮ ਕਰ ਰਹੇ ਹੁੰਦੇ ਹਨ। ਇਸ ਕਰਕੇ ਵਿਦਵਾਨਾਂ ਦੇ ਨੁਕਸਾਂ ਨੂੰ ਪ੍ਰਗਟ ਕਰਨਾ ਠੀਕ ਨਹੀਂ ਕਿਉਂਕਿ ਇਕ ਤਾਂ ਇਹ ਨਿੰਦਾ ਹੁੰਦੀ ਹੈ, ਦੂਜਾ ਉਸਦੀ ਵਾਰਤਾ ਸੁਣ ਕੇ ਹੋਰ ਲੋਕ ਵੀ ਢੀਠ ਹੋ ਜਾਂਦੇ ਹਨ। ਇਸ ਲਈ ਸਿਆਣੇ ਮਨੁੱਖਾਂ ਦਾ ਅਧਿਕਾਰ ਇਹ ਹੈ ਕਿ ਜਦੋਂ ਵਿਦਵਾਨ ਪੁਰਸ਼ਾਂ ਦੇ ਨੁਕਸ ਵੇਖਣ ਤਾਂ ਦੋ ਕਾਰਨਾਂ ਕਰਕੇ ਗਿਲਾਨੀ (ਨਫਰਤ) ਦੂਰ ਕਰਨ। ਪਹਿਲਾਂ ਤਾਂ ਇਹ ਸਮਝਣ ਕਿ ਬੇਸ਼ੱਕ ਵਿਦਵਾਨਾਂ ਤੋਂ ਕੁਝ ਅਵੱਗਿਆ ਹੋਈ ਹੈ ਤਾਂ ਵੀ ਉਸ ਦੀ ਵਿਦਿਆ ਹੀ ਕਿੰਨੇ ਪਾਪਾਂ ਨੂੰ ਖਿਮਾ ਕਰਵਾਉਣ ਯੋਗ ਹੈ। ਪਰ ਜਿਹੜਾ ਮਨੁੱਖ ਵਿਦਿਆ ਤੋਂ ਵੀ ਹੀਣਾ ਹੋਵੇ ਤਾਂ ਉਸ ਦੀ ਅਵੱਗਿਆ ਕਿਵੇਂ ਖਿਮਾ ਕੀਤੀ ਜੀਵੇਗੀ ਅਤੇ ਅਜਿਹਾ ਜਾਣਨਾ ਵੀ ਪ੍ਰਵਾਨ ਹੈ ਕਿ ਵਿਦਿਆ ਕਾਰਨ ਪਾਪ ਕਰਮਾਂ ਨੂੰ ਬੁਰਾ ਸਮਝਦਾ ਹੈ ਅਤੇ ਫਿਰ ਵੀ ਉਨ੍ਹਾਂ ਵਿਚ ਗੁਲਤਾਨ ਹੁੰਦਾ ਹੈ ਤਾਂ ਉਸਦੀ ਵਰਤੋਂ ਵੀ ਸੰਸਾਰੀ ਜੀਵਾਂ ਦੀ ਤਰ੍ਹਾਂ ਨਹੀਂ ਹੁੰਦੀ ਕਿਉਂਕਿ ਵਿਦਵਾਨਾਂ ਦੀ ਜੁਗਤਿ ਨੂੰ ਸੰਸਾਰੀ ਜੀਵਾਂ ਦੀ ਬੁੱਧੀ ਸਮਝ ਨਹੀਂ ਸਕਦੀ। ਇਸ ਲਈ ਜੀਵਾਂ ਨੂੰ ਚਾਹੀਦਾ ਹੈ ਕਿ ਉਹ ਵਿਦਵਾਨਾਂ ਉਪਰ ਦੋਸ਼ ਦ੍ਰਿਸ਼ਟੀ ਨਾ ਰੱਖਣ। ਨਹੀਂ ਤਾਂ ਉਨ੍ਹਾਂ ਦਾ ਧਰਮ ਨਸ਼ਟ ਹੋਵੇਗਾ।

ਸਿੱਟਾ ਇਹ ਕਿ ਬਹੁਤੇ ਮਨੁੱਖਾਂ ਦੀ ਸੰਗਤਿ ਤਾਂ ਇਸ (ਜਗਿਆਸੂ) ਦੇ ਧਰਮ ਨੂੰ ਨਾਸ ਕਰਨਯੋਗ ਹੈ। ਇਸ ਲਈ ਜਗਿਆਸੂ ਨੂੰ ਜਗਤਿ ਦੇ ਮਿਲਾਪ ਨਾਲੋਂ ਇਕਾਂਤ ਰਹਿਣਾ ਹੀ ਉਚਿਤ ਹੈ।

ਇਕਾਂਤ ਦਾ ਤੀਜਾ ਗੁਣ ਇਹ ਹੈ ਕਿ ਸਾਰੇ ਸੰਸਾਰ ਵਿਚ ਵੈਰ ਭਾਵ ਅਤੇ ਈਰਖਾ ਅਤੇ ਵੱਖ-ਵੱਖ ਮਾਰਗਾਂ ਦੇ ਆਪਸੀ ਝਗੜੇ ਪੈਦਾ ਹੁੰਦੇ ਰਹਿੰਦੇ ਹਨ। ਇਸ ਲਈ ਇਕਾਂਤ ਵਾਸੀ ਮਨੁੱਖ ਸਾਰੇ ਵਿਘਨਾਂ ਤੋਂ ਮੁਕਤ ਹੁੰਦਾ ਹੈ ਪਰ ਜਿਹੜਾ ਸੰਸਾਰ ਦੇ ਮੇਲ ਮਿਲਾਪ ਵਿਚ ਵਿਚਰਦਾ ਹੈ ਉਸ ਨੂੰ ਧਰਮ ਦੇ ਨਾਸ਼ ਹੋਣ ਦਾ ਡਰ ਵੀ ਬਣਿਆ ਰਹਿੰਦਾ ਹੈ।

ਇਸ ਸਬੰਧੀ ਵਿਚ ਮਹਾਂਪੁਰਸ਼ਾਂ ਨੇ ਕਿਹਾ ਹੈ ਕਿ ਲੋਕਾਂ ਦੀ ਸੰਗਤ ਨੂੰ ਤਿਆਗ ਕੇ ਆਪਣੇ ਗ੍ਰਹਿ ਵਿਖੇ ਇਸਥਿਤ ਹੋਵੋ ਅਤੇ ਰਸਨਾ ਨੂੰ ਬਹੁਤ ਬੋਲਣ ਤੋਂ ਵਰਜ ਕੇ ਰੱਖੋ ਅਤੇ ਜਿਸ ਭਲਾਈ ਨੂੰ ਤੁਸੀਂ ਚੰਗੀ ਤਰ੍ਹਾਂ ਸਮਝਦੇ ਹੋ, ਉਸ ਨੂੰ ਅੰਗੀਕਾਰ ਕਰੋ ਅਤੇ ਜਿਸ ਕਰਤੱਵ ਦੇ ਭੇਦ ਨੂੰ ਸਮਝ ਨਾ ਸਕੋ ਤਾਂ ਉਸ ਨੂੰ ਤਿਆਗ ਕੇ, ਆਤਮ ਧਰਮ ਵਿਖੇ ਸਾਵਧਾਨ ਹੋਵੋ ਅਤੇ ਸੰਸਾਰ ਦੇ ਕੰਮਾਂ ਨੂੰ ਯਾਦ ਵਿਚੋਂ ਕੱਢ ਦੇਵੋ।

ਇਕਾਂਤ ਦਾ ਚੌਥਾ ਗੁਣ ਇਹ ਹੈ ਕਿ ਜੋ ਇਕਾਂਤ ਰਹਿਣ ਵਾਲਾ ਮਨੁੱਖ ਲੋਕਾਂ ਨਾਲ ਮਿਲਾਪ ਕਰਦਾ ਹੈ ਤਾਂ ਉਹ ਨਿੰਦਾ ਅਤੇ ਦੋਸ਼-ਦ੍ਰਿਸ਼ਟੀ ਅਤੇ ਲੋਭ ਤੋਂ ਵੀ ਰਹਿਤ ਨਹੀਂ ਹੋ ਸਕਦਾ ਅਤੇ ਜਦੋਂ ਸੰਸਾਰੀ ਜੀਵਾਂ ਦੇ ਸੁੱਖ ਅਤੇ ਦੁਖ ਦਾ ਭਾਈਵਾਲ ਹੁੰਦਾ ਹੈ ਤਾਂ ਇਸ ਦੀ ਆਪਣੀ ਆਯੂ ਵਿਅਰਥ ਜਾਂਦੀ ਹੈ ਅਤੇ ਜੇ ਅਜਿਹਾ ਨਾ ਕਰੇ ਤਾਂ ਬਹੁਤ ਲੋਕ ਇਸਨੂੰ ਬੁਰਾ ਮੰਨ ਕੇ ਦੁਰਬਚਨ ਬੋਲਦੇ ਹਨ। ਪਰ ਜੇ ਉਹ ਕਿਸੇ ਨਾਲ ਮਿਲਾਪ ਕਰੇ ਅਤੇ ਕਿਸੇ ਤੋਂ ਇਕਾਂਤ ਰਹੇ ਤਾਂ ਵੀ ਕਈ ਦੋਸ਼ ਪੈਦਾ ਹੁੰਦੇ ਹਨ। ਇਸ ਲਈ ਸਭ ਤਿਆਗ ਕੇ ਜਦੋਂ ਇਕਾਂਤ ਵਾਸੀ ਹੋ ਜਾਂਦਾ ਹੈ ਤਾਂ ਸਾਰੇ ਵਿਘਨਾਂ ਤੋਂ ਮੁਕਤ ਰਹਿੰਦਾ ਹੈ ਅਤੇ ਕੋਈ ਮਨੁੱਖ ਵੀ ਨਾਰਾਜ਼ ਨਹੀਂ ਹੁੰਦਾ। ਇਸ ਉਪਰ ਇਕ ਵਾਰਤਾ ਹੈ -

ਇਕ ਪ੍ਰੀਤਵਾਨ ਇਕ ਧਰਮ ਪੋਥੀ ਸੰਗ ਰੱਖ ਕੇ ਮਸਾਣਾ ਵਿਖੇ ਉਜਾੜ ਵਿਚ ਰਹਿੰਦਾ ਸੀ ਤਾਂ ਕਿਸੇ ਨੇ ਪੁਛਿਆ ਕਿ ਤੂੰ ਇਕੱਲਾ ਕਿਉਂ ਰਹਿੰਦਾ ਹੈਂ? ਉਸਨੇ ਉਤਰ ਦਿਤਾ ਕਿ ਇਕਾਂਤ ਵਰਗਾ ਸੁੱਖ ਦਾ ਸਥਾਨ ਮੈਂ ਕਿਤੇ ਹੋਰ ਨਹੀਂ ਦੇਖਿਆ ਅਤੇ ਮਸਾਣ ਵਰਗਾ ਉਪਦੇਸ਼ ਦੇਣ ਵਾਲਾ ਵੀ ਹੋਰ ਕੋਈ ਨਹੀਂ ਹੋ ਸਕਦਾ ਅਤੇ ਪੋਥੀ ਵਰਗਾ ਸੁਖਦਾਈ ਮਿਤ੍ਰ ਵੀ ਮੈਂ ਹੋਰ ਕੋਈ ਨਹੀਂ ਵੇਖਿਆ। ਇਕਾਂਤ ਦਾ ਪੰਜਵਾਂ ਗੁਣ ਇਹ ਹੈ ਕਿ ਇਕਾਂਤ ਰਹਿਣ ਵਾਲੇ ਪੁਰਸ਼ ਤੋਂ ਲੋਕ ਵੀ ਨਿਰਾਸ ਰਹਿੰਦੇ ਹਨ ਅਤੇ ਉਹ ਵੀ ਲੋਕਾਂ ਤੋਂ ਨਿਰਾਸ ਰਹਿੰਦਾ ਹੈ। ਇਹ ਆਸ਼ਾਵਾਂ ਹੀ ਸਾਰੇ ਦੁਖਾਂ ਦਾ ਮੂਲ ਹਨ ਕਿਉਂਕਿ ਜਦੋਂ ਮਨੁੱਖ ਧਨਵਾਨਾਂ ਨੂੰ ਮਿਲਦਾ ਹੈ ਅਤੇ ਇਸ ਅੰਦਰ ਅਵੱਸ਼ ਹੀ ਤ੍ਰਿਸ਼ਨਾ ਜਾਗ ਪੈਂਦੀ ਹੈ ਅਤੇ ਜਦੋਂ ਤ੍ਰਿਸ਼ਨਾ ਪੈਦਾ ਹੋ ਗਈ ਤਾਂ ਨਿਰਾਦਰ ਅਤੇ ਅਪਮਾਨ ਵੀ ਅਵੱਸ਼ ਪ੍ਰਾਪਤ ਹੋਵੇਗਾ। ਇਸ ਸਬੰਧੀ ਮਹਾਂਪੁਰਸ਼ ਦਸਦੇ ਹਨ ਕਿ ਮਾਇਆਧਾਰੀ ਜੀਵਾਂ ਦੀ ਸੁਤੰਤਰਤਾ ਨੂੰ ਨਾ ਵੇਖੋ ਕਿਉਂਕਿ ਇਹ ਮਾਇਆ ਹੀ ਉਨ੍ਹਾਂ ਨੂੰ ਛਲ ਰਹੀ ਹੈ ਕਿਉਂਕਿ ਜੇ ਤੁਸੀਂ ਧਨਵਾਨਾਂ ਦੇ ਸੁੱਖ ਨੂੰ ਵੇਖੋਗੇ ਤਾਂ ਤੁਸੀਂ ਵਾਹਿਗੁਰੂ ਵਲੋਂ ਪ੍ਰਾਪਤ ਪਰਉਪਕਾਰ ਤੋਂ ਬੇਮੁਖ ਹੋਵੋਗੇ ਅਤੇ ਹੋਰ-ਹੋਰ ਸੁਖਾਂ ਦੀ ਅਭਿਲਾਸ਼ਾ ਕਰਕੇ ਦੁੱਖ ਪਾਵੋਗੇ।

ਇਕਾਂਤ ਦਾ ਛੇਵਾਂ ਗੁਣ ਇਹ ਹੈ ਕਿ ਇਕਾਂਤ ਕਾਰਨ ਮੂਰਖਾਂ ਅਤੇ ਪਾਪੀਆਂ ਦੀ ਸੰਗਤ ਤੋਂ ਬਚੇ ਰਹੋਗੇ। ਮੂਰਖਾਂ ਦੀ ਸੰਗਤ ਐਸੀ ਹੈ ਕਿ ਉਨ੍ਹਾਂ ਨੂੰ ਦੇਖਣਾ ਹੀ ਚਿੱਤ ਨੂੰ ਮਲੀਨ ਕਰਦਾ ਹੈ। ਇਸ ਸਬੰਧੀ ਇਕ ਬੁੱਧੀਮਾਨ ਨੇ ਕਿਹਾ ਹੈ ਕਿ ਜਿਵੇਂ ਬੁਖਾਰ ਕਰਕੇ ਸਰੀਰ ਦੁਖੀ ਹੁੰਦਾ ਹੈ ਤਿਵੇਂ ਹੀ ਮੂਰਖਾਂ ਦੀ ਸੰਗਤ ਰੂਪੀ ਬੁਖਾਰ ਨਾਲ ਹਿਰਦੇ ਦੀ ਤਪਸ਼ ਵਧਦੀ ਹੈ। ਇਸ ਲਈ ਇਕਾਂਤ ਵਿਚ ਅਜਿਹੇ ਪਰਮ ਦੁਖ ਤੋਂ ਮੁਕਤ ਰਹੀਦਾ ਹੈ ਅਤੇ ਸੁਭਾਵਿਕ ਹੀ ਕਿਸੇ ਦੇ ਗੁਣ ਜਾਂ ਅਵਗੁਣ ਵਲ ਦ੍ਰਿਸ਼ਟੀ ਨਹੀਂ ਜਾਂਦੀ।

□ □ □ □ □ □ □ □

# ‘ਆਤਮ ਮਾਰਗ’ ਦੇ ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

‘ਆਤਮ ਮਾਰਗ’ ਦੇ ਸਮੂੰਹ ਪਾਠਕ ਪਿਆਰ ਅਤੇ ਸੁਹਿਰਦਤਾ ਵਾਲੇ ਹਨ, ਸਤਿਗੁਰੂ ਦੀਆਂ ਬਖਸ਼ਿਸ਼ਾਂ ਦੇ ਪਾਤਰ ਹਨ ਅਤੇ ਨਾਮ-ਅਭਿਆਸ ਦੇ ਧਾਰਨੀ ਅਤੇ ਅਭਿਨਾਸ਼ੀ ਹਨ। ਸਾਰੇ ਪਾਠਕ ਸਾਨੂੰ ਵੱਧ ਤੋਂ ਵੱਧ ਸਹਿਯੋਗ ਦੇ ਰਹੇ ਹਨ, ਨਵੇਂ ਮੈਂਬਰ ਵੀ ਬਣਾ ਰਹੇ ਹਨ ਅਤੇ ਰਿਨੂਅਲ ਕਰਨ ਅਤੇ ਕਰਵਾਉਣ ਵਿਚ ਵੀ ਸਹਾਇਕ ਸਿੱਧ ਹੋ ਰਹੇ ਹਨ ਪਰ ਸਾਡੀਆਂ ਕੁਝ ਮੁਸ਼ਕਲਾਂ ਹਨ ਜੋ ਆਪ ਜੀ ਦੇ ਦ੍ਰਿਸ਼ਟੀਗੋਚਰ ਕਰਨੀਆਂ ਉਚਿਤ ਸਮਝਦੇ ਹਾਂ। ਕੁਝ ਮੈਂਬਰ ਸਾਹਿਬਾਨ ਕਿਸੇ ਕਾਰਨ ਮੈਗਜ਼ੀਨ ਦੀ ਰਿਨੂਅਲ ਨਹੀਂ ਕਰਵਾ ਸਕੇ। ਅਸੀਂ ਉਨ੍ਹਾਂ ਨੂੰ ਚਿੱਠੀਆਂ ਵੀ ਪਾਈਆਂ ਹਨ ਅਤੇ ਹੁਣ ਆਪ ਜੀ ਦੀ ਸੁਵਿਧਾ ਨੂੰ ਮੁਖ ਰਖਦਿਆਂ ਸਤਿਕਾਰਯੋਗ ਚੇਅਰਮੈਨ ਸਾਹਿਬ ਦੀ ਉਦਾਰਤਾ ਸਦਕਾ ਇਸ ਕਾਰਜ ਲਈ ਮਿਸ਼ਨ ਦੇ ਪ੍ਰੇਮੀ ਘਰ-ਘਰ ਪੁੱਜ ਕੇ ਰਿਨੂਅਲ ਕਰ ਰਹੇ ਹਨ। ਇਸ ਕਾਰਜ ਵਿਚ ਕਿੰਨੀ ਘਾਲਣਾ ਹੈ, ਤੁਸੀਂ ਆਪ ਹੀ ਜਾਣ ਸਕਦੇ ਹੋ। ਅਸੀਂ ਆਤਮ-ਮਾਰਗ ਦੇ ਸਮੂੰਹ ਮੈਂਬਰਾਂ ਨੂੰ ਅਤੇ ਵਿਸ਼ੇਸ਼ ਕਰਕੇ ਲੁਧਿਆਣਾ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ ਆਪ ਜੀ ਪੂਰਾ ਪੂਰਾ ਸਹਿਯੋਗ ਦਿਓ ਅਤੇ ਰਿਨੂਅਲ ਲਈ ਉਦਮ ਕਰੋ। ਰਿਨੂਅਲ ਦੀ ਭੇਟਾ ਜਾਂ ਤਾਂ M.O. ਜਾਂ ਬੈਂਕ ਡਰਾਫਟ ਰਾਹੀਂ ਘਲ ਸਕਦੇ ਹੋ, ਜਾਂ ਡੇਰੇ ਤੋਂ ਆ ਰਹੇ ਮਿਸ਼ਨ ਦੇ ਪ੍ਰੇਮੀਆਂ ਪਾਸ ਜਮ੍ਹਾਂ ਕਰਵਾ ਕੇ ਰਸੀਦ ਲੈ ਸਕਦੇ ਹੋ। ਇਸ ਤਰ੍ਹਾਂ ਆਪ ਜੀ ਆਤਮ ਮਾਰਗ ਰਾਹੀਂ ਵਰਤਾਏ ਜਾ ਰਹੇ ਗੁਰ-ਸ਼ਬਦ-ਲੰਗਰ ਦੇ ਹਿੱਸੇਦਾਰ ਬਣਨ ਦਾ ਸੁਭਾਗ ਪ੍ਰਾਪਤ ਕਰੋਗੇ। ਚੇਅਰਮੈਨ ਸੰਤ ਮਹਾਰਾਜ ਨੇ ਆਤਮ ਮਾਰਗ ਦੇ 12 ਪੰਨੇ ਹੋਰ ਵਧਾ ਦਿਤੇ ਹਨ। ਬਾਹਰਲੇ ਪ੍ਰੇਮੀਆਂ ਨੂੰ ਇਹ ਪੰਨੇ ਅੰਗਰੇਜ਼ੀ ਵਿਚ ਦਿਤੇ ਜਾਂਦੇ ਹਨ ਅਤੇ ਇਥੋਂ ਦੇ ਮੈਂਬਰਾਂ ਨੂੰ ਇਸ ਦਾ ਪੰਜਾਬੀ ਅਨੁਵਾਦ ਪ੍ਰਾਪਤ ਹੁੰਦਾ ਹੈ। ਜਿਹੜੇ ਪ੍ਰੇਮੀ ਅੰਗਰੇਜ਼ੀ ਵਾਲੇ 12 ਪੰਨਿਆਂ ਵਾਲਾ ਆਤਮ-ਮਾਰਗ ਲੈਣਾ ਚਾਹੁੰਦੇ ਹਨ, ਉਹ ਦਫਤਰ ਨੂੰ ਚਿੱਠੀ ਲਿਖ ਕੇ ਪ੍ਰਾਪਤ ਕਰ ਸਕਦੇ ਹਨ। ਇਸ ਤਰ੍ਹਾਂ 80+4, 84 ਪੰਨਿਆ ਦਾ ਇਹ ਅਨੂਠੀ ਰਹੱਸਵਾਦੀ ਮੈਗਜ਼ੀਨ ਆਪ ਜੀ ਨੂੰ 20/- ਪ੍ਰਤੀ ਕਾਪੀ ਉਪਲਬਧ ਹੈ ਅਤੇ ਸਾਲਾਨਾ ਚੰਦੇ ਵਿਚ 40 ਰੁਪਏ ਰਿਆਇਤ ਕਰਕੇ ਇਸ ਦਾ ਦਰ 200/- ਸਾਲ ਰੱਖਿਆ ਹੈ ਜੋ ਇਸ ਦੀ ਲਾਗਤ ਨਾਲੋਂ ਵੀ ਘੱਟ ਹੈ। ਆਤਮ ਮਾਰਗ ਛਾਪਣ ਦਾ ਮਨੋਰਥ ਕਮਰਸ਼ਲ ਨਹੀਂ, ਸਗੋਂ ਗੁਰੂ ਨਾਨਕ ਦੇਵ ਜੀ ਦਾ ਨਾਮ-ਪਿਆਰ ਦਾ ਸੁਨੇਹਾ ਘਰ-ਘਰ ਪਹੁੰਚਾਉਣਾ ਹੈ। ਜਦੋਂ ਜਥੇ ਦੇ ਪ੍ਰੇਮੀ ਗੱਡੀ ਰਾਹੀਂ ਰਿਨੂਅਲ ਲੈਣ ਘਰ-ਘਰ ਜਾਂਦੇ ਹਨ ਤਾਂ ਕਿੰਨਾ ਸਮਾਂ ਅਤੇ ਪੈਸਾ ਹੋਰ ਖਰਚ ਹੁੰਦਾ ਹੈ। ਇਸ ਸਭ ਕੁਝ ਨੂੰ ਧਿਆਨ ਵਿਚ ਰਖਦਿਆਂ ਆਪ ਜੀ ਸਭ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪ ਆਪਣੀ ਸੁਵਿਧਾ ਅਨੁਸਾਰ ਰਿਨੂਅਲ ਕਰਵਾਓ, ਲੁਧਿਆਣੇ ਦੇ ਪ੍ਰੇਮੀ ਵਿਸ਼ੇਸ਼ ਕਰਕੇ ਇਹ ਉਦਮ ਕਰਨ, ਬਾਕੀ ਸ਼ਹਿਰਾਂ ਦੇ ਪਾਠਕ ਵੀ ਸਹਿਯੋਗ ਦੇਣ। ਜਿਹੜੇ ਪ੍ਰੇਮੀ ਫੇਰ ਵੀ ਰਹਿ ਜਾਣਗੇ, ਉਹ ਸਾਨੂੰ ਘੱਟੋ-ਘੱਟ ਇਕ ਚਿੱਠੀ ਹੀ ਪਾ ਦੇਣ ਕਿ ਉਹ ਰਿਨੂਅਲ ਭਰ ਦੇਣਗੇ ਜਾਂ ਫਿਰ ਉਹ ਆ ਰਹੇ ਸਾਲਾਨਾ ਸਮਾਗਮ ਸਮੇਂ, 3, 4, 5 ਅਕਤੂਬਰ ਨੂੰ ਚੰਦੇ ਨਾਲ ਲੈ ਕੇ ਆਉਣ ਅਤੇ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨ। ਅਸੀਂ ਸਤੰਬਰ 1998 ਤਕ ਉਨ੍ਹਾਂ ਨੂੰ ਆਤਮ-ਮਾਰਗ ਇਸੇ ਆਸ ਨਾਲ ਭੇਜਦੇ ਰਹਾਂਗੇ ਸਭ ਤੋਂ ਸ੍ਰੇਸ਼ਠ ਗੱਲ ਤਾਂ ਇਹ ਹੈ ਕਿ ਅਸੀਂ ਇਕੋ ਵਾਰੀ ਲਾਈਫ ਮੈਂਬਰਸ਼ਿਪ ਹੀ ਲੈ ਲਈਏ। ਇਕ ਵਾਰੀ 2000/- ਰੁਪਿਆ ਜਾਂ 500 ਡਾਲਰ (ਅਮਰੀਕਨ) ਖਰਚਣ ਨਾਲ ਜੀਵਨ ਭਰ ਨਿਸਚਿੰਤ ਹੋ ਜਾਵਾਂਗੇ। ਆਤਮ-ਮਾਰਗ ਦੇ ਜੀਵਨ-ਸਾਥੀ (ਲਾਈਫ-ਮੈਂਬਰ) ਬਣਨ ਵਾਲਿਆਂ ਦੀ ਸੂਚੀ ਆਤਮ-ਮਾਰਗ ਵਿਚ ਵੀ ਛਾਪੀ ਜਾਵੇਗੀ ਤਾਂ ਕਿ ਮੈਂਬਰਾਂ ਦੀ ਇਕ ਦੂਜੇ ਨਾਲ ਪਛਾਣ ਬਣ ਜਾਵੇ। ਲਾਈਫ ਮੈਂਬਰਸ਼ਿਪ ਵਿਚ ਦੋਹਾਂ ਧਿਰਾਂ ਦੀ ਸੁਵਿਧਾ ਹੈ। ਪਾਠਕ ਜੀਵਨ ਭਰ ਨਿਸਚਿੰਤ ਹੋ ਜਾਂਦਾ ਹੈ, ਦਫਤਰ ਰਿਨੂਅਲ ਆਦਿ ਦੇ ਝੰਜਟ ਤੋਂ ਮੁਕਤ ਹੋ ਜਾਂਦਾ ਹੈ। ਅਸੀਂ ਸਭ ਪ੍ਰੇਮੀਆਂ ਨੂੰ ਪੂਰਨ ਸਹਿਯੋਗ ਲਈ ਬੇਨਤੀ ਕਰਦੇ ਹਾਂ। 3, 4, 5 ਅਕਤੂਬਰ 1998 ਨੂੰ ਹੋ ਰਹੇ ਅਦੁੱਤੀ ਸਾਲਾਨਾ ਸਮਾਗਮ ਵਿਚ ਆਪ ਜੀ ਦੀ ਉਡੀਕ ਵਿਚ

*ਆਪ ਜੀ ਦੇ ਸ਼ੁਭ ਚਿੰਤਕ*
*ਮੁੱਖ ਸੰਪਾਦਕ ਅਤੇ ਆਦਾਰਾ ‘ਆਤਮ ਮਾਰਗ’*

## ਜ਼ਰੂਰੀ ਬੇਨਤੀ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. Out station (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 1.4.98 ਤੋਂ ਸ਼ੁਰੂ ਹੋਣ ਵਾਲੀ ਮੈਂਬਰਸ਼ਿਪ ਲਈ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. ‘ਆਤਮ ਮਾਰਗ’ ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
5. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
7. ‘ਆਤਮ ਮਾਰਗ’ ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ।

(ਪੰਨਾ 53 ਦੀ ਬਾਕੀ)

ਐਨਾ ਕਹਿ ਕੇ ਉਨ੍ਹਾਂ ਨੇ ਸਰੀਰ ਛੱਡ ਦਿਤਾ।

ਮੈਂ ਵੀ ਗੁਰੂ ਨਾਨਕ ਦੇ ਘਰ ਦੇ 'ਵਾਹਿਗੁਰੂ' ਮੰਤਰ ਦਾ ਜਾਪ ਕਰਦਾ ਹਾਂ, ਮੈਂ ਬਹੁਤ ਯੋਗ ਸਾਧਨਾ ਕੀਤੀ ਹੈ ਯੋਗਚਾਰੀਆ ਕੋਲ ਬੈਠ ਕੇ ਸਾਧਨਾ ਕੀਤੀ ਹੈ ਪਰ ਜੋ ਸ਼ਾਂਤੀ ਮੈਨੂੰ ਵਾਹਿਗੁਰੂ ਦਾ ਜਾਪ ਕਰਕੇ ਪ੍ਰਾਪਤ ਹੋਈ ਉਹ ਪਹਿਲਾਂ ਕਦੀ ਨਹੀਂ ਹੋਈ।

ਗੁਰੂ ਮਾਰਗ ਪੂਰਨ ਹੈ। ਵਾਹਿਗੁਰੂ ਸ਼ਬਦ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਅੰਮ੍ਰਿਤ ਹੈ ਗੁਰਬਾਣੀ ਤੋਂ ਅੱਗੇ ਕੋਈ ਹੋਰ ਬਾਣੀ ਨਹੀਂ।

ਯੋਗੀ ਜੀ ਨੇ ਨੇਤਰ ਬੰਦ ਕਰਨ ਤੋਂ ਪਹਿਲਾਂ ਜੋ ਸੰਦੇਸ਼ ਮੈਨੂੰ ਦਿਤਾ ਉਸ ਨੂੰ ਦੂਸਰਿਆਂ ਤਕ ਪਹੁੰਚਾਉਣਾ ਮੇਰਾ ਕਰਤੱਵ ਹੈ। ਜੋ ਸਿਧਿ ਤੇ ਪ੍ਰਾਪਤੀ ਵਾਹਿਗੁਰੂ ਦਾ ਜਾਪ ਕਰਕੇ ਸਹਿਜ ਵਿਚ ਹੋ ਜਾਂਦੀ ਹੈ, ਉਹ ਕਠਿਨ ਤੋਂ ਕਠਿਨ ਸਾਧਨਾ ਨਾਲ ਵੀ ਨਹੀਂ ਹੁੰਦੀ। ਇਹ ਪੂਰਨ ਸਤਿ ਹੈ, ਪਰਤਾਇਆ ਹੋਇਆ ਸਤਿ ਹੈ ਤੇ ਵਿਵਾਦ ਤੋਂ ਉਪਰ ਦਾ ਅਨੁਭਵੀ ਸਤਿ ਹੈ।

ਮੇਰੀ ਆਯੂ ਹੁਣ ਪੁਸਤਕ ਲਿਖਣ ਲਿਖਾਉਣ ਦੀ ਨਹੀਂ, ਪਰ ਕੁਝ ਪ੍ਰੇਮੀ ਸਜਣਾਂ ਨੇ ਪ੍ਰੇਰਨਾ ਦਿਤੀ ਤੇ ਆਪਣੇ ਜੀਵਨ ਦੇ ਅਨੁਭਵ ਦੱਸੇ ਜੇ ਇਕ ਵੀ ਮਨੁੱਖ ਇਸ ਤੋਂ ਲਾਭ ਲੈਣ ਦਾ ਉਪਰਾਲਾ ਕਰੇਗਾ ਤਾਂ ਮੈਂ ਸਮਝਾਂਗਾ ਮੇਰੀ ਮਿਹਨਤ ਸਫਲ ਹੋਈ।

***ਨਿਤਿਆਨੰਦ ਨੀਲਗੜ੍ਹੀ, ਰਿਸ਼ੀਕੇਸ਼***

□ □ □ □ □ □ □ □

(ਪੰਨਾ 59 ਦੀ ਬਾਕੀ)

ਕੁਰਬਾਨੀਆਂ ਦਾ ਜ਼ਿਕਰ ਕੀਤਾ। ਇਸ ਕਮੇਟੀ ਦੇ ਮੈਂਬਰ ਅਜੇ ਵੀ ਬਹੁਤ ਮਾਣ ਦੇ ਪਾਤਰ ਹਨ। ਇਥੇ ਮੈਂ ਭਾਈ ਘਨਈਏ ਦੀ ਸਮਦ੍ਰਿਸ਼ਟੀ, ਬਾਬਾ ਜਵਾਲਾ ਸਿੰਘ ਜੀ ਹਰਖੋਵਾਲ, ਬਾਬਾ ਕਿਸ਼ਨ ਸਿੰਘ ਜੀ ਲੋਹਗੜ੍ਹੀਏ, ਸੰਤ ਮੋਹਨ ਸਿੰਘ ਜੀ ਨਾਮਧਾਰੀ ਅਤੇ ਬੀਜੀ ਦੇ ਪਿਤਾ ਜੀ ਸੰਤ ਹੀਰਾ ਸਿੰਘ ਜੀ ਦਾਊਦਪੁਰੀ, ਭਾਈ ਰਣਧੀਰ ਸਿੰਘ ਜੀ ਦੀਆਂ ਕਰਨੀਆਂ ਕਮਾਈਆਂ ਦਾ ਜ਼ਿਕਰ ਕੀਤਾ। ਧਰੂ ਭਗਤ ਦੀ ਸਾਖੀ ਨੂੰ ਪ੍ਰਤੀਕ ਬਣਾ ਕੇ ਦੋ ਢਾਈ ਘੰਟੇ ਦੀਵਾਨ ਲੱਗਿਆ, ਦੀਵਾਨ ਉਪਰੰਤ ਸਾਰੀ ਕਮੇਟੀ ਹੋਰ ਸਮਾਂ ਮੰਗ ਰਹੀ ਸੀ, ਮੈਨੂੰ ਇਹੋ ਇਕ ਅਜਿਹੀ ਕਮੇਟੀ ਮਿਲੀ ਸੀ ਜਿਸ ਦੇ ਦਿਲ ਵਿਚ ਸਚਮੁਚ ਹੀ ਬਾਹਰੋਂ ਆਇਆਂ ਲਈ ਸਤਿਕਾਰ ਸੀ ਨਹੀਂ ਤਾਂ ਬਹੁਤੀਆਂ ਕਮੇਟੀਆਂ ਨੂੰ ਭਰਮ ਪੈ ਚੁਕਿਆ ਹੈ ਕਿ ਅਮਰੀਕਾ ਵਿਚ ਸਾਰੇ ਸਾਧੂ, ਸੰਤ, ਪ੍ਰਚਾਰਕ ਡਾਲਰ ਇਕੱਠੇ ਕਰਨ ਆਉਂਦੇ ਹਨ ਪਰ ਮੈਂ ਇਸ ਗੱਲ ਦਾ ਜੂੜ ਪਹਿਲਾਂ ਹੀ ਵੱਢ ਦਿਤਾ ਸੀ ਅਤੇ ਮੇਰੇ ਜਾਣ ਤੋਂ ਪਹਿਲਾਂ ਹੀ ਸਭ ਨੂੰ ਪਤਾ ਲਗ ਜਾਂਦਾ ਸੀ ਕਿ ਨਾ ਇਨ੍ਹਾਂ ਨੇ ਸਰੋਪਾ ਲੈਣਾ ਹੈ ਨਾ ਕਿਸੇ ਕਮੇਟੀ ਨੂੰ ਕੋਈ ਉਸਤਤ ਕਰਨ ਦੀ ਆਗਿਆ ਦੇਣੀ ਹੈ। ਦੀਵਾਨ ਦੀ ਸਮਾਪਤੀ ਪਿਛੋਂ ਸ. ਮਹਿੰਦਰ ਸਿੰਘ ਜੀ ਗਿੱਲ ਕਾਰ ਚਲਾ ਕੇ ਲੰਮਾ ਸਫਰ ਕੱਟ ਕੇ ਟਰਲੋਕ ਪਹੁੰਚ ਗਏ, ਜਥਾ ਨੇੜੇ ਹੀ ਰਹਿ ਗਿਆ।

***'ਚਲਦਾ'***

# ਕੁਝ ਵਿਸ਼ੇਸ਼ ਨਾਵਾਂ ਥਾਵਾਂ ਦੀ ਜਾਣਕਾਰੀ

## ਐਨਸਾਈਕਲੋਪੀਡੀਆ ਔਫ ਸਿਖਿਜ਼ਮ ਵਿਚੋਂ ਕੁਝ ਇੰਦਰਾਜ

**ਆਗਿਆ ਰਾਮ** - ਇਨ੍ਹਾਂ ਬਾਰੇ ਗੁਰਬਿਲਾਸ (ਪਾਤਸ਼ਾਹੀ ਦਸਵੀਂ) ਵਿਚ ਸੁੱਖਾ ਸਿੰਘ ਨੇ ਲਿਖਿਆ ਹੈ ਕਿ ਇਹ ਦਿੱਲੀ ਦੇ ਸਿੱਖ ਸਨ ਜਿਹੜੇ ਭਾਈ ਜੰਗ ਜੀ ਨਾਲ, ਭਾਈ ਨਾਨੂੰ ਨਾਲ ਤੇ ਭਾਈ ਊਦਾ ਨਾਲ ਨੌਵੀਂ ਪਾਤਸ਼ਾਹੀ ਦਾ ਸੀਸ ਉਨ੍ਹਾਂ ਦੀ ਸ਼ਹਾਦਤ ਤੋਂ ਬਾਦ ਚਾਂਦਨੀ ਚੌਂਕ ਤੋਂ ਦੀਵਾਲੀ ਮੁਹੱਲਾ ਵਿਚ ਲੈ ਗਏ ਸਨ। ਗੁਰੂ ਤੇਗ ਬਹਾਦਰ ਨੇ ਸ਼ਹਾਦਤ 11 ਨਵੰਬਰ 1675 ਨੂੰ ਦਿਤੀ ਸੀ। ਭਾਈ ਜੇਠਾ ਤੇ ਭਾਈ ਗੁਰਬਖਸ਼ ਨੇ ਇਸ ਮਹਾਨ ਘਟਨਾ ਨੂੰ ਆਪਣੀ ਅੱਖੀਂ ਦੇਖਿਆ ਸੀ। ਗੁਰੂ ਕੀਆਂ ਸਾਖੀਆਂ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਜਦੋਂ ਉਹ ਘਰ ਵਾਪਸ ਆਏ ਉਹ ਇਹ ਹੀ ਕਹਿ ਰਹੇ ਹਨ, ਗੁਰੂ ਦੀ ਮਹਿਮਾ ਬੇਅੰਤ ਹੈ, ਗੁਰੂ ਦੀ ਮਹਿਮਾ ਬੇਅੰਤ ਹੈ, ਸਿੱਖਾਂ ਦੀ ਮਹਿਮਾ ਬੇਅੰਤ ਹੈ। ਜਿਵੇਂ-ਜਿਵੇਂ ਗੱਲ ਫੈਲਦੀ ਗਈ ਸਿੱਖ ਦੀਵਾਲੀ ਮੁਹੱਲੇ ਭਾਈ ਨਾਨੂੰ ਦੇ ਘਰ ਇਕੱਠੇ ਹੋ ਗਏ ਤੇ ਸਾਰੀ ਸ਼ਾਮ ਇਸ ਮਹਾਨ ਸ਼ਹਾਦਤ ਦੀਆਂ ਗੱਲਾਂ ਕਰਦੇ ਰਹੇ ਤੇ ਗੁਰੂ ਸਾਹਿਬਾਨ ਦਾ ਸਰੀਰ ਉਥੋਂ ਲਿਆਉਣ ਦੇ ਮਨਸੂਬੇ ਬਣਾਉਂਦੇ ਰਹੇ। ਉਸ ਦਿਨ ਲੱਖੀ ਦਾਸ ਲਬਾਨਾ ਆਪਣੀ ਬੈਲ ਗੱਡੀ ਲੈ ਕੇ ਨਾਰਨੌਲ ਤੋਂ ਆਇਆ ਸੀ। ਭਾਈ ਆਗਿਆ ਰਾਮ, ਭਾਈ ਜੇਠਾ, ਭਾਈ ਨਾਨੂੰ ਤੇ ਭਾਈ ਊਦਾ ਉਹ ਬੈਲਗੱਡੀ ਵਿਚ ਛੁਪ ਗਏ, ਇਹ ਬੈਲਗੱਡੀ ਕੋਤਵਾਲੀ ਕੋਲ ਚਾਂਦਨੀ ਚੌਂਕ ਖੜ੍ਹੀ ਕੀਤੀ ਸੀ। ਪਰੰਪਰਾਗਤ ਇਹ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਸੀਸ ਰਾਤ ਨੂੰ ਭਾਈ ਜੈਤਾ ਦੇ ਘਰ ਰੱਖਿਆ ਗਿਆ ਸੀ। ਇਹ ਵੀ ਦੀਵਾਲੀ ਮੁਹੱਲੇ ਵਿਚ ਹੀ ਸੀ। ਉਥੋਂ ਗੁਰੂ ਸਾਹਿਬ ਦਾ ਸੀਸ ਅਨੰਦਪੁਰ ਸਾਹਿਬ ਲਿਆਂਦਾ ਗਿਆ। ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਅਨੰਦਪੁਰ ਸਾਹਿਬ ਬਿਰਾਜਮਾਨ ਸਨ ਤੇ ਗੁਰੂ ਤੇਗ ਬਹਾਦਰ ਸਾਹਿਬ ਤੋਂ ਬਾਦ ਗੁਰਗੱਦੀ ਤੇ ਬਿਰਾਜਮਾਨ ਸਨ। ਅਨੰਦਪੁਰ ਸਾਹਿਬ ਫੇਰ ਅੰਤਮ ਸੰਸਕਾਰ ਕੀਤਾ ਗਿਆ, ਪੂਰੇ ਮਾਣ ਮਰਿਆਦਾ ਨਾਲ 16 ਨਵੰਬਰ 1675 ਨੂੰ ਇਹ ਰਸਮ ਅਦਾ ਕੀਤੀ ਗਈ।

**ਅਹੰਕਾਰ** - ਜਿਸਨੂੰ ਆਮ ਬੋਲੀ ਵਿਚ ਹੰਕਾਰ ਕਿਹਾ ਜਾਂਦਾ ਹੈ ਇਹ ਸੰਸਕ੍ਰਿਤ ਸ਼ਬਦ ਦੇ ਅਹੰਮ ਤੋਂ ਬਣਿਆ ਹੈ ਜਿਸ ਤੋਂ ਭਾਵ ਹੈ 'ਮੈਂ', ਉਹ ਭਾਵ ਜਿਹੜਾ ਮੈਂ ਦਰਸਾਉਂਦਾ ਹੈ। ਇਹ ਆਪੇ ਦੀ ਭਾਵਨਾ ਹੈ, ਸਵੈ ਕੇਂਦਰਤ ਦੀ ਭਾਵਨਾ ਹੈ, ਸੁਆਰਥ ਦੀ ਭਾਵਨਾ ਹੈ, ਆਤਮ ਅਭਿਮਾਨ ਦੀ ਭਾਵਨਾ ਹੈ। ਇਸ ਭਾਵਨਾ ਲਈ ਜਿਹੜੇ ਹੋਰ ਸ਼ਬਦ ਗੁਰੂ ਗ੍ਰੰਥ ਸਾਹਿਬ ਜਾਂ ਹੋਰ ਗ੍ਰੰਥਾਂ ਵਿਚ ਵਰਤੇ ਗਏ ਹਨ ਉਹ ਹਨ ਮਾਨ, ਅਭਿਮਾਨ, ਗਰਬ, ਗੁਮਾਨ, ਅਹੰ, ਅਹੰਬੁਧ, ਹਉਮੈ। ਪ੍ਰਤਿਸ਼ਠਾ ਨੂੰ ਚੰਗਾ ਨਹੀਂ ਸਮਝਿਆ ਜਾਂਦਾ, ਹਰ ਮਜ਼ਹਬ, ਹਰ ਨੀਤੀ ਵਿਗਿਆਨ ਅਨੁਸਾਰ ਇਹ ਗਲਤ ਮੰਨਿਆ ਗਿਆ ਹੈ। ਪੱਛਮ ਦੇ ਮਜ਼ਹਬਾਂ ਵਿਚ ਵੀ ਇਹ ਸਤ ਦੋਖਾਂ ਵਿਚੋਂ ਬਹੁਤ ਵੱਡਾ ਦੋਖ ਮੰਨਿਆ ਗਿਆ ਹੈ। ਸਿੱਖ ਧਰਮ ਵਿਚ ਇਸਨੂੰ ਅਧਿਆਤਮਕ ਮਿਥਿਆ ਨਹੀਂ ਸਮਝਿਆ ਗਿਆ ਜਿਵੇਂ ਕਿ ਸਾਂਖਯ ਤੇ ਬੋਧ ਮਜ਼ਹਬ ਵਿਚ ਪਰ ਇਸ ਨੂੰ ਪੰਜ ਵਿਕਾਰਾਂ ਵਿਚੋਂ ਮੰਨਿਆ ਗਿਆ ਹੈ। ਹੰਕਾਰ ਸਾਹਸਹੀਣਤਾ, ਮਗਨਤਾ ਹੈ, ਉਚੇਪਨ ਦਾ ਅਹਿਸਾਸ ਹੈ ਜਿਹੜਾ ਆਪਣੇ ਆਪੇ ਨੂੰ ਵੱਡਾ ਜਾਂ ਬਹੁਤ ਯੋਗ ਸਮਝਣ ਤੋਂ ਪੈਦਾ ਹੁੰਦਾ ਹੈ। ਯੋਗਤਾ ਭਾਵੇ ਹੋਵੇ ਜਾਂ ਮਨੁੱਖ ਆਪਣੀ ਬੁੱਧੀ, ਵਿਦਵਤਾ ਸ਼ਕਤੀ, ਸੋਹਣਾਪਣ ਦੁਨਿਆਵੀ ਅਹੁਦੇ, ਜਾਇਦਾਦਾਂ ਜਾਂ ਅਧਿਆਤਮਕ ਪ੍ਰਾਪਤੀਆਂ ਕਰਕੇ ਸਮਝਦਾ ਹੋਵੇ, ਕਾਰਣ ਭਾਵੇਂ ਕੁਝ ਵੀ ਹੋਵੇ, ਹੰਕਾਰ ਨੂੰ ਇਕ ਕਮਜ਼ੋਰੀ ਸਮਝਿਆ ਜਾਂਦਾ ਹੈ। ਗੁਰੂ ਅਮਰਦਾਸ ਜੀ ਵੀ ਇਹੋ ਹੀ ਫੁਰਮਾਨ ਕਰਦੇ ਹਨ। ਇਹ ਇਕ ਬਹੁਤ ਹੀ ਭਿਆਨਕ ਬਿਮਾਰੀ ਹੈ ਤੇ ਆਵਾਗੌਣ ਚੌਰਾਸੀ ਦੇ ਗੇੜ ਦਾ ਕਾਰਣ ਹੈ (ਪੰਨਾ 592) ਧਨ ਦੌਲਤ ਇਕ ਜ਼ਹਿਰ ਦੀ ਤਰ੍ਹਾਂ ਹੈ। ਇਸ ਨਾਲ ਮਨੁੱਖ ਵਿਚ ਘੁਮੰਡ ਪੈਦਾ ਹੁੰਦਾ ਹੈ ਕੋਈ ਵੀ ਹੰਕਾਰ ਵਿਚ ਡੁੱਬਿਆ ਹੋਇਆ ਕਦੀ ਪਰਵਾਨ ਨਹੀਂ ਹੋ ਸਕਦਾ (ਪੰਨਾ 666)। ਇਕ ਜਗ੍ਹਾ ਹੋਰ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, ਹੰਕਾਰ ਨਾਮ ਦਾ ਵਿਰੋਧੀ ਹੈ, ਦੋਨੋਂ ਇਕ ਜਗ੍ਹਾ ਨਹੀਂ ਰਹਿ ਸਕਦੇ ਭਾਵ ਜਿਥੇ ਨਾਮ ਹੋਵੇਗਾ ਉਥੇ ਹੰਕਾਰ ਨਹੀਂ ਹੋ ਸਕਦਾ। ਜਿਥੇ ਹੰਕਾਰ ਹੋਵੇਗਾ ਉਥੇ ਨਾਮ ਨਹੀਂ। ਗੁਰੂ ਅਰਜਨ ਦੇਵ ਜੀ ਹੰਕਾਰ ਲਈ ਇਸ ਤਰ੍ਹਾਂ ਲਿਖਦੇ ਹਨ, "ਹੰਕਾਰ ਹੀ ਮਰਨ ਜੀਉਣ ਦੇ ਚੱਕਰ ਵਿਚ ਪਾਉਂਦਾ ਹੈ, ਸਾਰੇ ਪਾਪਾਂ ਦੀ ਜੜ੍ਹ ਹੈ, ਮਿਤਰ ਖਤਮ ਕਰਕੇ ਸਾਰੇ ਵੈਰੀ ਪੈਦਾ ਕਰਦਾ ਹੈ, ਸਾਰੇ ਮਾਇਆ ਜਾਲ ਪਸਾਰਦਾ ਹੈ। (ਪੰਨਾ 1358) ਗੁਣ ਤੇ ਚੰਗਿਆਈਆਂ ਵੀ ਹੰਕਾਰ ਨਾਲ ਖਤਮ ਹੋ ਜਾਂਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਫੁਰਮਾਉਂਦੇ ਹਨ, ਜੇ ਤੁਹਾਡੇ ਅੰਦਰ ਹੰਕਾਰ ਹੈ ਤਾਂ ਤੀਰਥ ਕੀਤੇ, ਬਰਤ ਕੀਤੇ, ਦਾਨ ਕੀਤੇ ਸਭ ਬੇਅਰਥ ਚਲੇ ਜਾਂਦੇ ਹਨ ਜਿਵੇਂ ਹਾਥੀ ਨਹਾ ਕੇ ਮਿੱਟੀ ਉਤੇ ਸੁੱਟ ਲੈਂਦਾ ਹੈ (ਪੰਨਾ 1420)

ਸਿੱਖ ਧਰਮ ਵਿਚ ਇਸ ਦੇ ਉਪਾਅ ਤੇ ਇਲਾਜ ਦੱਸੇ ਗਏ ਹਨ, ਨਿਮਰਤਾ, ਸੇਵਾ ਤੇ ਸਿਮਰਨ। ਇਹ ਦੋਨੋਂ ਇਕਠੇ ਹੀ ਚਾਹੀਦੇ ਹਨ। ਸੇਵਾ ਸਿਮਰਨ ਗੁਰੂ ਅਰਜਨ ਸਾਹਿਬ ਹੰਕਾਰ ਨੂੰ ਖਮਤ ਕਰਨ ਵਾਸਤੇ ਬਹੁਤ ਵੱਡਾ ਹਥਿਆਰ ਦਸਦੇ ਹਨ ਪਰ ਹੋਰ ਵਿਕਾਰ ਤੇ ਬੁਰਿਆਈਆਂ ਵੀ ਨਿਮਰਤਾ ਨਾਲ ਖਤਮ ਕੀਤੀਆਂ ਜਾ ਸਕਦੀਆਂ ਹਨ। ਆਪ ਜੀ ਫੁਰਮਾਉਂਦੇ ਹਨ ਨਿਮਰਤਾ ਮੇਰਾ ਗੱਦਾ ਹੈ ਸੰਗਤ ਦੀ ਚਰਨ ਧੂੜ ਮੇਰਾ ਹਥਿਆਰ ਹੈ। ਇਹ ਮੇਰੇ ਹਥਿਆਰ ਹਨ ਜਿਹੜੇ ਮੇਰੇ ਅਵਗੁਣਾਂ ਨੂੰ ਮਾਰਦੇ ਹਨ। ਸਿੱਖ ਧਰਮ ਵਿਚ ਸੇਵਾ ਦਾ ਬੜਾ ਉਚਾ ਸਥਾਨ ਹੈ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, ਮੈਂ ਆਪਣੇ ਆਪ ਨੂੰ ਧੰਨ ਸਮਝਦਾ ਹਾਂ ਜਦੋਂ ਮੈਂ ਪਾਣੀ ਭਰਦਾ ਹਾਂ ਸੰਗਤ ਦੀ ਸੇਵਾ ਕਰਦਾ ਹਾਂ ਪੱਖਾ ਝਲਦਾ ਹਾਂ ਤੇ ਪੀਸਣ ਪੀਸਦਾ ਹਾਂ, ਹੋਰ ਸੰਸਾਰਕ ਕੰਮ ਤਾਂ ਕਿਸੇ ਲੇਖੇ ਨਹੀਂ (ਪੰਨਾ 811) ਦੂਸਰਾ ਇਲਾਜ ਹੈ ਕਿ ਜਿਸਨੇ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਸੰਸਾਰ ਚਲਾਇਮਾਨ ਹੈ ਮਨੁੱਖ ਦਾ ਜੀਵਨ ਥੋੜ੍ਹਾ ਹੈ ਉਹ ਵੀ ਸਦੈਵੀ ਨਹੀਂ ਉਸ ਦਾ ਹੰਕਾਰ ਖਤਮ ਹੋ ਜਾਂਦਾ ਹੈ। ਕਬੀਰ ਜੀ ਵੀ ਮਨੁੱਖ ਦੇ ਹੰਕਾਰ ਖੋਖਲੇਪਨ ਤੇ ਤੁਛਤਾ ਤੇ ਹੈਰਾਨ ਹੁੰਦੇ ਹਨ ਤੇ ਦਸਦੇ ਹਨ ਕਿ ਰਾਵਣ ਤੋਂ ਵੱਡੇ ਸ਼ਹਿਨਸ਼ਾਹ ਵੀ ਖਿਨ ਵਿਚ ਤੁਰ ਗਏ (ਪੰਨਾ 1251) ਸੂਝਵਾਨ ਵਿਵੇਕੀ ਦੇ ਸਵੈਮਾਨ ਨੂੰ ਹੰਕਾਰ ਨਹੀਂ ਸਮਝਣਾ ਚਾਹੀਦਾ, ਨਿਮਰਤਾ ਵਿਵੇਕੀ ਦੇ ਸਵੈਮਾਨ ਨੂੰ ਨਹੀਂ ਨਖੇਦਦੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਜੇ ਤੁਸੀਂ ਸਵੈਮਾਨ ਨਹੀਂ ਰੱਖਦੇ ਤਾਂ ਆਪਣੇ ਲਈ ਸੋਝੀ ਵੀ ਨਹੀਂ ਹੋ ਸਕਦੀ।

□ □ □ □ □ □ □ □

# ਸਿਹਤ ਵਿਗਿਆਨ

## ਨਕਸੀਰ ਫੁਟਣੀ

1. ਗਾਚਣੀ ਬਰੀਕ ਪੀਹ ਕੇ ਨਸਵਾਰ ਬਣਾ ਲਵੋ। ਲੋੜ ਵੇਲੇ ਦੋ ਤਿੰਨ ਰੱਤੀ ਦੀ ਨਸਵਾਰ ਲਉ, ਉਸੇ ਵੇਲੇ ਨਕਸੀਰ ਬੰਦ ਹੋ ਜਾਵੇਗੀ।

2. ਗਾਂਜੇ ਦੇ ਬੀਜ ਤਵੇ ਤੇ ਸਾੜ ਲਓ, ਤੇ ਬਰੀਕ ਕਰਕੇ ਰਖੋ। ਇਸ ਵਿਚੋਂ 1 ਰਤੀ ਤਕ ਮੱਖਣ ਯਾ ਮਲਾਈ ਵਿਚ ਦੇਣ ਨਾਲ ਨਕਸੀਰ ਤੇ ਹੋਰ ਕਿਸੀ ਰਸਤੇ ਵੀ ਖ਼ੂਨ ਆਉਂਦਾ ਹੋਵੇ, ਉਸੇ ਵੇਲੇ ਬੰਦ ਹੋ ਜਾਏਗਾ।

## ਦਾੜ੍ਹ ਦਰਦ

1. ਕਲੋਰਲ ਹਾਈਡਰੇਟ 4 ਮਾਸੇ, ਕਾਫੂਰ 4 ਮਾਸੇ, ਕੁਕੀਨ ਢਾਈ ਰਤੀ ਚੀਨੀ ਦੇ ਖਰਲ ਵਿਚ ਰਗੜੋ, ਤੇਲ ਹੋ ਜਾਵੇਗਾ, ਸ਼ੀਸ਼ੀ ਵਿਚ ਬੰਦ ਕਰ ਲਓ। ਰੂੰ ਨਾਲ ਦਾੜ੍ਹ ਦੇ ਉਤੇ ਤੇ ਆਲੇ ਦੁਆਲੇ ਲਾ ਦੇਵੋ, ਉਸੀ ਸਮੇਂ ਦਰਦ ਨੂੰ ਆਰਾਮ ਆ ਜਾਏਗਾ। ਹਰ ਕਿਸਮ ਦੀ ਦਰਦ ਨੂੰ ਮਲਣ ਨਾਲ ਉਸੇ ਵੇਲੇ ਆਰਾਮ ਆ ਜਾਂਦਾ ਹੈ। ਇਸ ਨਾਲ ਮੁਸਤਕਿਲ ਫਾਇਦਾ ਨਹੀਂ ਹੁੰਦਾ, ਦਰਦ ਨੂੰ ਉਸੇ ਵੇਲੇ ਜ਼ਰੂਰ ਰੋਕ ਦਿੰਦਾ ਹੈ।

2. ਤਾਰਪੀਨ ਦੇ ਤੇਲ ਵਿਚ ਰੂੰ ਭਿਉਂ ਕੇ ਦਾੜ੍ਹ ਤੇ ਲਾਵੋ ਆਰਾਮ ਹੋ ਜਾਵੇਗਾ।

3. ਕਲਮੀ ਸ਼ੋਰਾ ਪਾਣੀ ਵਿਚ ਪਾਵੋ, ਉਸੀ ਵੇਲੇ ਦੰਦ ਦਰਦ ਬੰਦ ਹੋ ਜਾਵੇਗਾ।

4. ਨਸ਼ਾਦਰ 3 ਮਾਸੇ, ਚੂਨਾ ਕਲੀ 3 ਮਾਸੇ ਮਿਲਾ ਕੇ ਨਸਵਾਰ ਲਵੋ, ਉਸੀ ਵੇਲੇ ਦਰਦ ਬੰਦ ਹੋ ਜਾਵੇਗਾ।

4. ਜੇ ਦਾੜ੍ਹ ਵਿਚ ਕੀੜਾ ਲਗਣ ਦੇ ਕਾਰਨ ਦਰਦ ਹੁੰਦਾ ਹੋਵੇ ਤਾਂ ਫਨੈਲ ਵਲੈਤੀ ਵਿਚ ਰੂੰ ਭਿਉਂ ਕੇ ਦਾਹੜ ਦੀ ਖੋੜ ਵਿਚ ਰਖੋ; ਕੀੜਾ ਮਰ ਕੇ ਦਰਦ ਹੱਟ ਜਾਵੇਗਾ।

## ਮੂੰਹ ਦੇ ਛਾਲੇ

1. ਕੱਥ 4 ਰਤੀ, ਜ਼ੀਰਾ ਚਿੱਟਾ 8 ਰਤੀ ਮੂੰਹ ਵਿਚ ਪਾ ਕੇ ਚੱਬੋ ਤੇ ਥੁਕ ਛਾਲਿਆਂ ਤੇ ਲਾਵੋ। ਬੜੀ ਛੇਤੀ ਆਰਾਮ ਆ ਜਾਵੇਗਾ।

2. ਰਾਤ ਨੂੰ ਸੌਣ ਲਗਿਆ ਪਾਨ ਵਿਚ ਮਲੱਠੀ ਦਾ ਆਟਾ 1 ਮਾਸਾ ਪਾ ਕੇ ਪਾਨ ਚਬੋ ਤੇ ਅੱਧਾ ਕੁ ਚਬ ਕੇ ਬਾਕੀ ਮੂੰਹ ਵਿਚ ਰਖ ਕੇ ਸੌਂ ਜਾਵੋ, ਗਲੇ ਪਕੇ ਨੂੰ ਸਵੇਰੇ ਤਾਈਂ ਕਾਫੀ ਅਰਾਮ ਆ ਜਾਵੇਗਾ।

3. ਖੁੰਬ ਸੁਕਾ ਕੇ ਬਰੀਕ ਕਰ ਲਵੋ ਤੇ ਲੋੜ ਵੇਲੇ ਛਾਲਿਆਂ ਤੇ ਛਿੜਕੋ ਤੇ ਕੁਝ ਉਪਰ ਭੀ ਮਲ ਦੇਵੋ, ਛੇਤੀ ਅਰਾਮ ਆ ਜਾਵੇਗਾ।

4. ਖੀਰੇ ਦੀ ਝਗ ਲਾਉਣ ਨਾਲ ਛੇਤੀ ਆਰਾਮ ਆ ਜਾਂਦਾ ਹੈ।

## ਗਲਾ ਘੁਟ ਹੋਣਾ (ਖੁਨਾਰ)

ਨਜ਼ਲਾ ਜ਼ੁਕਾਮ ਵਿਗੜ ਕੇ ਗਲੇ ਵਿਚ ਦਰਦ ਖੰਘ ਖੁਰਕ ਹੋਣ ਲਗ ਪੈਂਦੀ ਹੈ ਤੇ ਕੁਝ ਚੀਜ਼ ਅਟਕੀ ਹੋਈ ਮਲੂਮ ਹੁੰਦੀ ਹੈ, ਜਿਸਨੂੰ ਨਿਗਲਣ ਦੀ ਕੋਸ਼ਿਸ਼ ਕਰਨ ਤੇ ਤਕਲੀਫ ਹੁੰਦੀ ਹੈ ਦਮ ਘੁਟਦਾ ਹੈ, ਜਿਸ ਨਾਲ ਮੌਤ ਭੀ ਹੋ ਸਕਦੀ ਹੈ।

1. ਗਦਾ ਅਮਲਤਾਸ (ਗੀਸਫਲੀ) 4 ਤੋਲੇ ਗਰਮ ਪਾਣੀ ਵਿਚ ਭਿਓਂ ਕੇ ਮੱਲ ਛਾਣ ਲਓ ਤੇ ਬਦਾਮ ਰੋਗਨ ਛੇ ਮਾਸੇ, ਮਿਸ਼ਰੀ 2 ਤੋਲੇ ਪਾ ਕੇ ਪਿਲਾਓ।

2. ਗੁਦਾ ਅਮਲਤਾਸ 1 ਛਟਾਂਕ ਸੇਰ ਪਾਣੀ ਵਿਚ ਕਾੜ੍ਹ ਕੇ ਉਸ ਨਾਲ ਗਰਾਰੇ ਕਰਾਓ।

3. ਰੀਠੇ ਦਾ ਛਿਲਕਾ 1 ਤੋਲਾ ਪਾਣੀ ਵਿਚ ਕਾੜ੍ਹ ਕੇ ਉਸ ਪਾਨੀ ਨਾਲ ਗਰਾਰੇ ਕਰਾਓ। ਜੇ ਰੋਗੀ ਹੋਸ਼ ਵਿਚ ਨਾ ਹੋਏ ਤਾਂ ਰੀਠੇ ਦਾ ਪਾਣੀ ਮੂੰਹ ਵਿਚ ਹੀ ਪਾ ਕੇ ਰੋਗੀ ਦੇ ਸਿਰ ਨੂੰ ਹਿਲਾਓ, ਦੋ ਮਿੰਟਾਂ ਵਿਚ ਹੀ ਉਠ ਬੈਠੇਗਾ।

## ਖੰਘ

1. ਦਾਲ ਚੀਨੀ 1 ਤੋਲਾ, ਛੋਟੀ ਇਲੈਚੀ ਦੇ ਬੀਜ 2 ਤੋਲੇ, ਮਘਾਂ 4 ਤੋਲੇ, ਤਵਾਸੀਰ 8 ਤੋਲੇ, ਮਿਸ਼ਰੀ 16 ਤੋਲੇ ਕੁਟ ਕੇ ਸਫੂਫ ਬਨਾਓ। 4 ਮਾਸੇ ਸ਼ਹਿਦ ਨਾਲ ਦਿਨ ਵਿਚ ਤਿੰਨ ਵਾਰ ਦਿਓ। ਖੰਘ, ਦਮਾਂ ਜ਼ਬਾਨ ਦਾ ਜਕੜਨਾ, ਖਾਣ ਨੂੰ ਦਿਲ ਨਾ ਕਰਨਾ, ਹੱਥਾਂ ਪੈਰਾਂ ਦਾ ਸੜਨਾ ਦਰਦ ਸਿਰ ਨੂੰ ਅਰਾਮ ਆ ਜਾਂਦਾ ਹੈ।

2. ਕਾਲੀ ਮਿਰਚ ਇਕ ਤੋਲਾ, ਮਘਾਂ 1 ਤੋਲਾ, ਜੌਂਖਾਰ 6 ਮਾਸੇ, ਅਨਾਰ ਦੀ ਛਿਲ (ਨਸਪਾਲ) ਦੋ ਤੋਲੇ, ਸਭ ਨੂੰ ਬਰੀਕ ਕਰਕੇ ਅੱਠ ਤੋਲੇ ਗੁੜ ਪਾ ਕੇ 3-3 ਮਾਸੇ ਦੀਆਂ ਟਿਕੀਆਂ ਬਣਾ ਲਉ, ਇਕ ਟਿਕੀ ਮੂੰਹ ਵਿਚ ਰੱਖ ਕੇ ਚੂਸੋ।

3. ਕਤੀਰਾ ਗੂੰਦ 7 ਮਾਸੇ, ਸਤ ਮੁਲਠੀ ਸਤਮਾਸੇ, ਖਸ਼ਖਸ਼ 7 ਮਾਸੇ, ਮੁਨੱਕਾ 11 ਦਾਣੇ, ਗਿਰੀ ਬਦਾਮ ਛਿਲੀ ਹੋਈ 11 ਦਾਣੇ, ਕਾਲੀ ਮਿਰਚ 6 ਮਾਸੇ, ਮਿਸਰੀ 1 ਤੋਲਾ ਬਰੀਕ ਕਰਕੇ ਵੀਹ ਦਾਣੇ ਦੇ ਪਾਣੀ ਨਾਲ ਗੋਲੀਆਂ ਬਣਾ ਲਓ ਰਾਤ ਨੂੰ ਮੂੰਹ ਵਿਚ ਰੱਖ ਕੇ ਚੂਸੋ।

4. ਕੁਚਲੇ ਨੂੰ ਸਾੜ ਕੇ ਕੋਇਲਾ ਕਰ ਲਓ। ਰਾਤ ਨੂੰ ਇਕ ਜਿੰਨੀ ਪਾਨ ਵਿਚ ਰੱਖ ਕੇ ਖਿਲਾਓ; ਇਸ ਨਾਲ ਬਲਗਮ ਬਹੁਤ ਨਿਕਲਦੀ ਹੈ ਅਤੇ ਤਿੰਨ ਦਿਨਾਂ ਵਿਚ ਆਰਾਮ ਆ ਜਾਂਦਾ ਹੈ।

5. ਢਾਕ (ਛਿਛਰੇ) ਦੇ ਪੱਤਿਆਂ ਨੂੰ ਸਾੜ ਕੇ ਸਵਾਹ ਕਰ ਲਵੋ ਤੇ ਜ਼ੈਕਾ ਠੀਕ ਕਰਨ ਲਈ ਥੋੜ੍ਹਾ ਜਿੰਨਾ ਸੌਂਚਲ ਲੂਣ ਭੁੰਨ ਕੇ ਮਿਲਾ ਲਵੋ। ਇਕ ਦੋ ਰਤੀ ਦਿਨ ਵਿਚ ਤਿੰਨ ਚਾਰ ਵਾਰ ਚਿਟਾਵੋ। ਕਾਲੀ ਖੰਘ ਨੂੰ ਥੋੜ੍ਹੇ ਦਿਨਾਂ ਵਿਚ ਹੀ ਠੀਕ ਕਰ ਦਿੰਦੀ ਹੈ।

(ਪੰਨਾ 17 ਦੀ ਬਾਕੀ)

ਪੱਥ ਪਰਦਰਸ਼ਨ ਕਰਦਾ ਰਹਿੰਦਾ ਹੈ। ਇਹ ਮੇਰੇ ਲਈ ਸਿਖਿਆ ਹੈ, ਮੈਂ ਸੁਸਤ ਹੋ ਗਿਆ ਹਾਂ, ਸ਼ਾਮ ਦੀ ਸਾਧਨਾ ਕਰਨ ਦੀ ਬਜਾਏ ਮੈਂ ਛੇਤੀ ਸੌਂ ਜਾਂਦਾ ਰਿਹਾ ਹਾਂ। ਉਹ ਸਦਾ ਸਾਨੂੰ ਯਾਦ ਕਰਾਉਂਦੇ ਸਨ ਜਦੋਂ ਵੀ ਕਦੀ ਅਸੀਂ ਗਲਤੀ ਕਰੀਏ, ਸੁਸਤ ਹੋ ਜਾਂਦੇ, ਅਭਿਆਸ ਨਾ ਕਰਦੇ, ਉਹ ਸਦਾ ਯਾਦ ਕਰਾਉਂਦੇ ਇਹ ਹੀ ਇਸ ਦਾ ਕਾਰਨ ਹੈ। ਉਹ ਬਹੁਤ ਗੰਭੀਰ ਹੋ ਗਏ ਤੇ ਰੋਣ ਲਗ ਪਏ ਉਨ੍ਹਾਂ ਦਾ ਪਿਆਰ ਗੁਰੂ ਪ੍ਰਤੀ ਅਥਾਹ ਸੀ ਇਸ ਗੱਲ ਨਾਲ ਮੈਨੂੰ ਵੀ ਬਹੁਤ ਉਤਸ਼ਾਹ ਮਿਲਿਆ, ਗੁਰੂ ਨਾਲ ਪਿਆਰ ਰੂਹਾਨੀ ਪੱਥ ਦੀ ਪੌੜੀ ਦਾ ਪਹਿਲਾ ਡੰਡਾ ਹੈ ਪਰ ਇਹ ਪਿਆਰ ਦੇਹ ਨਾਲ ਨਹੀਂ।

ਭਾਰਤ ਦੇ ਲੋਕੀ, ਬ੍ਰਾਹਮਣਾਂ ਨੂੰ ਛੱਡ ਕੇ, ਸਾਰੇ ਇਨ੍ਹਾਂ ਦਾ ਬੜਾ ਸਤਿਕਾਰ ਕਰਦੇ ਸਨ, ਕ੍ਰਿਸ਼ਨਾ ਪ੍ਰੇਮ ਤੇ ਅਨੰਦ ਬਿਖੂ ਦੇ ਬ੍ਰਾਹਮਣ ਇਨ੍ਹਾਂ ਨੂੰ ਚੰਗਾ ਨਹੀਂ ਸਮਝਦੇ ਸਨ, ਭਾਵੇਂ ਇਹ ਬ੍ਰਾਹਮਣਾਂ ਨਾਲੋਂ ਕਿਤੇ ਵਧ ਰੂਹਾਨੀ ਤੌਰ ਤੇ ਅੱਗੇ ਸਨ, ਸਾਫ ਸਨ, ਪਵਿੱਤਰ ਸਨ ਜਦੋਂ ਇਹ ਕਿਸੇ ਮੰਦਰ ਜਾਂਦੇ ਬ੍ਰਾਹਮਣ ਇਨ੍ਹਾਂ ਨੂੰ ਅਛੂਤ ਸਮਝਦੇ ਮੈਂ ਉਨ੍ਹਾਂ ਬ੍ਰਾਹਮਣਾਂ ਨੂੰ ਨਖੇਦਦਾ ਤੇ ਇਨ੍ਹਾਂ ਨੂੰ ਕਹਿੰਦਾ ਇਹ ਅਗਿਆਨੀ ਕੱਟੜ ਹਨ, ਕੱਟੜਵਾਦ ਕਿਸੇ ਮਜ਼ਹਬ ਦਾ ਹਿੱਸਾ ਨਹੀਂ ਹੈ। ਭਾਰਤ ਨੇ ਜਾਤ ਪਾਤ ਕਰਕੇ ਬਹੁਤ ਭੁਗਤਿਆ ਹੈ ਪੱਛਮ ਨੇ ਵੱਡੇ ਛੋਟੇ ਕੱਟੜਪਣ ਕਰਕੇ ਮਾਰ ਖਾਧੀ ਹੈ ਅਮੀਰ ਗਰੀਬ ਕਰਕੇ, ਦੋਨਾਂ ਨੇ ਹੀ ਮਾਨਵ ਸਮਾਜ ਨੂੰ ਨੁਕਸਾਨ ਪਹੁੰਚਾਇਆ ਹੈ।

---


**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ**
**ਸੰਤ ਵਰਿਆਮ ਸਿੰਘ ਜੀ ਵਲੋਂ**

## ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਹੋਵੈ ਅਨੰਦੁ ਘਣਾ | ਭੇਟਾ 25/- |
| 7. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 8. ਸੁਰਤਿਆਂ ਉਪਜੈ ਚਾਉ | ਭੇਟਾ 40/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 11. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |

### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |

### English

| | |
|---|---|
| 1. BAISAKHI | Rs. 5/- |
| 2 HOW REND THE VEIL OF UNTRUTH | Rs. 70/- US$ 10 |
| 3. DISCOURSES ON THE BEYOND (Part I ) | Rs. 50/- US$ 5 |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 10/- ਅਤੇ ਸਾਰਾ ਸੈਟ ਲੈਣ ਲਈ 25/- ਡਾਕ ਖਰਚਾ ਵੀ ਭੇਜਣ ਦੀ ਕਿਰਪਾਲਤਾ ਕਰੋ ਜੀ।

**- : ਮਿਲਣ ਦਾ ਪਤਾ : -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
**ਕੋਠੀ ਨੰਬਰ 1782, ਫੇਜ਼ 3ਬੀ2,**
**ਐਸ. ਏ. ਐਸ ਨਗਰ,**
**ਮੋਹਾਲੀ - 160055**
**(ਟੈਲੀਫੋਨ ਅਤੇ ਫੈਕਸ) : (0172) 220972**

# ਸਮਾਗਮ ਸਰਗਰਮੀਆਂ

ਬਾਬਾ ਜੀ ਦੀ ਰਹਿਨੁਮਾਈ ਤੇ ਦੇਖ ਰੇਖ ਹੇਠਾਂ ਚਲ ਰਿਹਾ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦਿਨ-ਬ-ਦਿਨ ਗੁਰੂ ਕ੍ਰਿਪਾ ਦੇ ਸਦਕੇ ਗੁਰਮਤਿ ਪ੍ਰਚਾਰ, ਸਰਬ ਸਾਂਝੀਵਾਲਤਾ ਤੇ ਪਰਸਪਰ ਭਾਈਚਾਰੇ ਦੇ ਸੁਨੇਹੜੇ ਦਿੰਦਾ ਹੋਇਆ ਜੋ ਕਿ ਸਿੱਖ ਜਗਤ ਨੂੰ ਗੁਰੂ ਨਾਨਕ ਮਹਾਰਾਜ ਜੀ ਪਾਸੋਂ ਵਿਰਸੇ ਵਿਚ ਪ੍ਰਾਪਤ ਹੋਇਆ ਹੈ -

***ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥***

***ਪੰਨਾ - 97***

ਦੇ ਕਥਨ ਅਨੁਸਾਰ ਸੰਸਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਤਮਕ ਸਿਧਾਂਤਾਂ ਨੂੰ ਗੁਰਸ਼ਬਦ ਲੰਗਰ ਦੇ ਰੂਪ ਵਿਚ ਵੰਡਦਾ ਹੋਇਆ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਇਸ ਦਾ ਪ੍ਰਤੱਖ ਪ੍ਰਮਾਣ ਦੇਸ਼ ਵਿਦੇਸ਼ਾਂ ਤੋਂ ਆਉਂਦੇ ਹਜ਼ਾਰਾਂ ਪ੍ਰੇਮ ਸੁਨੇਹੜੇ ਜੋ ਕਿ ਅਕਸਰ ਬਾਬਾ ਜੀ ਨੂੰ ਟੈਲੀਫੋਨ ਤੇ ਪੱਤਰਕਾਵਾਂ ਦੇ ਰੂਪ ਵਿਚ ਮਿਲਦੇ ਰਹਿੰਦੇ ਹਨ। ਖਾਸ ਕਰਕੇ ਬਾਬਾ ਜੀ ਦੀ ਵਿਦੇਸ਼ ਪ੍ਰਚਾਰ ਫੇਰੀ ਨੇ ਸੰਗਤਾਂ ਦੇ ਮਨਾਂ ਤੇ ਸੋਨੇ ਤੇ ਸੁਹਾਗੇ ਵਾਲਾ ਅਸਰ ਕੀਤਾ ਹੈ। ਜਿਹੜੇ ਪ੍ਰੇਮੀ ਹਾਲੇ ਦੁਚਿਤੀ ਵਿਚ ਸੋਚ ਹੀ ਰਹੇ ਸਨ ਕਿ ਜਦ ਤਕ ਅਸੀਂ ਬਾਬਾ ਜੀ ਦੇ ਸਨਮੁਖ ਹੋ ਕੇ ਪ੍ਰਵਚਨ ਨਹੀਂ ਸਰਵਣ ਕਰਦੇ ਉਦੋਂ ਤਕ ਆਤਮ ਮਾਰਗ ਦੇ ਪੈਂਡੇ ਨੂੰ ਤਹਿ ਕਰਨਾ ਉਨ੍ਹਾਂ ਲਈ ਸੰਭਵ ਨਹੀਂ ਹੋ ਸਕੇਗਾ। ਚਿਰਾਂ ਤੋਂ ਉਡੀਕਦੇ ਪ੍ਰੇਮੀਆਂ ਦੀਆਂ ਪ੍ਰੇਮ ਭਾਵਨਾਵਾਂ ਨੂੰ ਫਲ ਲੱਗਾ ਅਮਰੀਕਾ, ਕੈਨੇਡਾ ਤੇ ਇੰਗਲੈਂਡ ਵਿਚ ਬਾਬਾ ਜੀ ਦੇ ਦੀਵਾਨ ਲੱਗੇ ਅਤੇ ਹਜ਼ਾਰਾਂ ਦੀ ਤਦਾਦ ਵਿਚ ਸੰਗਤਾਂ ਗੁਰੂ ਘਰ ਨਾਲ ਜੁੜੀਆਂ ਹਨ ਇਥੇ ਹੀ ਬੱਸ ਨਹੀਂ ਇਹ ਪਵਿੱਤਰ ਪ੍ਰਚਾਰ ਦਾ ਪ੍ਰਯਤਨ ਸੰਗਤਾਂ ਵਲੋਂ ਖੁਦ ਕੀਤਾ ਜਾ ਰਿਹਾ ਹੈ। ਬਾਬਾ ਜੀ ਦੀਆਂ 850 ਤੋਂ ਵੱਧ ਵੀਡੀਓ ਫਿਲਮਾਂ multiply ਕਰਕੇ ਵੰਡੀਆਂ ਜਾ ਰਹੀਆਂ ਹਨ। ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ ਦੀ ਮੁਹਿੰਮ ਵੀ ਜ਼ੋਰਾਂ ਤੇ ਚਲ ਰਹੀ ਹੈ। ਗੁਰ ਸ਼ਬਦ ਲੰਗਰ ਨੂੰ ਮੈਗਜ਼ੀਨ ਤੇ ਪੁਸਤਕਾਂ ਰਾਹੀਂ ਘਰ ਘਰ ਵਿਚ ਪਹੁੰਚਾਉਣ ਦਾ ਪੁਰਜ਼ੋਰ ਯਤਨ ਚਲ ਰਿਹਾ ਹੈ।

## ਨੌਵੇਂ ਗੁਰਮਤਿ ਸਮਾਗਮ ਦੀ ਦੂਜੀ ਮੀਟਿੰਗ

ਪਿਛਲੇ ਸਮਾਗਮਾਂ ਵਾਂਗ ਇਸ ਵਾਰ ਵੀ ਸੰਗਤਾਂ ਦੇ ਮਨਾਂ ਵਿਚ ਸਮਾਗਮ ਦਾ ਅਥਾਹ ਚਾਓ ਤੇ ਉਤਸ਼ਾਹ ਵੇਖਣ ਵਿਚ ਆ ਰਿਹਾ ਹੈ। ਬਾਬਾ ਜੀ ਦੀ ਵਿਦੇਸ਼ ਫੇਰੀ ਦੌਰਾਨ ਪਰਵਾਸੀ ਸੰਗਤਾਂ ਦੇ ਮਨਾਂ ਵਿਚ ਸਮਾਗਮ ਵਿਚ ਸ਼ਾਮਲ ਹੋਣ ਦਾ ਬਹੁਤ ਉਤਸ਼ਾਹ ਸੀ ਕਿਉਂਕਿ ਬਾਹਰ ਸੰਗਤਾਂ ਇਸ ਬਾਰੇ ਪੁਛਦੀਆਂ ਰਹਿੰਦੀਆਂ ਸਨ ਕਿ ਰਤਵਾੜਾ ਸਾਹਿਬ ਸਮਾਗਮ ਕਦੋਂ ਹੋਵੇਗਾ? ਪਹਿਲੀ ਮੀਟਿੰਗ ਵਿਚ ਦੂਰ ਦੁਰਾਡੇ ਇਲਾਕਿਆਂ ਤੋਂ ਸੰਗਤਾਂ ਤੇ ਸਿਰਕੱਢ ਪਤਵੰਤੇ ਸੱਜਣ ਮੀਟਿੰਗ ਵਿਚ ਹਿੱਸਾ ਲੈਣ ਲਈ ਪਹੁੰਚੇ ਸਨ ਅਤੇ ਜਿਸ ਦੇ ਜ਼ਿੰਮੇ ਜੋ ਵੀ ਡਿਊਟੀ ਲੱਗੀ ਸਾਰੇ ਪ੍ਰੇਮੀਆਂ ਦੀਆਂ ਡਿਊਟੀਆਂ ਇਸ ਮੀਟਿੰਗ ਵਿਚ ਜੋ ਕਿ 15 ਅਗਸਤ ਨੂੰ ਹੋਈ, ਪੜ੍ਹ ਕੇ ਸੁਣਾਈਆਂ ਗਈਆਂ ਇਸ ਮੀਟਿੰਗ ਵਿਚ ਬਹੁਤ ਉਤਸ਼ਾਹ ਪਾਇਆ ਗਿਆ, ਪ੍ਰੇਮੀ ਸੈਂਕੜਿਆਂ ਦੀ ਤਦਾਦ ਵਿਚ ਸਵੇਰ ਤੋਂ ਹੀ ਰਤਵਾੜਾ ਸਾਹਿਬ ਪੁਜਣੇ ਸ਼ੁਰੂ ਹੋ ਗਏ। ਬਾਬਾ ਜੀ ਨੇ ਸਾਰੇ ਜ਼ਰੂਰੀ ਪੁਆਇੰਟ ਸੰਗਤਾਂ ਦੇ ਸਾਮ੍ਹਣੇ ਲਿਆ ਕੇ ਉਨ੍ਹਾਂ ਦੇ ਸਮਾਧਾਨ ਦੱਸ ਕੇ ਜ਼ਿੰਮੇਵਾਰ ਪ੍ਰੇਮੀਆਂ ਦੀਆਂ ਡਿਊਟੀਆਂ ਲਗਾਈਆਂ। Sound system, ਪੰਡਾਲ, ਲੰਗਰ, ਸੰਗਤਾਂ ਦੀ ਰਿਹਾਇਸ਼, ਪਾਰਕਿੰਗ, ਲੰਗਰ ਦੀ ਤਿਆਰੀ ਤੇ ਵਰਤਾਉਣ ਦਾ ਪ੍ਰਬੰਧ, ਪਤਵੰਤੇ ਸਜਣਾਂ, ਸੰਤਾਂ ਤੇ ਬੁਲਾਰਿਆਂ ਨੂੰ ਜੀ ਆਇਆਂ ਆਖਣ ਅਤੇ ਉਨ੍ਹਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ sanitation, ਸੇਵਾਦਾਰਾਂ ਦਾ discipline, ਸਟੇਜ ਦਾ ਪ੍ਰਬੰਧ, ਆਦਿ ਸੇਵਾਵਾਂ ਨੂੰ ਨਿਭਾਉਣ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ।

**ਜਥੇ ਦੇ ਦੀਵਾਨ** - ਭਾਈ ਲਖਬੀਰ ਸਿੰਘ ਵਲੋਂ ਡੋਈਵਾਲ ਦੇਹਰਾਦੂਨ ਵਿਖੇ ਲੱਗੇ ਜਿਥੇ ਉਨ੍ਹਾਂ ਨੇ ਸੰਗਤਾਂ ਨੂੰ ਗੁਰਮਤਿ ਪ੍ਰਚਾਰ ਤੇ ਮਨੋਹਰ ਕੀਰਤਨ ਦੁਆਰਾ ਨਿਹਾਲ ਕੀਤਾ। ਸੰਗਤਾਂ ਵਲੋਂ ਆਤਮ ਮਾਰਗ ਮੈਗਜ਼ੀਨ ਦੀ ਰਿਨੂਅਲ ਲਈ ਵੀ ਪੁਰਜ਼ੋਰ ਉਤਸ਼ਾਹ ਵਿਖਾਇਆ ਗਿਆ ਅਤੇ ਨਵੀਂ ਮੈਂਬਰਸ਼ਿਪ ਵੀ ਪ੍ਰਾਪਤ ਕੀਤੀ ਗਈ।

### ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - ਸਮਾਂ ਸਵੇਰੇ 12.00 ਵਜੇ ਤੋਂ ਬਾਦ ਦੁਪਿਹਰ 4.00 ਵਜੇ ਤੱਕ - 6, 13, 20, 27 ਸਤੰਬਰ ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ** - 6 ਸਤੰਬਰ, ਦਿਨ ਐਤਵਾਰ, ਰਤਵਾੜਾ ਸਾਹਿਬ

**ਸੰਗਰਾਂਦ** - 16 ਸਤੰਬਰ, ਦਿਨ ਬੁੱਧਵਾਰ, ਰਤਵਾੜਾ ਸਾਹਿਬ

(ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 20 ਸਤੰਬਰ, ਦਿਨ ਐਤਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ (ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

# ਬੱਚਿਆਂ ਨੂੰ ਪਾਲਣਾ

## ਕਿਸ਼ੋਰ ਅਵਸਥਾ

*ਡਾ. ਬੀਬੀ ਤੇਜਿੰਦਰ ਮਲਹੋਤਰਾ*

ਪਿਛਲੇ ਅੰਕਾਂ ਵਿਚ ਅਸੀਂ ਬੱਚਿਆਂ ਦੇ ਵਿਕਾਸ ਬਾਰੇ ਪੜ੍ਹਦੇ ਰਹੇ ਹਾਂ, ਉਨ੍ਹਾਂ ਦੇ ਸਰੀਰਕ ਵਿਕਾਸ, ਸੰਵੇਗਕ ਵਿਕਾਸ ਤੇ ਸਮਾਜਿਕ ਵਿਕਾਸ ਬਾਰੇ ਪੜ੍ਹਿਆ ਹੈ। ਇਹ ਸਾਰੇ ਵਿਕਾਸ ਅਸੀਂ ਜਨਮ ਤੋਂ ਲੈ ਕੇ ਕਿਸ਼ੋਰ ਅਵਸਥਾ ਤਕ ਪੜ੍ਹਦੇ ਹਾਂ ਜੋ ਦੱਸ ਸਾਲ ਤੋਂ ਗਿਆਰ੍ਹਾਂ ਸਾਲ ਦੀ ਅਵਸਥਾ ਤਕ ਦੇਖੇ ਗਏ ਸਨ। ਇਸ ਤੋਂ ਪਿਛੋਂ ਕਿਸ਼ੋਰ ਅਵਸਥਾ ਸ਼ੁਰੂ ਹੁੰਦੀ ਹੈ ਇਹ ਜੀਵਨ ਦਾ ਸਭ ਤੋਂ ਵੱਧ ਸੰਵੇਦਨਸ਼ੀਲ ਸਮਾਂ ਹੈ। ਇਹ ਕਿਸ਼ੋਰ ਅਵਸਥਾ, ਗਿਆਰਾਂ ਸਾਲ ਤੋਂ ਸੋਲਾਂ ਸਾਲ ਤਕ ਦਾ ਸਮਾਂ ਬੀਬੀਆਂ ਵਾਸਤੇ ਹੈ, ਬਾਰਾਂ ਤੇਰ੍ਹਾਂ ਸਾਲ ਤੋਂ 18 ਸਾਲ ਤਕ ਭੁਝੰਗੀਆਂ ਲਈ। ਇਹ ਇਕ ਮੂਲ ਸਿਧਾਂਤ ਹੈ ਕਿ ਬੱਚੀਆਂ ਦਾ ਵਿਕਾਸ ਛੇਤੀ ਸ਼ੁਰੂ ਹੁੰਦਾ ਹੈ ਤੇ ਉਹ ਛੇਤੀ ਕਿਸ਼ੋਰ ਅਵਸਥਾ ਯੁਵਾ ਅਵਸਥਾ ਨੂੰ ਪ੍ਰਾਪਤ ਹੁੰਦੀਆਂ ਹਨ, ਭੁਝੰਗੀ ਆਪਣਾ ਵਿਕਾਸ ਦੇਰ ਨਾਲ ਸ਼ੁਰੂ ਕਰਦੇ ਹਨ ਤੇ ਦੇਰ ਨਾਲ ਯੁਵਾ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ।

ਕਿਸ਼ੋਰ ਅਵਸਥਾ ਨੂੰ ਇਕ ਬਹੁਤ ਅਸਥਿਰਤਾ ਦਾ ਸਮਾਂ ਤੇ ਬਹੁਤ ਔਖਾ ਤੇ ਭਾਰੂ ਸਮਾਂ ਕਿਹਾ ਗਿਆ ਹੈ ਸਾਡੀ ਸੰਸਕ੍ਰਿਤੀ ਵਿਚ ਵੀ ਜਵਾਨੀ ਨੂੰ ਵੱਖ-ਵੱਖ ਤਰੀਕੇ ਨਾਲ ਸੰਬੋਧਨ ਕੀਤਾ ਗਿਆ ਹੈ। ਉਸ ਦੇ ਕਈ ਕਾਰਨ ਹਨ, ਸਭ ਤੋਂ ਵੱਡਾ ਕਾਰਨ ਤਾਂ ਇਹੋ ਹੀ ਹੈ ਕਿ ਜਵਾਨੀ ਦੀ ਅਵਸਥਾ ਇਕ ਬੱਚੀ ਨੂੰ ਇਕ ਬੀਬੀ ਤੇ ਇਕ ਛੋਟੇ ਭੁਝੰਗੀ ਨੂੰ ਇਕ ਪੂਰਾ ਗਭਰੂ ਦਾ ਰੂਪ ਦੇ ਦਿੰਦੀ ਹੈ ਇਹ ਸਾਰੇ ਪਰਿਵਰਤਨ ਸਰੀਰ ਵਿਚ ਕੁਝ ਸਿਧਾਂਤਕ ਰੂਪ ਅੰਦਰੋਂ ਰਦੋ ਬਦਲ ਕਾਰਨ ਹੁੰਦੇ ਹਨ। ਇਹ ਪਰਿਵਰਤਨ ਮੂਲ ਰੂਪ ਵਿਚ ਕੁਝ ਗ੍ਰੰਥੀਆਂ ਦੇ ਵਿਕਾਸ ਤੇ ਅਧਾਰਿਤ ਹਨ, ਇਨ੍ਹਾਂ ਕਰਕੇ ਹੀ ਮਾਨਸਿਕ, ਸੰਵੇਗਕ ਤੇ ਸਮਾਜਿਕ ਵਿਕਾਸ ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਕਿਸ਼ੋਰ ਅਵਸਥਾ ਵਿਚ ਬੱਚੇ ਸੁਤੰਤਰ ਮਹਿਸੂਸ ਕਰਦੇ ਹਨ, ਮਾਤਾ ਪਿਤਾ ਦੇ ਰੋਹਬ ਨੂੰ ਮੰਨਣਾ ਨਹੀਂ ਚਾਹੁੰਦੇ, ਆਪਣੇ ਆਪ ਨੂੰ ਵੱਡੇ ਸਮਝਦੇ ਹਨ, ਮਾਤਾ ਪਿਤਾ ਨੂੰ ਉਹ ਹੋਰ ਨਿਗ੍ਹਾ ਨਾਲ ਦੇਖਦੇ ਹਨ, ਬੱਚੇ ਇਸ ਸਮੇਂ ਮਾਤਾ ਪਿਤਾ ਨਾਲ ਦੋਸਤੀ ਦਾ ਸਬੰਧ ਲੋਚਦੇ ਹਨ।

ਕਿਸ਼ੋਰ ਅਵਸਥਾ ਤਨਾਓ ਦੀ ਅਵਸਥਾ ਹੈ ਤੇ ਤਨਾਓ ਦਾ ਕਾਰਣ ਸਰੀਰਕ ਪਰਿਵਰਤਨ ਹੀ ਹਨ। ਭਾਵੇਂ ਕਿਸ਼ੋਰ ਇਹ ਜਾਣਦਾ ਹੈ ਕਿ ਜੋ ਵੀ ਉਸਦੇ ਸਰੀਰ ਵਿਚ ਪਰਿਵਰਤਨ ਆ ਰਹੇ ਹਨ ਉਹ ਇਕ ਸਾਧਾਰਨ ਪਰਿਵਰਤਨ ਹਨ, ਸਾਰੇ ਇਸੇ ਰਸਤੇ ਤੋਂ ਲੰਘੇ ਹਨ, ਮਾਤਾ ਪਿਤਾ ਸਾਰੇ ਐਵੇਂ ਹੀ ਵੱਡੇ ਹੋਏ ਹਨ ਪਰ ਕਿਸ਼ੋਰ ਫੇਰ ਵੀ ਇਹ ਚਾਹੁੰਦਾ ਹੈ ਕਿ ਕਿਸੇ ਨਾਲ ਉਹ ਗੱਲ ਕਰਕੇ ਜੇ ਉਸ ਨੂੰ ਪ੍ਰੋੜਤਾ ਮਿਲਦੀ ਹੋਵੇ ਤਾਂ ਬਹੁਤ ਠੀਕ ਹੈ, ਉਸ ਨੂੰ ਤਸੱਲੀ ਆ ਜਾਵੇਗੀ। ਕਿਸੇ ਵਕਤ ਉਸ ਨੂੰ ਆਪਣੀ ਸਮੱਸਿਆ ਤੇ ਕੁਝ ਪੜ੍ਹਨ ਨੂੰ ਮਿਲ ਜਾਂਦਾ ਹੈ ਪਰ ਕਈ ਵਾਰੀ ਇਹ ਗਿਆਨ ਪੂਰਾ ਨਹੀਂ ਹੁੰਦਾ ਜਿਸ ਕਾਰਣ ਬਹੁਤ ਨੁਕਸਾਨ ਹੋ ਸਕਦਾ ਹੈ ਅਤੇ ਹੋ ਜਾਂਦਾ ਹੈ। ਵਾਸਤਵ ਵਿਚ ਇਹ ਸਰੀਰਕ ਪਰਿਵਰਤਨ ਸੰਵੇਗਕ ਤੇ ਸਮਾਜਿਕ ਵਿਹਾਰ ਵਿਚ ਗੁੰਝਲਾਂ ਪਾ ਦਿੰਦੇ ਹਨ।

ਇਸ ਲਈ ਸਭ ਤੋਂ ਪਹਿਲੀ ਲੋੜ ਇਹ ਹੈ ਕਿ ਕਿਸ਼ੋਰ ਦਾ ਵਿਸ਼ਵਾਸ਼ ਜਿਤਿਆ ਜਾਵੇ, ਵਿਸ਼ਵਾਸ਼ ਜਿੱਤ ਕੇ ਉਸ ਨਾਲ ਮਨ ਦੀ ਗੱਲ ਕੀਤੀ ਜਾਵੇ, ਉਸ ਨੂੰ ਐਨਾ ਮੋਹ ਲਿਆ ਜਾਵੇ ਕਿ ਉਹ ਆਪਣੇ ਮਨ ਦੀ ਗੱਲ ਖੋਲ੍ਹ ਕੇ ਕਰ ਸਕੇ ਤੇ ਉਸ ਨੂੰ ਦਸਿਆ ਜਾਵੇ, ਘਭਰਾਉਣ ਦੀ ਕੋਈ ਗੱਲ ਨਹੀਂ ਜੋ ਵੀ ਪਰਿਵਰਤਨ ਹੋ ਰਹੇ ਹਨ ਉਹ ਕੋਈ ਗਲਤ ਗੱਲ ਨਹੀਂ, ਇਹ ਸਭ ਕੁਦਰਤੀ ਹਨ। ਸਭ ਤੋਂ ਚੰਗਾ ਤਾਂ ਇਹ ਹੀ ਹੈ ਕਿ ਮਾਤਾ ਪੁਤਰੀ ਨਾਲ ਤੇ ਪਿਤਾ ਪੁੱਤਰ ਨਾਲ ਮਿਤਰਤਾ ਦਾ ਵਿਹਾਰ ਕਰਕੇ ਕਿਸ਼ੋਰ ਨੂੰ ਸਭ ਕੁਝ ਪਿਆਰ ਨਾਲ ਸਮਝਾਉਣ ਇਸ ਤਰ੍ਹਾਂ ਬੱਚੇ ਦਾ ਵਿਸ਼ਵਾਸ਼ ਬਣਦਾ ਹੈ। ਜੇ ਮਾਤਾ ਪਿਤਾ ਇਹ ਫਰਜ਼ ਨਾ ਨਿਭਾਉਣ, ਬੱਚੇ ਕੁਰਾਹੇ ਪੈ ਜਾਂਦੇ ਹਨ। ਇਸ ਕਾਰਣ ਇਹ ਬਹੁਤ ਅਵਸ਼ਕ ਹੈ ਕਿ ਮਾਤਾ ਪਿਤਾ ਆਪਣੀ ਮਿਤਰਤਾ ਦਾ ਸਬੰਧ ਨਿਭਾਉਣ। ਮਿਤਰਤਾ ਦਾ ਸਬੰਧ ਇਸ ਕਾਰਣ ਵੀ ਜ਼ਰੂਰੀ ਹੈ ਕਿਉਂਕਿ ਬੱਚੇ ਇਸ ਅਵਸਥਾ ਵਿਚ ਰੋਹਬ ਬਰਦਾਸ਼ਤ ਨਹੀਂ ਕਰਦੇ ਉਹ ਇਸ ਅਵਸਥਾ ਵਿਚ ਬਾਗੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਪਿਆਰ ਨਾਲ ਹੀ ਕਾਬੂ ਕੀਤਾ ਜਾ ਸਕਦਾ ਹੈ। ਕਿਸ਼ੋਰ ਅਵਸਥਾ ਵਿਚ ਬੱਚੇ ਐਨੇ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ ਕਿ ਛੋਟੀ ਛੋਟੀ ਗੱਲ ਨੂੰ ਬਹੁਤ ਡੂੰਘਾ ਮਹਿਸੂਸ ਕਰਦੇ ਹਨ। ਇਸ ਅਵਸਥਾ ਵਿਚ ਉਹ ਬੱਚੇ ਦੀ ਤਰ੍ਹਾਂ ਵਰਤਾਓ ਨਹੀਂ ਚਾਹੁੰਦਾ। ਜਿੰਨਾਂ ਤੁਸੀਂ ਉਸ ਨੂੰ ਬਰਾਬਰ ਸਮਝੋਗੇ ਉਨਾਂ ਹੀ ਵਧੇਰੇ ਉਸ ਦੇ ਵਿਸ਼ਵਾਸ਼ ਦੇ ਪਾਤਰ ਬਣ ਸਕੋਗੇ। ਕਿਸ਼ੋਰ ਅਵਸਥਾ ਦੀ ਇਸ ਸਮਸਿਆ ਨੂੰ ਰਾਬਿੰਦਰਾ ਨਾਥ ਟੈਗੋਰ ਨੇ ਬਹੁਤ ਚੰਗੀ ਤਰ੍ਹਾਂ ਆਪਣੀ ਇਕ ਕਹਾਣੀ Home coming ਵਿਚ ਵਿਸਥਾਰ ਨਾਲ ਖੋਲ੍ਹ ਕੇ ਦਸਿਆ ਹੈ। ਉਸ ਦੇ ਦਰਜੇ ਨੂੰ ਬਹੁਤ ਚੰਗੀ ਤਰ੍ਹਾਂ ਵਿਆਖਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਸੂਰ ਬਹੁਤ ਵਾਰੀ ਬੱਚੇ ਦਾ ਨਹੀਂ ਵੱਡਿਆਂ ਦਾ ਹੁੰਦਾ ਹੈ, ਵਡੇਰੇ ਬੱਚਿਆਂ ਨੂੰ ਬੜੀਆਂ ਵੱਖ-ਵੱਖ ਹਦਾਇਤਾਂ ਦਿੰਦੇ ਹਨ। ਉਹ ਮਿਸਾਲ ਦਿੰਦੇ ਹਨ ਜੇ ਕਿਸ਼ੋਰ ਬੱਚਿਆਂ ਨਾਲ ਬਾਹਰ ਖੇਡ ਰਿਹਾ ਹੈ ਤਾਂ ਮਾਤਾ ਅਵਾਜ਼ ਲਗਾ ਕੇ ਕਹੇਗੀ ਤੂੰ ਕੋਈ ਹੁਣ ਛੋਟਾ ਬੱਚਾ ਹੈਂ ਜੋ ਤੂੰ ਬੱਚਿਆਂ ਨਾਲ ਗਲੀ ਵਿਚ ਖੇਡ ਰਿਹਾ ਹੈਂ। ਉਸ ਮਗਰੋਂ ਜੇ ਉਹ ਅੰਦਰ ਆ ਕੇ ਵੱਡਿਆਂ ਨਾਲ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਹੈ, ਉਸ ਵਿਚ ਭਾਗ ਲੈ ਰਿਹਾ ਹੈ ਤਾਂ ਇਕ ਦਮ ਮਾਤਾ

ਪਿਤਾ ਕਹਿੰਦੇ ਹਨ, ਉਠ ਐਥੋਂ ਤੂੰ ਕੋਈ ਵੱਡਾ ਹੈਂ ਜਿਹੜਾ ਤੂੰ ਵੱਡਿਆਂ ਦੀਆਂ ਗੱਲਾਂ ਸੁਣ ਕੇ ਉਸ ਵਿਚ ਭਾਗ ਲੈ ਰਿਹਾ ਹੈਂ। ਭਾਵ ਇਹ ਹੈ ਕਿ ਬਹੁਤ ਵਾਰੀ ਸਾਨੂੰ ਹੀ ਨਹੀਂ ਪਤਾ ਹੁੰਦਾ ਕਿ ਅਸੀਂ ਕਿਸ਼ੋਰ ਨਾਲ ਕਿਸ ਤਰ੍ਹਾਂ ਵਿਹਾਰ ਕਰਨਾ ਹੈ। ਇਹੋ ਜਿਹੇ ਆਦੇਸ਼ ਕਿਸ਼ੋਰ ਨੂੰ ਬਹੁਤ ਪਰੇਸ਼ਾਨ ਕਰ ਦਿੰਦੇ ਹਨ। ਉਸ ਨੂੰ ਸਮਝ ਨਹੀਂ ਆਉਂਦੀ, ਉਹ ਕੀ ਕਰੇ ਤੇ ਕੀ ਨਾ ਕਰੇ? ਕਦੀ ਉਸ ਨੂੰ ਛੋਟਾ ਬੱਚਾ ਸਮਝਿਆ ਜਾਂਦਾ ਹੈ, ਕਦੀ ਉਸ ਨੂੰ ਵੱਡਾ ਸਮਝਿਆ ਜਾਂਦਾ ਹੈ। ਵਾਸਤਵ ਵਿਚ ਤਾਂ ਉਹ ਇਨ੍ਹਾਂ ਦੋਹਾਂ ਦੇ ਵਿਚਕਾਰ ਹੈ। ਉਹ ਵੱਡਾ ਹੋ ਰਿਹਾ ਹੈ ਤੇ ਵੱਡੇ ਹੋਣ ਦੀਆਂ ਸਮਸਿਆਵਾਂ ਦਾ ਸਾਮ੍ਹਣਾ ਕਰ ਰਿਹਾ ਹੈ। ਚਾਹੀਦਾ ਤਾਂ ਇਹ ਹੈ ਕਿ ਕਿਸ਼ੋਰ ਨੂੰ ਬੜੀ ਸੋਚ ਸਮਝ ਕੇ ਸੋਝੀ ਨਾਲ ਸੰਭਾਲਣਾ ਚਾਹੀਦਾ ਹੈ। ਮਾਤਾ ਪਿਤਾ ਨੂੰ ਪਹਿਲਾਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਉਹ ਕਿਸ਼ੋਰ ਤੋਂ ਕੀ ਚਾਹੁੰਦੇ ਹਨ ਕਿਸ ਤਰ੍ਹਾਂ ਦਾ ਵਿਹਾਰ ਚਾਹੁੰਦੇ ਹਨ। ਮਾਤਾ ਪਿਤਾ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਬੱਚਾ ਇਸ ਸਮੇਂ ਔਖੇ ਸਮੇਂ ਤੋਂ ਲੰਘ ਰਿਹਾ ਹੈ, ਸੰਕਟ ਵਿਚ ਹੈ, ਉਸ ਦੀਆਂ ਆਪਣੀਆਂ ਬਹੁਤ ਸਾਰੀਆਂ ਸਮਸਿਆਵਾਂ ਹਨ, ਉਹ ਭਵਿੱਖ ਬਾਰੇ ਸੋਚ ਰਿਹਾ ਹੈ, ਰੋਜ਼ਗਾਰ ਬਾਰੇ ਚਿੰਤਾ ਵਿਚ ਹੈ, ਦਾਖਲੇ ਬਾਰੇ ਚਿੰਤਾ ਵਿਚ ਹੈ। ਮਾਤਾ ਪਿਤਾ ਨੂੰ ਤਾਂ ਉਸ ਦੀ ਸਹਾਇਤਾ ਕਰਨੀ ਚਾਹੀਦੀ ਹੈ, ਪੂਰਾ ਪਿਆਰ ਸਨੇਹ ਦੇਣਾ ਚਾਹੀਦਾ ਹੈ ਉਸ ਦੇ ਜੀਵਨ ਨੂੰ ਸ਼ਾਂਤਮਈ ਤੇ ਸੁਖਾਵਾਂ ਬਣਾਉਣਾ ਚਾਹੀਦਾ ਹੈ। ਅੱਜ ਦੇ ਸਮੇਂ ਤਾਂ ਹੋਰ ਵੀ ਔਖੇ ਹਨ, ਸੰਕਟਮਈ ਹਨ, ਬਹੁਤ ਵਧੇਰੇ ਮੁਕਾਬਲੇ ਦਾ ਸਮਾਂ ਹੈ ਹਰ ਕੋਈ ਅੱਗੇ ਹੋਰ ਅੱਗੇ ਨਿਕਲਣਾ ਚਾਹੁੰਦਾ ਹੈ, ਉਚੀ ਪਦਵੀ ਪ੍ਰਾਪਤ ਕਰਨਾ ਚਾਹੁੰਦਾ ਹੈ, ਹੋਰ ਅਮੀਰ ਹੋਣਾ ਚਾਹੁੰਦਾ ਹੈ। ਸ਼ਾਂਤੀ, ਸਬਰ, ਸੰਤੋਖ ਇਹ ਸ਼ਬਦ ਤਾਂ ਜਿਵੇਂ ਅੱਜ ਦੀ ਪ੍ਰਣਾਲੀ ਜਾਣਦੀ ਹੀ ਨਾ ਹੋਵੇ। ਪਰ ਇਹ ਮਾਤਾ ਪਿਤਾ ਅਧਿਆਪਕਾਂ ਦਾ ਹੀ ਫਰਜ਼ ਹੈ ਕਿ ਬੱਚਿਆਂ ਨੂੰ ਪਿਆਰ ਨਾਲ ਇਹ ਸਮਝਾਉਣ ਕਿ ਜੋ ਉਨ੍ਹਾਂ ਵਾਸਤੇ ਵਾਹਿਗੁਰੂ ਨੇ ਨਿਰਧਾਰਿਤ ਕੀਤਾ ਹੈ ਉਹ ਤਾਂ ਉਨ੍ਹਾਂ ਨੂੰ ਪ੍ਰਾਪਤ ਹੋਵੇਗਾ ਹੀ ਇਸ ਤੋਂ ਇਹ ਭਾਵ ਨਹੀਂ ਕਿ ਉਹ ਮਿਹਨਤ ਨਾ ਕਰਨ, ਬੈਠ ਜਾਣ। ਇਸ ਤੋਂ ਉਲਟ ਬੱਚਿਆਂ ਨੂੰ ਮਿਹਨਤ ਦੀ ਆਦਤ ਪਾਉਣੀ ਚਾਹੀਦੀ ਹੈ। ਉਨ੍ਹਾਂ ਦੇ ਜੀਵਨ ਵਿਚ ਮਿਹਨਤ ਦੀ ਮਹੱਤਤਾ ਦਸਣੀ ਚਾਹੀਦੀ ਹੈ। ਵਧੇਰੇ ਮੁਕਾਬਲੇ ,ਵਧੇਰੀਆਂ ਇਛਾਵਾਂ, ਅੱਗੇ ਵਧਣ ਦੀ ਲਾਲਸਾ ਕੋਈ ਬਹੁਤ ਚੰਗੀ ਨਹੀਂ ਬਹੁਤ ਵਾਰੀ ਇਸ ਦੇ ਨਤੀਜੇ ਚੰਗੇ ਨਹੀਂ ਨਿਕਲਦੇ।

ਮੰਦਭਾਗ ਤਾਂ ਇਸ ਗੱਲ ਦਾ ਹੈ ਕਿ ਅਸੀਂ ਤਾਂ ਸਭ ਕੁਝ ਪੱਛਮ ਦਾ ਇਸ ਤਰ੍ਹਾਂ ਲੈ ਲਿਆ ਹੈ ਜਿਵੇਂ ਉਹ ਸਭ ਕੁਝ ਬਹੁਤ ਹੀ ਸ਼ੁਧ ਤੇ ਚੰਗਾ ਹੋਵੇ ਤੇ ਆਪਣਾ ਸਭ ਕੁਝ ਲਾਹ ਕੇ ਸੁੱਟ ਦਿਤਾ। ਪੱਛਮ ਦੀ ਫਿਲੋਸਫੀ ਬਾਹਰੀ ਫਿਲੋਸਫੀ ਹੈ ਬਾਹਰਮੁਖੀ ਹੋਣਾ, ਬਾਹਰ ਦਾ ਪ੍ਰਗਟਾਵਾ, ਅਕਲ ਤੇ ਬੁੱਧੀ ਤੇ ਵਧੇਰੇ ਜ਼ੋਰ ਪਾਇਆ ਜਾਂਦਾ ਹੈ ਦਿਮਾਗ ਦੇ ਵਿਸਥਾਰ ਤੇ ਵਧੇਰੇ ਜ਼ੋਰ ਦਿਤਾ ਜਾਂਦਾ ਹੈ। ਪੂਰਬ ਦੀ ਫਿਲੋਸਫੀ ਵਿਚ ਅੰਦਰ ਦੇ ਗੁਣਾਂ ਨੂੰ ਵਧੇਰੇ ਪ੍ਰਮੁਖਤਾ ਦਿਤੀ ਜਾਂਦੀ ਹੈ, ਮਨ ਦੀ ਸੁਹਿਰਦਤਾ ਨੂੰ ਵਧੇਰੇ ਉਚਾ ਸਮਝਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਬੱਚਿਆਂ ਨੂੰ ਅੰਤਰਮੁਖੀ ਹੋਣਾ ਦਸਿਆ ਜਾਂਦਾ ਸੀ, ਆਪਾ ਚੀਨਣਾ ਸਿਖਾਇਆ ਜਾਂਦਾ ਸੀ, ਮਾਤਾ ਪਿਤਾ ਅਧਿਆਪਕ ਇਹੋ ਦਸਦੇ ਸਨ। ਅੱਜ ਬੱਚੇ ਨੂੰ ਬਾਹਰਮੁਖੀ ਹੋਣਾ ਹੀ ਦਸਿਆ ਜਾਂਦਾ ਹੈ। ਤੁਸੀਂ ਦੇਖੋਗੇ ਛੁਟੀਆਂ ਵਿਚ ਮਾਤਾ ਪਿਤਾ ਬੱਚਿਆਂ ਨੂੰ ਡਰਾਮਾ ਵਰਕਸ਼ਾਪ ਵਿਚ ਭੇਜ ਰਹੇ ਹਨ, ਪੇਂਟਿੰਗ ਸਿਖਣ ਹੋਰ ਮੁਕਾਬਲਿਆਂ ਦੀਆਂ ਤਿਆਰੀਆਂ ਕਰਾ ਰਹੇ ਹਨ। ਇਹ ਨਹੀਂ ਸੁਣਨ ਵਿਚ ਆਉਂਦਾ ਕਿ ਬੱਚੇ ਕਿਸੇ ਯੋਗ ਦੇ ਕੈਂਪ ਤੇ ਗਏ ਹਨ, ਕਿਸੇ ਅਧਿਆਤਮਕ ਥਾਂ ਤੇ ਕੈਂਪ ਲੱਗਾ ਹੈ, ਬੱਚੇ ਉਥੇ ਜਾ ਰਹੇ ਹਨ, ਬਿਲਕੁਲ ਨਹੀਂ। ਦੌੜ ਲੱਗੀ ਹੈ ਹੋਰ ਚੰਗੀ ਸੰਸਾਰਕ ਵਿਦਿਆ ਲੈਣ ਦੀ, ਹੋਰ ਵੱਡੀਆਂ ਨੌਕਰੀਆਂ ਲੈਣ ਦੀ, ਹੋਰ ਵੱਡੇ ਸਟੇਟਸ ਦੀ। ਕੀ ਕੋਈ ਜੀਵਨ ਮਨੋਰਥ ਬਾਰੇ ਸੋਚਦਾ ਹੈ? ਕੀ ਜੀਵਨ ਮਨੋਰਥ ਕੇਵਲ ਰੋਜ਼ੀ ਰੋਟੀ ਕਮਾਉਣਾ ਹੀ ਹੈ? ਕੀ ਜੀਵਨ ਮਨੋਰਥ ਹਉਮੈ ਵਧਾਉਣਾ ਹੈ ਸੰਸਾਰ ਵਿਚ ਅਹੁਦੇ ਲੈ ਕੇ ਵੱਡੇ ਬਣ ਕੇ ਦਿਖਾਉਣਾ ਹੈ? ਜੀਵਨ ਮਨੋਰਥ ਕੀ ਹੈ? ਵਾਹਿਗੁਰੂ ਨੇ ਇਹ ਜੀਵਨ ਕਿਉਂ ਦਿਤਾ? ਅਸੀਂ ਇਸ ਸੰਸਾਰ ਵਿਚ ਕਿਉਂ ਆਏ? ਕੀ ਜੀਵਨ ਖਾ ਪੀ ਕੇ ਐਸ਼ ਕਰਨ ਲਈ ਹੈ?

ਕਤੀਈ ਨਹੀਂ, ਜੀਵਨ ਮਨੋਰਥ ਬਿਲਕੁਲ ਵਖਰਾ ਹੈ, ਅੱਡ ਹੈ। ਵਾਹਿਗੁਰੂ ਨੇ ਸਾਨੂੰ ਬਿਲਕੁਲ ਵਖਰੇ ਮਨੋਰਥ ਲਈ ਭੇਜਿਆ ਹੈ। ਉਹ ਮਨੋਰਥ ਹੈ ਅਸੀਂ ਵਾਹਿਗੁਰੂ ਤੋਂ ਵਿਛੜੇ ਹੋਏ ਹਾਂ ਇਹ ਰੂਹ ਵਾਹਿਗੁਰੂ ਤੋਂ ਵਿਛੜੀ ਹੋਈ ਹੈ, ਨਾਮ ਸਿਮਰਨ ਨਾਲ ਜੁੜ ਕੇ ਉਸ ਦੀ ਪ੍ਰਾਪਤੀ ਕਰਨੀ ਹੈ, ਉਸ ਨੂੰ ਆਪਣੇ ਅੰਦਰ ਖੋਜਣਾ ਹੈ। ਅਸੀਂ ਆਪਣੇ ਕਰਮਾਂ ਕਰਕੇ ਦੂਰ ਹੋ ਗਏ, ਹਉਮੈ ਦਾ ਪੜ੍ਹਦਾ ਪੈ ਗਿਆ, ਅਸੀਂ ਅੰਦਰ ਦੀ ਆਤਮਾ ਨਹੀਂ ਦੇਖ ਸਕਦੇ। ਜੀਵਨ ਮਨੋਰਥ ਹੈ ਨਾਮ ਜਪ ਕੇ ਹਉਮੈ ਦਾ ਪੜ੍ਹਦਾ ਲਹਿ ਜਾਂਦਾ ਹੈ ਤੇ ਆਤਮਾ ਨਾਲ ਮਿਲਾਪ ਹੋ ਜਾਂਦਾ ਹੈ। ਇਸ ਸਭ ਕੁਝ ਤੋਂ ਇਹ ਭਾਵ ਨਹੀਂ ਕਿ ਅਸੀਂ ਨੌਕਰੀਆਂ ਨਾ ਕਰੀਏ, ਪਰਿਵਾਰ ਨਾ ਪਾਲੀਏ, ਪਰਿਵਾਰ ਵਿਚ ਨਾ ਰਹੀਏ, ਪੜ੍ਹੀਏ ਲਿਖੀਏ ਨਾ। ਬਿਲਕੁਲ ਨਹੀਂ। ਭਾਵ ਹੈ ਸੰਸਾਰ ਵਿਚ ਰਹਿ ਕੇ ਸੰਸਾਰ ਦਾ ਸਭ ਕੁਝ ਕਰਨਾ ਹੈ ਪਰ ਜੁੜੇ ਵਾਹਿਗੁਰੂ ਨਾਲ ਰਹਿਣਾ ਹੈ, ਧਿਆਨ ਉਸ ਦੇ ਚਰਨਾਂ ਵਿਚ ਰਖਣਾ ਹੈ। ਸੰਸਾਰ ਵਿਚ ਕਰਮ ਕਰਨੇ ਹਨ ਪਰ ਉਸ ਪ੍ਰਭੂ ਨੂੰ ਸਮਰਪਣ ਕਰ ਦੇਣੇ ਹਨ, ਫਲ ਦੀ ਇੱਛਾ ਨਹੀਂ ਕਰਨੀ, ਫਲ ਵੀ ਉਸ ਇਕ ਨੂੰ ਹੀ ਸਮਰਪਣ ਕਰਨੇ ਹਨ। ਇਕ ਉਹ ਹੀ ਸਤਿ ਹੈ, ਉਹ ਹੀ ਜੀਵਨ ਦਾਤਾ ਹੈ, ਪਾਲਣਹਾਰ ਹੈ, ਪੱਥ ਪਰਦਰਸ਼ਕ ਹੈ ਜੋ ਕੁਝ ਵੀ ਤੁਸੀਂ ਆਪਣੀ ਡਿਊਟੀ ਉਸ ਦਾ ਧਿਆਨ ਧਰ ਕੇ ਕਰੋਗੇ, ਉਹ ਕਦੀ ਵੀ ਗਲਤ ਨਹੀਂ ਹੋ ਸਕਦਾ। ਮਾਤਾ ਪਿਤਾ ਨੂੰ, ਬੱਚਿਆਂ

(ਬਾਕੀ ਪੰਨਾ 79 ਤੇ)

# ਪਿਆਰ ਅਤੇ ਪਰਿਵਾਰਕ ਜੀਵਨ

*ਮੂਲ ਲੇਖਕ ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਜਗਜੀਤ ਸਿੰਘ*

ਅਕਸਰ ਪਤੀ ਆਪਣੀਆਂ ਪਤਨੀਆਂ ਨਾਲ ਸਾਂਝ ਪਾਉਣ ਅਤੇ ਵਿਚਾਰ ਸਾਂਝੇ ਕਰਨ ਲਈ ਸਮਾਂ ਨਹੀਂ ਕੱਢਦੇ। ਉਹ ਆਪਣੇ ਕੰਮ ਵਿਚ ਲੋੜ ਤੋਂ ਵੱਧ ਰੁਝੇ ਰਹਿੰਦੇ ਹਨ ਜਦ ਕਿ ਉਨ੍ਹਾਂ ਦੀਆਂ ਪਤਨੀਆਂ ਘਰ ਉਨ੍ਹਾਂ ਦੀ ਉਡੀਕ ਕਰਦੀਆਂ ਰਹਿੰਦੀਆਂ ਹਨ। ਜਿਸ ਇਸਤ੍ਰੀ ਦਾ ਪਤੀ ਵਿਆਹੁਤਾ ਜੀਵਨ ਵਿਚ ਦਿਲਚਸਪੀ ਨਹੀਂ ਲੈਂਦਾ, ਉਸ ਦੇ ਅੰਦਰ ਭਾਵਨਾਵਾਂ ਦੀ ਅਤ੍ਰਿਪਤੀ ਕਾਰਨ ਉਦਾਸੀਨਤਾ ਪੈਦਾ ਹੋ ਜਾਂਦੀ ਹੈ ਅਤੇ ਉਹ ਵਿਆਹੁਤਾ ਜੀਵਨ ਤੋਂ ਨਿਰਾਸ ਹੋ ਜਾਂਦੀ ਹੈ। ਐਸੀ ਇਸਤਰੀ ਜਦੋਂ ਇਕੱਲ ਮਹਿਸੂਸ ਕਰਨ ਲੱਗ ਪੈਂਦੀ ਹੈ, ਪਤੀ ਨਾਲ ਪਰਸਪਰ ਸਾਂਝ ਅਤੇ ਪਿਆਰ ਨਾ ਹੋਣ ਕਾਰਨ ਉਹ ਜਜ਼ਬਾਤੀ ਵੀ ਹੋ ਸਕਦੀ ਹੈ ਅਤੇ ਉਸਦੇ ਜੀਵਨ ਵਿਚ ਉਲਾਰ ਆ ਜਾਵੇਗਾ ਅਤੇ ਉਹ ਉਲਾਰ ਖਾਣ ਪੀਣ ਵਿਚ ਵੀ ਹੋ ਸਕਦਾ ਹੈ ਜਾਂ ਫਿਰ ਉਹ ਕਿਤੋਂ ਹੋਰ ਤ੍ਰਿਪਤ ਹੋਣਾ ਵੀ ਲੋਚ ਸਕਦੀ ਹੈ। ਜੇ ਕੋਈ ਪਤੀ ਥੱਕ ਟੁੱਟ ਕੇ ਘਰ ਆਉਂਦਾ ਹੈ ਅਤੇ ਆਪਣੀ ਪਤਨੀ ਅਤੇ ਬੱਚਿਆਂ ਤੋਂ ਮੂੰਹ ਮੋੜ ਕੇ ਅਖਬਾਰ ਪੜ੍ਹਨ ਲੱਗ ਪੈਂਦਾ ਹੈ ਜਾਂ ਟੀ. ਵੀ. ਵੇਖਣ ਲੱਗ ਪੈਂਦਾ ਹੈ ਜਾਂ ਸੌਂ ਜਾਂਦਾ ਹੈ ਤਾਂ ਉਸਦੀ ਪਤਨੀ ਇਸ ਰਵੱਈਏ ਨੂੰ ਬੇਰੁਖੀ ਅਤੇ ਧੋਖਾ ਮੰਨੇਗੀ ਕਿਉਂਕਿ ਉਹ ਆਪਣੀ ਪਤਨੀ ਨੂੰ ਘਰ ਪਏ ਨਿਰਜੀਵ ਫਰਨੀਚਰ ਵਾਂਗ ਸਮਝਦਾ ਹੈ। ਇੰਜ ਹੀ ਜੇ ਪਤਨੀ ਆਪਣੇ ਪਤੀ ਦੀਆਂ ਭਾਵਨਾਵਾਂ ਅਤੇ ਉਸ ਦੀਆਂ ਪਸੰਦਾਂ ਅਤੇ ਕਾਰਜਾਂ ਵਿਚ ਦਿਸਚਸਪੀ ਨਹੀਂ ਲੈਂਦੀ ਤਾਂ ਉਹ ਇਹ ਮਹਿਸੂਸ ਕਰੇਗਾ ਕਿ ਉਸ ਦੀ ਪਤਨੀ ਦੀ ਉਸਦੇ ਜੀਵਨ ਵਿਚ ਰੁਚੀ ਨਹੀਂ ਹੈ। ਕੁਝ ਪਤੀ ਕੰਮ ਕਾਜ ਕਾਰਨ ਸਾਰਾ ਦਿਨ ਘਰ ਤੋਂ ਬਾਹਰ ਰਹਿੰਦੇ ਹਨ ਅਤੇ ਆਪਣੀਆਂ ਪਤਨੀਆਂ ਨਾਲ ਕੋਈ ਸਮਾਂ ਸਾਂਝਾ ਨਹੀਂ ਕਰਦੇ। ਉਹ ਇਹ ਨਹੀਂ ਸਮਝਦੇ ਕਿ ਉਨ੍ਹਾਂ ਦੇ ਆਪਸੀ ਸੰਬੰਧਾਂ ਦੀਆਂ ਸਮੱਸਿਆਵਾਂ ਕੀ ਹਨ। ਸਮੱਸਿਆ ਦਾ ਇੱਕ ਪੱਖ ਇਹ ਹੈ ਕਿ ਉਹ ਆਪਸੀ ਸੁਹਿਰਦਤਾ ਅਤੇ ਵਿਚਾਰਾਂ ਦੀ ਪਰਸਪਰ ਸਾਂਝ ਤੋਂ ਖਾਲੀ ਹੁੰਦੇ ਹਨ। ਇਹ ਵੀ ਹੁੰਦਾ ਹੈ ਕਿ ਦੋਵੇਂ ਜੀਅ ਕੰਮ ਤੇ ਜਾਂਦੇ ਹੋਣ ਅਤੇ ਉਨ੍ਹਾਂ ਨੂੰ ਆਪਸੀ ਮਿਲ ਬੈਠਣ ਅਤੇ ਵਿਚਾਰ ਸਾਂਝੇ ਕਰਨ ਦਾ ਸਮਾਂ ਹੀ ਨਾ ਮਿਲਦਾ ਹੋਵੇ।

ਇਸਤ੍ਰੀਆਂ ਨੂੰ ਸਾਥ ਦੀ ਅਤੇ ਖਿਆਲ ਸਾਂਝੇ ਕਰਨ ਦੀ ਲੋੜ ਜਿਵੇਂ ਆਦਮੀ ਸਮਝਦੇ ਹਨ, ਉਸ ਨਾਲੋਂ ਵੱਖਰੇ ਕਿਸਮ ਦੀ ਹੁੰਦੀ ਹੈ। ਕੁਝ ਮਰਦ ਆਪਣੀ ਮਰਦਾਨਗੀ ਦਾ ਪ੍ਰਗਟਾਵਾ ਕਾਮ ਪੂਰਤੀ ਰਾਹੀਂ ਦੱਸਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਹੁੰਦੀ ਕਿ ਆਪਸੀ ਸਾਂਝ ਦਾ ਭਾਵ ਇਸ ਤੋਂ ਕੁਝ ਵੱਖਰੀ ਵਸਤੂ ਹੈ। ਕੇਵਲ ਸਰੀਰਕ ਸੰਬੰਧਾਂ ਨਾਲ ਕਦੀ ਵੀ ਇਸਤ੍ਰੀ ਦੀ ਤ੍ਰਿਪਤੀ ਨਹੀਂ ਹੁੰਦੀ। ਜਦੋਂ ਇਸਤ੍ਰੀਆਂ ਵਿਆਹ ਸੰਬੰਧੀ ਗੱਲਬਾਤ ਕਰਦੀਆਂ ਹਨ ਤਾਂ ਉਹ ਅਕਸਰ ਇਹ ਕਹਿੰਦੀਆਂ ਹਨ ਕਿ ਪਤੀ ਐਸਾ ਹੋਵੇ ਜੋ ਜੀਵਨ ਦਾ ਸਹੀ ਸਾਥੀ ਹੋਵੇ ਜੋ ਜੀਵਨ ਸਾਂਝ ਰਾਹੀਂ ਦੂਜੇ ਸਾਥੀ ਨੂੰ ਸਮਝਣ ਦੀ ਰੁਚੀ ਰੱਖਦਾ ਹੋਵੇ। ਜੇ ਪਤਨੀ ਨੂੰ ਵਿਆਹ ਵਿਚੋਂ ਇਹ ਪ੍ਰਾਪਤੀਆਂ ਨਹੀਂ ਹੁੰਦੀਆਂ ਤਾਂ ਉਸ ਅੰਦਰ ਪ੍ਰਤੀਕਰਮ ਹੋਣਾ ਆਵਸ਼ਕ ਹੈ। ਜੇ ਉਹ ਨਿਰਬਲ ਹੈ ਅਤੇ ਆਰਥਿਕ ਤੌਰ ਤੇ ਸੁਰੱਖਿਅਤ ਨਹੀਂ ਤਾਂ ਉਹ ਭਾਵਨਾਵਾਂ ਨੂੰ ਮਾਰ ਕੇ ਨਿਰਾਸਤਾ ਵਿਚ ਜਾ ਡੁੱਬੇਗੀ ਅਤੇ ਜੇ ਬਲਵਾਨ ਹੈ ਤਾਂ ਉਹ ਆਪਣੇ ਪਤੀ ਨਾਲ ਗੁੱਸੇ ਤੇ ਗਰਮ ਵੀ ਹੋ ਸਕਦੀ ਹੈ। ਇਨ੍ਹਾਂ ਵਿਚੋਂ ਕੋਈ ਵੀ ਪ੍ਰਤੀਕਿਰਿਆ ਵਿਆਹ ਲਈ ਸੁਖਾਵੀਂ ਨਹੀਂ। ਗਰਮਜੋਸ਼ੀ ਵੀ ਐਨੀ ਹੀ ਖਤਰਨਾਕ ਹੈ ਜਿੰਨਾ ਭਾਵਨਾਵਾਂ ਨੂੰ ਦਬਾਉਣਾ। ਆਦਮੀ ਨੂੰ ਆਪਣੀ ਪਤਨੀ ਦੀਆਂ ਗੱਲਾਂ ਸੁਣਨੀਆਂ ਚਾਹੀਦੀਆਂ ਹਨ ਅਤੇ ਉਸ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ ਨਾ ਕਿ ਉਸ ਦੀਆਂ ਰੁਚੀਆਂ ਨੂੰ ਗਲਤ ਦੱਸ ਕੇ ਉਸ ਨੂੰ ਭਾਵਨਾਵਾਂ ਮਾਰਨ ਤੇ ਮਜਬੂਰ ਕੀਤਾ ਜਾਵੇ।

ਆਧੁਨਿਕ ਸਮੇਂ ਦੇ ਬਹੁਤੇ ਵਿਆਹ ਇਸ ਲਈ ਸਫਲ ਨਹੀਂ ਕਿਉਂਕਿ ਉਨ੍ਹਾਂ ਦੀ ਅਧਾਰਸ਼ਿਲਾ ਠੀਕ ਨਹੀਂ ਹੁੰਦੀ। ਜਾਂ ਤਾਂ ਉਨ੍ਹਾਂ ਦਾ ਆਧਾਰ ਦੁਨਿਆਵੀ ਕਾਮਯਾਬੀ ਹੁੰਦਾ ਹੈ ਜਾਂ ਫਿਰ ਸਰੀਰਕ ਖਿੱਚ ਅਤੇ ਸੁੰਦਰਤਾ। ਜੇ ਕੋਈ ਆਪਸੀ ਡੂੰਘੀ ਸਾਂਝ ਨਾ ਹੋਵੇ ਤਾਂ ਕੋਈ ਪਤੀ ਪਤਨੀ ਹਫਤੇ ਵਿਚ ਕਿੰਨੀ ਵਾਰੀ ਕਾਮ ਚੇਸ਼ਟਾ ਕਰਕੇ ਤ੍ਰਿਪਤ ਹੋ ਸਕਦੇ ਹਨ? ਸ਼ੁਰੂ ਸ਼ੁਰੂ ਵਿਚ ਤਾਂ ਇਹ ਸਰੀਰਕ ਸਾਂਝ ਵੀ ਸੁਖਦਾਈ ਹੀ ਲਗਦੀ ਹੈ ਪਰ ਸਮਾਂ ਬੀਤਣ ਤੇ ਜੇ ਕੋਈ ਡੂੰਘੀ ਭਾਵਨਾਤਮ ਸਾਂਝ ਨਾ ਹੋਵੇ ਤਾਂ ਲੋਕੀ ਅੱਕ ਜਾਂਦੇ ਹਨ ਅਤੇ ਉਹ ਸਾਥੀ ਬਦਲਣ ਵਿਚ ਹੀ ਇਸ ਦਾ ਹੱਲ ਭਾਲਦੇ ਹਨ। ਵਿਆਹੁਤਾ ਜੀਵਨ ਲੋਕਾਂ ਨੂੰ ਕਾਮ ਤ੍ਰਿਪਤੀ ਦਾ ਅਰੋਗ ਸਾਧਨ ਬਖਸ਼ ਕੇ ਕਾਮ ਭਾਵਨਾ ਨੂੰ ਨਿਯੰਤਰਣ ਅਤੇ ਸੰਤੁਲਤ ਕਰਨ ਵਿਚ ਸਹਾਇਕ ਸਿੱਧ ਹੋ ਸਕਦਾ ਹੈ, ਜੇ ਉਹ ਇਹ ਸਮਝ ਲੈਣ ਕਿ ਕਾਮ ਭਾਵੇਂ ਮਨੁੱਖ ਦੀ ਸਰੀਰਕ ਲੋੜ ਹੈ ਪਰ ਵਿਆਹੁਤਾ ਜੀਵਨ ਦਾ ਲਕਸ਼ ਇਸ ਲੋੜ ਦੀ ਤ੍ਰਿਪਤੀ ਨਾਲੋਂ ਉਚੇਰਾ ਹੁੰਦਾ ਹੈ।

ਕਈ ਵਾਰੀ ਲੋਕ ਮੈਨੂੰ ਪੁੱਛਦੇ ਹਨ ਕਿ ਵਿਆਹੁਤਾ ਜੀਵਨ ਵਿਚ ਪਤੀ ਅਤੇ ਪਤਨੀ ਕਿਵੇਂ ਇਕ ਦੂਜੇ ਦੇ ਸਹਾਈ ਸਿਧ ਹੋ ਸਕਦੇ ਹਨ। ਵਿਆਹੁਤਾ ਜੀਵਨ ਵਿਚ ਆਪਣੇ ਸਾਥੀ ਦੀ ਸਹਾਇਤਾ ਦੀ ਸਭ ਤੋਂ ਵੱਡੀ ਗੱਲ ਉਸ ਨੂੰ ਸਮਝਣਾ ਅਤੇ ਅਪਨਾਉਣਾ ਹੈ। ਇੱਕ ਦੂਜੇ ਨੂੰ ਆਪਣੀ ਸੁਤੰਤਰ ਹੋਂਦ ਕਾਇਮ ਰੱਖਣ ਦਿਓ ਅਤੇ ਇਸ ਸੁਤੰਤਰ ਸਖਸ਼ੀਅਤ ਨਾਲ ਸਾਂਝ ਪਾ ਕੇ ਖੁਸ਼ ਹੋਵੋ। ਜਦੋਂ ਮੈਂ ਵਿਆਹੁਤਾ ਜੀਵਨ ਬਾਰੇ ਸਾਰੇ ਸੰਸਾਰ ਦਾ ਅਧਿਐਨ ਕੀਤਾ ਤਾਂ ਮੈਨੂੰ

ਬਹੁਤ ਸਾਰੇ ਪਤੀ ਪਤਨੀਆਂ ਤੋਂ ਇਹ ਸੁਣ ਕੇ ਹੈਰਾਨੀ ਹੋਈ ਕਿ ਭਾਵੇਂ ਉਨ੍ਹਾਂ ਨੂੰ ਇਕੱਠਿਆਂ ਰਹਿੰਦਿਆਂ ਚਾਲੀ ਸਾਲ ਹੋ ਗਏ ਸਨ ਪਰ ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਤੇ ਸਮਝਦੇ ਵੀ ਨਹੀਂ ਸਨ। ਇਸ ਤਰ੍ਹਾਂ ਅਕਸਰ ਹੋ ਜਾਂਦਾ ਹੈ ਕਿਉਂਕਿ ਪਤੀ ਕੇਵਲ ਆਪਣੀਆਂ ਇੱਛਾਵਾਂ ਬਾਰੇ ਹੀ ਸੋਚਦਾ ਹੈ, ਪਤਨੀ ਦੇ ਸੁਭਾਅ ਉਸ ਦੀਆਂ ਪਸੰਦਾਂ ਅਤੇ ਉਸ ਦੇ ਵਿਚਾਰਾਂ ਨੂੰ ਸਮਝਣ ਲਈ ਉਸ ਪਾਸ ਸਮਾਂ ਹੀ ਨਹੀਂ। ਪਰ ਜੇ ਉਹ ਉਸਨੂੰ ਸਮਝਦਾ ਹੀ ਨਹੀਂ ਤਾਂ ਉਹ ਉਸ ਦੀ ਸਹਾਇਤਾ ਕੀ ਕਰੇਗਾ ਅਤੇ ਇਸ ਤਰ੍ਹਾਂ ਉਸ ਨੂੰ ਇਸ ਰਿਸ਼ਤੇ ਤੋਂ ਤਸੱਲੀ ਅਤੇ ਰੱਜ ਨਹੀਂ ਹੋਵੇਗਾ।

ਇੱਕ ਦੂਜੇ ਦੀਆਂ ਮਸਨੂਈ ਉਪਰਲੀਆਂ ਖਾਹਸ਼ਾਂ ਪੂਰੀਆਂ ਕਰਨ ਨਾਲੋਂ ਵਿਆਹੁਤਾ ਜੀਵਨ ਦੀ ਸਫਲਤਾ ਲਈ ਕਿਤੇ ਵੱਧ ਉਚੇਰੀ ਤੇ ਜ਼ਰੂਰੀ ਗੱਲ ਇਹ ਹੈ ਕਿ ਆਪਣੇ ਜੀਵਨ ਸਾਥੀ ਨੂੰ ਸਮਝਿਆ ਜਾਵੇ ਅਤੇ ਉਸ ਦੀਆਂ ਭਾਵਨਾਵਾਂ ਨੂੰ ਪ੍ਰਵਾਨ ਕੀਤਾ ਜਾਵੇ। ਜੇ ਤੁਹਾਡੀ ਪਤਨੀ ਨਵੀਂ ਪੁਸ਼ਾਕ ਲੈਣਾ ਚਾਹੁੰਦੀ ਹੈ ਤਾਂ ਤੁਸੀਂ ਇਹ ਵੀ ਕਹਿ ਸਕਦੇ ਹੋ, "ਸਾਡੇ ਪਾਸ ਕਾਫੀ ਧਨ ਹੈ ਜਾਹ ਆਪੇ ਜਾ ਕੇ ਕੋਈ ਸੋਹਣੀ ਪੁਸ਼ਾਕ ਖਰੀਦ ਲੈ" ਪਰ ਇਸ ਨਾਲ ਪਤਨੀ ਦੀ ਤਸੱਲੀ ਨਹੀਂ ਹੋਵੇਗੀ, ਕੇਵਲ ਪੁਸ਼ਾਕ ਖਰੀਦ ਲੈਣੀ ਉਸ ਲਈ ਮਹੱਤਤਾ ਨਹੀਂ ਰੱਖਦੀ। ਉਸਨੂੰ ਤਸੱਲੀ ਇਸ ਵਿਚ ਹੈ ਕਿ ਤੁਸੀਂ ਉਸ ਦੀ ਇੱਛਿਆ ਦੇ ਪਾਲਨ ਵਿਚ ਦਿਸਚਸਪੀ ਰੱਖਦੇ ਹੋ ਅਤੇ ਇਸ ਦੀ ਪੂਰਤੀ ਵਿਚ ਪਿਆਰ ਭਰੇ ਕਦਮ ਚੁੱਕ ਰਹੇ ਹੋ। ਇੰਜ ਹੀ ਪਤਨੀ ਵੀ ਆਪਣੇ ਪਤੀ ਦੀਆਂ ਪਸੰਦਾਂ ਵੱਲ ਧਿਆਨ ਦੇਵੇ ਅਤੇ ਉਨ੍ਹਾਂ ਦੀ ਲੋੜੀਂਦੀ ਸਰਾਹਨਾ ਕਰੇ। ਜੇ ਉਸ ਦੀ ਰੁਚੀ ਖੇਡਾਂ ਵਿਚ ਹੈ ਤਾਂ ਉਸ ਨਾਲ ਪਤਨੀ ਕਿਸੇ ਖੇਲ੍ਹ ਕੂਦ ਵਿਚ ਸ਼ਾਮਿਲ ਵੀ ਹੋ ਸਕਦੀ ਹੈ ਜਾਂ ਘੱਟੋ ਘੱਟ ਉਸ ਦੇ ਉਤਸ਼ਾਹ ਦੀ ਸ਼ਲਾਂਘਾ ਕੀਤੀ ਜਾ ਸਕਦੀ ਹੈ। ਦੋਹਾਂ ਨੂੰ ਇੱਕ ਦੂਜੇ ਦੇ ਗੁਣਾਂ ਵਿਚ ਸਾਂਝ ਪਾਉਣੀ ਚਾਹੀਦੀ ਹੈ, ਉਸ ਵਿਚੋਂ ਅਨੰਦ ਲੈਣਾ ਚਾਹੀਦਾ ਹੈ ਨਾ ਕਿ ਉਸ ਤੋਂ ਡਰ ਦੀ ਭਾਵਨਾ ਜਾਂ ਘਬਰਾਹਟ ਪੈਦਾ ਹੋਣੀ ਚਾਹੀਦੀ ਹੈ।

ਸੁਖਾਵੇਂ ਵਿਆਹੁਤਾ ਜੀਵਨ ਲਈ ਕਈ ਨੁਕਤੇ ਧਿਆਨ ਵਿਚ ਰੱਖਣ ਯੋਗ ਹਨ ਜਿਨ੍ਹਾਂ ਨਾਲ ਵਧੇਰੇ ਪਿਆਰ ਭਰਿਆ ਅਤੇ ਮਜ਼ਬੂਤ ਵਿਆਹੁਤਾ ਜੀਵਨ ਬਸਰ ਹੋ ਸਕਦਾ ਹੈ। ਜਿਹੜੇ ਪਹਿਲਾਂ ਹੀ ਵਿਆਹੁਤਾ ਹਨ, ਉਹ ਇਨ੍ਹਾਂ ਤੇ ਅਮਲ ਕਰਨ ਅਤੇ ਹਾਲਾਤ ਅਨੁਸਾਰ ਇਨ੍ਹਾਂ ਤੋਂ ਸੇਧ ਲੈਣ। ਪਹਿਲਾ ਨਿਯਮ ਇਹ ਹੈ ਕਿ ਕੇਵਲ ਉਹ ਵਿਆਹ ਵਧੇਰੇ ਤਸੱਲੀਬਖਸ਼, ਮਜ਼ਬੂਤ ਅਤੇ ਖੁਸ਼ੀ ਭਰਿਆ ਹੋਵੇਗਾ ਜਿਥੇ ਪਤੀ ਪਤਨੀ ਇਕ ਨਿਸ਼ਾਨੇ ਅਤੇ ਇਕ ਇਰਾਦੇ ਦੇ ਸਾਂਝੀਵਾਲ ਹੋਣ। ਕਿਸੇ ਇਕ ਨੁਕਤੇ ਤੇ ਉਹ ਮਿਲ ਕੇ ਬੈਠ ਸਕਦੇ ਹਨ ਅਤੇ ਆਪਣੇ ਪਹਿਲਾਂ ਕੀਤੇ ਫੈਸਲੇ ਤੇ ਪੁਨਰ ਵੀਚਾਰ ਵੀ ਕਰ ਸਕਦੇ ਹਨ। "ਜਦੋਂ ਸਾਡਾ ਵਿਆਹ ਹੋਇਆ ਸੀ ਤਾਂ ਅਸੀਂ ਇਹ ਨਿਰਣਾ ਬੜੀ ਸੁਹਿਰਦਤਾ ਸਹਿਤ ਲਿਆ ਸੀ। ਹੁਣ ਅਸੀਂ ਜ਼ਿੰਦਗੀ ਦੇ ਕਿਸੇ ਵਧੇਰੇ ਜ਼ਰੂਰੀ ਅਤੇ ਮਹੱਤਵਪੂਰਨ ਨਿਸ਼ਾਨੇ ਵੱਲ ਵੱਧਣ ਲਈ ਕਿਰਿਆਸ਼ੀਲ ਹੋਈਏ। ਇਕ ਦੂਜੇ ਨਾਲ ਮਿਲ ਕੇ ਚੱਲੀਏ, ਸਾਂਝੀਵਾਲ ਬਣੀਏ, ਇੱਕ ਦੂਜੇ ਦੀ ਮਦਦ ਕਰੀਏ ਅਤੇ ਇਕ ਦੂਜੇ ਦੇ ਗੁਣਾਂ ਦੀ ਸਰਾਹਨਾ ਕਰੀਏ ਤਾਂ ਕਿ ਇਹ ਸ਼ਾਦੀ ਬੜੀ ਸੁਹਿਰਦ ਅਤੇ ਪਿਆਰ ਭਰੀ ਹੋ ਨਿਬੜੇ।" ਦੂਜਾ ਨਿਯਮ ਇਹ ਹੈ ਕਿ ਦੋਵੇਂ ਹਿਸੇਦਾਰ ਇੱਕ ਦੂਜੇ ਨੂੰ ਬਰਾਬਰ ਸਮਝਣ। ਇਸ ਤਰ੍ਹਾਂ ਵਿਆਹੁਤਾ ਜੀਵਨ ਦੋਸਤੀ ਵਿਚ ਬਦਲ ਸਕਦਾ ਹੈ ਜੇ ਦੋਹਾਂ ਵਿਚ ਕੋਈ ਵੀ ਆਪਣੇ ਆਪ ਨੂੰ ਦੂਜੇ ਤੋਂ ਵਧੇਰੇ ਚੰਗਾ ਜਾਂ ਨੀਵਾਂ ਨਾ ਮੰਨੇ। ਇਕ ਜੋੜੀ ਨੂੰ ਬਰਾਬਰੀ ਦੇ ਦਰਜੇ ਨਾਲ ਵਿਆਹ ਕਰਵਾਉਣਾ ਅਤੇ ਇਕੱਠੇ ਰਹਿਣਾ ਚਾਹੀਦਾ ਹੈ ਨਾ ਕਿ ਛੋਟੇ ਵੱਡੇ ਰੁਤਬੇ ਨਿਰਧਾਰਿਤ ਕਰਕੇ ਜਾਂ ਮੰਨ ਕੇ। ਮੈਂ ਅਕਸਰ ਲੋਕਾਂ ਨੂੰ ਕਹਿੰਦਾ ਹਾਂ ਕਿ ਜੇ ਉਹ ਆਪਣੇ ਜੀਵਨ ਸਾਥੀ ਨੂੰ ਬਰਾਬਰ ਨਹੀਂ ਸਮਝਦੇ ਤਾਂ ਉਨ੍ਹਾਂ ਦੀ ਆਪਣੀ ਦ੍ਰਿਸ਼ਟੀ ਵਿਚ ਕੋਈ ਨੁਕਸ ਹੈ। ਵਿਆਹ ਦਾ ਆਧਾਰ ਪਿਆਰ ਅਤੇ ਪ੍ਰਵਾਨਤਾ ਹੈ ਜਿਹੜੀ ਦੋ ਬਰਾਬਰ ਦੇ ਸਾਥੀਆਂ ਵਿਚ ਹੀ ਸੰਭਵ ਹੈ।

ਵਿਆਹ ਦੇ ਪਹਿਲੇ ਸਾਲ ਵਿਚ ਪਤੀ ਪਤਨੀ ਵਿਚ ਇੱਕ ਦੂਜੇ ਉੱਤੇ ਭਾਰੂ ਹੋਣ ਦੀ ਜਦੋ ਜਹਿਦ ਚਲਦੀ ਹੈ ਤਾਕਿ ਉਸ ਦਾ ਦਬਾਉ (ਰਹੁਬ) ਦੂਜੇ ਉਤੇ ਬਣਿਆ ਰਵੇ। ਦੋਵੇਂ ਆਪਣੇ ਮਿੱਤਰਾਂ ਨੂੰ ਅਕਸਰ ਕਹਿੰਦੇ ਹਨ, "ਉਹ ਮੇਰਾ ਪਤੀ ਹੈ, ਉਸ ਨੂੰ ਮੇਰੀ ਗੱਲ ਸੁਣਨੀ ਤੇ ਮੰਨਣੀ ਚਾਹੀਦੀ ਹੈ," ਜਾਂ "ਉਹ ਮੇਰੀ ਪਤਨੀ ਹੈ, ਉਸ ਨੂੰ ਉਹ ਕਰਨਾ ਚਾਹੀਦਾ ਹੈ ਜੋ ਮੈਂ ਕਹਾਂ।" ਇਸ ਤਰ੍ਹਾਂ ਉਹ ਇੱਕ ਦੂਜੇ ਉੱਪਰ ਆਪਣੀ ਸਖਸ਼ੀਅਤ ਥੋਪਣਾ ਚਾਹੁੰਦੇ ਹਨ। ਉਹ ਅਣਸੁਰੱਖਿਅਤ ਦ੍ਰਿਸ਼ਟੀ ਵਿਚ 'ਹਉਮੈ' ਵਿਚ ਵਿਚਰਦੇ ਅਜਿਹਾ ਕਰਦੇ ਹਨ ਕਿਉਂਕਿ ਹੁਣ ਤੱਕ ਇਕੱਲਿਆ ਰਹਿੰਦਿਆਂ ਉਹ ਆਪਣੀਆਂ ਹਉਂ ਵਾਦੀ ਰੁਚੀਆਂ ਦੀ ਪੂਰਤੀ ਲਈ ਹੀ ਕਿਰਿਆਸ਼ੀਲ ਰਹੇ ਹੁੰਦੇ ਹਨ। ਜੇ ਇਹ ਭਾਵਨਾ ਬਣੀ ਰਵੇ ਤਾਂ ਆਖਰ ਇੱਕ ਦੂਜੇ ਨਾਲ ਮਿਲ ਕੇ, ਸਾਂਝ ਪਾ ਕੇ ਰਹਿਣਾ ਮੁਸ਼ਕਲ ਹੋ ਜਾਵੇਗਾ। ਜੇ ਪਤੀ ਦਾ ਕੋਈ ਮਿੱਤਰ ਹੈ ਤਾਂ ਪਤਨੀ ਉਸ ਦੀ ਨੁਕਤਾਚੀਨ ਹੋ ਜਾਵੇਗੀ ਜਾਂ ਜੇ ਪਤਨੀ ਦੇ ਕੋਈ ਮਿੱਤਰ ਹਨ ਤਾਂ ਪਤੀ ਉਨ੍ਹਾਂ ਪ੍ਰਤੀ ਨਫਰਤ ਦੀ ਭਾਵਨਾ ਰੱਖਣ ਲੱਗ ਪਵੇਗਾ। ਇਸ ਤਰ੍ਹਾਂ ਦੋਵੇਂ ਆਪਣੀਆਂ ਭਾਵਨਾਵਾਂ ਅਤੇ ਸਖਸ਼ੀਅਤਾਂ ਨੂੰ ਦੂਜੇ ਉੱਤੇ ਥੋਪਣਾ ਚਾਹੁੰਦੇ ਹਨ ਤਾਕਿ ਉਹ ਦੂਜੇ ਨੂੰ ਆਪਣੇ ਕਾਬੂ ਵਿਚ ਰੱਖ ਸਕਣ, ਕੋਈ ਵੀ ਦੂਜੇ ਨਾਲ ਸਾਂਝ ਪਾਉਣ ਅਤੇ ਉਸ ਦੀ ਸੁਤੰਰਤਾ ਨੂੰ ਪਰਵਾਨ ਕਰਨ ਲਈ ਤਿਆਰ ਨਹੀਂ ਹੁੰਦਾ। ਇੱਕ ਦੂਜੇ ਉੱਤੇ ਕਾਬੂ ਪਾਉਣ ਦੀ ਭਾਵਨਾ ਤੋਂ ਬਚਣ ਲਈ ਜ਼ਰੂਰੀ ਹੈ ਕਿ ਇਕ ਦੂਜੇ ਨੂੰ ਸ਼ੁਰੂ ਤੋਂ ਵੀ ਸਮਝਿਆ ਜਾਵੇ, "ਅਸੀਂ ਇਕ ਦੂਜੇ ਨੂੰ ਬਰਾਬਰ ਮੰਨਦੇ ਹਾਂ, ਆਉ ਇਕ ਦੂਜੇ ਦੀਆਂ ਪਸੰਦਾਂ ਦੀ ਸਰਾਹਨਾ ਕਰੀਏ ਅਤੇ ਇਕ ਦੂਜੇ ਨੂੰ ਪਰਵਾਨ ਕਰੀਏ।" ਆਪਣੇ ਸਾਥੀ ਨੂੰ ਇਹ ਸ਼ਬਦ ਕਹਿਣ ਤੋਂ ਸੰਕੋਚ ਕਰੋ, "ਮੈਨੂੰ

(ਬਾਕੀ ਪੰਨਾ 80 ਤੇ)

# ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਸਾਖੀਆਂ

## ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ

ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਸਫਰ ਕਰਦੇ ਕੁਝ ਦਿਨਾਂ ਪਿਛੋਂ ਇਕ ਨਗਰ ਵਿਚ ਪਹੁੰਚੇ। ਬਰਸਾਤ ਦਾ ਮੌਸਮ ਸ਼ੁਰੂ ਹੋ ਜਾਣ ਕਾਰਨ ਮਰਦਾਨੇ ਦੇ ਕਹਿਣ ਤੇ ਨਗਰ ਤੋਂ ਬਾਹਰਵਾਰ ਇਕ ਪੁਰਾਣੇ ਜਿਹੇ ਕੋਠੇ ਵਿਚ ਡੇਰਾ ਲਾ ਲਿਆ। ਨਗਰ ਤੋਂ ਇਹ ਡੇਢ ਮੀਲ ਬਾਹਰ ਥਾਂ ਸੀ। ਨਗਰ ਵਿਚ ਇਕ ਪ੍ਰਭੂ ਭਗਤ ਖਤਰੀ ਰਹਿੰਦਾ ਸੀ ਜਿਸ ਨੇ ਸੁਣਿਆ ਕਿ ਕੋਈ ਸੰਤ ਮਹਾਂਪੁਰਸ਼ ਬਾਹਰ ਕੁਟੀਆ ਵਿਚ ਆਇਆ ਹੈ ਜੋ ਬੜੀ ਸੋਹਣੀ ਸੁਰੀਲੀ ਅਵਾਜ਼ ਵਿਚ ਕੀਰਤਨ ਕਰਦਾ ਹੈ। ਉਹ ਖਿਚਿਆ ਹੋਇਆ ਆਇਆ। ਉਹਨੂੰ ਕੀਰਤਨ ਦਾ ਇਤਨਾ ਅਨੰਦ ਆਇਆ ਕਿ ਉਹਨੇ ਰੋਜ਼ ਹੀ ਆਉਣਾ ਸ਼ੁਰੂ ਕਰ ਦਿਤਾ। ਸਵੇਰੇ ਸ਼ਾਮ ਉਹਦੀ ਪ੍ਰਭੂ ਵਿਚ ਲਿਵ ਲੱਗ ਗਈ ਤੇ ਉਹਨੇ ਨਾਮ ਸਿਮਰਨ ਦੀ ਦਾਤ ਪ੍ਰਾਪਤ ਕਰ ਲਈ।

ਉਸੇ ਪਿੰਡ ਦਾ ਇਕ ਦੁਕਾਨਦਾਰ ਉਸ ਖਤਰੀ ਨੂੰ ਪੁਛਣ ਲੱਗਾ ਕਿ ਰੋਜ਼ ਕਿਥੇ ਜਾਂਦਾ ਏ? ਖਤਰੀ ਨੇ ਦਸਿਆ ਕਿ ਰੱਬ ਤਕ ਪਹੁੰਚਿਆ ਇਕ ਸੰਤ ਬਾਹਰ ਕੁਟੀਆ ਵਿਚ ਆਇਆ ਹੈ, ਉਹਦਾ ਕੀਰਤਨ ਸੁਣਨ ਜਾਂਦਾ ਹਾਂ। ਬੜਾ ਆਨੰਦ ਆਉਂਦਾ ਹੈ। ਦੁਕਾਨਦਾਰ ਉਹਦੇ ਪਿਛੇ-ਪਿਛੇ ਇਧਰ ਨੂੰ ਤੁਰ ਪਿਆ ਪਰ ਰਾਹ ਵਿਚ ਉਹ ਦੂਜੀ ਡੰਡੀ ਪੈ ਗਿਆ ਤੇ ਮਾੜੇ ਲੋਕਾਂ ਦੀ ਇਕ ਢਾਣੀ ਪਾਸ ਜਾ ਪਹੁੰਚਿਆ। ਉਨ੍ਹਾਂ ਨੇ ਮਾੜੇ ਕੰਮਾਂ ਦਾ ਸਵਾਦ ਪਾ ਦਿਤਾ ਤੇ ਉਹ ਰੋਜ਼ਾਨਾ ਉਧਰ ਜਾਣ ਲਗ ਪਿਆ।

ਇਕ ਦਿਨ ਦੋਵੇਂ ਫਿਰ ਮਿਲੇ। ਖਤਰੀ ਆਖੇ ਕਿ ਮੈਨੂੰ ਤਾਂ ਕੀਰਤਨ ਤੇ ਸੰਤ ਬਚਨ ਸੁਣ ਕੇ ਬੜਾ ਆਨੰਦ ਆਉਂਦਾ ਹੈ। ਦੁਕਾਨਦਾਰ ਆਖੇ ਕਿ ਮੈਨੂੰ ਤੇਰੇ ਨਾਲੋਂ ਵੀ ਵੱਧ ਆਨੰਦ ਆਉਂਦਾ ਹੈ। ਦੋਹਾਂ ਨੇ ਰਾਹ ਵਿਚ ਮਿਲਣ ਤੇ ਵੱਧ ਆਨੰਦ ਦੀ ਪਰਖ ਕਰਨ ਦਾ ਫੈਸਲਾ ਕੀਤਾ। ਦੁਕਾਨਦਾਰ ਪਹਿਲਾਂ ਨਿਸ਼ਚਿਤ ਥਾਂ ਤੇ ਆ ਗਿਆ। ਵਿਹਲੇ ਬੈਠੇ ਨੇ ਧਰਤੀ ਖੋਦਣੀ ਸ਼ੁਰੂ ਕਰ ਦਿਤੀ। ਉਹਨੂੰ ਇਕ ਮੋਹਰ ਲੱਭੀ। ਲਾਲਚ ਵਧ ਗਿਆ ਤੇ ਧਰਤੀ ਹੋਰ ਪੁਟੀ ਤਾਂ ਹੇਠੋਂ ਇਕ ਮਟਕਾ ਨਿਕਲਿਆ ਪਰ ਉਸ ਵਿਚ ਕੋਲੇ ਭਰੇ ਹੋਏ ਸਨ। ਇਤਨੇ ਵਿਚ ਖਤਰੀ ਵੀ ਆ ਗਿਆ। ਉਹਦੇ ਪੈਰ ਵਿਚ ਕੰਡਾ ਚੁੱਭ ਗਿਆ ਸੀ ਤੇ ਉਹ ਲੰਗੜਾ ਕੇ ਤੁਰ ਰਿਹਾ ਸੀ। ਦੁਕਾਨਦਾਰ ਕਹਿਣ ਲੱਗਾ ਕਿ ਮੇਰੇ ਵਾਲੇ ਪਾਸੇ ਜਾਣ ਨਾਲ ਮੋਹਰਾਂ ਮਿਲਦੀਆਂ ਹਨ ਤੇ ਤੇਰੇ ਪਾਸੇ ਜਾਣ ਨਾਲ ਕੰਡੇ ਚੁਭਦੇ ਹਨ। ਇਹ ਗੱਲ ਕੀ ਹੋਈ? ਬਹਿਸ ਪਿਛੋਂ ਦੋਵੇਂ ਇਹ ਭੇਦ ਜਾਣਨ ਲਈ ਗੁਰੂ ਨਾਨਕ ਦੇਵ ਜੀ ਪਾਸ ਗਏ।

ਗੁਰੂ ਜੀ ਨੇ ਮੁਸਕਰਾਂਦਿਆਂ ਦਸਿਆ ਕਿ ਦੁਕਾਨਦਾਰ ਨੇ ਕਿਸੇ ਨੂੰ ਇਕ ਮੋਹਰ ਚੰਗੇ ਕੰਮ ਲਈ ਦਿਤੀ ਸੀ ਤੇ ਉਹਦੀਆਂ ਹਜ਼ਾਰਾਂ ਮੋਹਰਾਂ ਬਣਦੀਆਂ ਗਈਆਂ ਪਰ ਜਦ ਮਾੜੇ ਕੰਮ ਸ਼ੁਰੂ ਹੋ ਗਏ ਤਾਂ ਸਭ ਮੋਹਰਾਂ ਕੋਲੇ ਹੋ ਗਈਆਂ। ਸਿਰਫ ਉਹੀ ਇਕ ਮੋਹਰ ਬਾਕੀ ਬਚ ਗਈ ਜੋ ਚੰਗੇ ਕੰਮ ਲਈ ਦਿਤੀ ਸੀ। ਫਿਰ ਖਤਰੀ ਨੂੰ ਸੰਬੋਧਨ ਕਰਕੇ ਕਹਿਣ ਲੱਗੇ ਕਿ ਤੂੰ ਪਿਛਲੇ ਜਨਮ ਵਿਚ ਅਜਿਹੇ ਕੰਮ ਕੀਤੇ ਸਨ ਕਿ ਤੂੰ ਇਸ ਦੇ ਫਲ ਵਜੋਂ ਸੂਲੀ ਤੇ ਚੜ੍ਹਨਾ ਸੀ ਪਰ ਇਸ ਜਨਮ ਵਿਚ ਤੂੰ ਪ੍ਰਭੂ ਭਗਤੀ ਵਲ ਆ ਗਿਆ ਤੇ ਵਾਹਿਗੁਰੂ ਨਾਲ ਪਿਆਰ ਪਾ ਲਿਆ, ਉਹ ਸੂਲੀ ਦੀ ਸਜ਼ਾ ਘਟਦੀ ਗਈ ਤੇ ਅਖੀਰ ਕੰਡਾ ਬਣ ਕੇ ਚੁਭਣ ਤਕ ਦੀ ਸਜ਼ਾ ਹੀ ਰਹਿ ਗਈ। ਦੋਵੇਂ ਇਹ ਸੁਣ ਕੇ ਗੁਰੂ ਜੀ ਦੇ ਪੈਰੀ ਪੈ ਗਏ।

## ਲੱਖਾਂ ਪਾਤਾਲ ਲੱਖਾਂ ਆਕਾਸ਼

ਮਿਸਰ ਦੇਸ਼ ਤੋਂ ਵਾਪਸ ਆਉਂਦੇ ਹੋਏ, ਗੁਰੂ ਜੀ ਬਗਦਾਦ ਸ਼ਹਿਰ ਦੇ ਬਾਹਰ, ਇਕ ਖੁਲ੍ਹੀ ਥਾਂ ਦੇਖ ਕੇ, ਰਾਤ ਕੱਟਣ ਲਈ ਬੈਠ ਗਏ। ਜਦੋਂ ਸ਼ਹਿਰ ਦੇ ਲੋਕਾਂ ਨੂੰ ਪਤਾ ਲੱਗਾ

ਕਿ ਉਹ ਫਕੀਰ ਜਿਸ ਨੇ ਮੱਕੇ ਵਿਚ ਜ਼ਾਹਿਰ ਕਲਾ ਦਿਖਾਈ ਸੀ, ਆਪਣੇ ਮੁਰੀਦ ਨਾਲ ਸ਼ਹਿਰ ਤੋਂ ਬਾਹਰ ਬੈਠਾ ਸੀ ਤਾਂ ਉਹ ਇੱਕਠੇ ਹੋ ਕੇ ਸ਼ਹਿਰ ਤੋਂ ਬਾਹਰ ਬੈਠਾ ਸੀ ਤਾਂ ਉਹ ਇੱਕਠੇ ਹੋ ਕੇ ਸ਼ਹਿਰ ਦੇ ਕਾਜ਼ੀ ਪਾਸ ਗਏ। ਕਾਜ਼ੀ ਦੇ ਹਿਸਾਬ ਮੁਤਾਬਿਕ, ਇਸ ਤਰ੍ਹਾਂ ਦੇ ਕਾਫ਼ਰ ਹਿੰਦੂ ਨੂੰ ਪੱਥਰ ਮਾਰ ਕੇ ਮਾਰ ਦੇਣਾ ਬੜਾ ਨੇਕ ਕੰਮ ਸੀ। ਉਸ ਨੇ ਆਪਣੇ ਕੁਝ ਮੁਰੀਦਾਂ ਨੂੰ ਨਾਲ ਲਿਆ ਅਤੇ ਗੁਰੂ ਜੀ ਨੂੰ ਮਾਰਨ ਲਈ ਚਲ ਪਿਆ। ਅੱਗੇ ਜਾ ਕੇ ਉਨ੍ਹਾਂ ਦੇਖਿਆ ਕਿ ਗੁਰੂ ਜੀ ਕੀਰਤਨ ਕਰ ਰਹੇ ਸਨ ਜਿਹੜਾ ਉਨ੍ਹਾਂ ਦੇ ਅਸੂਲਾਂ ਦੇ ਉਲਟ ਸੀ। ਉਨ੍ਹਾਂ ਦੇ ਕਨਮੀਂ ਜਦੋਂ ਸ਼ਬਦ ਦੀ ਅਵਾਜ਼ ਪਈ ਤਾਂ ਉਨ੍ਹਾਂ ਵਿਚ ਹਿੰਮਤ ਨਾ ਰਹੀ ਕਿ ਉਹ ਗੁਰੂ ਜੀ ਨੂੰ ਪੱਥਰ ਮਾਰ ਸਕਣ। ਉਹ ਸੁੰਨ ਹੋ ਕੇ ਇਕ ਦੂਜੇ ਵਲ ਤੱਕਣ ਲੱਗੇ ਅਤੇ ਪੱਥਰ ਉਨ੍ਹਾਂ ਹੱਥੋਂ ਡਿੱਗ ਪਏ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ, ਉਸ ਮਾਲਕ ਦੇ ਗੁਣ ਗਾਉਣ ਲਈ ਰਾਗ ਬੁਰਾ ਨਹੀਂ, ਪਰ ਉਹ ਰਾਗ ਬੁਰਾ ਹੈ ਜਿਸ ਦੇ ਗਾਉਣ ਨਾਲ ਮਨ ਉਪਰ ਸ਼ੈਤਾਨ ਦਾ ਭੂਤ ਸਵਾਰ ਹੋ ਜਾਵੇ। ਉਨ੍ਹਾਂ ਗੁਰੂ ਜੀ ਪਾਸੋਂ ਆਪਣੀ ਭੁੱਲ ਦੀ ਮੁਆਫੀ ਮੰਗੀ ਅਤੇ ਬੇਨਤੀ ਕਰ ਕੇ ਆਪਣੇ ਨਾਲ ਸ਼ਹਿਰ ਲੈ ਗਏ।

ਦੂਜੀ ਸਵੇਰ, ਗੁਰੂ ਜੀ ਨੇ ਇਸ਼ਨਾਨ ਕਰਨ ਪਿਛੋਂ ਜਪੁਜੀ ਸਾਹਿਬ ਦਾ ਪਾਠ ਕੀਤਾ। ਤੁਰਦੇ ਫਿਰਦੇ ਬਗਦਾਦ ਦੇ ਪੀਰ ਜਲਾਲ ਦੀਨ ਦੇ ਕੰਨੀਂ ਇਹ ਅਵਾਜ਼ ਪੈ ਗਈ –

***ਪਾਤਾਲ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥***

*ਪੰਨਾ - 5*

ਉਸ ਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ। ਗੁਰੂ ਜੀ ਦਾ ਪਾਠ ਸਮਾਪਤ ਹੋਣ ਉਪਰੰਤ ਕਹਿਣ ਲੱਗਾ, "ਫਕੀਰ ਜੀ! ਤੁਸੀਂ ਕਹਿੰਦੇ ਹੋ ਕਿ ਲੱਖਾਂ ਪਾਤਾਲ ਅਤੇ ਲੱਖਾਂ ਅਕਾਸ਼ ਹਨ ਪਰ ਸਾਡੇ ਪੈਗੰਬਰ ਨੇ ਤਾਂ ਸਾਨੂੰ ਸੱਤ ਪਾਤਾਲ ਅਤੇ ਸੱਤ ਅਕਾਸ਼ ਦੱਸੇ ਹਨ। ਤੁਸੀਂ ਇਹ ਝੂਠ ਕਹਿੰਦੇ ਹੋ। ਗੁਰੂ ਜੀ ਨੇ ਪੀਰ ਜਲਾਲਦੀਨ ਨੂੰ ਕਿਹਾ, "ਤੁਹਾਡੇ ਪੈਗੰਬਰ ਗਲਤ ਨਹੀਂ। ਉਨ੍ਹਾਂ ਨੂੰ ਸੱਤ ਅਕਾਸ਼ ਅਤੇ ਸੱਤ ਪਾਤਾਲ ਨਜ਼ਰ ਆਏ, ਉਨ੍ਹਾਂ ਸੱਤ ਕਹਿ ਦਿਤੇ। ਮੈਨੂੰ ਲੱਖਾਂ ਨਜ਼ਰ ਆਉਂਦੇ ਹਨ, ਇਸ ਲਈ ਮੈਂ ਲੱਖਾਂ ਕਹਿੰਦਾ ਹਾਂ। ਪੀਰ ਜਲਾਲਦੀਨ ਨੇ ਕਿਹਾ, "ਜਦੋਂ ਤਕ ਤੁਸੀਂ ਦਿਖਾ ਨਹੀਂ ਦਿੰਦੇ, ਮੈਂ ਆਪ ਦੇ ਕਹਿਣ ਉਪਰ ਕਿਵੇਂ ਯਕੀਨ ਕਰ ਲਵਾਂ?" ਗੁਰੂ ਜੀ ਨੇ ਕਿਹਾ, "ਜਿਸ ਉਪਰ ਤੈਨੂੰ ਯਕੀਨ ਹੋਵੇ ਤੂੰ ਉਸ ਨੂੰ ਮੇਰੇ ਨਾਲ ਭੇਜ ਦੇ। ਮੈਂ ਉਸ ਨੂੰ ਦਿਖਾ ਦੇਵਾਂਗਾ ਤਾਂ ਤੈਨੂੰ ਇਨ੍ਹਾਂ ਦਾ ਯਕੀਨ ਹੋ ਜਾਵੇਗਾ।"

ਗੁਰੂ ਜੀ ਦੇ ਕਹਿਣ ਉਪਰ, ਪੀਰ ਜਲਾਲਦੀਨ ਨੇ ਆਪਣੇ ਪੁੱਤਰ ਜੁਲ ਜੁਲਾਲ ਨੂੰ ਗੁਰੂ ਜੀ ਦੇ ਨਾਲ ਜਾਣ ਲਈ ਤਿਆਰ ਕੀਤਾ। ਜਦੋਂ ਸ਼ਹਿਰ ਦੇ ਲੋਕਾਂ ਨੂੰ ਪਤਾ ਲੱਗਾ ਕਿ ਹਿੰਦ ਤੋਂ ਆਏ ਫਕੀਰ ਨੇ ਪੀਰ ਦੇ ਲੜਕੇ ਨੂੰ ਲੱਖਾਂ ਪਾਤਾਲ ਅਤੇ ਲੱਖਾਂ ਅਕਾਸ਼ ਦਿਖਾਉਣ ਲਈ ਲੈ ਕੇ ਜਾਣਾ ਸੀ ਤਾਂ ਉਸ ਦੇ ਘਰ ਵਿਚ ਬਹੁਤ ਇਕੱਠ ਹੋ ਗਿਆ। ਲੋਕੀਂ ਆਪਣੀ ਅੱਖੀਂ ਇਹ ਸਭ ਕੁਝ ਦੇਖਣਾ ਚਾਹੁੰਦੇ ਸਨ। ਗੁਰੂ ਜੀ ਨੇ ਪੀਰ ਦੇ ਲੜਕੇ ਨੂੰ ਕਿਹਾ, "ਅੱਖਾਂ ਮੀਟ।" ਜਦ ਉਸ ਨੇ ਅੱਖਾਂ ਮੀਟੀਆਂ ਤਾਂ ਗੁਰੂ ਜੀ ਅਤੇ ਪੀਰ ਦਾ ਲੜਕਾ ਉਸ ਇਕੱਠ ਵਿਚੋਂ ਗੁੰਮ ਹੋ ਗਏ। ਥੋੜ੍ਹੇ ਸਮੇਂ ਪਿਛੋਂ ਉਹ ਫਿਰ ਪਰਤ ਆਏ। ਗੁਰੂ ਜੀ ਨੇ ਉਸ ਨੂੰ ਲੱਖਾਂ ਪਾਤਾਲ ਅਤੇ ਅਕਾਸ਼ ਦਿਖਾ ਕੇ ਲੈ ਆਂਦਾ। ਲੜਕੇ ਦੇ ਹੱਥ ਵਿਚ ਇਕ ਲੱਕੜੀ ਦਾ ਕੌਲਾ ਪ੍ਰਸ਼ਾਦ ਦਾ ਭਰਿਆ ਹੋਇਆ ਸੀ। ਪੀਰ ਦੇ ਲੜਕੇ ਨੇ ਦਸਿਆ, "ਮੈਨੂੰ ਲੱਖਾਂ ਅਕਾਸ਼ ਅਤੇ ਪਾਤਾਲ ਹੋਣ ਦਾ ਯਕੀਨ ਆ ਗਿਆ ਹੈ। ਮੈਂ ਇਸ ਕੌਲੇ ਵਿਚ ਹਰ ਥਾਂ ਤੋਂ ਥੋੜ੍ਹਾ-ਥੋੜ੍ਹਾ ਪ੍ਰਸ਼ਾਦ ਪਾਉਂਦਾ ਰਿਹਾ। ਥੋੜ੍ਹੇ-ਥੋੜ੍ਹੇ ਪ੍ਰਸ਼ਾਦ ਨਾਲ ਹੀ ਇਹ ਕੌਲਾ ਭਰ ਗਿਆ। ਮੈਂ ਦੇਖਦਾ ਦੇਖਦਾ ਥੱਕ ਗਿਆ। ਅੰਤ ਵਿਚ ਮੈਂ ਫਕੀਰ ਨੂੰ ਵਾਪਸ ਮੁੜਨ ਲਈ ਬੇਨਤੀ ਕੀਤੀ। ਫਕੀਰ ਦੇ ਕਹਿਣ ਉਪਰ ਅੱਖਾਂ ਖੋਲ੍ਹੀਆਂ ਅਤੇ ਦੇਖਿਆ ਕਿ ਮੈਂ ਫਿਰ ਇਸ ਇਕੱਠ ਵਿਚ ਖੜ੍ਹਾ ਹਾਂ ਅਤੇ ਪ੍ਰਸ਼ਾਦ ਦਾ ਕੌਲਾ ਮੇਰੇ ਹੱਥ ਵਿਚ ਹੈ। ਪ੍ਰਸ਼ਾਦ ਅਜੇ ਵੀ ਗਰਮ ਹੈ।"

***ਸੰਤੋਖ ਸਿੰਘ ਜਗਦੇਵ***

## ਠੱਗਾਂ ਨੂੰ ਗਿਆਨ ਦੇ ਕੇ ਤਾਰ ਦਿਤਾ

ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਜਗਤ ਨੂੰ ਤਾਰਨ ਲਈ ਜਦ ਅਗਲੇ ਸਫਰ ਤੇ ਚਲ ਪਏ ਤਾਂ ਰਸਤੇ ਵਿਚ ਠੱਗਾਂ ਦੇ ਇਕ ਟੋਲੇ ਨੇ ਘੇਰ ਲਿਆ ਤੇ ਕਿਹਾ ਕਿ ਜੋ ਕੁਝ ਤੁਹਾਡੇ ਪਾਸ ਹੈ ਉਹ ਦੇ ਦਿਓ ਨਹੀਂ ਤੇ ਤੁਹਾਨੂੰ ਮਾਰ ਦਿਆਂਗੇ। ਮਰਦਾਨਾ ਗੱਲ ਸੁਣ ਕੇ ਕੁਝ ਘਬਰਾਇਆ ਪਰ ਗੁਰੂ ਜੀ ਸ਼ਾਂਤ ਚਿੱਤ ਉਨ੍ਹਾਂ ਦੀ ਗੱਲ ਸੁਣ ਕੇ ਬੋਲੇ, ਸਾਡੇ ਪਾਸ ਤੁਹਾਡੇ ਲਈ ਕੁਝ ਵੀ ਨਹੀਂ। ਤੁਸੀਂ ਬੇਸ਼ਕ ਸਾਨੂੰ ਮਾਰ ਦਿਓ ਪਰ ਇਕ ਗੱਲ ਸਾਡੀ ਮੰਨ ਲਉ। ਮਾਰਨ ਤੋਂ ਪਹਿਲਾਂ ਕਿਧਰੋਂ ਅੱਗ ਲੈ ਆਓ ਤੇ ਸਾਨੂੰ ਮਾਰ ਕੇ ਇਸ ਲੱਕੜਾਂ ਦੇ ਢੇਰ ਤੇ ਸੁੱਟ ਕੇ ਸਾੜ ਦੇਣਾ। ਇਹ ਸਰੀਰ ਨਾ ਐਵੇਂ ਰੁਲਦੇ ਰਹਿਣ।

ਅੱਗ ਕਿਥੋਂ ਲਿਆਈਏ? ਇਕ ਠੱਗ ਨੇ ਕਿਹਾ।

ਅਸੀਂ ਅੱਗ ਲੈਣ ਜਾਈਏ ਤੇ ਤੁਸੀਂ ਪਿਛੋਂ ਨੱਸ ਜਾਓ। ਬੜੇ ਚਾਲਾਕ ਬਣਦੇ ਹੋ ਤੇ ਬਚ ਜਾਣਾ ਚਾਹੁੰਦੇ ਹੋ। ਦੂਜੇ ਠੱਗ ਨੇ ਕਿਹਾ।

ਉਹ ਦੇਖੋ ਸਾਮ੍ਹਣੇ ਦੂਰ ਕੋਈ ਚਿਤਾ ਜਲ ਰਹੀ ਏ। ਤੁਸੀਂ ਉਥੋਂ ਲਿਆ ਸਕਦੇ ਹੋ। ਗੁਰੂ ਜੀ ਨੇ ਧੀਰਜ ਨਾਲ ਆਖਿਆ, ਦੋ ਅੱਗ ਲੈ ਆਓ ਤੇ ਦੋ ਸਾਡੇ ਕੋਲ ਖੜ੍ਹੇ ਰਹੋ। ਉਨ੍ਹਾਂ ਇਸੇ ਤਰ੍ਹਾਂ ਕੀਤਾ ਤੇ ਦੋ ਠੱਗ ਬਲਦੀ ਚਿਤਾ ਤੋਂ ਅੱਗ ਲੈਣ ਚਲੇ ਗਏ। ਜਦ ਉਹ ਚਿੱਤਾ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਅਚਾਨਕ ਦੋ ਰੂਹਾਂ ਸਰੀਰ ਧਾਰ ਕੇ ਖੜ੍ਹੀਆਂ ਮਿਲ ਪਈਆਂ ਉਨ੍ਹਾਂ ਨੂੰ ਠੱਗਾਂ ਨੇ ਪੁਛਿਆ ਕਿ ਝੱਟ ਪਹਿਲਾਂ ਤਾਂ ਇਥੇ ਕੋਈ ਨਹੀਂ ਸੀ ਹੁਣ ਕਿਥੋਂ ਆ ਗਏ? ਤੁਸੀਂ ਕੌਣ ਹੋ?

ਉਨ੍ਹਾਂ ਦੇਵਤਿਆਂ ਨੇ ਦਸਿਆ ਕਿ ਇਹ ਅਤਿ ਪਾਪੀ

ਦੀ ਲਾਸ਼ ਸੜ ਰਹੀ ਹੈ। ਇਹਨੇ ਨਰਕਾਂ ਵਿਚ ਜਾਣਾ ਸੀ ਪਰ ਉਸ ਰੱਬ ਦੇ ਪਿਆਰੇ ਦੀ ਨਜ਼ਰ ਇਧਰ ਪੈ ਜਾਣ ਨਾਲ ਇਸ ਪਾਪੀ ਦੀ ਮੁਕਤੀ ਹੋ ਗਈ ਹੈ, ਜਿਸ ਨੂੰ ਤੁਸੀਂ ਮਾਰਨ ਲਈ ਘੇਰੀ ਖੜ੍ਹੇ ਹੋ, ਉਹ ਤਾਂ ਘੋਰ ਪਾਪ ਬਖਸ਼ਾਅ ਸਕਦਾ ਹੈ ਤੇ ਤੁਹਾਡੇ ਵਰਗਿਆਂ ਨੂੰ ਕਰੜੀ ਸਜ਼ਾ ਦਿਵਾ ਸਕਦਾ ਹੈ। ਦੋਵੇਂ ਠੱਗ ਵਾਪਸ ਆ ਗਏ ਤੇ ਉਨ੍ਹਾਂ ਗੁਰੂ ਜੀ ਦੇ ਚਰਨ ਫੜ ਲਏ। ਰੋ ਰੋ ਕੇ ਉਨ੍ਹਾਂ ਦੀ ਅੰਤਰ ਆਤਮਾ ਧੋਤੀ ਗਈ। ਗੁਰੂ ਜੀ ਉਸ ਸਮੇਂ ਕੀਰਤਨ ਕਰ ਰਹੇ ਸਨ। ਕੀਰਤਨ ਦੇ ਪ੍ਰਭਾਵ ਨਾਲ ਮਨ ਦੀ ਮੈਲ ਉਤਰ ਗਈ ਤੇ ਉਨ੍ਹਾਂ ਨੇ ਆਪਣੇ ਪਾਪਾਂ ਤੋਂ ਸਦਾ ਲਈ ਤੋਬਾ ਕਰ ਲਈ।

ਇਉਂ ਠੱਗਾਂ ਨੂੰ ਜਦ ਆਪਣੇ ਮਾੜੇ ਕੰਮਾਂ ਦਾ ਗਿਆਨ ਹੋ ਗਿਆ ਤੇ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਹੋ ਗਈ ਤਾਂ ਉਹ ਠੱਗ ਵੀ ਨਮਸ਼ਕਾਰ ਕਰਕੇ ਤੁਰ ਗਏ।

## ਜਦ ਪਾਲੀ ਨੂੰ ਬਾਦਸ਼ਾਹੀ ਬਖਸ਼ ਦਿਤੀ

ਗੁਰੂ ਜੀ ਤੇ ਮਰਦਾਨਾ ਗਯਾ ਤੋਂ ਚੱਲ ਕੇ ਰਾਜੌਲੀ ਵਿਚ ਇਕ ਕਲ੍ਹਣ ਸ਼ਾਹ ਫਕੀਰ ਦੇ ਡੇਰੇ ਜਾ ਪਹੁੰਚੇ। ਉਹਦੀ ਦਰਸ਼ਨ ਕਰਨ ਦੀ ਅਭਿਲਾਸ਼ਾ ਪੂਰੀ ਕਰ ਦਿਤੀ। ਜਦ ਅਗਲੇ ਸਫਰ ਲਈ ਚੱਲੇ ਤਾਂ ਰਾਹ ਵਿਚ ਇਕ ਖੇਤ ਆਇਆ ਜਿਸ ਵਿਚ ਛੋਲਿਆਂ ਦੀ ਫਸਲ ਬਹੁਤ ਸੋਹਣੀ ਸੀ। ਖੇਤ ਦਾ ਪਾਲੀ ਇਕ ਨੌਜਵਾਨ ਹਰੇ ਛੋਲੀਏ ਦੀਆਂ ਹੋਲਾਂ ਭੁੰਨ ਰਿਹਾ ਸੀ। ਦੇਖ ਕੇ ਮਰਦਾਨੇ ਦਾ ਜੀਅ ਕੀਤਾ ਕਿ ਹੋਲਾਂ ਖਾਧੀਆਂ ਜਾਣ। ਉਹਨੇ ਗੁਰੂ ਨਾਨਕ ਦੇਵ ਨੂੰ ਬੇਨਤੀ ਕੀਤੀ ਤੇ ਉਸ ਖੇਤ ਵਲ ਲੈ ਗਿਆ। ਦੋਵੇਂ ਖੇਤ ਦੀ ਵੱਟ ਤੇ ਬੈਠ ਗਏ। ਪਾਲੀ ਨੇ ਇਕ ਮਹਾਂਪੁਰਸ਼ ਫਕੀਰ ਦੇਖਿਆ ਤੇ ਝੱਟ ਸ਼ਰਧਾਵਾਨ ਹੋ ਗਿਆ।

ਜਿਹੜੀਆਂ ਹੋਲਾਂ ਉਸ ਭੁੰਨੀਆਂ ਹੋਈਆਂ ਸਨ ਉਹ ਸਾਰੀਆਂ ਉਸ ਅੱਗੇ ਲਿਆ ਰੱਖੀਆਂ ਤੇ ਗੁਰੂ ਜੀ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਮਿਲਿਆ। ਮਰਦਾਨੇ ਨੇ ਉਹ ਹੋਲਾਂ ਖਾਧੀਆਂ। ਫਿਰ ਪਾਲੀ ਨੇ ਕਿਹਾ ਕਿ ਉਹ ਝੱਟ ਕੁ ਇਥੇ ਹੋਰ ਠਹਿਰਨ, ਉਹ ਘਰ ਤੋਂ ਜਾ ਕੇ ਭੋਜਨ ਤਿਆਰ ਕਰਵਾ ਕੇ ਲੈ ਆਉਂਦਾ ਹੈ ਤੇ ਉਹ ਛੱਕ ਕੇ ਇਥੋਂ ਅੱਗੇ ਜਾਣ। ਗੁਰੂ ਨਾਨਕ ਦੇਵ ਨੇ ਉਹਨੂੰ ਘਰ ਨਾ ਜਾਣ ਦਿਤਾ ਤੇ ਆਖਿਆ ਕਿ ਤੇਰਾ ਪ੍ਰੇਮ ਹੀ ਸਾਡੇ ਲਈ ਪਕਵਾਨ ਹੈ। ਤੇਰੀ ਪ੍ਰੇਮ ਭਰੀ ਧਰਤੀ ਤੇ ਭੁੰਜੇ ਬੈਠੇ ਹੀ ਅਸੀਂ ਲੇਫ ਤਲਾਈ ਤੇ ਬੈਠੇ ਅਨੁਭਵ ਕਰ ਰਹੇ ਹਾਂ। ਉਹਨੇ ਫਿਰ ਵੀ ਘਰ ਤੋਂ ਕੁਝ ਲਿਆਉਣ ਲਈ ਜ਼ੋਰ ਦਿਤਾ ਤਾਂ ਗੁਰੂ ਜੀ ਦੇ ਮੂੰਹ ਤੋਂ ਸ਼ਬਦ ਨਿਕਲਿਆ, ਘਰ ਨਾ ਜਾ, ਇਥੇ ਬਹਿ ਜਾ, ਹੇ ਸੁਲਤਾਨ।

ਕੁਝ ਸਮੇਂ ਪਿਛੋਂ ਸਚਮੁਚ ਉਹ ਗੱਲ ਠੀਕ ਪੂਰੀ ਹੋ ਗਈ। ਉਹ ਪਾਲੀ ਸਮੇਂ ਦੇ ਹਾਲਾਤ ਨਾਲ ਆਪਣੇ ਇਲਾਕੇ ਦਾ ਰਾਜਾ ਬਣ ਗਿਆ। ਉਹਨੇ ਇਸ ਪ੍ਰਾਪਤੀ ਨੂੰ ਗੁਰੂ ਨਾਨਕ ਦੇ ਆਖੇ ਸ਼ਬਦ 'ਸੁਲਤਾਨ' ਨਾਲ ਜੋੜ ਕੇ ਵਰਣਨ ਕੀਤਾ। ਇਹ ਪਾਲੀ ਰਾਜਾ ਬਣ ਕੇ ਗੁਰੂ ਨਾਨਕ ਦਾ ਜੀਵਨ ਭਰ ਅਨਿਨ ਸੇਵਕ ਅਖਵਾਉਂਦਾ ਰਿਹਾ।

## ਜਯ ਗੁਰੂ ਨਾਨਕ !

### (ਭਾਈ ਵੀਰ ਸਿੰਘ ਜੀ ਲਿਖਤ ਗੁਰੂ ਨਾਨਕ ਆਰਤੀ)

ਜਯ ਗੁਰ ਨਾਨਕ, ਜਯ ਗੁਰ ਨਾਨਕ ਜਯ ਤੈਨੂੰ।

ਜਯ ਹੋ ਜਯ ਹੋ ਜਯ ਤੈਨੂੰ! - ਟੇਕ।

ਜਯ ਦੁਖ ਹਰਨੈਂ, ਜਯ ਸੁਖ ਕਰਨੈਂ, ਬੰਧਨ ਹਰਨੈਂ, ਜਯ ਤੈਨੂੰ!
ਹਰੇ ਕਰੇਨੈਂ ਸੁੱਕੇ ਕਾਠਾਂ, ਸਖਣੇ ਭਰਨੈਂ, ਜਯ ਤੈਨੂੰ!
ਜਯ ਗੁਰ......।

ਜਗਤ ਜਲੰਦੇ ਨੂੰ ਤੂੰ ਰੱਖਿਆ, ਰੱਖੀ ਰੁੜ੍ਹਦੀ ਜਾਂਦੀ ਤੂੰ,
ਘਰ ਘਰ ਦਰ ਦਰ ਫਿਰ ਫਿਰ ਰੱਖਿਆ, ਅਪਣੇ ਕੀਤੇ ਪਾਂਦੀ ਨੂੰ।
ਜਯ ਗੁਰ......।

ਦੁਸ਼ਟ ਉਬਾਰੇ, ਕੁਸ਼ਟੀ ਤਾਰੇ, ਰਾਖਸ਼ ਬੀ ਨਿਸਤਾਰੇ ਤੂੰ,
ਗਰਤ ਘੋਰ ਅੰਧ ਤੋਂ ਕੱਢੇ ਪਾਪੀ ਭਾਰੇ ਭਾਰੇ ਤੂੰ!
ਜਯ ਗੁਰ.........।

ਜਯਤਿ ਜਯਤਿ ਗੁਰ ਨਾਨਕ ਤੈਨੂੰ, ਸੰਤ ਫਕੀਰ ਉਧਾਰੇ ਤੂੰ,
ਅਟਕੇ ਖਲੇ ਰਸਤਿਆਂ ਉਤੇ, ਮੰਜ਼ਲ ਪੁਚਾਏ ਤੂੰ!
ਜਯ ਗੁਰ...........।

ਨਦੀ ਚੜ੍ਹੀ, ਚੜ੍ਹ ਤਾਰੂ ਹੋਈ, ਤੱਕਾਂ, ਕੂਕ ਪੁਕਾਰਾਂ - 'ਤੂੰ'
ਸ਼ੂਕੇ ਨਦੀ, ਕੂਕ ਨੂੰ ਡੋਬੇ, ਤਾਂ ਬੀ ਵਾਜਾਂ ਮਾਰਾਂ - 'ਤੂੰ'।
ਜਯ ਗੁਰ..........।

ਮੇਰੀ ਕੂਕ ਸੁਣੀਂ ਗੁਰ ਨਾਨਕ! ਸਹਸ ਸ਼੍ਰਵਣ ਦਾ ਧਾਰੀ - ਤੂੰ,
ਨਾਥ ਅਨਾਥਾਂ ਬਾਣ ਧੁਰਾਂ ਦੀ, ਇਹ ਅਨਾਥ ਬੀ ਤਾਰੀਂ - ਤੂੰ!
ਜਯ ਗੁਰ.........।

ਆਪੇ ਤ੍ਰੁਠਣ ਵਾਲਿਆ ਸਾਈਆਂ! ਆ ਕੇ ਅੱਜ ਅਚਾਨਕ ਤੂੰ,
ਚਰਨ ਸ਼ਰਨ ਵਿਚ ਲੈ ਲੈ ਮੈਨੂੰ ਪਾਲ ਗੁਰ ਨਾਨਕ ਤੂੰ!
ਜਯ ਗੁਰ...........।

***ਸਹਿਯੋਗ - ਬਾਲਮ ਸਾਖੀਆਂ,***
***ਨਵੀ ਪਨੀਰੀ***
***ਭਾਈ ਵੀਰ ਸਿੰਘ ਸਾਹਿਤ ਸਦਨ***

□ □ □ □ □ □ □ □

# ਮੰਦਾ ਮੂਲਿ ਨ ਕੀਚਈ

***ਸੰਤ ਵਰਿਆਮ ਸਿੰਘ ਜੀ***

ਪਹਿਲਾਂ ਹੀ ਦੂਰ ਦ੍ਰਿਸ਼ਟੀ ਰੱਖੋ, ਸੋਚ ਤੋਂ ਕੰਮ ਲਓ ਕਿ ਜੋ ਕੁਝ ਮੈਂ ਕਰ ਰਿਹਾ ਹਾਂ, ਇਹ ਕਿਤੇ ਮਾੜਾ ਤਾਂ ਨਹੀਂ ਕਿਉਂਕਿ ਜੇ ਮਾੜਾ ਕਰੀਏ ਤਾਂ ਸੰਸਾਰ ਵਿਚ ਤਾਂ ਹਾਰਨਾ ਹੀ ਹੈ ਸਗੋਂ ਅੱਗੇ ਦਰਗਾਹ ਵਿਚ ਭੀ ਹਾਰ ਅਵੱਸ਼ ਹੀ ਹੋਵੇਗੀ-

***ਫਰੀਦਾ ਜਿਨੀ ਕੰਮੀ ਨਾਹਿ***
***ਗੁਣ ਤੇ ਕੰਮੜੇ ਵਿਸਾਰਿ॥***
***ਮਤੁ ਸਰਮਿੰਦਾ ਥੀਵਹੀ***
***ਸਾਂਈ ਦੈ ਦਰਬਾਰਿ॥***

*ਪੰਨਾ-1381*

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥***

*ਪੰਨਾ - 918*

ਮਾੜਾ ਕੰਮ ਆਦਮੀ ਜਦ ਵੀ ਕਰਦਾ ਹੈ ਤਾਂ ਸਜ਼ਾ ਜ਼ਰੂਰ ਹੀ ਮਿਲਦੀ ਹੈ- ਏਥੇ ਭੀ ਤੇ ਦਰਗਾਹ ਵਿਚ ਵੀ -

***ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥***
***ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥***
***ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥***
***ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥***
***ਕਿਛੁ ਲਾਹੇ ਉਪਰਿ ਘਾਲੀਐ॥***

*ਪੰਨਾ - 474*

ਬੁਰਾ ਕਰਮ ਕਰਨ ਤੋਂ ਪਹਿਲਾਂ ਹਜ਼ਾਰ ਵਾਰ ਸੋਚੋ ਕਿਉਂਕਿ ਜੇ ਗਲਤ ਕੰਮ ਕਰ ਲਿਆ ਤਾਂ ਪਛਤਾਵਾ ਹੀ ਪਛਤਾਵਾ ਪੱਲੇ ਪਵੇਗਾ। ਗੁਰੂ ਮਹਾਰਾਜ ਜੀ ਵੀ ਉਪਦੇਸ਼ ਦਿੰਦੇ ਹਨ ਕਿ ਬੁਰਾ ਕੰਮ ਕਰਨ ਤੋਂ ਪਹਿਲਾਂ ਸੋਚੋ, ਫੇਰ ਸੋਚੋ ਪਰ ਚੰਗਾ ਕੰਮ ਕਰਨ ਤੋਂ ਪਹਿਲਾਂ ਸੋਚਣ ਦੀ ਬਿਲਕੁਲ ਲੋੜ ਨਹੀਂ-

***ਨਹ ਬਿਲੰਬ ਧਰਮੰ ਬਿਲੰਬ ਪਾਪੰ॥*** *ਪੰਨਾ - 1354*

ਵਾਹਿਗੁਰੂ ਜੀ ਨੇ ਸਭ ਦੇ ਹਿਰਦੇ ਵਿਚ ਇਕ ਐਸੀ ਸੋਝੀ ਪਾਈ ਹੈ ਜਿਸ ਰਾਹੀਂ ਮਨੁੱਖ ਨੂੰ ਪਹਿਲਾਂ ਹੀ ਇਸ਼ਾਰਾ ਮਿਲ ਜਾਂਦਾ ਹੈ ਕਿ ਮੈਂ ਕੀ ਕਰ ਰਿਹਾ ਹਾਂ। ਜ਼ਮੀਰ ਦੀ ਆਵਾਜ਼ ਹਰੇਕ ਜੀਵ ਦੇ ਅੰਦਰ ਚੱਲ ਰਹੀ ਹੈ ਭਾਵੇਂ ਪਾਪੀ ਹੀ ਕਿਉਂ ਨਾ ਹੋਵੇ। ਸੁਣੋ, ਅੰਦਰੋਂ ਕੀ ਆਵਾਜ਼ ਆ ਰਹੀ ਹੈ, ਬੋਲ-ਬੋਲ ਕੇ ਕੀ ਦੱਸ ਰਹੀ ਹੈ। ਖਬਰਦਾਰ ਕਰਦੀ ਹੈ ਕਿ ਨ ਕਰ ਇਹ ਕੰਮ, ਲੇਖਾ ਦੇਣਾ ਔਖਾ ਹੋ ਜਾਵੇਗਾ। ਪਰ ਮਨੁਖ ਜੋਸ਼ ਵਿਚ ਹੁੰਦੈ, ਮਨ ਦੇ ਹਨ੍ਹੇਰੇ ਦੀਆਂ ਘੁੰਮਣ ਘੇਰੀਆਂ ਵਿਚ ਫਸਿਆ ਹੋਇਆ ਗਲਤ ਕੰਮ ਕਰ ਬੈਠਦਾ ਹੈ ਜਿਸ ਕਾਰਨ ਕਰਕੇ ਜ਼ਮੀਰ ਕਹਿੰਦੀ ਹੈ ਕਿ 'ਨ ਕਰ ਇਹ ਕੰਮ'। ਪਰ ਪਾਪੀ ਆਦਮੀ ਬਾਰ-ਬਾਰ ਗਲਤੀ ਕਰਕੇ ਆਪਣੀ ਜ਼ਮੀਰ ਦੇ ਦੁਆਲੇ ਕਰੜੇ ਪਰਦੇ ਤਾਣ ਦਿੰਦਾ ਹੈ। ਜ਼ਮੀਰ ਤਾਂ ਉਸ ਦੀ ਭੀ ਬੋਲਦੀ ਹੈ ਪਰ ਉਸ ਨੂੰ ਉਹਦੀ ਆਵਾਜ਼ ਸੁਣਾਈ ਨਹੀਂ ਦਿੰਦੀ। ਚਾਹੇ ਦੁਨਿਆਵੀ ਕੰਮ ਕਰਦਾ ਹੈ ਪਰ ਜ਼ਮੀਰ ਇਕ ਵਾਰਨਿੰਗ ਅਵੱਸ਼ ਦੇਵੇਗੀ। ਪੈਸੇ ਉਧਾਰ ਦੇਣ ਲਗਦਾ ਹੈ ਤਾਂ ਵੀ ਖਬਰਦਾਰ ਕਰਦੀ ਹੈ ਕਿ ਜੇ ਇਸ ਨੇ ਨਾ ਮੋੜੇ ਤਾਂ ਸਾਡੇ ਸਬੰਧ ਟੁੱਟ ਜਾਣਗੇ, ਆਪਸ ਵਿਚ ਵੈਰ ਪੈ ਜਾਵੇਗਾ। ਸੋ ਸੋਚ ਸਮਝ ਕੇ ਕੰਮ ਕਰੋ, ਲੋੜਾਂ ਸੀਮਿਤ ਕਰ ਲਓ। ਜ਼ਰੂਰ ਕਰਜ਼ੇ ਲੈਣੇ ਨੇ? ਅਜਿਹੇ ਕੰਮ ਨਾ ਕਰੋ ਜਿਨ੍ਹਾਂ ਦੇ ਕਰਨ ਤੋਂ ਪਛਤਾਉਣਾ ਪਵੇ। ਕਈ ਕੰਮ ਐਸੇ ਨੇ ਜਿਹੜੇ ਏਥੇ ਭੀ ਪਛਤਾਵਾ ਦਿੰਦੇ ਹਨ ਅਤੇ ਪਰਮੇਸ਼ਰ ਦੀ ਦਰਗਾਹ ਵਿਚ ਜਾ ਕੇ ਭੀ ਹਾਰਨਾ ਪੈਂਦਾ ਹੈ। ਇਸੇ ਲਈ ਉਪਦੇਸ਼ ਹੈ - ***'ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥'*** *(ਪੰਨਾ - 474)*

ਮਾਲਿਕ ਪ੍ਰਭੂ ਦੀ ਦਰਗਾਹ ਵਿਚ ਜਾਣਾ ਹੀ ਹੈ ਅਤੇ ਸੱਚ ਦੇ ਕਟਹਿਰੇ ਵਿਚ ਸਭ ਨੇ ਖੜ੍ਹੇ ਹੋਣੈ; ਤੇ ਉਸ ਥਾਂ ਤੇ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ - ਬੁਰਿਆਂ ਕੰਮਾਂ ਦੇ ਬਦਲੇ। ਇਸੇ ਲਈ ਗੁਰੂ ਮਹਾਰਾਜ ਬਾਰ-ਬਾਰ ਫੁਰਮਾਨ ਕਰਦੇ ਹਨ ਕਿ ਐਸੇ ਕੰਮ ਨ ਕਰੋ -

***ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥***
***ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥***

*ਪੰਨਾ - 590*

ਭਾਵ ਇਹ ਕਿ ਉਹ ਕੰਮ ਜਾਲ ਦਿਓ - ਅੱਗ ਵਿਚ ਪਾ ਕੇ, ਜਿਨ੍ਹਾਂ ਦੇ ਕਰਨ ਨਾਲ ਪਰਮੇਸ਼ਰ ਨਾਲੋਂ ਪਿਆਰ ਟੁੱਟੇ, ਮਹਾਂਪੁਰਸ਼ਾਂ ਨਾਲੋਂ ਪਿਆਰ ਟੁੱਟੇ, ਗੁਰੂ ਨਾਲੋਂ ਪਿਆਰ ਟੁੱਟੇ; ਪ੍ਰੀਤ ਉਹ ਹੀ ਚੰਗੀ ਹੈ ਜਿਸ ਦੇ ਨਾਲ ਦਰਗਾਹ ਵਿਚ ਗਿਆਂ ਪਤਿ ਰਹਿ ਜਾਵੇ, ਸ਼ਰਮਿੰਦਗੀ ਨਾ ਉਠਾਣੀ ਪਵੇ ਕਿਉਂਕਿ ਸਾਰੇ ਹੀ ਓਥੇ ਹੁੰਦੇ ਨੇ ਜਿਨ੍ਹਾਂ ਦੀਆਂ ਅਸੀਂ ਅਰਦਾਸਾਂ ਕਰਦੇ ਹਾਂ। ਦਸੋਂ ਪਾਤਸ਼ਾਹੀਆਂ ਭਾਵੇਂ ਇਕੋ ਰੂਪ ਨੇ, ਫੇਰ ਵੀ ਜਿਸ ਤਰ੍ਹਾਂ ਦੀ ਭਾਵਨਾ ਨਾਲ ਤੁਸੀਂ ਦੇਖਣਾ ਚਾਹੋ, ਨਜ਼ਰ ਆ ਜਾਂਦੇ ਨੇ। ਓਥੇ ਸਾਰੀਆਂ ਮੁਕਤ ਆਤਮਾਵਾਂ ਦੀ ਅਦਾਲਤ (Court) ਬੈਠੀ ਹੁੰਦੀ ਹੈ; ਜਦ ਸਾਮ੍ਹਣੇ ਖੜ੍ਹਾ ਕਰ ਦਿਤਾ ਜਾਂਦੈ ਤਾਂ ਉਹ ਸਾਰੇ ਕਹਿੰਦੇ ਨੇ, ਇਹ ਤਾਂ ਅਜਿਹਾ ਸੀਗਾ ਅੰਦਰੋਂ! ਐਹੋ ਜਿਹਾ ਸੀ! ਉਸ ਵੇਲੇ ਪਛਤਾਵਾ ਹੀ ਪੱਲੇ ਪੈਂਦਾ ਹੈ। ਜੇ ਕਿਸੇ ਦੇ ਮਨ ਵਿਚ ਇਹ ਖਿਆਲ ਹੋਵੇ ਕਿ ਅਸੀਂ ਤਾਂ ਬਹੁਤ ਗਲਤ ਕੰਮ ਕਰ ਲਏ, ਹੁਣ ਕੀ ਹੋਵੇਗਾ। ਅਸੀਂ ਤਾਂ ਆਪਣੇ ਆਪ ਪਹਿਲਾਂ ਹੀ ਸ਼ਰਮਿੰਦੇ ਹਾਂ, ਸਾਨੂੰ ਤਾਂ ਸਾਡੀ ਜ਼ਮੀਰ ਲਾਅਨਤਾਂ ਪਾਉਂਦੀ ਹੈ। ਤਾਂ ਇਸ ਉਪਰ ਭੀ ਗੁਰੂ ਮਹਾਰਾਜ ਕਹਿੰਦੇ ਕਿ ਇਕ ਗੱਲ ਦੱਸਦੇ ਹਾਂ ਪਿਆਰਿਓ! ਉਹ ਇਹ ਹੈ ਕਿ ਉਹ ਪ੍ਰਭੂ ਸਦਾ ਹੀ ਐਡਾ ਦਿਆਲੂ ਅਤੇ ਕ੍ਰਿਪਾਲੂ ਹੈ ਕਿ ਜਦੋਂ ਵੀ ਉਹਦਾ ਉਪਦੇਸ਼ ਮੰਨ ਲਓ, ਉਹਦੀ ਸ਼ਰਨ ਵਿਚ ਆ ਜਾਓ, ਉਹ ਫੇਰ ਬਖਸ਼ ਦਿੰਦਾ ਹੈ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***

*ਇਹੁ ਬਿਰਦੁ ਸੁਆਮੀ ਸੰਦਾ॥* *ਪੰਨਾ - 544*

ਠੀਕ ਹੈ ਉਸ ਦੀ ਮਾਇਆ ਐਡੀ ਪ੍ਰਬਲ ਹੈ, ਤਿਲ੍ਹਕ ਜਾਂਦੇ ਹਾਂ ਅਸੀਂ - ਤਿਲ੍ਹਕਣੀ ਜ਼ਮੀਨ ਦੇ ਅੰਦਰ। ਜੇ ਤਿਲ੍ਹਕ ਜਾਏ, ਸਲਿੱਪ ਮਾਰ ਜਾਵੇ ਕਾਰ-ਜਾਂਦੀ-ਜਾਂਦੀ, ਤਾਂ ਡਰਾਇਵਰ ਦਾ ਕੋਈ ਕਸੂਰ ਨਹੀਂ ਹੁੰਦਾ ਕਿਉਂਕਿ ਉਥੇ ਸੜਕ ਹੀ ਐਸੀ ਹੈ ਜਿਸ ਤੇ ਸਲਿੱਪ ਮਾਰਨੀ ਹੀ ਮਾਰਨੀ ਹੈ; ਚੀਕਣੀ ਮਿੱਟੀ ਹੈ, ਉਥੇ ਕਾਰ ਨੇ ਸਲਿੱਪ ਹੋਣਾ ਹੀ ਹੈ। ਸੋ ਐਡੀ ਵੱਡੀ ਪ੍ਰਬਲ ਮਾਇਆ ਦੇ ਅੰਦਰ ਜੇ ਸਲਿੱਪ ਮਾਰਦੇ ਵੀ ਹਾਂ ਤਾਂ ਮਹਾਰਾਜ ਕਹਿੰਦੇ ਹਨ ਕਿ ਫੇਰ ਉਠ ਕੇ ਖੜ੍ਹੇ ਹੋ ਜਾਓ, ਹਿੰਮਤ ਨਾ ਹਾਰੋ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥*
*ਪੰਨਾ - 1096*

ਅੱਗੇ ਨੂੰ ਪੈਰ ਪੁੱਟ, ਪਿਛੇ ਨਾ ਹਟ।

ਜਿਸ ਦੇ ਉਤੇ ਨਾਮ ਦੀ ਸੁੰਦਰਤਾ ਚੜ੍ਹੀ ਹੋਈ ਹੈ, ਰੋਮ-ਰੋਮ ਵਿਚੋਂ ਪਰਮੇਸ਼ਰ ਦੇ ਨਾਮ ਦੀ ਧੁਨਿ ਹੋ ਰਹੀ ਹੈ, ਕੋਲ ਆਇਆਂ ਮਨ ਸ਼ਾਂਤ ਹੁੰਦਾ ਹੈ, ਦਰਸ਼ਨ ਕਰੀਏ ਤਾਂ ਕਲਪਨਾਂ ਖਤਮ ਹੁੰਦੀਆਂ ਹਨ, ਕਿਉਂਕਿ ਗੁਰ ਫੁਰਮਾਨ ਐਸਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*
*ਪੰਨਾ - 520*

ਸੰਤ ਪੁਰਸ਼ ਦੇ ਦਰਸ਼ਨ ਕਰਦੇ ਸਾਰ ਅੰਦਰੋਂ 'ਵਾਹਿਗੁਰੂ-ਵਾਹਿਗੁਰੂ' ਦੀ ਧੁਨਿ ਹੋਣ ਲਗ ਜਾਂਦੀ ਹੈ ਕਿਉਂਕਿ ਜਿਵੇਂ ਇਕ ਬਰਫ ਦੇ ਢੇਲੇ ਕੋਲ ਗਿਆਂ ਠੰਢ ਮਹਿਸੂਸ ਹੋਣ ਲਗ ਜਾਂਦੀ ਹੈ; ਅੱਗ ਦੇ ਨੇੜੇ ਜਾਓ ਤਾਂ ਗਰਮੀ ਮਹਿਸੂਸ ਹੋਣ ਲਗ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਸੁਭਾਅ ਹੀ ਐਹੋ ਜਿਹਾ ਹੁੰਦਾ ਹੈ। ਐਸਾ ਜੋ ਸੰਤ ਹੈ ਉਹ ਨਿਰਾ ਹੀ ਸ਼ਾਂਤੀ ਦਾ ਭੰਡਾਰ ਹੁੰਦੈ; ਹੋਰ ਚੀਜ਼ ਕੋਈ ਦੁਨੀਆਂ ਅੰਦਰ ਐਨੀ ਸ਼ਾਂਤ ਨਹੀਂ ਜਿੰਨੇ ਕਿ ਮਹਾਂਪੁਰਸ਼ ਸ਼ਾਂਤ ਚਿੱਤ ਹੁੰਦੇ ਹਨ। ਇਸੇ ਤੇ ਗੁਰੂ ਫੁਰਮਾਨ ਹੈ -

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥*
*ਪੰਨਾ - 1373*

*ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥*
*ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥*
*ਪੰਨਾ - 1357*

ਗੁਰੂ ਨੇ ਸਿਖਾਇਆ ਹੈ ਕਿ ਭਲਿਆਂ ਦਾ ਭਲਾ ਤਾਂ ਸਭ ਕਰਦੇ ਨੇ ਪਰ ਬੁਰਿਆਂ ਦਾ ਭਲਾ ਮੰਗਣਾ ਗੁਰਸਿੱਖਾਂ ਦਾ ਕਰਮ ਹੈ।

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਪੰਨਾ - 1382*

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬਤ ਦਾ ਭਲਾ॥*

ਬੁਰਿਆਂ ਦਾ ਵੀ ਤੇ ਚੰਗਿਆਂ ਦਾ ਵੀ। ਹੇ ਵਾਹਿਗੁਰੂ! ਸਾਰੇ ਸੰਸਾਰ ਦਾ ਭਲਾ ਕਰ। ਚਾਹੇ ਸਾਡੇ ਉਤੇ ਫੌਜਕਸ਼ੀ ਹੋ ਰਹੀ ਹੋਵੇ, ਉਨ੍ਹਾਂ ਦਾ ਵੀ ਭਲਾ ਕਰੀਂ।

ਗੁਰੂ ਦਸ਼ਮੇਸ਼ ਪਾਤਸ਼ਾਹ ਜੀ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਤੋਂ ਬਾਅਦ ਸਰਸਾ ਨਦੀ ਦੇ ਕੰਢੇ ਜਦੋਂ ਪਹੁੰਚੇ - ਹੋਰ ਸਿੰਘਾਂ ਅਤੇ ਸਾਹਿਬਜ਼ਾਦਿਆਂ ਸਮੇਤ, ਤਾਂ ਗੁਰੂ ਮਹਾਰਾਜ ਕਹਿੰਦੇ, 'ਆਸਾ ਜੀ ਦੀ ਵਾਰ' ਦਾ ਕੀਰਤਨ ਅਜ ਨਹੀਂ ਹੋਇਆ; ਨਿਤਨੇਮ ਤਾਂ ਛੱਡਣਾ ਨਹੀਂ, ਰੂਹਾਨੀ ਖੁਰਾਕ ਜ਼ਰੂਰ ਮਿਲਣੀ ਚਾਹੀਦੀ ਹੈ। ਸਰੀਰਕ ਖੁਰਾਕ ਮਿਲੇ ਨਾ ਮਿਲੇ, ਗੁਜ਼ਾਰਾ ਹੋ ਜਾਂਦਾ ਹੈ ਪਰ ਰੂਹਾਨੀ ਖੁਰਾਕ ਤੋਂ ਬਿਨਾਂ ਤਾਂ ਆਦਮੀ ਦੀ ਹਾਲਤ ਕੀ ਹੁੰਦੀ ਹੈ - ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ 'ਆਖਾ ਜੀਵਾ ਵਿਸਰੈ ਮਰਿ ਜਾਉ।' ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਸੁਣਦਿਆਂ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ ਹੈ। ਕੀਰਤਨ ਦੌਰਾਨ ਹੀ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦੇਣ ਲਗ ਪਈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਪੰਜ ਸੌ ਜਵਾਨਾਂ ਨਾਲ ਯੁੱਧ ਕਰਦੇ ਨੇ, ਭਾਈ ਬਚਿੱਤਰ ਸਿੰਘ ਅਤੇ ਹੋਰ ਯੋਧਿਆਂ ਨੇ ਵੈਰੀ ਫੌਜ ਨੂੰ ਰੋਕੀ ਰੱਖਿਆ ਪਰ ਐਡੀ ਵੱਡੀ ਵਿਉਂਤਬੱਧ ਵੈਰੀ ਫੌਜ ਕਿੰਨਾ ਕੁ ਚਿਰ ਰੋਕੀ ਜਾ ਸਕਦੀ ਸੀ। ਫੌਜ ਬਿਲਕੁਲ ਨੇੜੇ ਪਹੁੰਚ ਗਈ ਅਤੇ ਓਧਰੋਂ ਪੂਰੇ ਜ਼ੋਰ ਨਾਲ ਅਰਦਾਸ ਹੋ ਰਹੀ ਹੈ - *'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'* ਇਹ ਜਿਹੜੇ ਗੋਲੀ ਚਲਾਉਂਦੇ ਆ ਰਹੇ ਹਨ, ਉਨ੍ਹਾਂ ਦਾ ਭੀ ਭਲਾ ਮੰਗਦੇ ਹਨ ਕਿਉਂਕਿ ਇਨ੍ਹਾਂ ਵਿਚ ਬੁਰਿਆਈ ਇਨ੍ਹਾਂ ਦੇ ਮਾੜੇ ਕਰਮਾਂ ਕਰਕੇ ਹੈ। ਜੇ ਮਾੜੇ ਕਰਮ ਨਾ ਹੋਣ ਤਾਂ ਇਨ੍ਹਾਂ ਦੇ ਅੰਦਰ ਭੀ ਚੰਗਿਆਈ ਆ ਜਾਵੇ। ਬੰਦਾ ਨਹੀਂ ਮਾੜਾ; ਆਤਮਾ ਸਭ ਦੀ ਹੀ ਮਹਾਂ-ਪਵਿੱਤਰ ਹੈ ਲੇਕਿਨ ਤਿੰਨਾਂ ਗੁਣਾਂ ਦੀ ਪ੍ਰਕਿਰਤੀ ਦਾ ਅਸਰ ਹੋਣ ਕਰਕੇ ਆਦਮੀ ਚੰਗਿਆਂ ਅਤੇ ਮੰਦਿਆਂ ਵਿਚ ਵੰਡੇ ਜਾਂਦੇ ਹਨ। ਸੋ ਇਹ ਨਜ਼ਰੀਆ ਹੈ ਗੁਰਮੁਖ ਦਾ, ਕਿ ਬੁਰਿਆਂ ਦਾ ਭੀ ਭਲਾ ਮੰਗਣਾ; ਕਿਸੇ ਨੂੰ ਭੀ ਬੁਰਾ ਨਾ ਕਹਿਣਾ, ਜੇ ਕਹਿਣਾ ਹੈ ਤਾਂ ਆਪ ਨੂੰ ਹੀ, ਜਿਵੇਂ ਕਿ ਗੁਰਬਾਣੀ ਹੈ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*
*ਪੰਨਾ - 1364*

ਜਦੋਂ ਅਸੀਂ ਕਿਸੇ ਬੁਰੇ ਦਾ ਭੀ ਭਲਾ ਕਰਦੇ ਹਾਂ ਤਾਂ ਪ੍ਰਭੂ ਸਾਡੇ ਉਪਰ ਦਿਆਲੂ ਹੁੰਦਾ ਹੈ ਤੇ ਕੋਈ ਰੋਗ ਨਹੀਂ ਲਗਦਾ - ਦੇਹ ਨੂੰ। ਉਸ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਜਾਂਦੇ ਹਾਂ -

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਪੰਨਾ - 1382*

ਮਾਇਆ ਨੇ ਕਰਮਾਂ ਦਾ ਡਰਾਮਾ ਰਚਿਆ ਹੋਇਆ ਹੈ। ਆਦਮੀ ਕੁਝ ਨਵੇਂ ਹਰ ਸਮੇਂ ਕਰਮ ਕਰ ਰਿਹਾ ਹੈ, ਨਵੇਂ ਬੀਜ ਬੀਜ ਰਿਹਾ ਹੈ ਅਤੇ ਕੁਝ ਪਿਛਲੇ ਜਨਮਾਂ ਵਿਚ ਕੀਤੇ ਹੋਏ

ਕਰਮਾਂ ਨੂੰ ਭੋਗ ਰਿਹਾ ਹੈ।

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।*

*ਪੰਨਾ - 433*

ਮਹਾਰਾਜ ਜੀ ਨੇ ਜੋ ਸਿਧਾਂਤ ਕਰਮਾਂ ਦਾ ਦਿਤਾ ਹੈ, ਇਹ ਵਿਚਾਰਨਯੋਗ ਹੈ। ਅਸੀਂ ਬਾਣੀ ਨੂੰ ਨਹੀਂ ਵਿਚਾਰਦੇ, ਛੋਟੀਆਂ-ਛੋਟੀਆਂ ਗੱਲਾਂ ਦਾ ਦੋਸ਼ ਦੂਸਰਿਆਂ ਦੇ ਸਿਰ ਥਪਦੇ ਹਾਂ। ਇਲਜ਼ਾਮ ਲਾਉਂਨੇ ਹਾਂ ਕਿ ਇਹਨੇ ਮੇਰੇ ਨਾਲ ਆਹ ਕਰਿਐ, ਮੇਰੇ ਨਾਲ ਔਹ ਕਰਿਐ। ਜੀਵ ਨਹੀਂ ਜਾਣਦਾ ਕਿ ਮੈਂ ਪਿਛਲੇ ਕਰਮਾਂ ਵਿਚ ਕੀ ਕਰਮ ਕੀਤੇ ਹਨ ਅਤੇ ਹੁਣ ਮੈਨੂੰ ਪਾਰਬ੍ਰਹਮ ਪ੍ਰਮੇਸ਼ਰ ਦੇ ਅਟੱਲ ਹੁਕਮ ਕਰਕੇ ਭੁਗਤਾਏ ਜਾ ਰਹੇ ਹਨ। ਇਹਦੇ ਨਾਲ ਅਦਲੇ ਦਾ ਬਦਲਾ ਹੋ ਰਿਹਾ ਹੈ। ਕਰਮਾਂ ਦੀ ਖੇਡ ਨੂੰ ਕੋਈ ਵਿਰਲਾ ਪੁਰਸ਼ ਹੀ ਜਾਣਦਾ ਹੈ ਕਿ ਕਿਹੜਾ ਕਰਮ ਮੈਂ ਹੁਣ ਬੀਜ ਰਿਹਾ ਹਾਂ, ਕਿਹੜਾ ਪਹਿਲਾਂ ਦਾ ਬੀਜਿਆ ਭੁਗਤ ਰਿਹਾ ਹਾਂ ਅਤੇ ਕਿਸ ਕਰਮ ਦਾ ਬਦਲਾ ਦੇ ਰਿਹਾ ਹਾਂ। ਦੂਸਰਿਆਂ ਦੇ ਸਿਰ ਉਪਰ ਅਸੀਂ ਦੋਸ਼ ਦਿੰਦੇ ਹਾਂ ਕਿ ਇਸਨੇ ਮੇਰੇ ਨਾਲ ਵਧੀਕੀ ਕਰੀ ਹੈ।

ਬੁਰਿਆਂ ਨੂੰ ਤਾਰਨ ਵਾਲਾ, ਬੁਰਿਆਂ ਦਾ ਭਲਾ ਕਰਨ ਵਾਲਾ, ਬੁਰਿਆਂ ਦੇ ਕਾਰਜ ਸਵਾਰਨ ਵਾਲਾ ਇਹ ਬਿਰਦ ਹੈ- ਪ੍ਰਭੂ ਦਾ। ਅਸਾਨੂੰ ਮਾਤਾ ਦੇ ਉਦਰ ਵਿਚ ਪਾਲਦਾ ਹੈ। ਪੁਠੇ ਲਟਕਦਿਆਂ ਨੂੰ ਜੀਵਨ ਦਾਨ ਦੇਈਂ ਰਖਦਾ ਹੈ। ਇਕ ਗੰਦੀ ਬੂੰਦ ਤੋਂ ਕਿੰਨਾ ਸੁੰਦਰ ਸਰੀਰ ਬਖਸ਼ਦਾ ਹੈ। ਮਾਂ-ਬਾਪ, ਭੈਣ-ਭਰਾ, ਕੁੜਮ-ਕਬੀਲੇ, ਰਿਸ਼ਤੇਦਾਰ, ਬੰਧੂ ਅਸਾਡਾ ਜੀਅ ਲੱਗਣ ਵਾਸਤੇ ਦਿੰਦਾ ਹੈ। ਅਰੋਗ ਤੇ ਸੁੰਦਰ ਸਰੀਰ ਦੀ ਬਖਸ਼ਿਸ਼ ਕਰਦਾ ਹੈ। ਸਰੀਰ ਦੀ ਪਾਲਣਾ ਵਾਸਤੇ ਸ਼ੁੱਧ ਹਵਾ, ਸ਼ੁੱਧ ਪੌਣ-ਪਾਣੀ, ਸ਼ੁੱਧ ਖੁਰਾਕ ਅਤੇ ਹੋਰ ਸਾਰੀਆਂ ਸਹੂਲਤਾਂ ਦਿੰਦਾ ਹੈ ਪਰ ਇਹ ਮਨੁੱਖ ਕਿਹੋ ਜਿਹਾ ਹੈ ਕਿ ਭੁੱਲ ਕੇ ਵੀ ਪ੍ਰਭੂ ਦੇ ਅਹਿਸਾਨ ਨੂੰ ਨਹੀਂ ਚਿਤਾਰਦਾ। ਆਪਣੇ ਅਭਿਮਾਨ ਵਿਚ ਬੇਸੁੱਧ ਹੋ ਜਾਂਦਾ ਹੈ ਤੇ ਪ੍ਰਭੂ ਦੀ ਯਾਦ ਵਿਚ ਸਦਾ ਪ੍ਰੋਤੇ ਮਹਾਂਪੁਰਸ਼, ਜੋ ਸਰਬੱਤ ਦਾ ਭਲਾ ਹਰ ਸਮੇਂ ਲੋਚਦੇ ਅਤੇ ਕਰਦੇ ਹਨ, ਉਨ੍ਹਾਂ ਨੂੰ ਵੀ ਬਹੁਤ ਬੁਰੀ ਨਿਗ੍ਹਾ ਨਾਲ ਦੇਖਦਾ ਹੈ। ਪ੍ਰਮੇਸ਼ਰ ਦਾ ਪਿਆਰ ਉਹਦੇ ਹਿਰਦੇ ਵਿਚ ਨਹੀਂ ਆਉਂਦਾ। ਅਜਿਹੇ ਨਾ-ਫਰਾਮੋਸ਼ (ਅਕ੍ਰਿਤਘਣ) ਅਸੀਂ ਹਾਂ ਜਿਸਦੇ ਫਲਸਰੂਪ ਅਸਾਡੇ ਕਰਮਾਂ ਅਨੁਸਾਰ ਅਸੀਂ ਅਤਿ ਦੁਖ ਪਾਉਂਦੇ ਹਾਂ। ਪਰ ਧੰਨ ਹੈ ਪ੍ਰਭੂ ਪ੍ਰਮਾਤਮਾ ਜਿਹੜਾ ਸਾਡੇ ਸਾਰੇ ਔਗੁਣ, ਅਕ੍ਰਿਤਘਣਤਾ ਨੂੰ ਦੇਖਦਾ ਹੋਇਆ ਫੇਰ ਵੀ ਸਾਨੂੰ ਹਰ ਸਵੇਰ ਖੁਸ਼ੀਆਂ ਦੇ ਭੰਡਾਰੇ ਬਖਸ਼ਦਾ ਹੈ। ਦਿਨ ਲੰਘ ਰਹੇ ਹਨ, ਹਫਤੇ ਲੰਘ ਰਹੇ ਹਨ, ਸਾਲ ਲੰਘ ਰਹੇ ਹਨ। ਸਦਾ ਹੀ ਸਾਡੇ ਉਪਰ ਦਿਆਲੂ, ਕ੍ਰਿਪਾਲੂ ਹੋ ਕੇ ਵਰਤਦਾ ਹੈ। *'ਸਦਾ ਸਦਾ ਸਦਾ ਦਇਆਲ।।'* ਉਸਦਾ ਬਿਰਦ ਹੈ। ਉਹ ਪਤਿਤਾਂ ਨੂੰ ਵੀ ਪਾਲਦਾ ਹੈ, ਮਹਾਂਮੂਰਖਾਂ, ਮਨਮੁਖਾਂ ਨੂੰ ਵੀ ਰਿਜ਼ਕ ਪਹੁੰਚਾਉਂਦਾ ਹੈ।

ਗੁਰੂ ਦਾ ਸਿੱਖ, ਬਾਣੀ ਨਾਲ ਆਪਣੇ ਮਨ ਨੂੰ ਰਸ ਦੇ ਘਰ ਵਿਚ ਲਿਆ ਕੇ, ਸਾਰੀ ਸ੍ਰਿਸ਼ਟੀ ਦਾ, ਪ੍ਰਮੇਸ਼ਰ ਰੂਪ ਜਾਣ ਕੇ ਧਿਆਨ ਧਰਦਾ ਹੈ ਅਤੇ ਅਰਦਾਸ ਦੇ ਰੂਪ ਵਿਚ ਦੋਏ ਹੱਥ ਜੋੜ ਕੇ ਕਹਿੰਦਾ ਹੈ - *'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।'*

*'ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।। ਪਾਪ ਕਰੇਂਦੇ ਪਤਿਤ ਉਧਾਰੇ।।'* ਜਿਹੋ ਜਿਹਾ ਸ਼ੀਸ਼ਾ ਆਪਣੇ ਅੰਦਰ ਲਗਿਆ ਹੁੰਦਾ ਹੈ, ਉਸ ਵਿਚ ਝਾਕਿਆਂ ਉਹੋ ਜਿਹਾ ਹੀ ਰੰਗ ਨਜ਼ਰ ਆਇਆ ਕਰਦਾ ਹੈ। ਬ੍ਰਹਮਗਿਆਨੀ ਮਹਾਂਪੁਰਸ਼ ਹਰ ਪ੍ਰਾਣੀ ਦੇ ਅੰਦਰ ਇਕੋ ਪ੍ਰਭੂ ਨੂੰ ਤੱਕਦੇ ਹਨ। ਉਨ੍ਹਾਂ ਦੀ ਨਜ਼ਰ ਵਿਚ ਨਾ ਹੀ ਕੋਈ ਬੁਰਾ ਹੈ, ਨਾ ਹੀ ਕੋਈ ਭੁਲਿਆ ਹੈ, ਨਾ ਕੋਈ ਮੂਰਖ ਹੈ, ਨਾ ਕੋਈ ਸਿਆਣਾ ਹੈ; ਜੇ ਹੈ ਤਾਂ ਇਕੋ ਪ੍ਰਭੂ ਦੀ ਜੋਤਿ-

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ।।*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ।।* *ਪੰਨਾ - 610*

*ਨਾ ਕੋ ਮੂਰਖੁ ਨਾ ਕੋ ਸਿਆਣਾ।।*
*ਵਰਤੈ ਸਭ ਕਿਛੁ ਤੇਰਾ ਭਾਣਾ।।* *ਪੰਨਾ - 98*

ਮਹਾਂਪੁਰਖਾਂ ਦੀ ਦ੍ਰਿਸ਼ਟੀ ਹੋਰ ਹੈ ਪਰ ਸੰਸਾਰ ਦੀ ਦ੍ਰਿਸ਼ਟੀ ਹੋਰ ਹੈ। ਸੰਸਾਰ ਕਹਿੰਦਾ ਹੈ ਕਿ ਮੈਂ ਚੰਗਾ ਹਾਂ, ਮੈਂ ਚੰਗਾ ਕਰਿਆ, ਮੇਰੇ ਨਾਲ ਉਹਨੇ ਬੁਰਾ ਕਰਿਆ; ਗੁਰਮੁਖ ਪਰਉਪਕਾਰੀ ਹੈ, ਉਹ ਬੁਰਿਆਂ ਨੂੰ ਵੀ ਡੁੱਬਣ ਤੋਂ ਬਚਾਉਂਦਾ ਹੈ। ਭਾਈ ਗੁਰਦਾਸ ਜੀ ਦ੍ਰਿਸ਼ਟਾਂਤ ਦਿੰਦਿਆਂ ਫੁਰਮਾਉਂਦੇ ਹਨ -

*ਫਲ ਦੇ ਵੱਟ ਵਗਾਇਆਂ ਤੱਛਣਹਾਰੇ ਤਾਰਿ ਤਰੰਦਾ।।*

*ਭਾਈ ਗੁਰਦਾਸ ਜੀ, ਵਾਰ - 28/12*

ਪਾਣੀ ਦਾ ਪੁੱਤਰ ਬ੍ਰਿਛ ਹੈ; ਉਹਦੇ ਵੱਟਾ ਮਾਰੋ, ਫਲ ਸੁੱਟ ਦਿੰਦਾ ਹੈ। ਫਲ ਖਾਂਦਾ ਹੈ ਆਦਮੀ, ਅਨੰਦ ਲੈਂਦਾ ਹੈ, ਛਾਵੇਂ ਬੈਠਦਾ ਹੈ; ਦਰਖਤ ਨੇ ਐਂ ਤਾਂ ਨਹੀਂ ਕਦੇ ਕਿਹਾ ਕਿ ਇਹਨੇ ਮੇਰੇ ਵੱਟਾ ਮਾਰਿਐ, ਮੈਂ ਇਹਦੇ ਉਪਰ ਵੱਡਾ ਟਾਹਣਾ ਗਿਰਾ ਕੇ ਮਾਰ ਦਿਆਂ।

*ਤੱਛੈ ਪੁੱਤ ਨ ਡੋਬਈ ਪੁੱਤ ਵੈਰ ਜਲ ਜੀ ਨ ਧਰੰਦਾ।*

*ਭਾਈ ਗੁਰਦਾਸ ਜੀ, ਵਾਰ - 28/12*

ਦਰਖ਼ਤ ਟੁੱਟੇ ਹੋਏ ਦੀ, ਜਦ ਕਿਸ਼ਤੀ ਬਣ ਜਾਂਦੀ ਹੈ, ਫੇਰ ਉਹ ਤੋਰਦੈ ਤੇ ਉਹ ਜਿਹੜਾ ਪੁੱਤਰ ਹੈ ਦਰਖ਼ਤ, ਜਿਹੜੇ ਉਹਦੇ ਉਤੇ ਬੈਠ ਕੇ ਲੰਘਦੇ ਹਨ, ਉਨ੍ਹਾਂ ਨਾਲ ਵੈਰ ਨਹੀਂ ਕਰਦਾ; ਪਾਰ ਲੰਘਾਈ ਜਾਂਦਾ ਹੈ। ਬੰਦੇ ਨੇ ਉਸਨੂੰ ਕੱਟਿਆ ਸੀ, ਉਹ ਉਸਨੂੰ ਪਾਰ ਕਰਦਾ ਹੈ -

*ਵਰਸੈ ਹੋਇ ਸਹੰਸ ਧਾਰ ਮਿਲਿ ਗਿਲ ਜਲ ਨੀਵਾਣ ਚਲੰਦਾ।*

*ਭਾਈ ਗੁਰਦਾਸ ਜੀ, ਵਾਰ - 28/12*

ਬੱਦਲ ਹੈ - ਹਜ਼ਾਰਾਂ ਹੀ ਧਾਰਾਂ ਹੋ ਕੇ ਵਰਸਦੈ, ਬਨਸਪਤੀ ਦੇ ਨਾਲ ਮਿਲ ਕੇ ਫੇਰ ਨੀਵੇਂ ਥਾਂ ਨੂੰ ਰੁੜ੍ਹ ਜਾਂਦੈ -

*ਡੋਬੈ ਡੁੱਬੈ ਅਗਰ ਨੋ......................।*

*ਭਾਈ ਗੁਰਦਾਸ ਜੀ, ਵਾਰ - 28/12*

ਜਿਵੇਂ ਅਗਰ ਦਾ ਡੱਬਾ ਹੁੰਦੈ (ਲੱਕੜੀ ਦਾ), ਉਹਨੂੰ ਡੋਬ ਦਿੰਦੇ

ਨੇ ਕਿਉਂਕਿ ਡੁੱਬ ਕੇ ਉਹਦੀ ਕੀਮਤ ਵਧ ਜਾਂਦੀ ਹੈ –

*..............ਆਪ ਛਡ ਪੁੱਤ ਪੈਜ ਰਖੰਦਾ॥*

***ਭਾਈ ਗੁਰਦਾਸ ਜੀ, ਵਾਰ - 28/12***

ਜੇ ਡੁੱਬੇ ਨਾ – ਅਗਰ ਦੀ ਲੱਕੜੀ, ਤਾਂ ਕਹਿੰਦੇ, ਮੁੱਲ ਨਹੀਂ ਪੈਂਦਾ ਪੂਰਾ ਉਹਦਾ। ਸੋ ਲੱਕੜੀ ਦਾ ਮੁੱਲ, ਤਾਂ ਪੈਂਦਾ ਹੈ ਜੇ ਉਹ ਪਾਣੀ ਦੇ ਅੰਦਰ ਡੁੱਬ ਜਾਵੇ ਤੇ ਪਾਣੀ ਛੱਡ ਦਿੰਦੈ – ਆਪਣਾ ਸੁਭਾਅ, ਤੇ ਪੁੱਤਰ ਦੀ ਲਾਜ ਰਖਦੈ –

***ਤਰ ਡੁਬੈ ਡੁਬਾ ਤਰੈ ਜਿਣ ਹਾਰੈ ਹਾਰੈ ਸੁ ਜਿਣੰਦਾ॥***

***ਭਾਈ ਗੁਰਦਾਸ ਜੀ, ਵਾਰ - 28/12***

ਜਿਹੜਾ ਤਰਦੈ, ਉਹ ਡੁੱਬ ਜਾਇਆ ਕਰਦੈ; ਡੁੱਬਿਆ ਹੋਇਆ ਤਰ ਜਾਇਆ ਕਰਦੈ; ਜਿਹੜਾ ਜਿਤਦੈ, ਉਹ ਹਾਰ ਜਾਂਦਾ ਹੈ; ਹਾਰਿਆ ਹੋਇਆ ਜਿੱਤ ਜਾਂਦੈ–

***ਉਲਟਾ ਖੇਲ ਪਿਰੰਮ ਦਾ ਪੈਰਾਂ ਉੱਪਰ ਸੀਸ ਨਿਵੰਦਾ॥***

***ਭਾਈ ਗੁਰਦਾਸ ਜੀ, ਵਾਰ -28/12***

ਸੀਸ ਉਤੇ ਤਾਂ ਕੋਈ ਪੈਰ ਨਹੀਂ ਧਰਦਾ; ਸਾਰੇ ਪੈਰਾਂ ਦੇ ਉਪਰ ਸੀਸ ਧਰਦੇ ਨੇ। ਕਹਿੰਦੇ, ਪਿਆਰ ਦੀ ਖੇਡ ਉਲਟੀ ਹੈ –

***ਆਪਹੁੰ ਕਿਸੈ ਨ ਜਾਣੈ ਮੰਦਾ॥***

***ਭਾਈ ਗੁਰਦਾਸ ਜੀ, ਵਾਰ - 28/12***

ਜਦ ਕਹੇਗਾ, ਮੰਦਿਆਂ ਦੀ ਲਿਸਟ ਵਿਚ ਮੈਂ ਅਖੀਰ ਤੇ ਹਾਂ। ਸੋ ਇਹ ਗੁਰਮੁਖ ਦਾ ਸੁਭਾਅ ਹੋਇਆ ਕਰਦਾ ਹੈ – ਦੂਜੇ ਦਾ ਭਲਾ ਕਰਨਾ, ਆਪਣੇ ਆਪ ਨੂੰ ਸਚਮੁਚ ਛੋਟਾ ਜਾਣਨਾ ਕਿਉਂਕਿ ਸਭਨਾਂ ਘਟਾਂ ਵਿਚ ਪ੍ਰਭੂ ਦੀ ਜੋਤ ਨੂੰ ਪ੍ਰਤੱਖ ਦੇਖਦਾ ਹੈ। ਸੋ ਉਸਦੇ ਲਈ ਸੰਸਾਰ ਵਿਚ ਕੋਈ ਮੰਦਾ ਨਹੀਂ ਹੈ, ਕੋਈ ਬੁਰਾ ਨਹੀਂ ਹੈ। ਬ੍ਰਹਮ ਦੀ ਪਛਾਣ ਹੋਣ ਨਾਲ ਸਾਰੀ ਖੇਡ ਬ੍ਰਹਮ ਦੇ ਹੁਕਮ ਵਿਚ ਹੀ ਹੁੰਦੀ ਲਗਦੀ ਹੈ।

ਸੇਵਾ ਦਾ ਫਲ ਮਿਲਦੈ। ਐਥੇ ਵੀ ਮਿਲਦੈ; ਐਥੇ ਸੁਖ-ਸ਼ਾਂਤੀ ਮਿਲਦੀ ਹੈ ਤੇ ਦਰਗਾਹ ਵਿਚ ਜਾ ਕੇ ਥਾਂ ਮਿਲ ਜਾਇਆ ਕਰਦੀ ਹੈ।" ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26***

ਪਸ਼ੂਆਂ ਦੀ ਸੇਵਾ ਕਰ ਲਓ, ਦਰਖਤਾਂ ਦੀ ਸੇਵਾ ਕਰ ਲਓ, ਖੇਤੀ ਦੀ ਸੇਵਾ ਕਰ ਲਓ; ਕਿਸੇ ਦੀ ਵੀ ਸੇਵਾ ਕਰ ਲਓ, ਇਹ ਸੇਵਾ ਇਥੇ ਫਲ ਦਿੰਦੀ ਹੈ। ਜਿਹੜੀ ਗੁਰੂ ਦੀ ਸੇਵਾ ਹੈ, ਉਹ ਐਥੇ ਵੀ ਫਲ ਦਿੰਦੀ ਹੈ ਤੇ ਦਰਗਾਹ ਵਿਚ ਵੀ ਫਲ ਦਿੰਦੀ ਹੈ।

ਦਰਗਾਹ ਵਿਚ ਬਾਂਹ ਲੁਡਾਉਂਦੇ ਹਨ – ਸੇਵਾ ਕਰਨ ਵਾਲੇ; ਮੋਢੇ ਸੁੰਗੋੜ ਕੇ ਨਹੀਂ ਤੁਰਿਆ ਕਰਦੇ। ਸੇਵਾ ਦਾ ਫਲ ਮਿਲਦਾ ਹੈ। ਗੁਰੂ ਘਰ ਦੇ ਅੰਦਰ ਜਿਥੇ ਸਿਮਰਨ ਦੀ ਮਹਾਨਤਾ ਦੱਸੀ ਗਈ ਹੈ, ਉਥੇ ਸੇਵਾ ਦੀ ਵੀ ਮਹਾਨਤਾ ਉਸਦੇ ਬਰਾਬਰ ਹੀ ਹੈ।

***ਪੁਸਤਕ - 'ਕਿਵ ਸਚਿਆਰਾ ਹੋਈਐ?' ਵਿਚੋਂ***

(ਪੰਨਾ 70 ਦੀ ਬਾਕੀ)

ਨੂੰ ਇਹ ਹੀ ਸਿਖਾਉਣਾ ਚਾਹੀਦਾ ਹੈ, ਦਸਣਾ ਚਾਹੀਦਾ ਹੈ।

ਅੱਜ ਦੇ ਸਮੇਂ ਵਿਚ ਜੋ ਦੇਖਣ ਵਿਚ ਆਉਂਦਾ ਹੈ ਮਾਤਾ ਪਿਤਾ ਆਪਣੀਆਂ ਇਛਾਵਾਂ, ਰੀਝਾਂ ਬੱਚਿਆਂ ਤੇ ਪੂਰੀਆਂ ਕਰਨੀਆਂ ਚਾਹੁੰਦੇ ਹਨ। ਉਹ ਵਧੇਰੇ ਇਹ ਇੱਛਾ ਰਖਦੇ ਹਨ ਕਿ ਮੇਰਾ ਬੱਚਾ ਜ਼ਰੂਰ ਡਾਕਟਰ ਬਣੇ, ਇੰਜਨੀਅਰ ਬਣੇ ਭਾਵੇਂ ਬੱਚਾ ਚਾਹੁੰਦਾ ਹੈ ਜਾਂ ਨਹੀਂ। ਮਾਤਾ ਪਿਤਾ ਨੂੰ ਆਪਣੇ ਜੀਵਨ ਨੂੰ ਪੜਚੋਲਣਾ ਚਾਹੀਦਾ ਹੈ, ਨਰੀਖਣ ਕਰਨਾ ਚਾਹੀਦਾ ਹੈ, ਬੱਚਿਆਂ ਦਾ ਸਹੀ ਪੱਥ ਪਰਦਰਸ਼ਨ ਕਰਨਾ ਚਾਹੀਦਾ ਹੈ ਉਨ੍ਹਾਂ ਅੱਗੇ ਵੱਖ-ਵੱਖ ਚੋਣਾਂ ਰਖਣੀਆਂ ਚਾਹੀਦੀਆਂ ਹਨ, ਬੱਚਿਆਂ ਨੂੰ ਵਧੇਰੇ ਉਕਸਾ ਕੇ ਮੁਕਾਬਲੇ ਤੇ ਨਹੀਂ ਲਗਾਉਣਾ ਚਾਹੀਦਾ। ਸਹਿਜ ਵਿਚ ਰਹਿਣਾ ਦਸਣਾ ਚਾਹੀਦਾ ਹੈ। ਪ੍ਰਭੂ ਦੇ ਆਪਣੇ ਪਲੈਨ ਹਨ ਹਰੇਕ ਲਈ ਉਸ ਦੇ ਆਪਣੇ ਪਲੈਨ ਹਨ ਹਰੇਕ ਲਈ ਰੋਜ਼ੀ ਰੋਟੀ ਹੈ ਉਸ ਇਕ ਦੇ ਭੇਜੇ ਹੋਏ ਅਸੀਂ ਆਏ ਹਾਂ। ਬੱਚਿਆਂ ਨੂੰ ਜਿੰਨਾਂ ਵੱਧ ਤੋਂ ਵੱਧ ਪਿਆਰ ਦੇ ਸਕਦੇ ਹੋ, ਦਿਓ ਜਿੰਨਾਂ ਵੱਧ ਤੋਂ ਵੱਧ ਵਿਸ਼ਵਾਸ਼ ਦੇ ਸਕਦੇ ਹੋ ਦਿਓ ਉਹ ਕਦੀ ਕੁਰਾਹੇ ਨਹੀਂ ਪੈਣਗੇ, ਪਿਆਰ ਵਿਚ ਖਿਚ ਹੈ, ਪਿਆਰ ਉਨ੍ਹਾਂ ਨੂੰ ਸਦਾ ਹੀ ਤੁਹਾਡੀ ਝੋਲੀ ਵਿਚ ਮੋੜ ਲਿਆਵੇਗਾ।

# ਖਬਰਾਂ ਤੇ ਪਾਠਕਾਂ ਦੇ ਵਿਚਾਰ

**ਖਬਰ** : ਮੁਖ ਖਬਰ ਇਹ ਹੈ ਕਿ ਨੌਵਾਂ ਸਾਲਾਨਾ ਗੁਰਮਤਿ ਸਮਾਗਮ, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ) ਵਿਖੇ 3, 4, 5 ਅਕਤੂਬਰ 1998 ਨੂੰ ਹੋ ਰਿਹਾ ਹੈ। ਇਸ ਦੀਆਂ ਤਿਆਰੀਆਂ ਭਰਪੂਰ ਉਤਸ਼ਾਹ ਨਾਲ ਹੋ ਰਹੀਆਂ ਹਨ। ਭਾਰਤ ਅਤੇ ਬਾਹਰ ਤੋਂ ਲੱਖਾਂ ਪ੍ਰੇਮੀ ਇਸ ਵਿਚ ਸ਼ਾਮਲ ਹੋ ਰਹੇ ਹਨ। ਉਚ ਕੋਟੀ ਦੇ ਵਿਦਵਾਨ ਅਤੇ ਆਤਮਕ ਅਨੁਭਵੀ ਮਹਾਂਪੁਰਸ਼ ਇਸ ਸਮਾਗਮ ਨੂੰ ਭਾਗ ਲਾਉਣਗੇ। ਤੁਹਾਨੂੰ ਸਭ ਨੂੰ ਦਰਸ਼ਨ ਦੇਣ ਲਈ ਅਸੀਂ ਹਾਰਦਿਕ ਸਦਾ ਦਿੰਦੇ ਹਾਂ। ਬਾਹਰੋਂ ਆਉਣ ਵਾਲੇ ਪ੍ਰੇਮੀ ਜੇ ਸਾਨੂੰ ਸਮੇਂ ਸਿਰ ਲਿਖ ਭੇਜਣਗੇ, ਤਾਂ ਉਨ੍ਹਾਂ ਦੀ ਰਿਹਾਇਸ਼ ਲੰਗਰ ਦਾ ਯੋਗ ਪ੍ਰਬੰਧ ਕਰ ਦਿਤਾ ਜਾਵੇਗਾ।

**ਵਿਚਾਰ** : ਬੈਡਫੋਰਡ ਇੰਗਲੈਂਡ ਤੋਂ ਬੀਬਾ ਪਰਬਿੰਦਰ ਕੌਰ ਆਤਮ ਮਾਰਗ ਦੇ ਅੰਗ੍ਰੇਜ਼ੀ ਵਿਭਾਗ ਬਾਰੇ ਲਿਖਦੇ ਹਨ –

ਬਾਬਾ ਜੀ! ਮੈਂ ਆਤਮ ਮਾਰਗ ਦਾ ਅੰਗ੍ਰੇਜ਼ੀ ਸੈਕਸ਼ਨ ਪੜ੍ਹਿਆ ਹੈ। ਮਾਪਿਆਂ ਦੀ ਤਰ੍ਹਾਂ ਹੁਣ ਸੰਸਾਰ ਦੇ ਹਰ ਕੋਨੇ ਵਿਚ ਵਸਦੇ ਨੌਜਵਾਨਾਂ ਨੂੰ ਵੀ ਆਤਮਿਕ ਅਮੀਰੀ ਬਖਸ਼ਣ ਵਾਲਾ ਗੁਰਮਤਿ ਸਾਹਿਤ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ ਹੈ। ਅੰਗ੍ਰੇਜ਼ੀ ਭਾਗ ਵਿਚ ਪ੍ਰਾਪਤ ਸਮੱਗਰੀ ਅਤੇ ਪੱਧਰ ਬਹੁਤ ਉਚਾ ਤੇ ਵਧੀਆ ਹੋਣ ਕਾਰਨ ਮੈਂ ਬਹੁਤ ਪ੍ਰਭਾਵਿਤ ਹੋਈ ਹਾਂ। ਮੈਂ ਆਪਣਾ ਜੀਵਨ ਢੰਗ ਬਦਲ ਕੇ ਇਕ ਪਵਿੱਤਰ ਅਤੇ ਸੱਚੀ ਗੁਰਸਿੱਖ ਬਣਨ ਦਾ ਇਰਾਦਾ ਕਰਦੀ ਹਾਂ।

***ਮੁੱਖ ਸੰਪਾਦਕ***

(ਪੰਨਾ 72 ਦੀ ਬਾਕੀ)

ਇਹ ਪਸੰਦ ਨਹੀਂ ਜਾਂ ਮੈਨੂੰ ਉਹ ਪਸੰਦ ਨਹੀਂ।" ਜੇ ਤੁਸੀਂ ਇਸ ਤਰ੍ਹਾਂ ਕਹਿੰਦੇ ਰਹੋਗੇ ਤਾਂ ਨਿਰੰਤਰ ਝਗੜਾ ਚਲਦਾ ਰਹੇਗਾ।

ਇੱਕ ਦੂਜੇ ਨੂੰ ਸੋਧਣਾ ਅਤੇ ਇੱਕ ਦੂਜੇ ਦੇ ਨੁਕਸ ਕੱਢਣਾ ਆਸਾਨ ਹੈ ਪਰ ਸਾਡੇ ਸਹੀ ਗਿਆਨ ਵਿਚ ਵੱਡੀ ਬਾਧਕ ਵੀ ਸਾਡੀ ਆਪਣੀ 'ਹਉਮੈ' ਹੀ ਹੈ। ਆਦਮੀ ਆਪਣੀ ਪਤਨੀ ਤੋਂ ਬਿਨਾਂ ਕਿਸੇ ਵੀ ਹੋਰ ਮਨੁੱਖ ਤੋਂ ਕੋਈ ਚੰਗੀ ਗਲ ਸਿੱਖਣ ਲਈ ਸਦਾ ਤਿਆਰ ਹੁੰਦਾ ਹੈ ਅਤੇ ਇਸਤਰੀ ਵੀ ਆਪਣੇ ਪਤੀ ਤੋਂ ਬਿਨਾਂ ਕਿਸੇ ਵੀ ਹੋਰ ਪੁਰਸ਼ ਤੋਂ ਸਿਖਿਆ ਲੈ ਸਕਦੀ ਹੈ। ਉਦਾਹਰਣ ਲਈ ਕਾਫੀ ਸਾਲ ਪਹਿਲਾਂ ਜਦੋਂ ਮੈਂ ਇੰਗਲੈਂਡ ਸੀ, ਦੋ ਬਰਤਾਨਵੀ ਅਦਾਕਾਰ ਮੇਰੀ ਅਸ਼ੀਰਵਾਦ ਲੈਣ ਆਏ। ਉਹ ਕਹਿਣ ਲੱਗੇ, "ਸਵਾਮੀ ਜੀ! ਸਾਨੂੰ ਅਸ਼ੀਰਵਾਦ ਦਿਉ ਅਸੀਂ ਅਗਲੇ ਹਫਤੇ ਵਿਆਹ ਕਰਵਾ ਰਹੇ ਹਾਂ।"

ਮੈਂ ਕਿਹਾ, "ਮੈਂ ਹਰੇਕ ਨੂੰ ਅਸੀਸ ਦਿੰਦਾ ਹਾਂ ਪਰ ਮੈਨੂੰ ਤੁਹਾਡੀ ਬੇਨਤੀ ਮੰਨਣ ਵਿਚ ਔਖ ਆ ਰਹੀ ਹੈ। ਤੁਸੀਂ ਵਿਆਹ ਵਾਲੀ ਸਥਿਤੀ ਵਿਚ ਨਹੀਂ ਦਿਸਦੇ ਸ਼ਾਇਦ ਤੁਸੀਂ ਕੋਈ ਗਲਤੀ ਤਾਂ ਨਹੀਂ ਕਰ ਰਹੇ?"

ਉਨ੍ਹਾਂ ਦੋਹਾਂ ਨੇ ਚੈਕਾਂ ਦੇ ਦਸਤਖਤ ਕੀਤੇ ਹੋਏ ਸਨ ਅਤੇ ਉਹ ਮੈਨੂੰ ਦੇਣਾ ਚਾਹੁੰਦੇ ਸਨ। ਉਹ ਮੇਰੀ 'ਅਸ਼ੀਰਵਾਦ' ਬਦਲੇ ਮੈਨੂੰ ਦੋ ਹਜ਼ਾਰ ਡਾਲਰ ਦੇਣਾ ਚਾਹੁੰਦੇ ਸਨ। ਮੈਂ ਕਿਹਾ, "ਮੈਂ ਅਵਸ਼ ਇਹ ਮਾਇਆ ਦੂਜਿਆਂ ਦੀ ਭਲਾਈ ਲਈ ਖਰਚ ਕਰ ਸਕਦਾ ਹਾਂ ਪਰ ਮੈਂ ਤੁਹਾਨੂੰ ਕੇਵਲ ਇਸ ਲਈ ਅਸ਼ੀਰਵਾਦ ਨਹੀਂ ਦੇਣੀ ਕਿਉਂਕਿ ਤੁਸੀਂ ਮੈਨੂੰ ਪੈਸੇ ਦੇ ਰਹੇ ਹੋ। ਬੈਠ ਜਾਉ ਅਤੇ ਪਹਿਲਾਂ ਆਪਾਂ ਗੱਲਬਾਤ ਕਰੀਏ।

ਮੈਂ ਤੁਹਾਨੂੰ ਪੁੱਛਦਾ ਹਾਂ ਕਿ ਕੀ ਤੁਸੀਂ ਸੱਚ ਮੁੱਚ ਵਿਆਹ ਕਰਵਾਉਣਾ ਚਾਹੁੰਦੇ ਹੋ ਜਾਂ ਕਿ ਇਹ ਇੱਕ ਵਿਉਂਤ ਹੈ? ਕੀ ਇਹ ਇੱਕ 'ਸੁਤੰਤਰ' ਜਾਂ 'ਖੁੱਲ੍ਹਾ ਵਿਆਹ ਹੈ? ਪੱਛਮ ਵਿਚ ਕੁਝ ਚਿਰ ਰਹਿਣ ਕਾਰਨ ਮੈਨੂੰ 'ਸੁਤੰਤਰ' ਅਤੇ 'ਖੁਲ੍ਹੇ' ਵਿਆਹ ਵਰਗੀ ਸ਼ਬਦਾਵਲੀ ਦੀ ਸਮਝ ਆ ਗਈ ਸੀ।

ਉਨ੍ਹਾਂ ਉੱਤਰ ਦਿਤਾ, "ਅਸੀਂ ਦੋਵੇਂ ਜਿਥੇ ਚਾਹੀਏ, ਰਹਿ ਸਕਦੇ ਹਾਂ, ਜੋ ਚਾਹੀਏ ਕਰ ਸਕਦੇ ਹਾਂ ਅਤੇ ਜਿਸ ਨਾਲ ਚਾਹੀਏ, ਸੌਂ ਸਕਦੇ ਹਾਂ" ਮੈਂ ਕਿਹਾ, ਤਾਂ ਇਹ ਵਿਆਹ ਕਿਵੇ ਚੱਲ ਸਕਦਾ ਹੈ? ਤੁਹਾਡੀ ਇੱਕ ਦੂਜੇ ਨਾਲ ਕੀ ਵਚਨ ਬਧਤਾ ਹੈ? ਮੈਨੂੰ ਤੁਹਾਡੀ ਮਾਇਆ ਦੀ ਲੋੜ ਨਹੀਂ ਹੈ ਅਤੇ ਜੇ ਤੁਸੀਂ ਇਨ੍ਹਾਂ ਸ਼ਰਤਾਂ ਅਧੀਨ ਵਿਆਹ ਕਰਵਾਉਣਾ ਚਾਹੁੰਦੇ ਹੋ, ਮੈਂ ਇਸ ਨੂੰ ਉਚਿਤ ਨਹੀਂ ਸਮਝਦਾ। ਤੁਸੀਂ ਅਸੀਸ ਲੈਣ ਲਈ ਕਿਸੇ ਹੋਰ ਪਾਸ ਜਾ ਸਕਦੇ ਹੋ, ਮੇਰੀ ਜਮੀਰ ਮੈਨੂੰ ਅਜੇ ਹਾਂ ਕਰਨ ਤੋਂ ਵਰਜਦੀ ਹੈ।

"ਕਿਉਂ ਨਹੀਂ" ਉਨ੍ਹਾਂ ਪੁੱਛਿਆ। "ਕਿਉਂਕਿ ਤੁਹਾਨੂੰ ਪਤਾ ਹੀ ਨਹੀਂ ਕਿ ਤੁਸੀਂ ਕੀ ਕਰਨ ਜਾ ਰਹੇ ਹੋ। ਜਿਸਨੂੰ ਤੁਸੀਂ ਅਸੀਸ ਕਹਿੰਦੇ ਹੋ, ਪਰਮਾਤਮਾ ਦੀ ਅਸੀਸ ਸਦਾ ਤੁਹਾਡੇ ਨਾਲ ਹੈ ਪਰ ਤੁਹਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਵਿਆਹ ਦਾ ਕੀ ਭਾਵ ਹੈ? ਉਸ ਘਰ ਵਿਚ ਕਦੇ ਵੀ ਮਿਹਰ ਜਾਂ ਛੱਬੀ ਨਹੀਂ ਹੋ ਸਕਦੀ ਜਿਥੇ ਆਪਸੀ ਪਛਾਣ ਨਹੀਂ ਹੈ। ਤੁਹਾਨੂੰ ਜੀਵਨ ਦੇ ਆਦਰਸ਼ ਦੀ ਸੂਝ ਤੇ ਸਮਝ ਹੋਣੀ ਚਾਹੀਦੀ ਹੈ ਜੋ ਜੀਵਨ ਦਾ ਸੱਚਾ ਆਧਾਰ ਹੈ।"

ਉਨ੍ਹਾਂ ਨੇ ਸੱਤ ਦਿਨ ਪਿਛੋਂ ਵਿਆਹ ਕਰਵਾ ਲਿਆ ਅਤੇ ਸਾਰੇ ਯੂਰਪ ਵਿਚ ਇਸ ਨੂੰ ਟੀ. ਵੀ. ਦੀਆਂ ਖਬਰਾਂ ਵਿਚ ਵਿਖਾਇਆ ਗਿਆ ਕਿਉਂਕਿ ਉਹ ਬਹੁਤ ਵੱਡੇ ਅਦਾਕਾਰ ਸਨ। ਪਰ ਇਕ ਹਫਤੇ ਪਿਛੋਂ ਹੀ ਇਕ ਹੋਰ ਖਬਰ ਦੱਸੀ ਗਈ ਕਿ ਉਹ ਵੱਖ ਵੱਖ ਹੋ ਗਏ ਹਨ ਅਤੇ ਉਨ੍ਹਾਂ ਨੇ ਇਕ ਦੂਜੇ ਨੂੰ ਤਲਾਕ ਦੇਣ ਦਾ ਫੈਸਲਾ ਕੀਤਾ ਹੈ ਕਿਉਂਕਿ ਕਿਸੇ ਮਸਲੇ ਤੇ ਬਹਿਸ ਕਰਦਿਆਂ ਝਗੜਾ ਵੱਧ ਗਿਆ ਸੀ। ਝਗੜੇ ਕਾ ਕਾਰਨ ਕੋਈ ਵੱਡਾ ਨਹੀਂ ਸੀ ਸਗੋਂ ਦੋ 'ਹਉਮੈ' ਦਾ ਟਕਰਾਅ ਸੀ ਮਸਲਾ ਇਹ ਸੀ ਕਿ ਟੁੱਥ ਪੇਸਟ ਦੀ ਟਿਊਬ ਨੂੰ ਕਿਵੇਂ ਵਰਤਿਆ ਜਾਣਾ ਉਚਿਤ ਹੈ ਅਤੇ ਅਖੀਰ ਉਨ੍ਹਾਂ ਦਾ ਤਲਾਕ ਹੋ ਗਿਆ। ਝਗੜੇ ਦਾ ਅਸਲ ਕਾਰਨ ਇਹ ਸੀ ਕਿ ਉਹ ਇੱਕ ਦੂਜੇ ਤੇ ਹਾਵੀ ਹੋਣਾ ਚਾਹੁੰਦੇ ਸੀ। ਇਹ ਗੱਲ ਸੱਚ ਮੁੱਚ ਵਾਪਰੀ। ਉਹ ਬੜੇ ਹੀ ਹੋਣਹਾਰ, ਨੌਜਵਾਨ, ਹੋਸ਼ਿਆਰ ਅਤੇ ਤੰਦਰੁਸਤ ਇਨਸਾਨ ਸਨ। ਉਹ ਇਕ ਦੂਜੇ ਦੀ ਕਾਮ ਤ੍ਰਿਪਤੀ ਦੇ ਪੂਰੇ ਸਮਰੱਥ ਸਨ ਪਰ ਕੇਵਲ ਕਾਮ ਦੀ ਤ੍ਰਿਪਤੀ ਵਿਆਹ ਦੀ ਸਫਲਤਾ ਦੀ ਕੁੰਜੀ ਨਹੀਂ। ਜੇ ਕਿਸੇ ਵਿਆਹ ਵਿਚ ਕੇਵਲ ਕਾਮ ਦੀ ਪੂਰਤੀ ਹੀ ਆਦਮੀ ਅਤੇ ਔਰਤ ਦੇ ਸੰਬੰਧਾਂ ਦੀ ਸਾਂਝ ਹੈ ਤਾਂ ਸਮੇਂ ਨਾਲ ਇਸ ਰੁਚੀ ਤੋਂ ਬੇਰੁਖੀ ਅਤੇ ਵਚਨ ਬਧਤਾ ਵਿਚ ਤ੍ਰੇੜ ਆਉਣੀ ਸ਼ੁਰੂ ਹੋ ਜਾਵੇਗੀ।

ਵਿਆਹੁਤਾ ਜੀਵਨ ਵਿਚ ਪਤੀ ਪਤਨੀ ਦੋਹਾਂ ਨੂੰ ਇੱਕ ਦੂਜੇ ਨੂੰ ਸਮਝਣ ਅਤੇ ਸਰਾਹੁਣ ਦੀ ਰੁਚੀ ਨਿਰੰਤਰ ਤੌਰ ਤੇ ਜਾਰੀ ਰੱਖਣ ਦੀ ਲੋੜ ਹੈ। ਇੱਕ ਦੂਜੇ ਨੂੰ ਸਮਝਣ ਦਾ ਭਾਵ ਇੱਕ ਦੂਜੇ ਨਾਲ ਬਹਿਸ ਨਹੀਂ, ਸਗੋਂ ਆਪਸੀ ਗੱਲਬਾਤ ਕਰਨ ਅਤੇ ਇੱਕ ਦੂਜੇ ਦੀ ਭਾਵਨਾ ਸਮਝਣ ਦੀ ਹੁੰਦੀ ਹੈ। ਜਦੋਂ ਦੋ ਧਿਰਾਂ ਦੇ ਖਿਆਲ ਨਹੀਂ ਮਿਲਦੇ ਤਾਂ ਇਹ ਵਖਰੇਵਾਂ ਵਧਦਾ-ਵਧਦਾ ਭਾਵਨਾਤਕ ਹੋ ਜਾਂਦਾ ਹੈ ਅਤੇ ਬਹਿਸ ਬੜੀ ਗਰਮੀ ਫੜ ਲੈਂਦੀ ਹੈ। ਭਾਵਕ ਆਦਮੀ ਅਕਲ ਦੀ ਵਰਤੋਂ ਘੱਟ ਕਰਦਾ ਹੈ ਅਤੇ ਜਿਥੇ ਅਕਲ ਨਾਲ ਗੱਲ ਨਹੀਂ ਕੀਤੀ ਜਾਂਦੀ ਉੱਥੇ ਝਗੜਾ ਪੈਦਾ ਹੋ ਜਾਂਦਾ ਹੈ। ਸਾਥੀ ਬਹੁਤ ਵਾਰੀ ਇੱਕ ਦੂਜੇ ਨਾਲ ਨਾਰਾਜ਼ ਹੋ ਜਾਂਦੇ ਹਨ, ਇਕ ਦੂਜੇ ਤੋਂ ਮਾਯੂਸ ਹੋ ਜਾਂਦੇ ਹਨ ਪਰ ਫਿਰ ਵੀ ਬਿਸਤਰ ਦੀ ਸਾਂਝ ਬਣੀ ਰਹਿੰਦੀ ਹੈ।

***'ਚਲਦਾ'***